**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST


Call Sukhi Gill:510-207-9067



*Jassi Gill*

CA DRE Lic.#01180969 CA DRE# 00966763





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

$25 2500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrications & Additional Fees Apply.

800-914-1013 408-659-9400



FARMERS INSURANCE

*Auto *Home *Life *Business *Work Comp



Gurcharan S. Mann
License # 0C70672

Do You Drive with Uber - Curb – Lyft - SideCar
Need Insurance?
We have Special Coverage for You!!

Call: 510-797-7989

Duabba Insurance Agency
2450 Peralta Blvd, Suite 203
Fremont CA 94536



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 37, September 12, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਆਮ ਆਦਮੀ ਪਾਰਟੀ ਦਾ 'ਮਾਨ' ਡੋਲਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਸਭ ਤੋਂ ਵਫ਼ਾਦਾਰ ਤੇ ਸੰਗਰੂਰ ਹਲਕੇ ਤੋਂ ਸੰਸਦ ਮੈਂਬਰ ਭਗਵੰਤ ਮਾਨ ਬਾਰੇ ਵਿਵਾਦਤ ਆਡੀਓ ਸਾਹਮਣੇ ਆਉਣ ਪਿੱਛੋਂ ਪਾਰਟੀ ਵਿਚ ਘਮਾਸਾਣ ਸ਼ੁਰੂ ਹੋ ਗਿਆ ਹੈ। ਆਡੀਓ ਵਿਚ ਭਗਵੰਤ ਮਾਨ ਤੇ ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਕੇਜਰੀਵਾਲ ਸਮੇਤ ਦਿੱਲੀ ਲੀਡਰਸ਼ਿਪ ਦੀ ਨੁਕਤਾਚੀਨੀ ਕਰ ਰਹੇ ਹਨ। ਯਾਦ ਰਹੇ ਕਿ 'ਆਪ' ਨੇ ਹਾਲ ਹੀ ਵਿਚ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਵਿਚ ਆਪਣੇ ਦੋ ਸੰਸਦ ਮੈਂਬਰਾਂ ਡਾ. ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖ਼ਾਲਸਾ ਨੂੰ ਪਾਰਟੀ ਵਿਚੋਂ ਮੁਅੱਤਲ



ਕਰ ਦਿੱਤਾ ਸੀ, ਪਰ ਹੁਣ ਭਗਵੰਤ ਮਾਨ ਬਾਰੇ ਧਾਰੀ ਚੁੱਪ 'ਤੇ ਸਵਾਲ ਖੜ੍ਹੇ ਹੋਣ ਲੱਗੇ ਹਨ।

ਇਸ ਆਡੀਓ ਨੇ ਹਾਈ ਕਮਾਨ ਵੱਲੋਂ ਸੂਬਾਈ ਲੀਡਰਸ਼ਿਪ ਵਿਚ ਬਾਹਰੀ ਆਗੂਆਂ ਨੂੰ ਜ਼ਿੰਮੇਵਾਰੀ ਦੇਣ ਕਾਰਨ ਪੈਦਾ ਹੋਏ ਰੋਹ ਨੂੰ ਵੀ ਜੱਗ ਜ਼ਾਹਰ ਕਰ ਦਿੱਤਾ ਹੈ। ਪਹਿਲਾਂ ਪਾਰਟੀ ਤੋਂ ਬਾਗ਼ੀ ਹੋਏ ਡਾ. ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖ਼ਾਲਸਾ ਪੰਜਾਬ ਇਕਾਈ ਉਤੇ ਬਾਹਰਲੇ ਆਗੂ ਥੋਪਣ ਕਾਰਨ ਕੇਜਰੀਵਾਲ ਸਮੇਤ ਹੋਰ ਆਗੂਆਂ ਉਤੇ ਉਂਗਲਾਂ ਚੁੱਕ ਰਹੇ ਹਨ। ਇਸ ਖ਼ੁਲਾਸੇ ਤੋਂ ਸਪਸ਼ਟ ਸੰਕੇਤ ਮਿਲੇ ਹਨ ਕਿ ਭਗਵੰਤ ਮਾਨ ਉਪਰੋਂ ਭਾਵੇਂ ਸ੍ਰੀ ਕੇਜਰੀਵਾਲ ਤੇ ਹਾਈ ਕਮਾਨ ਦੇ ਗੁਣ ਗਾ ਰਿਹਾ ਹੈ, ਪਰ ਅਸਲ ਵਿਚ ਪੰਜਾਬ ਵਿਚੋਂ ਚੁਣੇ ਸੰਸਦ ਮੈਂਬਰਾਂ ਦੀ ਸਹਿਮਤੀ ਬਿਨਾਂ ਆਗੂਆਂ ਦੀ ਨਿਯੁਕਤੀ ਤੋਂ ਦੁਖੀ ਹੈ। ਭਗਵੰਤ ਮਾਨ ਨੇ ਫੋਨ ਉਤੇ ਡਾ. ਗਾਂਧੀ ਨਾਲ ਗੱਲਬਾਤ ਕਰਦਿਆਂ ਜਿਥੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ, ਐਚ.ਐਸ. ਫੂਲਕਾ, ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਆਦਿ ਦੀ ਆਲੋਚਨਾ ਕੀਤੀ, ਉਥੇ ਹਾਈ ਕਮਾਨ ਪ੍ਰਤੀ ਵੀ ਸਖ਼ਤ ਰਵੱਈਆ ਅਪਨਾਇਆ। ਭਗਵੰਤ ਮਾਨ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਖ਼ੁਦ ਸੂਬੇ ਵਿਚ ਟੀਮ ਚੁਣਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ ਜਦਕਿ ਹਾਈ ਕਮਾਨ 'ਬਚਿਆਂ-ਖੁਚਿਆਂ' ਨੂੰ ਉਨ੍ਹਾਂ ਉਤੇ ਥੋਪ ਰਹੀ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿੱਤਣੀਆਂ ਇੰਨੀਆਂ ਸੌਖੀਆਂ ਨਹੀਂ ਕਿਉਂਕਿ ਦਿੱਲੀ ਵਿਚ ਭਾਵੇਂ ਲੋਕਾਂ ਨੇ 'ਝਾੜੂ' ਨੂੰ ਦੇਖ ਕੇ ਵੋਟਾਂ ਪਾਈਆਂ, ਪਰ ਪੰਜਾਬ ਵਿਚ ਸ਼ਖਸੀਅਤਾਂ ਨੂੰ ਵੋਟਾਂ ਪੈਂਦੀਆਂ ਹਨ ਤੇ ਉਹ ਵੀ ਆਪਣੇ ਅਸਰ-ਰਸੂਖ ਕਾਰਨ ਹੀ ਜਿੱਤੇ ਹਨ। ਜੇ ਪੰਜਾਬ ਵਿਚ ਲੋਕ 'ਝਾੜੂ' ਨੂੰ ਦੇਖ ਕੇ ਵੋਟਾਂ ਪਾਉਂਦੇ ਤਾਂ ਸ. ਫੂਲਕਾ ਤੇ ਹਿੰਮਤ ਸਿੰਘ ਸ਼ੇਰਗਿੱਲ ਕਿਉਂ ਹਾਰਦੇ? ਆਡੀਓ ਵਿਚ ਡਾ. ਗਾਂਧੀ ਵੱਲੋਂ ਭਗਵੰਤ ਮਾਨ ਦੀ ਹਰ ਗੱਲ ਵਿਚ ਹੁੰਗਾਰਾ ਭਰਿਆ ਗਿਆ ਹੈ। ਹਾਈ ਕਮਾਨ ਵੱਲੋਂ ਭਗਵੰਤ ਮਾਨ ਦੀ ਆਡੀਓ ਨੂੰ ਫੋਨਾਂ ਉਤੇ ਹੁੰਦੀਆਂ ਸਰਸਰੀ ਗੱਲਾਂ ਤੇ ਪੁਰਾਣੀਆਂ ਬਾਤਾਂ ਮੰਨ ਕੇ ਮਾਮਲੇ ਨੂੰ ਦਬਾਇਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਸੰਜੇ ਸਿੰਘ ਨੇ ਭਗਵੰਤ ਮਾਨ ਨੂੰ ਕਲੀਨ ਚਿੱਟ ਦਿੰਦੇ ਹੋਏ ਕਿਹਾ ਹੈ ਕਿ ਉਸ ਨੇ ਅਜਿਹਾ ਕੁਝ ਨਹੀਂ ਕਿਹਾ ਹੈ ਜਿਸ ਕਰ ਕੇ ਉਨ੍ਹਾਂ ਉਤੇ ਕੋਈ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਮਾਨ ਨਾਲ ਪੂਰੀ ਪਾਰਟੀ ਡਟ ਕੇ ਖੜ੍ਹੀ ਹੈ।

ਪੰਜਾਬ ਤੋਂ ਸੰਸਦ ਮੈਂਬਰਾਂ ਤੇ ਸੀਨੀਅਰ ਆਗੂਆਂ ਨੇ ਅਰਵਿੰਦ ਕੇਜਰੀਵਾਲ ਦੀ ਲੀਡਰਸ਼ਿਪ ਨੂੰ ਹੁਣ ਤੱਕ ਕਦੇ ਸਿੱਧੀ ਚੁਣੌਤੀ ਨਹੀਂ ਸੀ ਦਿੱਤੀ ਪਰ ਉਹ ਪਾਰਟੀ ਅੰਦਰ ਸ਼ੁਰੂ ਹੋਏ ਗ਼ੈਰ-ਜਮਹੂਰੀ ਵਰਤਾਰੇ ਦਾ ਦਬਵੀਂ ਸੁਰ ਵਿਚ ਵਿਰੋਧ ਜ਼ਰੂਰ

*(ਬਾਕੀ ਸਫਾ 6 'ਤੇ)*

## ਭਗਵੰਤ ਮਾਨ ਕਲੇਸ਼ ਦੀ ਜੜ੍ਹ?

ਪਾਰਟੀ ਵਿਚੋਂ ਮੁਅੱਤਲ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਨੇ ਭਗਵੰਤ ਮਾਨ ਉਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਹੈ ਕਿ ਟੇਪ ਲੀਕ ਹੋਣ ਨਾਲ ਮਾਨ ਦਾ ਫਰੇਬ ਸਾਹਮਣੇ ਆ ਗਿਆ ਹੈ ਤੇ ਮਾਨ ਹੀ ਅਸਲ ਕਲੇਸ਼ ਦੀ ਜੜ੍ਹ ਹੈ। ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਭਗਵੰਤ ਮਾਨ ਵੀ ਚਲਾਕ ਸਿਆਸਤਦਾਨਾਂ ਵਾਂਗ ਸਿਆਸਤ ਕਰਨ ਲੱਗਾ ਹੈ। ਉਹ ਪੰਜਾਬ ਦਾ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ, ਉਹ ਐਮ.ਪੀ. ਹਰਿੰਦਰ ਸਿੰਘ ਖ਼ਾਲਸਾ ਸਮੇਤ ਕਈ ਲੀਡਰਾਂ ਨੂੰ ਤਾਂ ਮਾੜਾ ਕਹਿ ਰਿਹਾ ਹੈ ਤੇ ਸਾਨੂੰ ਦੋ ਸੰਸਦ ਮੈਂਬਰਾਂ ਨੂੰ ਆਪਣੇ ਨਾਲ ਜੋੜ ਕੇ ਨਵੇਂ ਤਰ੍ਹਾਂ ਦੀ ਰਾਜਨੀਤੀ ਕਰ ਰਿਹਾ ਹੈ।



*ਨਾ ਬਈ ਨਾ, ਇਕ ਧਾਵੀ ਨੂੰ ਇਕ ਜਾਫੀ। 'ਕੱਠੇ ਹੋ ਕੇ ਨਹੀਂ ਪੈਣਾ ਬਈ...। ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਵਲੋਂ 6 ਸਤੰਬਰ ਨੂੰ ਸ਼ਿਕਾਗੋ ਵਿਚ ਕਰਵਾਏ ਗਏ ਖੇਡ ਮੇਲੇ ਵਿਚ ਇਕ ਧਾਵੀ ਕਬੱਡੀ ਪਾਉਂਦਾ ਹੋਇਆ। ਰਿਪੋਰਟ ਅਗਲੇ ਅੰਕ 'ਚ (ਤਸਵੀਰ: ਏਸ਼ੀਅਨ ਮੀਡੀਆ)*


We Do Real Estate in Bay Area & Central Valley

We do loans anywhere in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011





Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi

Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que

Additional Services: Warmers, Chaffing Dishes, China & Silverware, Linen Rental, Waiters & Bartenders

Raja Sweets & Indian Cuisine
Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



Law Office of
Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

# ਨਰੇਂਦਰ ਮੋਦੀ ਵੱਲੋਂ ਕਾਰੋਬਾਰੀਆਂ ਨੂੰ ਹੱਲਾਸ਼ੇਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਨਅਤਕਾਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਰੁਜ਼ਗਾਰ ਪੈਦਾ ਕਰਨ ਵਾਲੇ ਖੇਤਰਾਂ ਵਿਚ ਜੋਖ਼ਮ ਉਠਾਉਣ ਅਤੇ ਨਿਵੇਸ਼ ਵਧਾਉਣ। ਉਨ੍ਹਾਂ ਦੀ ਸਰਕਾਰ ਦੇਸ਼ ਵਿਚ ਕਾਰੋਬਾਰ ਨੂੰ ਸੁਖਾਲਾ ਕਰਨ ਦੇ ਨਾਲ ਨਾਲ ਜਨਤਕ ਨਿਵੇਸ਼ ਵਧਾਉਣ ਤੇ ਕੌਮਾਂਤਰੀ ਪੂੰਜੀ ਖਿੱ ਚਕੇ ਆਰਥਿਕ ਵਿਕਾਸ ਤੇਜ਼ ਕਰਨ 'ਤੇ ਧਿਆਨ ਦੇ ਰਹੀ ਹੈ।

ਪ੍ਰਧਾਨ ਮੰਤਰੀ ਨੇ ਸਨਅਤਕਾਰਾਂ ਤੇ ਕਾਰੋਬਾਰੀਆਂ, ਬੈਂਕਾਂ ਦੇ ਮੁਖੀਆਂ ਅਤੇ ਅਰਥ ਸ਼ਾਸਤਰੀਆਂ ਦੀ ਬੈਠਕ ਬੁਲਾਈ ਗਈ ਸੀ ਜਿਸ ਵਿਚ ਚਰਚਾ ਕੀਤੀ ਗਈ ਕਿ ਇਸ ਸਮੇਂ ਕੌਮਾਂਤਰੀ ਆਰਥਿਕਤਾ ਦੇ ਮਾੜੇ ਦੌਰ ਨੂੰ ਭਾਰਤ ਲਈ ਕਿਵੇਂ ਵਧੀਆ ਮੌਕੇ ਵਜੋਂ ਵਰਤਿਆ ਜਾਵੇ। ਮੀਟਿੰਗ ਵਿਚ ਇਹ ਵੀ ਕਿਹਾ ਗਿਆ ਕਿ ਇਸ ਮੰਦਵਾੜੇ ਦਾ ਭਾਰਤ 'ਤੇ ਬਹੁਤ ਘੱਟ ਅਸਰ ਪਵੇਗਾ। ਸਨਅਤ ਜਗਤ ਦੇ ਪ੍ਰਤੀਨਿਧੀਆਂ ਨੇ ਨਿਵੇਸ਼ ਦੀ ਲਾਗਤ ਵਿਚ ਕਮੀ ਲਿਆਉਣ ਲਈ ਵਿਆਜ਼ ਦਰਾਂ ਵਿਚ ਕਟੌਤੀ ਦੀ ਵਕਾਲਤ ਕੀਤੀ। ਬੈਠਕ ਤੋਂ ਬਾਅਦ ਵਿੱਤ ਮੰਤਰੀ ਅਰੁਣ ਜੇਤਲੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਕਰੀਬ ਤਿੰਨ ਘੰਟਿਆਂ ਤੱਕ ਚੱਲੀ ਇਸ ਮੀਟਿੰਗ ਵਿਚ ਤਾਜ਼ਾ ਕੌਮਾਂਤਰੀ ਆਰਥਿਕ ਹਾਲਾਤ ,ਉਨ੍ਹਾਂ ਦਾ ਭਾਰਤ 'ਤੇ ਅਸਰ ਤੇ ਅਜਿਹੀ ਸਥਿਤੀ ਵਿਚ ਭਾਰਤ ਲਈ ਮੌਕਿਆਂ ਉਪਰ ਵਿਚਾਰ-ਵਟਾਂਦਰਾ ਕੀਤਾ ਗਿਆ। ਬੈਠਕ ਵਿਚ ਸ਼ਾਮਲ ਲੋਕਾਂ ਦਾ ਮੰਨਣਾ ਹੈ ਕਿ ਕੌਮਾਂਤਰੀ ਹਾਲਾਤ ਖਾਸ ਕਰ ਕੇ ਪੂੰਜੀ ਤੇ ਮੁਦਰਾ ਬਾਜ਼ਾਰਾਂ ਵਿਚ ਉਤਰਾਅ ਚੜ੍ਹਾਅ ਕੁਝ ਸਮੇਂ ਲਈ ਹੀ ਹੈ ਤੇ ਘਰੇਲੂ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਨੇ ਘੱਟ ਲਾਗਤ ਵਾਲੀ ਮੈਨੂੰਫਕਚਰਿੰਗ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਭਾਰਤੀ ਆਰਥਿਕਤਾ ਦੀ ਤਾਕਤ ਦੇਸ਼ ਦੇ ਵਿਸ਼ਾਲ ਮਨੁੱਖੀ ਵਸੀਲੇ ਤੇ ਘਰੇਲੂ ਬਾਜ਼ਾਰ 'ਤੇ ਨਿਰਭਰ ਹੈ ਤੇ ਦੇਸ਼ ਬਰਾਮਦ ਬਾਜ਼ਾਰ 'ਤੇ ਪੂਰੀ ਤਰ੍ਹਾਂ ਨਿਰਭਰ ਨਹੀਂ ਹੈ।

ਮੀਟਿਗ ਵਿਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ, ਟਾਟਾ ਸਮੂਹ ਦੇ ਸਾਇਰਸ ਮਿਸਤਰੀ, ਅਦਿੱਤਿਆ ਬਿਰਲਾ ਗੁਰੱਪ ਦੇ ਮੁਖੀ ਕੁਮਾਰ ਮੰਗਲਮ ਬਿਰਲਾ, ਭਾਰਤੀ ਏਅਰਟੈੱਲ ਦੇ ਮੁਖੀ ਸੁਨੀਲ ਭਾਰਤੀ ਤੇ ਆਈ.ਟੀ.ਸੀ. ਤੇ ਮੁਖੀ ਵਾਈਸੀ ਦੇਵੇਸ਼ਵਰ ਵੀ ਸ਼ਾਮਲ ਸਨ। ਉਨ੍ਹਾਂ ਤੋਂ ਇਲਾਵਾ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ, ਆਈ.ਸੀ.ਆਈ.ਸੀ.ਆਈ. ਬੈਂਕ ਦੇ ਸੀ.ਈ.ਓ. ਚੰਦਾ ਕੋਛੜ ਤੇ ਭਾਰਤੀ ਸਟੇਟ ਬੈਂਕ ਦੀ ਚੇਅਰਪਰਸਨ ਅਰੁੰਧਤੀ ਭਟਾਚਾਰੀਆ ਤੇ ਅਰਥ ਸ਼ਾਸਤਰੀ ਸੁਬੀਰ ਗੋਕਰਨ ਤੇ ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਨ ਦੇ ਨਾਲ ਨਾਲ ਨੀਤੀ ਅਯੋਗ ਦੇ ਉਪ ਚੇਅਰਮੈਨ ਅਰਵਿੰਦ ਪਨਗੜੀਆ ਸ਼ਾਮਲ ਸਨ।



*ਹਾਕੀ ਓਲੰਪੀਅਨ ਸ. ਬਲਬੀਰ ਸਿੰਘ (ਖੱਬਿਓਂ ਚੌਥੇ) ਸ਼ਿਕਾਗੋ ਵਿਚ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ (ਵ੍ਹੀਲ ਚੇਅਰ ਵਿਚ) ਨੂੰ ਆਪਣੇ ਬਾਰੇ ਪ੍ਰਿੰ. ਸਰਵਣ ਸਿੰਘ (ਖੱਬਿਓਂ ਦੂਜੇ) ਵਲੋਂ ਲਿਖੀ ਪੁਸਤਕ 'ਗੋਲਡਨ ਗੋਲ' ਭੇਟ ਕਰਦੇ ਹੋਏ। ਜ਼ਿਕਰਯੋਗ ਹੈ ਕਿ ਸ. ਬਲਬੀਰ ਸਿੰਘ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੇ ਮੇਲੇ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਕਾਗੋ ਪਹੁੰਚੇ ਸਨ।*


**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
**WWW.DRNIJJAR.COM**

*(Across From Washigton Hospital & Bart)*
*1895 Mowry Ave. Ste 104 Fremont*



ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

**ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ**





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ


**ਪ੍ਰੋਗਰਾਮ**

18 ਸਤੰਬਰ 2015 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ
19 ਸਤੰਬਰ 2015 (ਸਨਿਚਰਵਾਰ) ਸ਼ਾਮ ਨੂੰ ਬੱਚਿਆਂ ਦੀਆਂ ਵੱਖ ਵੱਖ ਖੇਡਾਂ ਹੋਣਗੀਆਂ
20 ਸਤੰਬਰ 2015 (ਐਤਵਾਰ) ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

*ਆਪ ਸਮੂਹ ਸੰਗਤ ਨੂੰ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ*

**ਹੋਰ ਜਾਣਕਾਰੀ ਲਈ ਸੰਪਰਕ ਕਰੋ**
ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702 ਤਰਸੇਮ ਭਲਵਾਨ ਫਰੀਦਕੋਟ, ਫੋਨ: 510-258-9266
ਜਸਵੀਰ ਸਿੰਘ ਸੰਧੂ, ਫੋਨ: 510-303-8789 ਡਾ. ਹਰਮਿੰਦਰ ਸਿੰਘ ਗਿੱਲ, ਫੋਨ: 408-368-2143

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ੴ ਸਤਿਨਾਮ ਸ੍ਰੀ ਵਾਹਿਗੁਰੂ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 20 ਸਤੰਬਰ 2015 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

18 ਸਤੰਬਰ 2015: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

20 ਸਤੰਬਰ 2015: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

36-37



## Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*

*Divorce *Annulment
*International Custody

### INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



## ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# ਆਲਿਅਨ ਦੀ ਜ਼ਿੰਦੜੀ ਨੇ ਖੋਲ੍ਹਿਆ ਸ਼ਰਨਾਰਥੀਆਂ ਲਈ ਯੂਰਪ ਦਾ ਰਾਹ



**ਲਿਸਬਨ:** ਤੁਰਕੀ ਦੇ ਸਮੁੰਦਰ ਤੱਟ ਉਤੇ ਮ੍ਰਿਤਕ ਤਿੰਨ ਸਾਲਾ ਬੱਚੇ ਦੀਆਂ ਤਸਵੀਰਾਂ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਨ੍ਹਾਂ ਤਸਵੀਰਾਂ ਨੇ ਯੂਰਪ ਨੂੰ ਸ਼ਰਨਾਰਥੀਆਂ ਬਾਰੇ ਨੀਤੀ 'ਤੇ ਨਜ਼ਰਸਾਨੀ ਕਰਨ ਲਈ ਮਜਬੂਰ ਕਰ ਦਿੱਤਾ। ਸ਼ਰਨਾਰਥੀ ਸੰਕਟ 'ਤੇ ਅੰਤਰਰਾਸ਼ਟਰੀ ਤੇ ਘਰੇਲੂ ਪੱਧਰ 'ਤੇ ਵਧ ਰਹੇ ਦਬਾਅ ਵਿਚਾਲੇ ਬਰਤਾਨੀਆ ਸਰਕਾਰ ਨੇ 15 ਹਜ਼ਾਰ ਸੀਰੀਆਈ ਸ਼ਰਨਾਰਥੀਆਂ ਨੂੰ ਪਨਾਹ ਦੇਣ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਕਿਹਾ ਕਿ ਤੁਰਕੀ ਦੇ ਤੱਟ ਉਤੇ ਤਿੰਨ ਸਾਲਾ ਸੀਰੀਆਈ ਬੱਚੇ ਆਇਲਾਨ ਕੁਰਦੀ ਦੀ ਲਾਸ਼ ਦੀਆਂ ਤਸਵੀਰਾਂ ਦੇਖ ਕੇ ਉਨ੍ਹਾਂ ਨੂੰ ਬਹੁਤੇ ਦੁੱਖ ਹੋਇਆ।

ਆਸਟਰੀਆ ਤੇ ਜਰਮਨੀ ਨੇ ਸ਼ਰਨਾਰਥੀਆਂ ਲਈ ਆਪਣੀ ਸੀਮਾ ਖੋਲ੍ਹ ਦਿੱਤੀ ਹੈ। ਆਸਟਰੀਆ ਦੇ ਚਾਂਸਲਰ ਵਰਨਰ ਫੇਮੈਨ ਨੇ ਐਲਾਨ ਕੀਤਾ ਕਿ ਆਸਟਰੀਆ ਤੇ ਜਰਮਨੀ ਸ਼ਰਨਾਰਥੀਆਂ ਨੂੰ ਆਪਣੇ ਦੇਸ਼ ਵਿਚ ਪਨਾਹ ਦੇਣ ਲਈ ਰਾਜ਼ੀ ਹਨ। ਇਸ ਐਲਾਨ ਤੋਂ ਬਾਅਦ ਭਾਰੀ ਗਿਣਤੀ ਵਿਚ ਸ਼ਰਨਾਰਥੀਆਂ ਨੇ ਆਸਟਰੀਆ ਤੇ ਜਰਮਨੀ ਵਿਚ ਜਾਣਾ ਸ਼ੁਰੂ ਕਰ ਦਿੱਤਾ ਹੈ। ਸ਼ਰਨਾਰਥੀਆਂ ਨਾਲ ਭਰੀ ਪਹਿਲੀ ਬੱਸ ਜਿਵੇਂ ਹੀ ਵਿਆਨਾ ਪਹੁੰਚੀ ਤਾਂ ਸਥਾਨਕ ਲੋਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਨਵੇਂ ਦੇਸ਼ ਵਿਚ ਟਿਕਾਣਾ ਮਿਲਣ ਉੱਤੇ ਸ਼ਰਨਾਰਥੀਆ ਦੇ ਚਿਹਰੇ ਉੱਤੇ ਖੁਸ਼ੀ ਸਾਫ਼ ਝਲਕ ਰਹੀ ਸੀ। ਵਿਆਨਾ ਆਉਣ ਉਤੇ ਸ਼ਰਨਾਰਥੀਆ ਨੇ ਆਸਟਰੀਆ ਦੀ ਸਰਕਾਰ ਦਾ ਧੰਨਵਾਦ ਵੀ ਕੀਤਾ। ਯਾਦ ਰਹੇ ਕਿ ਤਿੰਨ ਸਾਲ ਦੇ ਸੀਰੀਆ ਦੇ ਬੱਚੇ ਦੀ ਦਰਦਨਾਕ ਮੌਤ ਨੇ ਸ਼ਰਨਾਰਥੀਆ ਦੀ ਸਮੱਸਿਆ ਵੱਲ ਸਾਰੀ ਦੁਨੀਆਂ ਦਾ ਧਿਆਨ ਖਿੱਚਿਆ ਸੀ। ਆਸਟਰੀਆ ਪੁਲਿਸ ਅਨੁਸਾਰ ਹੁਣ ਤੱਕ 2000 ਸ਼ਰਨਾਰਥੀ ਵਿਆਨਾ ਸ਼ਹਿਰ ਵਿਚ ਪਹੁੰਚ ਚੁੱਕੇ ਹਨ। ਸੀਰੀਆ ਵਿਚ ਮਾੜੇ ਹਾਲਾਤ ਕਾਰਨ ਸ਼ਰਨਾਰਥੀ ਤੁਰਕੀ ਪਹੁੰਚਦੇ ਹਨ। ਜਿਥੇ ਉਹ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਜਾਣ ਦੀ ਕੋਸ਼ਿਸ਼ ਕਈ ਦਿਨਾਂ ਤੋਂ ਕਰ ਰਹੇ ਸਨ। ਆਸਟਰੀਆ ਕਿੰਨੇ ਸ਼ਰਨਾਰਥੀਆਂ ਨੂੰ ਆਪਣੇ ਦੇਸ਼ ਵਿਚ ਪਨਾਹ ਦੇਵੇਗਾ ਇਸ ਬਾਰੇ ਸਰਕਾਰ ਵਸੋਂ ਕੋਈ ਐਲਾਨ ਨਹੀਂ ਕੀਤਾ ਗਿਆ ਪਰ ਸਰਕਾਰ ਦਾ ਕਹਿਣਾ ਹੈ ਕਿ ਫ਼ਿਲਹਾਲ ਦੇਸ਼ ਵਿਚ ਆਉਣ ਵਾਲੇ ਸਾਰੇ ਲੋਕਾਂ ਦੇ ਰਹਿਣ ਤੇ ਉਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। 20 ਲੱਖ ਦੇ ਕਰੀਬ ਸ਼ਰਨਾਰਥੀ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੌਰਾਨ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਕ੍ਰਿਸ ਅਲੈਗਜ਼ੈਂਡਰ ਨੇ ਕਿਹਾ ਹੈ ਕਿ ਸਰਕਾਰ ਪਹਿਲਾਂ ਹੀ 22,000 ਇਰਾਕੀ ਤੇ 2,300 ਸੀਰੀਆ ਦੇ ਲੋਕਾਂ ਨੂੰ ਸ਼ਰਨ ਦੇ ਚੁੱਕੀ ਹੈ।

ਸੰਯੁਕਤ ਰਾਸ਼ਟਰ ਸੰਘ ਵਿਚ ਸ਼ਰਨਾਰਥੀਆਂ ਬਾਰੇ ਏਜੰਸੀ ਦੇ ਮੁਖੀ ਐਨਟੋਰੀਓ ਗੁਟਰਿਓ ਨੇ ਆਖਿਆ ਹੈ ਕਿ ਯੂਰਪੀਅਨ ਯੂਨੀਅਨ ਨੂੰ ਇਸ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ। ਹੰਗਰੀ ਵਿਚ ਅਜੇ ਵੀ ਹਜ਼ਾਰਾਂ ਸ਼ਰਨਾਰਥੀਆਂ ਨੇ ਰੇਲਵੇ ਲਾਈਨ ਨੂੰ ਘਿਰਿਆ ਹੋਇਆ ਹੈ। ਸ਼ਰਨਾਰਥੀ ਰੇਲ ਰਾਹੀਂ ਹੰਗਰੀ ਤੋਂ ਆਸਟਰੀਆ ਜਾਣਾ ਚਾਹੁੰਦੇ ਹਨ। ਸ਼ਰਨਾਰਥੀਆਂ ਦੀ ਗਿਣਤੀ ਵਧਣ ਕਾਰਨ ਹੰਗਰੀ ਸਰਕਾਰ ਨੇ ਰੇਲ ਲਾਈਨ ਵੀ ਬੰਦ ਕਰ ਦਿੱਤੀ। ਹੰਗਰੀ ਦੀ ਸਰਕਾਰ ਸ਼ਰਨਾਰਥੀਆਂ ਨੂੰ ਕੈਂਪ ਵਿਚ ਭੇਜਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸ਼ਰਨਾਰਥੀਆਂ ਦਾ ਕਹਿਣਾ ਹੈ ਕਿ ਸਰਕਾਰ ਅਜਿਹਾ ਕਰਕੇ ਉਨ੍ਹਾਂ ਨੂੰ ਜਰਮਨੀ ਜਾਣ ਤੋਂ ਰੋਕ ਰਹੀ ਹੈ। ਇਸ ਕਾਰਨ ਹੰਗਰੀ ਦੀ ਪੁਲਿਸ ਤੇ ਸ਼ਰਨਾਰਥੀਆਂ ਵਿਚਾਲੇ ਝੜਪ ਵੀ ਹੋ ਚੁੱਕੀ ਹੈ। ਸੀਰੀਆ ਤੇ ਹੋਰ ਦੇਸ਼ਾਂ ਵਿਚ ਹਾਲਤ ਖ਼ਰਾਬ ਹੋਣ ਦੇ ਕਾਰਨ ਵੱਡੀ ਗਿਣਤੀ ਵਿਚ ਸ਼ਰਨਾਰਥੀ ਯੂਰਪੀਅਨ ਦੇਸ਼ਾਂ ਵਿਚ ਆ ਰਹੇ ਹਨ।

## ਸ਼ਰਨਾਰਥੀਆਂ ਬਾਰੇ ਖਾੜੀ ਦੇਸ਼ ਅਜੇ ਵੀ ਚੁੱਪ


**ਦੁਬਈ:** ਸੀਰੀਆ ਦੇ ਸ਼ਰਨਾਰਥੀਆਂ ਦਾ ਮੁੱਦਾ ਇਸ ਸਮੇਂ ਅੰਤਰਰਾਸ਼ਟਰੀ ਪੱਧਰ ਉਤੇ ਛਾਇਆ ਹੋਇਆ ਹੈ। ਇੰਗਲੈਂਡ ਸਮੇਤ ਯੂਰਪ ਦੇ ਕਈ ਦੇਸ਼ ਸ਼ਰਨਾਰਥੀਆਂ ਨੂੰ ਪਨਾਹ ਦੇ ਰਹੇ ਹਨ ਪਰ ਖਾੜੀ ਦੇਸ਼ਾਂ ਨੇ ਇਸ ਪੂਰੇ ਮਾਮਲੇ ਉੱਤੇ ਚੁੱਪ ਵਟੀ ਹੋਈ ਹੈ। ਸਾਲ 1990 ਵਿਚ ਜਦੋਂ ਇਰਾਕ ਨੇ ਕੁਵੈਤ ਉੱਤੇ ਹਮਲਾ ਕੀਤਾ ਸੀ ਤਾਂ ਹਜ਼ਾਰਾਂ ਸ਼ਰਨਾਰਥੀਆਂ ਨੂੰ ਪਨਾਹ ਦੇਣ ਲਈ ਕਈ ਖਾੜੀ ਦੇਸ਼ ਅੱਗੇ ਆਏ ਸਨ। 25 ਸਾਲ ਬਾਅਦ ਹਾਲਤ ਫਿਰ ਉਸ ਤਰ੍ਹਾਂ ਦੇ ਬਣ ਗਏ ਹਨ ਪਰ ਇਸ ਵਾਰ ਦੁਨੀਆਂ ਦੇ ਅਮੀਰ ਖਾੜੀ ਦੇਸ਼ਾਂ ਤੋਂ ਸ਼ਰਨਾਰਥੀਆਂ ਨੂੰ ਨਿਰਾਸ਼ਾ ਮਿਲ ਰਹੀ ਹੈ। ਦੂਜੇ ਪਾਸੇ ਐਮਨਸਟੀ ਇੰਟਰਨੈਸ਼ਨਲ ਨੇ ਅਰਬ ਦੇਸ਼ਾਂ ਦੇ ਇਸ ਰਵੱਈਏ ਨੂੰ ਬੇਹੱਦ ਸ਼ਰਮਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਤਰ, ਕੁਵੈਤ, ਬਹਿਰੀਨ, ਸਾਉਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਦੀ ਇਸ ਮੁੱਦੇ ਉਤੇ ਅਲੋਚਨਾ ਕੀਤੀ ਹੈ।

## ਆਲਿਅਨ ਦੀਆਂ ਤਸਵੀਰਾਂ ਨੇ ਹਿਲਾ ਕੇ ਰੱਖ ਦਿੱਤਾ ਯੂਰਪ

**ਅੰਕਾਰਾ:** ਤਿੰਨ ਸਾਲਾ ਆਲਿਅਨ ਕੁਰਦੀ ਆਪਣੇ ਪੰਜ ਸਾਲ ਦੇ ਭਰਾ ਤੇ ਮਾਂ ਦੇ ਨਾਲ ਸਮੁੰਦਰ ਵਿਚ ਡੁੱਬ ਗਿਆ ਸੀ। ਪੂਰਾ ਪਰਿਵਾਰ ਸੀਰੀਆ ਦੇ ਹਲਾਤ ਤੋਂ ਤੰਗ ਆ ਕੇ ਚੰਗੀ ਜ਼ਿੰਦਗੀ ਲਈ ਯੂਰਪ ਲਈ ਨਿਕਲਿਆ ਸੀ ਪਰ ਕਿਸ਼ਤੀ ਸਮੁੰਦਰ ਵਿਚ ਡੁੱਬਣ ਕਾਰਨ ਪਰਿਵਾਰ ਦੀ ਮੌਤ ਹੋ ਗਈ। ਬੱਸ ਜ਼ਿੰਦਾ ਬਚਿਆ ਹੈ ਤਾਂ ਆਲਿਅਨ ਦਾ ਪਿਤਾ ਅਬਦੁਲਾ। ਇਸ ਪਰਿਵਾਰ ਨੇ ਕੈਨੇਡਾ ਸਰਕਾਰ ਕੋਲ ਸ਼ਰਨ ਲਈ ਅਰਜ਼ੀ ਦਿੱਤੀ ਸੀ ਜਿਸ ਨੂੰ ਸਰਕਾਰ ਨੇ ਖ਼ਾਰਜ ਕਰ ਦਿੱਤਾ ਸੀ। ਆਲਿਅਨ ਦੀ ਸਮੁੰਦਰ ਕੰਢਿਓਂ ਲਾਸ਼ ਮਿਲਣ ਪਿੱਛੋਂ ਕੌਮਾਂਤਰੀ ਪੱਧਰ 'ਤੇ ਕੈਨੇਡਾ ਸਰਕਾਰ ਦੀ ਅਲੋਚਨਾ ਹੋਈ ਸੀ। ਬੱਚੇ ਦੇ ਪਿਤਾ ਅਬਦੁੱਲਾ ਦੀ ਭੈਣ ਕੈਨੇਡਾ ਵਿਚ ਹੈ। ਕੈਨੇਡਾ ਵਿਚ ਚੋਣਾਂ ਦਾ ਮਾਹੌਲ ਹੋਣ ਕਾਰਨ ਇਹ ਮੁੱਦਾ ਰਾਜਸੀ ਬਣ ਗਿਆ ਹੈ।



# ਸਿਆਸਤ ਤੋਂ ਪ੍ਰੇਰਿਤ ਸੀ ਮੈਮਨ ਤੇ ਅਫਜ਼ਲ ਗੁਰੂ ਦੀ ਫਾਂਸੀ?



**ਨਵੀਂ ਦਿੱਲੀ:** ਦਿੱਲੀ ਉੱਚ ਅਦਾਲਤ ਦੇ ਸਾਬਕਾ ਚੀਫ਼ ਜਸਟਿਸ ਏ.ਪੀ. ਸ਼ਾਹ ਨੇ ਦਾਅਵਾ ਕੀਤਾ ਹੈ ਕਿ ਸੰਸਦ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਤੇ 1993 ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਦੋਸ਼ੀ ਯਾਕੂਬ ਮੈਮਨ ਦੀ ਫਾਂਸੀ ਸਿਆਸਤ ਤੋਂ ਪ੍ਰੇਰਿਤ ਸੀ। ਇਕ ਨਿਊਜ਼ ਚੈਨਲ ਨਾਲ ਖ਼ਾਸ ਗੱਲਬਾਤ ਦੌਰਾਨ ਲਾਅ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੇ ਕਿਹਾ ਕਿ ਅਫਜ਼ਲ ਦੇ ਮਾਮਲੇ ਵਿਚ ਕਾਰਜ ਪਾਲਿਕਾ ਵੱਲੋਂ ਰੋਕ ਖੜੀ ਕੀਤੀ ਗਈ ਜਦਕਿ ਮੈਮਨ ਦੀ ਰਹਿਮ ਅਰਜ਼ੀ ਦੇ ਪੱਖ ਵਿਚ ਕੁਝ ਆਧਾਰ ਬਚੇ ਸਨ। ਮੈਮਨ ਦੀ ਫਾਂਸੀ ਨੂੰ ਲੈ ਕੇ ਇਕ ਸਵਾਲ ਦੇ ਜਵਾਬ ਵਿਚ ਸਾਬਕਾ ਚੀਫ਼ ਜਸਟਿਸ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਦੇ ਜੱਜਾਂ ਦਰਮਿਆਨ ਵਿਚਾਰਕ ਮਤਭੇਦ ਸਨ ਤੇ ਉਪਰੰਤ ਇਸ ਮਾਮਲੇ ਨੂੰ ਉਪਰਲੀ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਨੂੰ ਭੇਜਿਆ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਯਾਕੂਬ ਦਾ ਕੇਸ ਇਸ ਦਾ ਪ੍ਰਤੱਖ ਉਦਾਹਰਣ ਹੈ ਜਿਥੇ ਪੂਰੀ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਗਿਆ ਜਿਸ ਤਰ੍ਹਾਂ ਨਾਲ ਕੇਸ ਦਾ ਨਿਪਟਾਰਾ ਕੀਤਾ ਗਿਆ, ਉਸ ਨਾਲ ਉਹ ਵੀ ਦੁਚਿੱਤੀ ਵਿਚ ਸਨ। ਉਥੇ ਅਫਜ਼ਲ ਦੇ ਕੇਸ ਵਿਚ ਸ਼ਾਹ ਨੇ ਕਿਹਾ ਕਿ ਉਸ ਦੀ ਰਹਿਮ ਅਰਜ਼ੀ ਕਾਫ਼ੀ ਲੰਬੇ ਸਮੇਂ ਤੱਕ ਪੈਂਡਿੰਗ ਰੱਖੀ ਗਈ ਤੇ ਫਿਰ ਸਰਕਾਰ ਨੇ ਅਚਾਨਕ ਉਸ ਨੂੰ ਫਾਂਸੀ ਉਤੇ ਲਟਕਾਉਣ ਦਾ ਫ਼ੈਸਲਾ ਕੀਤਾ। ਸਰਕਾਰ ਨੇ ਇਨ੍ਹਾਂ ਮਾਮਲਿਆਂ ਵਿਚ ਜਲਦਬਾਜ਼ੀ ਵਿਚ ਕਦਮ ਚੁੱਕੇ ਤੇ ਇਹ ਕਾਰਵਾਈ ਸਿਆਸੀ ਤੌਰ 'ਤੇ ਪ੍ਰੇਰਿਤ ਸੀ। ਹਾਲਾਂਕਿ ਜਸਟਿਸ ਸ਼ਾਹ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਜੱਜ ਵੀ ਸਿਆਸੀ ਹਕੀਕਤਾਂ ਤੋਂ ਪ੍ਰਭਾਵਿਤ ਹੁੰਦੇ ਹਨ, ਜੋ ਕਦੇ-ਕਦੇ ਉਨ੍ਹਾਂ ਵੱਲੋਂ ਲਏ ਗਏ ਫੈਸਲਿਆਂ ਤੋਂ ਪ੍ਰਦਰਸ਼ਿਤ ਹੁੰਦਾ ਹੈ।

# ਦਿਗਵਿਜੇ ਸਿੰਘ ਨੇ ਟੀ.ਵੀ. ਪੱਤਰਕਾਰ ਅੰਮ੍ਰਿਤਾ ਨਾਲ ਰਚਾਇਆ ਵਿਆਹ

**ਨਵੀਂ ਦਿੱਲੀ:** ਕਾਂਗਰਸ ਜਰਨਲ ਸਕੱਤਰ ਨੇ ਟੀ.ਵੀ. ਪੱਤਰਕਾਰ ਅੰਮ੍ਰਿਤਾ ਰਾਏ ਨਾਲ ਵਿਆਹ ਕਰ ਲਿਆ ਹੈ। ਬੀਤੇ ਸਾਲ ਇਨ੍ਹਾਂ ਦੋਹਾਂ ਦੀਆਂ ਨਿੱਜੀ ਤਸਵੀਰਾਂ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਗਈਆਂ ਸਨ। ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਨੇਤਾ ਦਿਗਵਿਜੇ ਫ਼ਿਲਹਾਲ ਅਮਰੀਕਾ ਵਿਚ ਹਨ। ਸੂਤਰਾਂ ਮੁਤਾਬਕ ਦਿਗਵਿਜੇ ਦੇ ਕਰੀਬੀਆਂ ਨੇ ਵਿਆਹ ਦੀ ਪੁਸ਼ਟੀ ਕੀਤੀ ਹੈ। ਰਾਜ ਸਭਾ ਟੀਵੀ ਵਿਚ ਪੱਤਰਕਾਰ ਅੰਮ੍ਰਿਤਾ ਰਾਏ ਵੱਲੋਂ ਇਸ ਬਾਬਤ ਕਿਸੇ ਤਰ੍ਹਾਂ ਦਾ ਬਿਆਨ ਨਹੀਂ ਆਇਆ ਹੈ। ਰਾਜ ਸਭਾ ਟੀਵੀ ਦੇ ਸਟਾਫ ਨੇ ਦੱਸਿਆ ਹੈ ਕਿ ਅੰਮ੍ਰਿਤਾ ਛੁੱਟੀ 'ਤੇ ਹਨ। ਜ਼ਿਕਰਯੋਗ ਹੈ ਕਿ 2014 ਵਿਚ ਦਿਗਵਿਜੇ ਨੇ ਆਪਣੀਆਂ ਨਿੱਜੀ ਤਸਵੀਰਾਂ ਲੀਕ ਹੋਣ ਤੋਂ ਬਾਅਦ ਅੰਮ੍ਰਿਤਾ ਨਾਲ ਰਿਸ਼ਤੇ ਨੂੰ ਸਵੀਕਾਰ ਕੀਤਾ ਸੀ।

# ਮੋਦੀ ਦੇ ਵੀਜ਼ਾ ਰਿਕਾਰਡ ਬਾਰੇ ਜਾਣਕਾਰੀ ਲਈ ਪਟੀਸ਼ਨ



**ਨਿਊ ਯਾਰਕ:** ਅਮਰੀਕਾ ਵਿਚਲੇ ਸਿੱਖਾਂ ਦੇ ਇਕ ਸਮੂਹ ਨੇ ਵਿਦੇਸ਼ ਵਿਭਾਗ ਵਿਰੁੱਧ ਪਟੀਸ਼ਨ ਪਾਈ ਹੈ ਜਿਸ ਵਿਚ ਬੇਨਤੀ ਕੀਤੀ ਗਈ ਹੈ ਕਿ ਉਬਾਮਾ ਪ੍ਰਸ਼ਾਸਨ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਪਰ ਵੀਜ਼ਾ ਪਾਬੰਦੀ ਹਟਾਉਣ ਬਾਰੇ ਫੈਸਲੇ ਨਾਲ ਸਬੰਧਤ ਦਸਤਾਵੇਜ਼ ਜਾਰੀ ਕੀਤੇ ਜਾਣ ਜਿਸ ਤੋਂ ਬਾਅਦ ਪਿਛਲੇ ਸਾਲ ਮੋਦੀ ਦਾ ਅਮਰੀਕਾ ਦੌਰਾ ਸੰਭਵ ਹੋਇਆ ਸੀ।

ਸਿਖਸ ਫਾਰ ਜਸਟਿਸ ਵੱਲੋਂ ਪਾਈ ਪਟੀਸ਼ਨ ਵਿਚ ਜਾਣਕਾਰੀ ਦੇ ਅਧਿਕਾਰ ਸਬੰਧੀ ਕਾਨੂੰਨ ਤਹਿਤ ਦਸਤਾਵੇਜ਼ ਨਾ ਪੇਸ਼ ਕਰਨ ਵਿਚ ਵਿਦੇਸ਼ ਵਿਭਾਗ ਦੀ ਅਸਫਲਤਾ ਨੂੰ ਚੁਣੌਤੀ ਦਿੱਤੀ ਹੈ। ਸਿਖਸ ਫਾਰ ਜਸਟਿਸ ਜੂਨ 2013 ਤੋਂ ਵੀਜ਼ੇ ਤੇ ਮੋਦੀ ਦੇ ਅਮਰੀਕਾ ਵਿਚ ਦਾਖਲੇ ਬਾਰੇ ਰਿਕਾਰਡ ਮੰਗ ਰਿਹਾ ਹੈ। ਪਟੀਸ਼ਨ ਦਾ ਜਵਾਬ ਦੇਣ ਲਈ ਵਿਦੇਸ਼ ਵਿਭਾਗ ਕੋਲ ਅਗਲੇ 60 ਦਿਨਾਂ ਦਾ ਸਮਾਂ ਹੈ।

# ਬਿਹਾਰ ਚੋਣਾਂ: ਭਾਜਪਾ ਖਿਲਾਫ ਸਾਂਝਾ ਗੱਠਜੋੜ ਤਿੜਕਿਆ

**ਨਵੀਂ ਦਿੱਲੀ:** ਬਿਹਾਰ ਚੋਣਾਂ ਭਾਜਪਾ ਖਿਲਾਫ ਖੜ੍ਹਾ ਕੀਤਾ ਸਾਂਝਾ ਗੱਠਜੋੜ ਟੁੱਟਣ ਲੱਗਾ ਹੈ। ਸੀਟਾਂ ਦੀ ਵੰਡ ਨੂੰ ਲੈ ਕੇ ਨਾਰਾਜ਼ ਚੱਲ ਰਹੀ ਸਮਾਜਵਾਦੀ ਪਾਰਟੀ ਨੇ ਆਪਣੇ-ਆਪ ਨੂੰ ਗੱਠਜੋੜ ਤੋਂ ਵੱਖ ਕਰ ਲਿਆ ਹੈ। ਸਪਾ ਨੇ ਐਲਾਨ ਕੀਤਾ ਹੈ ਕਿ ਪਾਰਟੀ ਇਕੱਲੇ ਹੀ ਬਿਹਾਰ ਵਿਚ ਚੋਣ ਲੜੇਗੀ।

ਜ਼ਿਕਰਯੋਗ ਹੈ ਕਿ ਸਪਾ ਦਾ ਜੇ.ਡੀ.ਯੂ., ਆਰ.ਜੇ.ਡੀ. ਤੇ ਕਾਂਗਰਸ ਦੇ ਨਾਲ ਮਹਾ ਗੱਠਜੋੜ ਬਣਿਆ ਸੀ। ਗੱਠਜੋੜ ਨੇ ਸਪਾ ਨੂੰ ਮਹਿਜ਼ ਪੰਜ ਸੀਟਾਂ ਹੀ ਦਿੱਤੀਆਂ। ਸੀਟਾਂ ਨੂੰ ਲੈ ਕਈ ਪਿਛਲੇ ਦਿਨਾਂ ਤੋਂ ਮਹਾ ਗੱਠਜੋੜ ਵਿਚ ਖਿੱਚੋਤਾਣ ਚੱਲ ਰਹੀ ਸੀ। ਸ਼ੁਰੂਆਤੀ ਦੌਰ ਵਿਚ ਤਾਂ ਸਪਾ ਨੂੰ ਸਿਰਫ ਤਿੰਨ ਸੀਟਾਂ ਹੀ ਮਿਲੀਆਂ। ਬਾਅਦ ਵਿਚ ਲਾਲੂ ਪ੍ਰਸਾਦ ਯਾਦਵ ਨੇ ਆਪਣੀਆਂ ਦੋ ਸੀਟਾਂ ਸਪਾ ਨੂੰ ਦੇ ਦਿੱਤੀਆਂ। ਇਸ ਤਰ੍ਹਾਂ ਜੇ.ਡੀ.ਯੂ. ਨੂੰ 100, ਆਰ.ਜੇ.ਡੀ. ਨੂੰ 98 ਤੇ ਕਾਂਗਰਸ ਨੂੰ 40 ਤੇ ਸਪਾ ਨੂੰ ਪੰਜ ਸੀਟਾਂ ਮਿਲੀਆਂ ਸਨ।

ਮੁਲਾਇਮ ਸਿੰਘ ਯਾਦਵ ਵੱਲੋਂ ਗੱਠਜੋੜ ਤੋਂ ਅਲੱਗ ਹੋਣ ਦੇ ਐਲਾਨ ਨੇ ਜਾਤੀ ਅਧਾਰ ਉੱਤੇ ਵਿਉਂਤੀ ਗੱਠਜੋੜ ਦੀ ਗਿਣਤੀ-ਮਿਣਤੀ ਨੂੰ ਹਿਲਾ ਦਿੱਤਾ ਹੈ। ਬਿਹਾਰ ਦੀਆਂ ਚੋਣ ਸਰਗਰਮੀਆਂ ਦੇਸ਼ ਭਰ ਵਿਚ ਖਿੱਚ ਦਾ ਕੇਂਦਰ ਹਨ। ਇਨ੍ਹਾਂ ਚੋਣਾਂ ਨੂੰ ਸਿਰਫ ਬਿਹਾਰ ਦਾ ਮੁੱਖ ਮੰਤਰੀ ਚੁਣਨ ਤੱਕ ਸੀਮਤ ਨਹੀਂ ਬਲਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਵਿੱਖ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

# ਚੀਨ ਵੱਲੋਂ ਤਿੰਨ ਲੱਖ ਸੈਨਿਕਾਂ ਦੀ ਛਾਂਟੀ ਦਾ ਐਲਾਨ

**ਬੀਜਿੰਗ:** ਚੀਨ ਨੇ ਆਪਣੀ ਸੈਨਾ ਵਿਚੋਂ ਤਿੰਨ ਲੱਖ ਸੈਨਿਕਾਂ ਦੀ ਛਾਂਟੀ ਕਰਨ ਦਾ ਐਲਾਨ ਕੀਤਾ ਹੈ। ਚੀਨ ਕੋਲ ਵਿਸ਼ਵ ਦੀ ਸਭ ਤੋਂ ਵੱਡੀ ਸੈਨਾ ਹੈ।

ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਹ ਐਲਾਨ ਦੂਜੇ ਵਿਸ਼ਵ ਯੁੱਧ ਵਿਚ ਜਾਪਾਨ ਵਿਰੁੱਧ ਜਿੱਤ ਦੀ 70ਵੀਂ ਵਰ੍ਹੇਗੰਢ ਦੇ ਮੌਕੇ ਕੀਤਾ। 145 ਅਰਬ ਡਾਲਰ ਦੇ ਸਾਲਾਨਾ ਰੱਖਿਆ ਬਜਟ ਵਾਲੀ ਚੀਨੀ ਸੈਨਾ ਦਾ ਘੇਰਾ ਅਸਲ ਵਿਚ ਇਸ ਲਈ ਛੋਟਾ ਕੀਤੇ ਜਾ ਰਹੇ ਹਨ, ਕਿਉਂਕਿ ਫ਼ੌਜ ਨੂੰ ਨਵੇਂ ਹਥਿਆਰਾਂ ਤੇ ਤਕਨੀਕ ਨਾਲ ਲੈਸ ਕੀਤਾ ਜਾ ਰਿਹਾ ਹੈ. ਅਮਰੀਕਾ ਤੋਂ ਬਾਅਦ ਦੁਨੀਆ ਵਿਚ ਸਭ ਤੋਂ ਜ਼ਿਆਦਾ ਰੱਖਿਆ ਬਜਟ ਚੀਨ ਦਾ ਹੈ।

ਪੀਪਲਜ਼ ਲਿਬਰੇਸ਼ਨ ਆਰਮੀ ਦੀ ਸਾਲ 1980 ਵਿਚ ਗਿਣਤੀ 45 ਲੱਖ ਸੀ। ਸਾਲ 1985 ਵਿਚ ਸੈਨਾ ਦੀ ਗਿਣਤੀ ਵਿਚ ਪਹਿਲੀ ਵਾਰ ਕਟੌਤੀ ਕਰਕੇ ਸੈਨਿਕਾਂ ਦੀ ਗਿਣਤੀ 30 ਲੱਖ ਕਰ ਦਿੱਤੀ ਗਈ ਸੀ। ਮੌਜੂਦ ਸਮੇਂ ਵਿਚ ਚੀਨ ਦੇ ਸੈਨਿਕਾਂ ਦੀ ਗਿਣਤੀ 23 ਲੱਖ ਹੈ। ਚੀਨ ਦੇ ਰੱਖਿਆ ਬਜਟ ਦਾ ਵੱਡਾ ਹਿੱਸਾ ਸੈਨਾ ਨੂੰ ਆਧੁਨਿਕ ਕਰਨ ਉਤੇ ਖਰਚ ਕੀਤਾ ਜਾ ਰਿਹਾ ਹੈ।



## ਚੀਨ ਨੇ ਵਿਖਾਈ ਫ਼ੌਜੀ ਤਾਕਤ

**ਬੀਜਿੰਗ:** ਦੂਜੇ ਵਿਸ਼ਵ ਯੁੱਧ ਵਿਚ ਜਾਪਾਨ ਖਿਲਾਫ਼ ਜਿੱਤ ਦੇ 70 ਸਾਲ ਪੂਰੇ ਹੋਣ ਮੌਕੇ ਚੀਨ ਨੇ ਦਰਜਨ ਤੋਂ ਵਧੇਰੇ ਲੰਬੀ ਦੂਰੀ ਦੀਆਂ ਮਿਸਾਈਲਾਂ, ਟੈਂਕਾਂ, ਡਰੋਨਾਂ ਤੇ ਨਵੇਂ ਮਾਲ ਵਾਹਕ ਜਹਾਜ਼ਾਂ ਸਮੇਤ ਆਪਣੀ ਫ਼ੌਜੀ ਤਾਕਤ ਦਾ ਪ੍ਰਦਰਸ਼ਿਤ ਕੀਤਾ।

ਚੀਨ ਦੀ ਇਸ ਪਹਿਲੀ ਫ਼ੌਜੀ ਪਰੇਡ ਵਿਚ ਹਿੱਸਾ ਲੈਣ ਵਾਲੇ 1000 ਵਿਦੇਸ਼ੀ ਜਵਾਨਾਂ ਵਿਚ ਪਾਕਿਸਤਾਨ ਤੇ ਰੂਸ ਸਣੇ 17 ਦੇਸ਼ਾਂ ਦੇ ਫ਼ੌਜੀ ਬਲ ਸ਼ਾਮਲ ਹੋਏ। ਇਸ ਪਰੇਡ ਦਾ ਮਕਸਦ ਦੂਜੇ ਵਿਸ਼ਵ ਯੁੱਧ ਵਿਚ ਚੀਨ ਖਿਲਾਫ਼ ਜਾਪਾਨੀ ਫ਼ੌਜੀਆਂ ਦੀਆਂ ਜ਼ਿਆਦਤੀਆਂ ਨੂੰ ਪ੍ਰਦਰਸ਼ਿਤ ਕਰਨਾ ਸੀ। ਚੀਨੀ ਇਤਿਹਾਸਕਾਰਾਂ ਅਨੁਸਾਰ ਇਸ ਯੁੱਧ ਵਿਚ ਦੋ ਕਰੋੜ ਲੋਕ ਮਾਰੇ ਗਏ ਸਨ ਤੇ 80 ਲੱਖ ਲੋਕਾਂ ਨੂੰ ਮਜ਼ਦੂਰ ਬਣਨ ਲਈ ਮਜਬੂਰ ਕੀਤਾ ਗਿਆ ਸੀ ਤੇ ਹਜ਼ਾਰਾਂ ਔਰਤਾਂ ਨੂੰ ਬੰਦੀ ਬਣਾ ਕੇ ਉਨ੍ਹਾਂ ਦਾ ਜਿਸਮਾਨੀ ਸ਼ੋਸ਼ਣ ਕੀਤਾ ਗਿਆ ਸੀ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕੀ ਐਮ ਐਡ, ਉਮਰ 37 ਸਾਲ, ਕੱਦ 5'-4" ਲਈ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਯੋਗ ਲੜਕੇ ਦੀ ਲੋੜ ਹੈ। ਸੰਪਰਕ ਕਰੋ ਫੋਨ:1-773-443-2720 ਜਾਂ ਈਮੇਲ nikkisekhon@hotmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। 37-40

### ਕੰਨਿਆ ਦੀ ਲੋੜ ਹੈ

Wanted US citizen girl for Amaritdhari Jatt Sikh handsome boy, 30, 5'-10", visiting US on B1/B2 visa. Please send picture and bio data on hayer3_sandeep@yahoo.co.in or call: 623-505-8250 37-40

Jatt Sikh parents seeking tall, professional match for their U.S. citizen, athletic build son, 26 yrs, 6'-3" in first year of residency. Pl. Email: chardikhala5@ymail.com 37-40

US citizen/green card holder girl wanted for Sikh Arora, 31 years, 5'6" B.Tech (Mechanical engineer), MBA finance. Currently on business visa. Contact, Ph: 312-522-6522. Email: Amarinder.singh627@gmail.com 34-37

ਪੜ੍ਹੇ ਲਿਖੇ ਚੰਗੇ ਖਾਨਦਾਨ ਤੇ ਨਾਮੀ ਪਰਿਵਾਰ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇਛੁੱਕ ਹੋਣੇ। ਸੰਪਰਕ ਕਰੋ, ਫੋਨ: 510-695-4836


# ਸਿਹਤ ਤੇ ਤੰਦਰੁਸਤੀ ਬਾਰੇ ਸੈਮੀਨਾਰ 12 ਨੂੰ

**ਸੈਨ ਹੋਜ਼ੇ (ਬਿਊਰੋ):** ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ ਵਲੋਂ ਸਿਹਤ ਤੇ ਤੰਦਰੁਸਤੀ ਬਾਰੇ ਇਕ ਸੈਮੀਨਾਰ ਆਉਂਦੀ 12 ਸਤੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਸਵੇਰੇ 10:30 ਤੋਂ ਦੁਪਹਿਰ ਇੱਕ ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਸੈਮੀਨਾਰ ਸੰਸਥਾ ਵਲੋਂ 'ਸਿਹਤ ਤੇ ਤੰਦਰੁਸਤੀ ਸਾਰਿਆਂ ਵਾਸਤੇ' ਵਿਸ਼ੇ ਉਪਰ ਕੀਤਾ ਜਾ ਰਿਹਾ ਹੈ। ਇਸ ਵਿਚ ਵਡਾਰੂਆਂ ਵਿਚ ਤਣਾਓ, ਬੱਚਿਆਂ ਦੀਆਂ ਜਟਿਲ ਮੁਸ਼ਕਿਲਾਂ ਬਾਰੇ ਵੱਖ ਵੱਖ ਮਾਹਿਰ ਡਾਕਟਰ ਲਾਹੇਵੰਦ ਜਾਣਕਾਰੀ ਦੇਣਗੇ।

ਸੰਸਥਾ ਦੀ ਨੁਮਾਇੰਦਾ ਸੋਨੀਆ ਧਾਮੀ ਅਨੁਸਾਰ ਡਾ. ਜਸਬੀਰ ਸਿੰਘ ਕੰਗ, ਡਾ. ਅਨੂ ਸੰਧੂ, ਨੈਨਾ ਸੋਢੀ, ਡਾ. ਗੁਰਪ੍ਰੀਤ ਕੌਰ ਪਦਮ ਅਤੇ ਡਾ. ਅੰਮ੍ਰਿਤ ਕੇ. ਸਿੰਘ ਸੰਗਤਾਂ ਨੂੰ ਸੰਬੋਧਨ ਕਰਨਗੇ। ਡਾ. ਅਮਰੀਕ ਸਿੰਘ ਦੰਦਾਂ ਦੇ ਰੋਗਾਂ; ਨੈਨਾ ਸੋਢੀ ਬਾਲਪਨ ਅਤੇ ਚੜ੍ਹਦੀ ਜਵਾਨੀ ਸਮੇਂ ਪੇਸ਼ ਆਉਂਦੀਆਂ ਸਮੱਸਿਆਵਾਂ; ਡਾ. ਜਸਬੀਰ ਸਿੰਘ ਕੰਗ ਸਾਡੇ ਜੀਵਨ ਵਿਚ ਕਸਰਤ ਦੀ ਕਮੀ ਅਤੇ ਭਾਰੀ ਖੁਰਾਕ ਕਾਰਨ ਮੌਤ ਦਰ ਵਧਣ ਦੇ ਕਾਰਨਾਂ ਅਤੇ ਅਸੀਂ ਇਸ ਤੋਂ ਕਿਵੇਂ ਬਚ ਸਕਦੇ ਹਾਂ ਵਿਸ਼ੇ ਉਤੇ; ਫਿਜ਼ੀਓਥੈਰੇਪਿਸਟ ਡਾ. ਅਨੂ ਸੰਧੂ ਵਡਾਰੂਆਂ ਵਿਚ ਨਿਰਾਸ਼ਾ ਦਾ ਦੌਰ ਆਉਣ ਅਤੇ ਇਸ ਤੋਂ ਛੁਟਕਾਰੇ ਬਾਰੇ ਆਪਣਾ ਮਸ਼ਵਰਾ ਦੇਣਗੇ। ਇਸ ਤੋਂ ਇਲਾਵਾ ਡਾ. ਗੁਰਪ੍ਰੀਤ ਕੌਰ ਪਦਮ ਛੇਕੜਲੀ ਉਮਰੇ ਆਉਂਦੀਆਂ ਮਾਨਸਿਕ ਸਮੱਸਿਆਵਾਂ ਅਤੇ ਅੰਤਲੇ ਸਮੇਂ ਸਿਹਤ ਸੰਭਾਲ ਬਾਰੇ ਆਪਣੀ ਰਾਏ ਦੇਣਗੇ। ਪ੍ਰਬੰਧਕਾਂ ਅਨੁਸਾਰ ਸੀਟਾਂ ਥੋੜ੍ਹੀਆਂ ਹਨ, ਇਸ ਲਈ ਫੋਨ: 650-494-7454 ਜਾਂ ਵੈਬ ਸਾਈਟ http://www.sikhfoundation.org ਰਾਹੀਂ ਸੀਟ ਪਹਿਲਾਂ ਬੁੱਕ ਕਰਾ ਲਈ ਜਾਵੇ।

## ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਯੂਬਾ ਸਿਟੀ (ਬਿਊਰੋ):** ਇਥੋਂ ਨਜ਼ਦੀਕੀ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਹਾੜਾ ਸਰਧਾ ਭਾਵਨਾ ਨਾਲ ਮਨਾਇਆ ਗਿਆ।

ਇਸ ਮੌਕੇ ਸਜਾਏ ਗਏ ਦੀਵਾਨ ਵਿਚ ਭਾਈ ਦੀਪ ਸਿੰਘ ਸਾਗਰ ਦੇ ਰਾਗੀ ਜਥੇ ਅਤੇ ਯੂਬਾ ਸਿਟੀ ਦੇ ਬੱਚਿਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਨਾਮ ਸਿੰਘ ਭੰਡਾਲ ਨੇ ਬਾਬਾ ਬੁੱਢਾ ਸਾਹਿਬ ਦੇ ਜੀਵਨ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਗੁਰਮਤਿ ਵਿਚਾਰ ਕੀਤੀ।

## ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ 19 ਅਕਤੂਬਰ ਤੋਂ

**ਚੰਡੀਗੜ੍ਹ:** ਉਤਰੀ ਭਾਰਤ ਦੇ ਚਾਰ ਸੂਬਿਆਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਲਈ ਖਿੱਚ ਦਾ ਕੇਂਦਰ ਬਣੇ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਰਸਮੀ ਤੌਰ ਉਤੇ 19 ਅਕਤੂਬਰ ਤੋਂ ਆਰੰਭ ਹੋਣਗੀਆਂ।

## ਗੁਰੂ ਨਾਨਕ ਵਿਆਹ ਪੁਰਬ ਸਬੰਧੀ ਸਮਾਗਮ 20 ਨੂੰ

**ਸੈਨ ਹੋਜ਼ੇ (ਬਿਊਰੋ):** ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਆਉਂਦੀ 20 ਸਤੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਗਮ ਦੇ ਇਕ ਪ੍ਰਬੰਧਕ ਸ. ਬਲਜਿੰਦਰ ਸਿੰਘ ਨੇ ਦੱਸਿਆ ਕਿ 18 ਸਤੰਬਰ ਨੂੰ ਸਵੇਰੇ 10 ਵਜੇ ਅਖੰਡ ਪਾਠ ਅਰੰਭ ਹੋਵੇਗਾ ਅਤੇ 20 ਸਤੰਬਰ ਨੂੰ ਭੋਗ ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ ਰਾਹੀਂ ਕੀਰਤਨੀ ਜਥੇ, ਕਥਾਚਾਰਕ ਅਤੇ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250

ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ
ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ
ਸੰਪਰਕ ਕਰੋ, ਫੋਨ:262-391-7666
37-39

ਰੈਸਟੋਰੈਂਟ ਸਟਾਫ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ
ਮੁਫਤ ਰਿਹਾਇਸ਼, ਵਧੀਆ ਤਨਖਾਹ
ਸੰਪਰਕ ਕਰੋ
ਫੋਨ: 918-984-8390
ਜਾਂ 918-576-1899
31-/

Two Gas Stations For Sale
Chevron Gas Station
in Elk Grove (Sacramento, CA)
$950,000
Texaco Gas Station
in Sacramento, CA
$550,000
*Property on long term lease.*
Wanted 2 cashiers for night shift, will train.
Contact: Charanjit
Ph: 209-740-0347
35-38


## ਅਜੇ ਪ੍ਰਧਾਨਗੀ ਨਹੀਂ ਛੱਡੇਗੀ ਸੋਨੀਆ ਗਾਂਧੀ

**ਨਵੀਂ ਦਿੱਲੀ:** ਸਾਲ 1998 ਤੋਂ ਕਾਂਗਰਸ ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲ ਰਹੀ ਸੋਨੀਆ ਗਾਂਧੀ ਇਸ ਸਾਲ ਵੀ ਪਾਰਟੀ ਦੀ ਕਮਾਨ ਆਪਣੇ ਹੱਥਾਂ 'ਚ ਹੀ ਰੱਖਣਗੇ। ਇਹ ਫ਼ੈਸਲਾ ਨਵੀਂ ਦਿੱਲੀ ਸਥਿਤ ਪਾਰਟੀ ਦੇ ਸਦਰ ਮੁਕਾਮ ਵਿਖੇ ਲਿਆ ਗਿਆ। ਪਿਛਲੇ ਕੁਝ ਸਮੇਂ ਤੋਂ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸਿਆਸਤ 'ਚ ਸਰਗਰਮ ਭੂਮਿਕਾ ਅਤੇ ਸੋਨੀਆ ਗਾਂਧੀ ਦੀ ਡਿਗਦੀ ਸਿਹਤ ਕਾਰਨ ਰਾਹੁਲ ਗਾਂਧੀ ਨੂੰ ਪ੍ਰਧਾਨ ਬਣਾਉਣ ਦੇ ਕਿਆਸ ਲਾਏ ਜਾ ਰਹੇ ਸਨ। ਫਿਲਹਾਲ ਕਿਆਸਾਂ ਨੂੰ ਖਾਰਜ ਕਰਦਿਆਂ ਪਾਰਟੀ ਦੀ ਵਾਗਡੋਰ ਇਕ ਸਾਲ ਹੋਰ ਸੋਨੀਆ ਗਾਂਧੀ ਦੇ ਹੱਥ ਹੀ ਰਹੇਗੀ; ਹਾਲਾਂਕਿ ਪਾਰਟੀ 'ਚ ਹੋਣ ਵਾਲੀਆਂ ਢਾਂਚਾਗਤ ਤਬਦੀਲੀਆਂ ਅਤੇ ਹੋਰ ਅਹਿਮ ਫ਼ੈਸਲੇ ਰਾਹੁਲ ਗਾਂਧੀ ਵੱਲੋਂ ਹੀ ਲਏ ਜਾਣਗੇ।

## ਥਾਈਲੈਂਡ ਧਮਾਕਾ: ਦੋ ਭਾਰਤੀਆਂ ਤੋਂ ਪੁੱਛਗਿੱਛ

**ਬੈਂਕਾਕ:** ਥਾਈਲੈਂਡ ਦੇ ਮੰਦਰ ਵਿਚ ਹੋਏ ਬੰਬ ਧਮਾਕੇ ਦੀ ਪੜਤਾਲ ਬਾਰੇ ਦੋ ਭਾਰਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਇਨ੍ਹਾਂ ਦੋਵਾਂ ਨੂੰ ਸੀ.ਸੀ.ਟੀ.ਵੀ. ਫੁਟੇਜ ਵਿਚ ਬੰਬ ਧਮਾਕੇ ਦੇ ਕੇਸ ਵਿਚ ਲੋੜੀਂਦੇ ਵਿਦੇਸ਼ੀ ਮੁਲਜ਼ਮ ਨਾਲ ਗੱਲਬਾਤ ਕਰਦੇ ਦੇਖਿਆ ਗਿਆ। ਪੁੱਛਗਿੱਛ ਤੋਂ ਬਾਅਦ ਇਨ੍ਹਾਂ ਨੂੰ ਛੱਡ ਦਿੱਤਾ ਗਿਆ। ਗ੍ਰਿਫ਼ਤਾਰੀ ਤੋਂ ਬਾਅਦ ਭਾਰਤ ਨੇ ਆਪਣੇ ਸਫ਼ਾਰਤਖ਼ਾਨੇ ਨਾਲ ਤੁਰੰਤ ਸੰਪਰਕ ਬਣਾਇਆ ਸੀ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill
10 pm to 12 am (IST)
Puran singh waraich
2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat-Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਪੰਜਾਬ 'ਚ 20 ਹਜ਼ਾਰ ਤੋਂ ਵੱਧ ਸਨਅਤੀ ਇਕਾਈਆਂ ਬੰਦ



**ਜਲੰਧਰ:** ਕੇਂਦਰ ਸਰਕਾਰ ਨੇ ਚਾਹੇ ਸਪਸ਼ਟ ਤੌਰ 'ਤੇ ਕਹਿ ਦਿੱਤਾ ਹੈ ਕਿ ਪੰਜਾਬ ਨੂੰ ਕੇਂਦਰੀ ਸਨਅਤੀ ਪੈਕੇਜ ਦੀ ਕੋਈ ਲੋੜ ਨਹੀਂ ਹੈ ਪਰ ਅੰਕੜੇ ਦੱਸਦੇ ਹਨ ਕਿ ਪਿਛਲੇ 10 ਸਾਲਾਂ ਦੌਰਾਨ ਪੰਜਾਬ ਦੇ ਗੁਆਂਢੀ ਰਾਜਾਂ ਨੂੰ ਸਨਅਤੀ ਪੈਕੇਜ ਮਿਲਣ ਕਰ ਕੇ ਪੰਜਾਬ 'ਚ 20,000 ਤੋਂ ਵੱਧ ਸਨਅਤੀ ਇਕਾਈਆਂ ਨੂੰ ਤਾਲੇ ਲੱਗ ਚੁੱਕੇ ਹਨ। ਕਦੇ ਵਪਾਰ ਵਜੋਂ ਪਹਿਲੇ ਨੰਬਰ 'ਤੇ ਰਹਿਣ ਵਾਲੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਸਭ ਤੋਂ ਜ਼ਿਆਦਾ ਸਨਅਤੀ ਇਕਾਈਆਂ ਨੂੰ ਤਾਲਾ ਲੱਗਾ ਹੈ।

ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਆਰ.ਟੀ.ਆਈ. ਤਹਿਤ ਮੰਗੀ ਜਾਣਕਾਰੀ ਮੁਤਾਬਕ, ਬੀਤੇ ਸਾਲਾਂ ਵਿਚ ਰਾਜ ਦੇ ਸਨਅਤੀ ਖੇਤਰ ਨੂੰ ਲਗਾਤਾਰ ਧੱਕਾ ਲੱਗ ਰਿਹਾ ਹੈ। ਇਸ ਨਾਲ ਪੰਜਾਬ ਸਰਕਾਰ ਦੇ ਨਾਲ ਨਾਲ ਪਾਵਰਕਾਮ ਦੇ ਮਾਲੀਏ 'ਚ ਕਮੀ ਆ ਰਹੀ ਹੈ। ਅੰਮ੍ਰਿਤਸਰ ਵਿਚ 8053 ਇਕਾਈਆਂ, ਲੁਧਿਆਣਾ 'ਚ 2819, ਗੁਰਦਾਸਪੁਰ 'ਚ 1864, ਜਲੰਧਰ 'ਚ 1850, ਹੁਸ਼ਿਆਰਪੁਰ 'ਚ 1240, ਕਪੂਰਥਲਾ 'ਚ 1035, ਸ੍ਰੀ ਮੁਕਤਸਰ ਸਾਹਿਬ 'ਚ 768, ਮੁਹਾਲੀ 'ਚ 348, ਫ਼ਰੀਦਕੋਟ ਵਿਚ 332, ਨਵਾਂ ਸ਼ਹਿਰ 'ਚ 288, ਬਠਿੰਡਾ 'ਚ 5, ਮੰਡੀ ਗੋਬਿੰਦਗੜ੍ਹ 'ਚ 111 ਸਨਅਤੀ ਇਕਾਈਆਂ ਨੂੰ ਤਾਲਾ ਲੱਗਾ ਹੈ। ਮੰਡੀ ਗੋਬਿੰਦਗੜ੍ਹ ਵਿਚ 30 ਫ਼ੀਸਦੀ ਸਟੀਲ ਅਤੇ ਫਰਨੇਸ ਦੇ ਕਾਰਖਾਨੇ ਬੰਦ ਹੋਏ ਹਨ। ਮੁਹਾਲੀ ਵਿਚ ਦੋ ਦਰਜਨ ਤੋਂ ਜ਼ਿਆਦਾ ਦਵਾਈ ਕੰਪਨੀਆਂ ਬੱਦੀ (ਹਿਮਾਚਲ ਪ੍ਰਦੇਸ਼) ਚਲੀਆਂ ਗਈਆਂ ਸਨ। ਛੋਟੀਆਂ ਸਨਅਤਾਂ ਬਾਰੇ ਕੇਂਦਰੀ ਮੰਤਰਾਲੇ ਨੇ ਵੀ ਆਪਣੀ ਰਿਪੋਰਟ ਦਿੱਤੀ ਹੈ ਕਿ ਲੁਧਿਆਣਾ 'ਚ ਹੀ 7 ਹਜ਼ਾਰ ਤੋਂ ਲੈ ਕੇ 8 ਹਜ਼ਾਰ ਤੱਕ ਸਨਅਤੀ ਯੂਨਿਟਾਂ ਨੂੰ ਤਾਲਾ ਲੱਗਾ ਹੈ। ਅੰਮ੍ਰਿਤਸਰ ਦੀ ਪੱਖਾ ਸਨਅਤ ਦੇ 2500 ਯੂਨਿਟਾਂ ਵਿਚੋਂ ਸਿਰਫ਼ 10 ਯੂਨਿਟ ਰਹਿ ਗਏ ਹਨ। ਅੰਮ੍ਰਿਤਸਰ ਦੇ ਕਾਰਪੈੱਟ ਇਰਾਨ, ਰੂਸ ਅਤੇ ਯੂਰਪ ਭੇਜੇ ਜਾਂਦੇ ਸਨ ਤੇ ਹੁਣ 100 ਇਕਾਈਆਂ 'ਚੋਂ 30 ਇਕਾਈਆਂ ਹੀ ਰਹਿ ਗਈਆਂ ਹਨ। ਫਗਵਾੜਾ 'ਚ ਆਟੋ ਪਾਰਟਸ ਨਿਰਮਾਣ ਇੰਡਸਟਰੀ ਦੀ ਵਿਕਰੀ ਵੀ ਲਗਾਤਾਰ ਘਟ ਰਹੀ ਹੈ।

ਆਬਕਾਰੀ ਤੇ ਕਰ ਵਿਭਾਗ ਦੀਆਂ ਨੀਤੀਆਂ ਕਰ ਕੇ ਪਿਛਲੇ 9 ਸਾਲਾਂ 'ਚ ਹੀ ਸਨਅਤਕਾਰਾਂ ਅਤੇ ਡੀਲਰਾਂ ਦੇ 60775 ਦੇ ਕਰੀਬ ਵੈਟ ਨੰਬਰ ਵਿਭਾਗ ਨੂੰ ਵਾਪਸ ਕਰ ਦਿੱਤੇ ਜਾਂ ਰੱਦ ਕਰ ਦਿੱਤੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਚਾਹੇ ਕੇਂਦਰ ਵੱਲੋਂ ਸਨਅਤੀ ਪੈਕੇਜ ਨਾ ਮਿਲਣ ਕਰ ਕੇ ਰਾਜ ਦੀਆਂ ਹਜ਼ਾਰਾਂ ਸਨਅਤੀ ਯੂਨਿਟਾਂ ਨੂੰ ਤਾਲਾ ਲੱਗਾ ਹੈ ਪਰ ਇਸ 'ਚ ਕਈ ਇਕਾਈਆਂ ਸਰਕਾਰੀ ਨੀਤੀਆਂ ਦਾ ਵੀ ਸ਼ਿਕਾਰ ਹੋਈਆਂ ਹਨ। ਪੰਜਾਬ ਸਰਕਾਰ ਨੇ ਸਨਅਤਾਂ ਦੇ ਦੂਸਰੇ ਰਾਜਾਂ 'ਚ ਚਲੇ ਜਾਣ ਤੋਂ ਬਾਅਦ ਹੋਏ ਮਾਲੀਏ ਦੇ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ ਪਰ ਇਸ ਤੋਂ ਬਾਅਦ ਕੇਂਦਰ ਨੇ ਕੰਨ ਨਹੀਂ ਧਰੇ।

## ਆਮ ਆਦਮੀ ਪਾਰਟੀ ਦਾ 'ਮਾਨ' ਡੋਲਿਆ

(ਸਫਾ ਇਕ ਦੀ ਬਾਕੀ)

ਕਰਦੇ ਰਹੇ। ਕੁਝ ਮਹੀਨੇ ਪਹਿਲਾਂ ਕੇਜਰੀਵਾਲ ਵੱਲੋਂ ਸੂਬੇ ਦੇ ਜ਼ਿਲ੍ਹਾ ਪੱਧਰੀ ਪੁਰਾਣੇ ਜਥੇਬੰਦਕ ਢਾਂਚੇ ਨੂੰ ਭੰਗ ਕਰ ਕੇ ਲੋਕ ਸਭਾ ਹਲਕਿਆਂ ਅਨੁਸਾਰ ਕੋਆਰਡੀਨੇਟਰ ਨਿਯੁਕਤ ਕਰਨ ਤੇ ਇਨ੍ਹਾਂ ਉੱਪਰ ਦਿੱਲੀ ਦੇ ਇੰਚਾਰਜ ਲਗਾ ਦੇਣ ਨਾਲ ਪਾਰਟੀ ਦੇ ਆਗੂਆਂ ਵਿਚ ਰੋਸ ਪੈਦਾ ਹੋ ਗਿਆ ਸੀ। ਸੂਬੇ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਵੱਲੋਂ ਕੇਂਦਰੀ ਲੀਡਰਸ਼ਿਪ ਦੇ ਨਵੇਂ ਢਾਂਚੇ ਨੂੰ ਗ਼ੈਰ-ਸੰਵਿਧਾਨਿਕ ਕਰਾਰ ਦੇਣ ਤੇ ਛੋਟੇਪੁਰ ਨੂੰ ਬਰਤਰਫ਼ ਕਰਨ ਦੀ ਮੰਗ ਨਾਲ ਪਾਰਟੀ ਦਾ ਸੰਕਟ ਡੂੰਘਾ ਹੋ ਗਿਆ। ਇਸ ਤੋਂ ਪਹਿਲਾਂ ਕੇਂਦਰੀ ਲੀਡਰਸ਼ਿਪ ਨੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੂੰ 'ਆਪ' ਦੇ ਪਾਰਲੀਮਾਨੀ ਗਰੁੱਪ ਦੇ ਨੇਤਾ ਦੇ ਅਹੁਦੇ ਤੋਂ ਵੱਖ ਕਰ ਦਿੱਤਾ ਸੀ, ਕਿਉਂਕਿ ਉਹ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਜਿਹੇ ਸੰਸਥਾਪਕ ਨੇਤਾਵਾਂ ਨੂੰ ਪਾਰਟੀ ਵਿਚੋਂ ਕੱਢਣ ਦੇ ਮੁੱਦੇ ਉਤੇ ਕੇਜਰੀਵਾਲ ਨਾਲ ਸਹਿਮਤ ਨਹੀਂ ਸਨ।

## ਮਛੀਲ ਮਾਮਲਾ: ਛੇ ਫ਼ੌਜੀਆਂ ਨੂੰ ਉਮਰ ਕੈਦ ਦੀ ਪੁਸ਼ਟੀ

**ਜੰਮੂ:** ਕਸ਼ਮੀਰ ਦੇ ਮਛੀਲ ਵਿਚ 2010 ਵਿਚ ਫਰਜ਼ੀ ਮੁਕਾਬਲੇ ਦੌਰਾਨ ਤਿੰਨ ਨੌਜਵਾਨਾਂ ਨੂੰ ਮਾਰਨ ਦੇ ਮਾਮਲੇ ਵਿਚ ਇਕ ਫ਼ੌਜੀ ਅਦਾਲਤ ਨੇ ਦੋ ਅਫ਼ਸਰਾਂ ਸਮੇਤ ਛੇ ਫ਼ੌਜੀ ਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੈ।

ਉੱਤਰੀ ਕਮਾਂਡ ਦੇ ਸੁਰੱਖਿਆ ਬੁਲਾਰੇ ਕਰਨਲ ਐਸ.ਡੀ. ਗੋਸਵਾਮੀ ਨੇ ਕਿਹਾ ਕਿ ਥਲ ਸੈਨਾ ਦੀ ਉੱਤਰੀ ਕਮਾਂਡ ਦੇ ਮੁਖੀ ਲੈਫਟੀਨੈਂਟ ਜਨਰਲ ਡੀ.ਐਸ. ਹੁੱਡਾ ਨੇ ਸਮਰੀ ਜਨਰਲ ਕੋਰਟ ਮਾਰਸ਼ਲ (ਐਸ.ਜੀ.ਸੀ.ਐਮ.) ਦੀ ਸਜ਼ਾ ਦੀ ਪੁਸ਼ਟੀ ਕੀਤੀ ਹੈ। ਇਹ ਘਟਨਾ 30 ਅਪਰੈਲ 2010 ਦੀ ਹੈ ਜਦੋਂ ਫੌਜ ਨੇ ਤਿੰਨ ਨੌਜਵਾਨਾਂ ਨੂੰ ਮਾਰ ਕੇ ਉਨ੍ਹਾਂ ਨੂੰ ਅਤਿਵਾਦੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ।

## ਮੋਦੀ ਵੱਲੋਂ 15 ਮਹੀਨੇ 'ਚ 20 ਮੁਲਕਾਂ ਦਾ ਦੌਰਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਿਨ੍ਹਾਂ 'ਤੇ ਅਕਸਰ ਮੁਲਕ 'ਚ ਘੱਟ ਸਮਾਂ ਬਿਤਾਉਣ ਦਾ ਇਲਜ਼ਾਮ ਲੱਗਦਾ ਰਹਿੰਦਾ ਹੈ, ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ 'ਚ 17 ਮੁਲਕਾਂ ਦਾ ਦੌਰਾ ਕੀਤਾ ਹੈ ਅਤੇ ਸਾਲ ਦੇ 365 ਦਿਨਾਂ 'ਚੋਂ 53 ਦਿਨ ਵਿਦੇਸ਼ੀ ਦੌਰੇ 'ਤੇ ਰਹੇ ਅਤੇ ਇਨ੍ਹਾਂ ਦੌਰਿਆਂ 'ਤੇ 37.22 ਕਰੋੜ ਰੁਪਏ ਦਾ ਖਰਚ ਆਇਆ। ਇਹ ਖੁਲਾਸਾ ਆਰ.ਟੀ.ਆਈ. ਤੋਂ ਮਿਲੀ ਜਾਣਕਾਰੀ ਤੋਂ ਹੋਇਆ ਹੈ।

ਹੁਣ ਤੱਕ ਮੋਦੀ ਨੇ 20 ਮੁਲਕਾਂ ਦਾ ਦੌਰਾ ਕੀਤਾ ਹੈ। ਸੂਚਨਾ ਦੇ ਅਧਿਕਾਰ ਤਹਿਤ ਲੋਕੇਸ਼ ਬਤਰਾ ਨਾਂ ਦੇ ਬੰਦੇ ਨੇ ਹਰ ਮੁਲਕ ਤੋਂ ਪ੍ਰਧਾਨ ਮੰਤਰੀ ਦੇ ਦੌਰੇ ਦੇ ਖਰਚ ਦਾ ਵੇਰਵਾ ਮੰਗਿਆ ਸੀ। ਜਾਪਾਨ, ਸ੍ਰੀਲੰਕਾ, ਫਰਾਂਸ ਅਤੇ ਦੱਖਣੀ ਕੋਰੀਆ ਤੋਂ ਫਿਲਹਾਲ ਕੋਈ ਜਵਾਬ ਨਹੀਂ ਮਿਲਿਆ। ਆਰ.ਟੀ.ਆਈ. ਤੋਂ ਮਿਲੀ ਜਾਣਕਾਰੀ ਮੁਤਾਬਿਕ ਇਨ੍ਹਾਂ ਦੌਰਿਆਂ 'ਚ ਸਭ ਤੋਂ ਮਹਿੰਗਾ ਦੌਰਾ ਆਸਟਰੇਲੀਆ ਦਾ ਰਿਹਾ। ਆਸਟਰੇਲੀਆ ਹਾਈ ਕਮਿਸ਼ਨ ਤੋਂ ਮਿਲੀ ਜਾਣਕਾਰੀ ਮੁਤਾਬਿਕ ਪ੍ਰਧਾਨ ਮੰਤਰੀ ਅਤੇ ਉਚ ਪੱਧਰੀ ਵਫਦ ਦੇ ਹੋਟਲ 'ਚ ਪਰਵਾਸ ਦਾ ਖਰਚਾ 5.60 ਕਰੋੜ, ਜਦਕਿ ਕਿਰਾਏ 'ਤੇ ਲਈਆਂ ਕਾਰਾਂ ਦਾ ਖਰਚਾ 2.40 ਕਰੋੜ ਆਇਆ। ਆਸਟਰੇਲੀਆ ਤੋਂ ਇਲਾਵਾ ਅਮਰੀਕਾ, ਜਰਮਨੀ, ਫਿਜ਼ੀ ਅਤੇ ਚੀਨ ਦੇ ਦੌਰੇ ਵੀ ਮਹਿੰਗੇ ਦੌਰਿਆਂ ਦੇ ਵਰਗ 'ਚ ਹੀ ਸ਼ਾਮਿਲ ਹੁੰਦੇ ਹਨ। ਅਮਰੀਕਾ ਦੇ ਦੌਰੇ 'ਤੇ 6.13 ਕਰੋੜ, ਜਰਮਨੀ 'ਤੇ 2.92 ਕਰੋੜ, ਫਿਜ਼ੀ 'ਤੇ 2.59 ਕਰੋੜ, ਜਦਕਿ ਚੀਨ ਦੇ ਦੌਰੇ 'ਤੇ 2.34 ਕਰੋੜ ਰੁਪਏ ਖਰਚ ਹੋਏ। ਇਨ੍ਹਾਂ ਖਰਚਿਆਂ 'ਚ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਨਾਲ ਗਏ ਵਫਦ ਦੇ ਮੈਂਬਰਾਂ ਦੇ ਹੋਟਲ 'ਚ ਰਹਿਣ ਦਾ ਖਰਚ, ਕਿਰਾਏ 'ਤੇ ਲਈਆਂ ਕਾਰਾਂ ਅਤੇ ਸਰਕਾਰੀ ਚੈਨਲਾਂ 'ਤੇ ਪ੍ਰਸਾਰਿਤ ਕੀਤੇ ਜਾਣ ਵਾਲੇ 'ਲਾਈਵ' ਪ੍ਰੋਗਰਾਮਾਂ ਦਾ ਖਰਚ ਸ਼ਾਮਿਲ ਹੈ।

# ਆਰ.ਐਸ.ਐਸ. ਦੀ 'ਜੀ ਹਜ਼ੂਰੀ' ਕਰ ਕੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਤੇ ਭਾਜਪਾ ਦੀ ਤਾਲਮੇਲ ਕਮੇਟੀ ਦੀ ਨਵੀਂ ਦਿੱਲੀ ਵਿਚ ਹੋਈ ਤਿੰਨ ਦਿਨਾਂ ਬੈਠਕ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸ਼ਮੂਲੀਅਤ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਦੋਸ਼ ਲੱਗੇ ਹਨ ਕਿ ਮੀਟਿੰਗ ਵਿਚ ਮੋਦੀ ਸਰਕਾਰ ਨੇ ਆਰ.ਐਸ.ਐਸ. ਨੂੰ ਆਪਣੇ ਡੇਢ ਸਾਲ ਦੇ ਕਾਰਜਕਾਲ ਦਾ ਹਿਸਾਬ ਦਿੱਤਾ ਹੈ। ਇਸ ਪਿੱਛੋਂ ਸਵਾਲ ਕੀਤਾ ਜਾ ਰਿਹਾ ਹੈ ਕਿ ਮੁਲਕ ਦੇ ਲੋਕਾਂ ਰਾਹੀਂ ਚੁਣੀ ਹੋਈ ਸਰਕਾਰ ਨੂੰ ਕਿਸੇ ਇਕ ਸੰਸਥਾ ਪ੍ਰਤੀ ਕਿੰਨਾ ਕੁ ਜਵਾਬਦੇਹ ਹੋਣਾ ਚਾਹੀਦਾ ਹੈ? ਵਿਰੋਧੀ ਧਿਰਾਂ ਇਸ ਮੁੱਦੇ ਨੂੰ ਉਭਾਰ ਰਹੀਆਂ ਹਨ ਕਿ ਅਸਲ ਵਿਚ ਆਰ.ਐਸ.ਐਸ. ਹੀ ਸਰਕਾਰ ਚਲਾ ਰਹੀ ਹੈ।

ਬਸਪਾ ਸੁਪਰੀਮੋ ਮਾਇਆਵਤੀ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਨੂੰ ਫਿਰਕੂ ਤੇ ਫਾਸੀਵਾਦੀ ਜਥੇਬੰਦੀ ਆਰ.ਐਸ.ਐਸ. ਰਿਮੋਟ ਰਾਹੀਂ ਚਲਾ ਰਹੀ ਹੈ। ਸਰਕਾਰ, ਭਾਜਪਾ ਤੇ ਆਰ.ਐਸ.ਐਸ. ਵਿਚਾਲੇ ਆਪਣੀ ਕਿਸਮ ਦਾ ਇਹ ਪਹਿਲਾ ਵਿਚਾਰ-ਵਟਾਂਦਰਾ ਸੀ। ਆਰ.ਐਸ.ਐਸ. ਦੇ ਮੁੱਖ ਏਜੰਡੇ ਰਾਮ ਮੰਦਿਰ ਤੇ ਜੰਮੂ ਕਸ਼ਮੀਰ ਵਿਚੋਂ ਧਾਰਾ 370 ਹਟਾਉਣ ਬਾਰੇ ਚਰਚਾ ਕੀਤੀ ਗਈ। ਵਿਚਾਰ-ਵਟਾਂਦਰੇ ਵਿਚ ਸੀਨੀਅਰ ਮੰਤਰੀਆਂ ਵਿਚ ਰਾਜਨਾਥ ਸਿੰਘ, ਅਰੁਣ ਜੇਤਲੀ, ਸੁਸ਼ਮਾ ਸਵਰਾਜ, ਮਨੋਹਰ ਪਾਰੀਕਰ, ਵੈਂਕਈਆ ਨਾਇਡੂ ਤੇ ਅਨੰਤ ਕੁਮਾਰ ਨੇ ਹਾਜ਼ਰੀ ਭਰੀ।

ਮੀਟਿੰਗ ਵਿਚ ਆਰ.ਐਸ.ਐਸ. ਨੇ ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਦੀ ਪ੍ਰਤੀਬੱਧਤਾ ਪ੍ਰਗਟ ਕੀਤੀ ਹੈ ਤੇ ਇਸ ਬਾਰੇ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਵੀ ਇਹ ਵਾਅਦਾ ਪੂਰਾ ਕਰਨ ਲਈ ਆਖਿਆ ਹੈ। ਦੱਸਣਯੋਗ ਹੈ ਕਿ ਭਾਜਪਾ ਵਾਲੇ ਆਰ.ਐਸ.ਐਸ. ਦੇ ਪਿੱਛੇ ਪਿੱਛੇ ਤੁਰਨ ਨੂੰ ਹੀ ਤਰਜੀਹ ਦਿੰਦੇ ਹਨ। ਇਸੇ ਲਈ ਸਰਕਾਰ ਦੇ ਕਈ ਮੰਤਰੀਆਂ ਵੱਲੋਂ ਆਪਣੇ ਵਿਭਾਗਾਂ ਨੂੰ ਭਗਵੇਂ ਰੰਗ ਵਿਚ ਰੰਗਣ ਦਾ ਵੀ ਸਖਤ ਵਿਰੋਧ ਹੋ ਰਿਹਾ ਹੈ। ਮੋਦੀ ਲੰਬੇ ਸਮੇਂ ਤੱਕ ਆਰ.ਐਸ.ਐਸ. ਦੇ ਪ੍ਰਚਾਰਕ ਤੇ ਅਹੁਦੇਦਾਰ ਰਹੇ ਹਨ। ਇਸੇ ਕਰ ਕੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵੀ ਉਨ੍ਹਾਂ ਉਤੇ ਫ਼ਿਰਕੂ ਹੋਣ ਦੇ ਦੋਸ਼ ਲੱਗਦੇ ਰਹੇ ਹਨ। ਇਥੋਂ ਤੱਕ ਕਿ ਗੁਜਰਾਤ ਵਿਚ ਹੋਏ ਭਿਆਨਕ ਦੰਗਿਆਂ ਬਾਰੇ ਵੀ ਉਨ੍ਹਾਂ ਉਤੇ ਉਂਗਲੀ ਉੱਠਦੀ ਰਹੀ ਹੈ। ਉਸ ਸਮੇਂ ਵੀ ਤੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਵੀ ਉਹ ਭਗਵੇਂਕਰਨ ਦੇ ਆਪਣੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੇ, ਨਾ ਹੀ ਉਨ੍ਹਾਂ ਨੇ ਅਜਿਹਾ ਕੋਈ ਬਹੁਤਾ ਯਤਨ ਹੀ ਕੀਤਾ ਹੈ।

ਉਧਰ, ਆਰ.ਐਸ.ਐਸ. ਨੇ ਇਸ ਆਲੋਚਨਾ ਨੂੰ ਰੱਦ ਕੀਤਾ ਹੈ ਕਿ ਉਹ ਰਿਮੋਟ ਕੰਟਰੋਲ ਦੀ ਤਰ੍ਹਾਂ ਕੰਮ ਕਰ ਰਹੀ ਹੈ। ਆਰ.ਐਸ.ਐਸ. ਦੇ ਜੁਆਇੰਟ ਜਨਰਲ ਸਕੱਤਰ ਦੱਤਾਤਰੇ ਹੋਸਬਾਲੇ ਦਾ ਕਹਿਣਾ ਹੈ ਕਿ ਉਹ ਸਰਕਾਰ ਦੀ ਨਜ਼ਰਸਾਨੀ ਨਹੀਂ ਕਰ ਰਹੇ ਅਤੇ ਨਾ ਹੀ ਉਸ ਨੂੰ ਕੋਈ ਸੁਨੇਹਾ ਦੇ ਰਹੇ ਹਨ। ਤਾਲਮੇਲ ਬੈਠਕ ਦੌਰਾਨ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਤੇ ਸੰਘ ਦੇ ਹੋਰ ਆਗੂਆਂ ਨੇ ਸਰਕਾਰ ਦੇ ਮੰਤਰੀਆਂ ਅਤੇ ਭਾਜਪਾ ਆਗੂਆਂ ਨਾਲ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਕੋਈ ਗ਼ੈਰ ਕਾਨੂੰਨੀ ਜਥੇਬੰਦੀ ਨਹੀਂ ਹੈ।

### ਆਰ.ਐਸ.ਐਸ. ਨੂੰ ਕੋਈ ਲੇਖਾ-ਜੋਖਾ ਨਹੀਂ ਦਿੱਤਾ: ਰਾਜਨਾਥ

**ਨਵੀਂ ਦਿੱਲੀ:** ਕੇਂਦਰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਵਿਰੋਧੀ ਧਿਰ ਦੇ ਆਰ.ਐਸ.ਐਸ. ਵੱਲੋਂ ਸਰਕਾਰ ਚਲਾਏ ਜਾਣ ਦੇ ਦੋਸ਼ਾਂ ਦਾ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਉਹ (ਰਾਜਨਾਥ ਸਿੰਘ) ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੋਇਮ ਸੇਵਕ ਹਨ। ਜੇ ਉਹ ਸੰਘ ਦੇ ਵਰਕਰ ਹਨ ਤਾਂ ਇਸ ਵਿਚ ਕਿਸੇ ਨੂੰ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੇ ਡੇਢ ਸਾਲ ਦੇ ਕੰਮਕਾਰ ਦਾ ਕੋਈ ਲੇਖਾ-ਜੋਖਾ ਨਹੀਂ ਦਿੱਤਾ। ਗ੍ਰਹਿ ਮੰਤਰੀ ਨੇ ਸੰਘ, ਮੋਦੀ ਤੇ ਉਨ੍ਹਾਂ ਦੇ ਮੰਤਰੀਆਂ ਵਿਚਾਲੇ ਹੋਈ ਮੀਟਿੰਗ ਬਾਰੇ ਨੂੰ ਸਿਰਫ਼ ਵਿਚਾਰ ਮੰਥਨ ਦੱਸਦਿਆਂ ਸਪਸ਼ਟ ਕੀਤਾ ਕਿ ਭਾਜਪਾ ਦੀ ਸਿਖਰਲੀ ਵਿਚਾਰਧਾਰਕ ਜਥੇਬੰਦੀ ਨੇ ਪਾਰਟੀ ਦੇ ਕੰਮਕਾਰ ਦੀ ਕੋਈ ਵੀ ਸਮੀਖਿਆ ਨਹੀਂ ਕੀਤੀ ਹੈ


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ

ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ

ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਸਮਾਰਕਾਂ ਦੇ ਨਾਂ ਰੱਖਣ ਨੂੰ ਮਨਜ਼ੂਰੀ

**ਲਾਹੌਰ:** ਪਾਕਿਸਤਾਨ 'ਚ ਲਹਿੰਦੇ ਪੰਜਾਬ ਦੀ ਸਰਕਾਰ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਖਿੱਤੇ ਨੂੰ ਵਿਸ਼ੇਸ਼ ਦੇਣ ਦੇ ਮੱਦੇਨਜ਼ਰ ਉਨ੍ਹਾਂ ਦੇ ਨਾਂ 'ਤੇ ਲਾਹੌਰ 'ਚ ਵਿਸ਼ੇਸ਼ ਇਮਾਰਤਾਂ ਜਾਂ ਸੜਕਾਂ ਬਣਾਉਣ ਦੀ ਤਜਵੀਜ਼ ਮਨਜ਼ੂਰ ਕਰ ਲਈ ਹੈ। ਪਾਕਿਸਤਾਨੀ ਪੰਜਾਬ ਦੀ ਅਸੈਂਬਲੀ 'ਚ ਉਥੋਂ ਦੇ ਪਹਿਲੇ ਸਿੱਖ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਮੁੱਦਾ ਉਠਾਇਆ ਕਿ ਹਿੰਦ-ਪਾਕਿਸਤਾਨ ਆਜ਼ਾਦੀ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਕਈ ਜਾਇਦਾਦਾਂ ਸਨ ਜੋ ਬਾਅਦ 'ਚ ਬੇਨਾਮੀ ਹੋ ਗਈਆਂ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਵੀ ਮਹਾਰਾਜੇ ਨਾਲ ਸਬੰਧਿਤ ਕਈ ਬੇਨਾਮੀ ਜਾਇਦਾਦਾਂ ਲਾਹੌਰ ਖੇਤਰ 'ਚ ਮੌਜੂਦ ਹਨ ਪਰ ਵਿਭਾਗੀ ਅਣਗਹਿਲੀ ਕਾਰਨ ਇਸ ਸਬੰਧੀ ਸਪਸ਼ਟਤਾ ਦੀ ਘਾਟ ਹੈ।



ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੰਦਿਆਂ, ਪਾਕਿਸਤਾਨੀ ਪੰਜਾਬ 'ਚ ਸੜਕਾਂ ਜਾਂ ਸਰਕਾਰੀ ਇਮਾਰਤਾਂ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕਰਦਿਆਂ ਨਾਂ ਰੱਖਣ ਲਈ ਅਪੀਲ ਕੀਤੀ। ਇਸ ਅਪੀਲ ਦੀ ਤਾਈਦ ਲਹਿੰਦੇ ਪੰਜਾਬ ਦੇ ਕਾਨੂੰਨ ਮੰਤਰੀ ਰਾਣਾ ਸਨਾਹ ਉਲਾ ਨੇ ਕੀਤੀ ਤੇ ਵਿਰੋਧੀ ਧਿਰ ਵੱਲੋਂ ਵੀ ਸਹਿਮਤੀ ਮਿਲਦਿਆਂ ਇਸ ਨੂੰ ਮਨਜ਼ੂਰ ਕਰ ਲਿਆ ਗਿਆ। ਸ. ਅਰੋੜਾ ਨੇ ਕਿਹਾ ਕਿ ਇਹ ਪਾਕਿਸਤਾਨ ਦੇ ਸਿੱਖਾਂ ਦੀ ਵੱਡੀ ਪ੍ਰਾਪਤੀ ਹੈ ਕਿ ਸਿੱਖ ਮਹਾਰਾਜੇ ਦੇ ਨਾਂ ਦੀਆਂ ਸੜਕਾਂ ਲਾਹੌਰ 'ਚੋਂ ਹੁਣ ਵੀ ਲੰਘਣਗੀਆਂ ਜੋ ਉਸ ਵੇਲੇ ਦੇ ਖ਼ਾਲਸਾ ਰਾਜ ਦੀ ਯਾਦ ਨੂੰ ਤਾਜ਼ਾ ਕਰਨਗੀਆਂ।

# ਵਿਦੇਸ਼ਾਂ ਵਿਚ ਮੌਜਾਂ ਮਾਰਨ ਵਾਲਿਆਂ ਦੀ ਜਾ ਸਕਦੀ ਹੈ ਨੌਕਰੀ

**ਨਵੀਂ ਦਿੱਲੀ:** ਸਰਕਾਰ ਵੱਲੋਂ ਨਵੇਂ ਬਣਾਏ ਜਾ ਰਹੇ ਨਿਯਮਾਂ ਤਹਿਤ ਜੇ ਕੋਈ ਆਈ.ਏ.ਐਸ. ਤੇ ਆਈ.ਪੀ.ਐਸ. ਅਫ਼ਸਰ ਵਿਦੇਸ਼ ਵਿਚ ਬਿਨਾਂ ਮਨਜ਼ੂਰੀ ਤੋਂ ਇਕ ਮਹੀਨੇ ਤੋਂ ਵੱਧ ਸਮਾਂ ਰਹੇਗਾ ਤਾਂ ਉਸ ਨੂੰ ਆਪਣੀ ਨੌਕਰੀ ਗਵਾਉਣੀ ਪੈ ਸਕਦੀ ਹੈ। ਕੁੱਝ ਨੌਕਰਸ਼ਾਹਾਂ ਵੱਲੋਂ ਆਪਣੀ ਵਿਦੇਸ਼ ਵਿਚ ਤਾਇਨਾਤੀ ਦਾ ਸਮਾਂ ਪੂਰਾ ਹੋਣ ਮਗਰੋਂ ਭਾਰਤ ਵਿਚ ਪਰਤ ਕੇ ਰਿਪੋਰਟ ਨਹੀਂ ਕੀਤਾ ਜਾਂਦਾ। ਇਨ੍ਹਾਂ ਵਿਚੋਂ ਕਈ ਤਾਂ ਵਿਦੇਸ਼ ਵਿਚ ਕਾਰਜਕਾਲ ਪੂਰਾ ਹੋਣ ਮਗਰੋਂ ਨਾਜਾਇਜ਼ ਛੁੱਟੀ 'ਤੇ ਚਲੇ ਜਾਂਦੇ ਹਨ।

ਨਵੇਂ ਨਿਯਮਾਂ ਦੇ ਖਰੜੇ ਮੁਤਾਬਕ ਜੇ ਭਾਰਤੀ ਪ੍ਰਸ਼ਾਸਕੀ ਸੇਵਾ (ਆਈ.ਏ.ਐਸ.), ਭਾਰਤੀ ਪੁਲੀਸ ਸੇਵਾ (ਆਈ.ਪੀ.ਐਸ.) ਅਤੇ ਭਾਰਤੀ ਜੰਗਲਾਤ ਸੇਵਾ (ਆਈ.ਐਫ.ਐਸ.) ਦਾ ਅਧਿਕਾਰੀ ਆਪਣੀ ਮਨਜ਼ੂਰ ਛੁੱਟੀ ਜਾਂ ਵਿਦੇਸ਼ ਵਿਚ ਨਿਯੁਕਤੀ ਤੋਂ ਵੱਧ ਸਮਾਂ ਰਹੇਗਾ ਤਾਂ ਉਸ ਦਾ ਇਸ ਸਮੇਂ ਮਗਰੋਂ ਇਕ ਮਹੀਨੇ ਤੱਕ ਇੰਤਜ਼ਾਰ ਕੀਤਾ ਜਾਵੇਗਾ।

ਇਸ ਮਗਰੋਂ ਸਬੰਧਤ ਰਾਜ ਸਰਕਾਰ ਜਿਸ ਦੇ ਘੇਰੇ ਵਿਚ ਉਹ ਅਫ਼ਸਰ ਆਉਂਦਾ ਹੋਵੇਗਾ, ਉਸ ਨਾਲ ਸੰਪਰਕ ਕਰ ਕੇ ਉਸ ਅਫ਼ਸਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ ਤਾਂ ਕਿ ਉਹ ਆਪਣਾ ਪੱਖ ਰੱਖ ਸਕੇ। ਜੇ ਇਸ ਤੋਂ ਬਾਅਦ ਵੀ ਸਬੰਧਤ ਅਧਿਕਾਰੀ ਡਿਊਟੀ 'ਤੇ ਨਹੀਂ ਪਰਤਦਾ ਤਾਂ ਸਬੰਧਤ ਰਾਜ ਸਰਕਾਰ ਉਸ ਅਧਿਕਾਰੀ ਤੋਂ ਪਹਿਲਾਂ ਲਏ ਲਿਖਤੀ ਇਕਰਾਰਨਾਮੇ ਤਹਿਤ ਅਸਤੀਫੇ ਦੀ ਕਾਰਵਾਈ ਸ਼ੁਰੂ ਕਰੇਗੀ ਅਤੇ ਇਸ ਨੂੰ ਅਗਲੇ ਦੋ ਮਹੀਨਿਆਂ ਵਿਚਕਾਰ ਲਾਗੂ ਕਰਨ ਲਈ ਕੇਂਦਰ ਨੂੰ ਭੇਜੇਗੀ।

ਇਨ੍ਹਾਂ ਨਿਯਮਾਂ ਦਾ ਖਰੜਾ ਪ੍ਰਸੋਨਲ ਤੇ ਸਿਖਲਾਈ ਵਿਭਾਗ ਨੇ ਤਿਆਰ ਕੀਤਾ ਹੈ। ਮੌਜੂਦਾ ਨਿਯਮਾਂ ਮੁਤਾਬਕ ਇਨ੍ਹਾਂ ਤਿੰਨੇ ਸੇਵਾਵਾਂ ਦੇ ਅਧਿਕਾਰੀਆਂ ਨੂੰ ਪੰਜ ਸਾਲਾਂ ਤੋਂ ਵੀ ਵੱਧ ਸਮੇਂ ਤੱਕ ਛੁੱਟੀ ਦਿੱਤੀ ਜਾ ਸਕਦੀ ਹੈ।

ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices



*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.

Installation Available

Golden State Realty

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
Commercial
or
Residential
Needs

ਅਸੀਂ ਲੋਨ ਲੈਣ ਵਿਚ
ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
Ph: 916-612-5773

**email:** samchahal@hotmail.com

*Serving all over California*

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਨੰਦਗੜ੍ਹ ਤੇ ਅਕਾਲੀਆਂ ਵਿਚਕਾਰ ਫਿਰ ਖੜਕੀ

**ਬਠਿੰਡਾ:** ਗੁਰਦੁਆਰਾ ਸ੍ਰੀ ਤਿੱਤਰਸਰ ਸਾਹਿਬ ਵਿਖੇ ਬਾਬਾ ਕੇਸਰ ਸਿੰਘ ਜੀ ਦੇ ਸ਼ਰਧਾਂਜਲੀ ਸਮਾਗਮ ਮੌਕੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਅਕਾਲੀ ਦਲ ਤੇ ਐਸ.ਜੀ.ਪੀ.ਸੀ. ਸਮਰਥਕਾਂ ਵਿਚਕਾਰ 'ਤੂੰ ਤੂੰ-ਮੈਂ ਮੈਂ' ਹੋ ਗਈ। ਇਸੇ ਸਟੇਜ ਉਤੇ ਅਕਾਲੀ ਦਲ ਦੇ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਤੇ ਉਨ੍ਹਾਂ ਦੇ ਸਮਰਥਕ ਵੀ ਸਨ। ਹੰਗਾਮਾ ਉਸ ਸਮੇਂ ਹੋਇਆ ਜਦੋਂ ਲੋਕ ਨਿਰਮਾਣ ਮੰਤਰੀ ਨੇ ਜਨਮੇਜਾ ਸਿੰਘ ਸੇਖੋਂ ਨੇ ਆਪਣੇ ਸੰਬੋਧਨ ਦੌਰਾਨ ਬਾਬਾ ਕੇਸਰ ਸਿੰਘ ਜੀ ਦੇ ਨਾਂ ਉਤੇ ਪਿੰਡ ਮੌੜ ਚੜ੍ਹਤ ਸਿੰਘ ਗੁਰਦੁਆਰਾ ਸਾਹਿਬ ਤੱਕ ਅਗਲੇ ਤਿੰਨ ਮਹੀਨਿਆਂ ਵਿਚ ਸੜਕ ਬਣਾਉਣ ਦਾ ਐਲਾਨ ਕਰ ਦਿੱਤਾ।

ਇਸ ਐਲਾਨ ਮਗਰੋਂ ਸਟੇਜ ਸਕੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਜਥੇਦਾਰ ਹਰਦਿਆਲ ਸਿੰਘ ਮਿੱਠੂ ਚਾਉਕੇ ਨੇ ਸਟੇਜ ਤੋਂ ਕੈਬਨਿਟ ਮੰਤਰੀ ਦਾ ਧੰਨਵਾਦ ਕਰਨਾ ਸ਼ੁਰੂ ਕੀਤਾ ਤਾਂ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ



ਬਲਵੰਤ ਸਿੰਘ ਨੰਦਗੜ੍ਹ ਨੇ ਉਨ੍ਹਾਂ ਤੋਂ ਮਾਈਕ ਖੋਹ ਲਿਆ ਤੇ ਬਾਬਾ ਜੀ ਨੂੰ ਸ਼ਰਧਾਂਜਲੀ ਭੇਟ ਕਰਕੇ ਸ੍ਰੀ ਸੇਖੋਂ ਦੇ ਸੜਕਾਂ ਬਾਰੇ ਕੀਤੇ ਐਲਾਨ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਇਨ੍ਹਾਂ ਸੜਕਾਂ ਦੀ ਬਹੁਤ ਸਮਾਂ ਪਹਿਲਾਂ ਲੋੜ ਸੀ ਪਰ ਹੁਣ ਅਜਿਹਾ ਐਲਾਨ ਚੋਣ ਸਟੰਟ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਨੀਅਤ ਗੁਰਦੁਆਰਾ ਤਿੱਤਰਸਰ ਸਾਹਿਬ 'ਤੇ ਕਬਜ਼ਾ ਕਰਨ ਦੀ ਹੈ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਤੁਰੰਤ ਬਾਅਦ ਕਬਜ਼ੇ ਦੀ ਕਾਰਵਾਈ ਅਮਲ ਲਿਆਂਦੀ ਜਾਵੇਗੀ।

ਉਨ੍ਹਾਂ ਕਿਹਾ ਕਿ ਕਮੇਟੀ ਦਾ ਪ੍ਰਧਾਨ ਅਵਤਾਰ ਮੱਕੜ ਆਰ.ਐਸ.ਐਸ. ਦਾ ਏਜੰਟ ਹੈ ਤੇ ਉਸ ਨੇ ਹਰਚਰਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਸਕੱਤਰ ਬਣਾ ਕੇ ਮਿਹਨਤਕਸ਼ ਸ਼ਰਧਾਲੂਆਂ ਦੀ ਕਮਾਈ ਦੀ ਦੁਰਵਰਤੋਂ ਕੀਤੀ ਹੈ। ਇਸ ਸਕੱਤਰ ਨੂੰ ਤਿੰਨ ਲੱਖ ਰੁਪਏ ਮਹੀਨਾ ਤਨਖਾਹ ਤੇ ਦੋ ਲੱਖ ਦਾ ਅਲੱਗ ਖਰਚਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਗੁਰਦੁਆਰੇ ਦੀ ਜ਼ਮੀਨ 'ਤੇ ਕਬਜ਼ੇ ਦੀ ਸਾਜ਼ਿਸ਼ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਭਾਵੇਂ ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਇਲਾਕੇ ਦੀ ਸੰਗਤਾਂ ਨੇ ਵੀ ਜੈਕਾਰੇ ਛੱਡ ਕੇ ਸਾਬਕਾ ਜਥੇਦਾਰ ਨੂੰ ਸਹਿਮਤੀ ਦਿੱਤੀ। ਸ਼ਰਧਾਂਜਲੀ ਸਮਾਗਮ ਵਿਚ ਪਹੁੰਚੇ ਬਲਜੀਤ ਸਿੰਘ ਦਾਦੂਵਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਇਸ ਬਾਰੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

### ਗੁਰਦੁਆਰੇ ਦੀ ਜ਼ਮੀਨ 'ਤੇ ਕਬਜ਼ਾ ਨਹੀਂ ਹੋਣ ਦਿਆਂਗੇ: ਨੰਦਗੜ੍ਹ

**ਬਠਿੰਡਾ:** ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਤਿੱਤਰਸਰ ਸਾਹਿਬ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੀ ਜਾਨ ਤੱਕ ਦੇ ਕੇ ਸੰਘਰਸ਼ ਕਰਨਗੇ ਤੇ ਜਿਉਂਦੇ ਜੀਅ ਬਾਬਾ ਕੇਸਰ ਸਿੰਘ ਦੀ ਕੀਤੀ ਹੋਈ ਕਿਰਤ ਕਮਾਈ ਉਤੇ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ ਸਿੱਖ ਬੁੱਧੀਜੀਵੀਆਂ ਨੂੰ ਇਹੋ ਜਿਹੇ ਸ਼ਰਧਾਂਜਲੀ ਪ੍ਰੋਗਰਾਮਾਂ 'ਤੇ ਸੌੜੀ ਸਿਆਸਤ ਨਹੀਂ ਕਰਨੀ ਚਾਹੀਦੀ।

## ਕਥਾਵਾਚਕ ਰਣਜੋਧ ਸਿੰਘ ਨੂੰ ਧਾਰਮਿਕ ਸਜ਼ਾ

**ਸ੍ਰੀ ਆਨੰਦਪੁਰ ਸਾਹਿਬ:** ਘਰ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਵਾਲੇ ਰਣਜੋਧ ਸਿੰਘ ਨੂੰ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਤੇ ਪੰਜ ਪਿਆਰਿਆਂ ਨੇ ਧਾਰਮਿਕ ਸਜ਼ਾ ਸੁਣਾਈ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਪ੍ਰਧਾਨ ਫੌਜਾ ਸਿੰਘ ਧਨੌਰੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਗਿਲਕੋ ਵੈਲੀ ਵਿਚ ਰਹਿਣ ਵਾਲੇ ਕਥਾਵਾਚਕ ਰਣਜੋਧ ਸਿੰਘ ਨੇ ਆਪਣੇ ਘਰ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਜਿਥੇ ਉਹ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰ ਕੇ ਆਨੰਦ ਕਾਰਜ ਵੀ ਕਰਾਉਂਦਾ ਹੈ। ਜਥੇਦਾਰ ਗਿਆਨੀ ਮੱਲ ਸਿੰਘ ਨੇ ਦੱਸਿਆ ਕਿ ਰਣਜੋਧ ਸਿੰਘ ਨੇ ਲਿਖਤੀ ਤੌਰ 'ਤੇ ਆਪਣੀ ਗ਼ਲਤੀ ਮੰਨ ਲਈ ਹੈ ਤੇ ਉਹ ਆਪ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੇਸ਼ ਹੋਇਆ। ਉਸ ਨੂੰ 11 ਦਿਨ ਰੋਜ਼ਾਨਾ 11 ਜਪੁਜੀ ਸਾਹਿਬ ਦੇ ਪਾਠ ਕਰਨ, ਇਕ ਘੰਟਾ ਰੋਜ਼ਾਨਾ ਭਾਂਡੇ ਮਾਂਜਣ ਤੇ ਝਾੜੂ ਦੇਣ ਦੀ ਸੇਵਾ ਕਰ ਕੇ 11 ਦਿਨਾਂ ਬਾਅਦ ਗੁਰਦੁਆਰਾ ਭੱਠਾ ਸਾਹਿਬ ਵਿਖੇ ਅਰਦਾਸ ਕਰਾਉਣ ਦੀ ਤਨਖਾਹ ਲਗਾਈ ਹੈ।

# ਬਟਾਲਾ ਵਿਚ ਭਿੜੇ ਅਕਾਲੀ ਭਾਜਪਾ ਦੇ ਕੌਂਸਲਰ

**ਬਟਾਲਾ:** ਸਨਅਤੀ ਸ਼ਹਿਰ ਬਟਾਲੇ ਦੇ ਨਗਰ ਕੌਂਸਲ ਦਫ਼ਤਰ ਵਿਚ ਅਕਾਲੀ ਤੇ ਭਾਜਪਾ ਕੌਂਸਲਰ ਆਪਸ ਵਿਚ ਭਿੜ ਗਏ। ਦੋਵੇਂ ਗੁੱਟਾਂ ਵੱਲੋਂ ਇਕ-ਦੂਜੇ ਨਾਲ ਹੱਥੋਪਾਈ ਕੀਤੀ ਗਈ ਤੇ ਹਵਾ ਵਿਚ ਬੰਦੂਕ ਤੇ ਦਾਤਰ ਲਹਿਰਾ ਕੇ ਲਲਕਾਰੇ ਵੀ ਮਾਰੇ ਗਏ। ਇਕ-ਦੂਜੇ ਨੂੰ ਜੰਮ ਕੇ ਗਾਲ੍ਹਾਂ ਕੱਢੀਆਂ ਗਈਆਂ ਤੇ ਥੱਪੜ ਮਾਰੇ ਗਏ। ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਸੰਸਦੀ ਸਕੱਤਰ ਜਗਦੀਸ਼ ਸਾਹਨੀ ਦੀਆਂ ਅੱਖਾਂ ਵਿਚ ਮਿਰਚਾਂ ਸੁੱਟੀਆਂ ਗਈਆਂ। ਅਕਾਲੀ ਦਲ ਦੇ ਵਰਕਰਾਂ ਵੱਲੋਂ ਜਗਦੀਸ਼ ਰਾਜ ਸਾਹਨੀ ਦੇ ਦਫ਼ਤਰ ਬਾਹਰ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਤੇ ਜਵਾਬ ਵਿਚ ਭਾਜਪਾ ਵਰਕਰਾਂ ਨੇ ਵੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਸ੍ਰੀ ਸਾਹਨੀ ਨੂੰ ਬਾਹਰ ਆਉਂਦਿਆਂ ਦੇਖ ਕੇ ਉਸ 'ਤੇ ਅਕਾਲੀਆਂ ਨੇ ਲਾਲ ਮਿਰਚ ਵਾਲਾ ਪਾਊਡਰ ਸੁੱਟ ਦਿੱਤਾ ਜੋ ਭਾਜਪਾ ਵਰਕਰਾਂ ਉਤੇ ਡਿੱਗ ਗਿਆ। ਕੌਂਸਲ ਪ੍ਰਧਾਨ ਨਰੇਸ਼ ਮਹਾਜਨ ਵੱਲੋਂ ਅਕਾਲੀ ਕੌਂਸਲਰਾਂ ਦੇ ਆਉਣ 'ਤੇ ਕੌਂਸਲ ਹਾਲ ਵਿਚ ਚੱਲ ਰਹੀ ਮੀਟਿੰਗ ਨੂੰ ਰੱਦ ਕਰਨ ਉਤੇ ਵਿਵਾਦ ਵਧਿਆ। ਅਕਾਲੀ ਕੌਂਸਲਰ ਤੇ ਸ਼ਹਿਰੀ ਪ੍ਰਧਾਨ ਬਲਬੀਰ ਸਿੰਘ ਬਿੱਟੂ ਤੇ ਉਨ੍ਹਾਂ ਦੇ ਸਾਥੀ ਇਸ ਤੋਂ ਨਰਾਜ਼ ਹੋ ਗਏ ਤੇ ਮਾਮਲਾ ਹੱਥੋਪਾਈ ਤੱਕ ਜਾ ਪਹੁੰਚਿਆ। ਜੇਕਰ ਸਮੇਂ ਸਿਰ ਪੁਲਿਸ



ਵਿੱਚ ਨਾ ਪੈਂਦੀ ਤਾਂ ਮਾਮਲਾ ਗੰਭੀਰ ਹੋ ਸਕਦਾ ਸੀ। ਹੈਰਾਨੀਜਨਕ ਗੱਲ ਇਹ ਵੀ ਹੈ ਕਿ ਭਾਜਪਾ ਦੇ ਛੇ ਕੌਂਸਲਰਾਂ ਜਤਿੰਦਰ ਕਲਿਆਣ, ਨਵਨੀਤ ਅਬਰੋਲ, ਸੀਮਾ, ਅਨੁਪਮਾ, ਮੋਨਿਕਾ ਸ਼ਰਮਾ ਤੇ ਨੀਰੂ ਭੱਟੀ ਨੇ ਆਪਣੇ ਹੀ ਪ੍ਰਧਾਨ 'ਤੇ ਤਾਨਾਸ਼ਾਹੀ ਵਾਲਾ ਰਵੱਈਆ ਅਪਨਾਉਣ ਦੇ ਗੰਭੀਰ ਦੋਸ਼ ਲਗਾਏ। ਇਹ ਕੌਂਸਲਰ ਜ਼ਿਲ੍ਹਾ ਭਾਜਪਾ ਪ੍ਰਧਾਨ ਸੁਰੇਸ਼ ਭਾਟੀਆ ਦੇ ਸਮਰਥਕ ਦੱਸੇ ਜਾ ਰਹੇ ਹਨ। ਭਾਜਪਾ ਨੇ ਹੰਗਾਮੇ ਲਈ ਅਕਾਲੀ ਆਗੂ ਲਖਬੀਰ ਸਿੰਘ ਲੋਧੀਨੰਗਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਧਰ ਸ੍ਰੀ ਲੋਧੀਨੰਗਲ ਨੇ ਦੋਸ਼ ਲਾਇਆ ਕਿ ਕੌਂਸਲ ਪ੍ਰਧਾਨ ਦੀ ਅੜੀ ਕਾਰਨ ਵਿਕਾਸ ਕਾਰਜ ਰੁਕ ਗਏ ਹਨ ਜਿਸ ਕਾਰਨ ਉਨ੍ਹਾਂ ਦੇ ਆਪਣੇ ਕੌਂਸਲਰ ਵੀ ਬਗ਼ਾਵਤ 'ਤੇ ਉਤਰ ਆਏ ਹਨ।

# ਕੈਪਟਨ ਅਮਰਿੰਦਰ ਸਿੰਘ ਨੂੰ ਮਿਲੀ ਵਿਦੇਸ਼ ਜਾਣ ਦੀ ਆਗਿਆ

**ਮੁਹਾਲੀ:** ਅਦਾਲਤ ਨੇ ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੂੰ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਵਿਚ ਨਾਮਜ਼ਦ ਹੋਣ ਕਰ ਕੇ ਸਾਬਕਾ ਮੁੱਖ ਮੰਤਰੀ ਦਾ ਪਾਸਪੋਰਟ ਅਦਾਲਤ ਵੱਲੋਂ ਜ਼ਬਤ ਕੀਤਾ ਹੋਇਆ ਹੈ।

ਇਸ ਕਾਰਨ ਵਿਦੇਸ਼ ਜਾਣ ਲਈ ਉਨ੍ਹਾਂ ਨੂੰ ਅਦਾਲਤ ਵਿਚ ਜ਼ਬਤ ਪਾਸਪੋਰਟ ਤੇ ਸਬੰਧਤ ਜੱਜ ਤੋਂ ਅਗਾਊਂ ਆਗਿਆ ਲੈਣੀ ਪੈਂਦੀ ਹੈ। ਅਦਾਲਤ ਨੇ ਕੈਪਟਨ ਨੂੰ ਪੰਜ ਲੱਖ ਰੁਪਏ ਦਾ ਮੁਚੱਕਲਾ ਭਰਨ ਲਈ ਆਖਿਆ ਹੈ। ਕੈਪਟਨ 20 ਸਤੰਬਰ ਤੋਂ ਚਾਰ ਨਵੰਬਰ ਤੱਕ ਅਮਰੀਕਾ, ਯੂ.ਕੇ. ਤੇ ਕੈਨੇਡਾ ਆਦਿ ਤਿੰਨ ਮੁਲਕਾਂ ਦੇ ਦੌਰੇ 'ਤੇ ਜਾ ਰਹੇ ਹਨ। ਉਧਰ, ਪੰਜਾਬ ਵਿਜੀਲੈਂਸ ਬਿਊਰੋ ਦੇ ਡੀ.ਆਈ.ਜੀ. ਤੇਜਿੰਦਰ ਸਿੰਘ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਕੈਪਟਨ ਨੂੰ ਵਿਦੇਸ਼ ਜਾਣ ਦੀ ਆਗਿਆ ਦੇਣ ਦਾ ਵਿਰੋਧ ਕਰਦਿਆਂ ਕਿਹਾ



ਕਿ ਇਸ ਨਾਲ ਕੇਸ ਦੀ ਕਾਰਵਾਈ ਪ੍ਰਭਾਵਿਤ ਹੋ ਸਕਦੀ ਹੈ। ਵਿਜੀਲੈਂਸ ਨੇ ਇਹ ਵੀ ਖਦਸ਼ਾ ਪ੍ਰਗਟ ਕੀਤਾ ਕਿ ਕਿਤੇ ਕੈਪਟਨ ਵਿਦੇਸ਼ ਜਾ ਕੇ ਵਾਪਸ ਹੀ ਨਾ ਆਉਣ।

# ਪੰਜਾਬ ਵਿਚ ਡੇਂਗੂ ਦਾ ਕਹਿਰ; ਚਾਰ ਮੌਤਾਂ, ਸੈਂਕੜੇ ਮਰੀਜ਼ਾਂ ਦੀ ਪੁਸ਼ਟੀ

**ਚੰਡੀਗੜ੍ਹ:** ਪੰਜਾਬ ਵਿਚ ਡੇਂਗੂ ਦਾ ਕਹਿਰ ਜਾਰੀ ਹੈ। ਅਗਸਤ ਦੇ ਆਖ਼ਰੀ ਹਫ਼ਤੇ ਤੋਂ ਹੁਣ ਤੱਕ ਡੇਂਗੂ ਦੇ ਚਾਰ ਸ਼ੱਕੀ ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਸਿਹਤ ਵਿਭਾਗ ਨੇ ਵੱਖ-ਵੱਖ ਹਸਪਤਾਲਾਂ ਵਿਚ ਦਾਖ਼ਲ ਡੇਂਗੂ ਦੇ 532 ਮਰੀਜ਼ਾਂ ਦੀ ਪੁਸ਼ਟੀ ਕੀਤੀ ਹੈ, ਜਦਕਿ ਸ਼ੱਕੀ ਮਰੀਜ਼ਾਂ ਦੀ ਗਿਣਤੀ 1567 ਤੱਕ ਪਹੁੰਚ ਗਈ ਹੈ।

ਮਰੀਜ਼ਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੈ ਕਿਉਂਕਿ ਬਹੁਤ ਸਾਰੇ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਬੈੱਡ ਹਾਸਲ ਕਰਨ ਲਈ ਵੀ ਜੱਦੋਜਹਿਦ ਕਰਨੀ ਪੈ ਰਹੀ ਹੈ। ਪ੍ਰਾਈਵੇਟ ਹਸਪਤਾਲਾਂ ਵਿਚ ਦਾਖ਼ਲ ਸਾਰੇ ਮਰੀਜ਼ਾਂ ਬਾਰੇ ਜਾਣਕਾਰੀ ਸਿਹਤ ਵਿਭਾਗ ਕੋਲ ਨਹੀਂ ਪਹੁੰਚ ਰਹੀ। ਹਾਲਾਂਕਿ ਸਾਰੇ ਪ੍ਰਾਈਵੇਟ ਹਸਪਤਾਲਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਸਾਰੇ ਮਰੀਜ਼ਾਂ ਬਾਰੇ ਜਾਣਕਾਰੀ ਰੋਜ਼ਾਨਾ ਸਬੰਧਤ ਸੀਨੀਅਰ ਮੈਡੀਕਲ ਅਫ਼ਸਰ ਨੂੰ ਦਿੱਤੀ ਜਾਵੇ। ਸਿਹਤ ਵਿਭਾਗ ਦੀ ਸੱਤ ਸਤੰਬਰ ਤੱਕ ਦੀ ਰਿਪੋਰਟ ਮੁਤਾਬਕ 27 ਅਗਸਤ ਤੋਂ ਤਿੰਨ ਸਤੰਬਰ ਤੱਕ ਪਟਿਆਲਾ ਵਿਚ ਦੋ ਅਤੇ ਅੰਮ੍ਰਿਤਸਰ ਤੇ ਕਪੂਰਥਲਾ ਵਿਚ ਡੇਂਗੂ ਦੇ ਇਕ ਇਕ ਸ਼ੱਕੀ ਮਰੀਜ਼ ਦੀ ਮੌਤ ਹੋ ਚੁੱਕੀ ਹੈ। ਬਠਿੰਡਾ ਦੀ 15 ਹਜ਼ਾਰ ਦੀ ਆਬਾਦੀ ਵਾਲੀ ਗੋਨਿਆਣਾ ਮੰਡੀ ਵਿਚ ਹੀ ਡੇਂਗੂ ਦੇ 92 ਮਰੀਜ਼ਾਂ ਦੀ ਪੁਸ਼ਟੀ ਹੋਈ ਹੈ। ਸਿਹਤ ਵਿਭਾਗ ਦੇ ਮਾਹਰਾਂ ਮੁਤਾਬਕ ਡੇਂਗੂ ਲਈ ਸਿਰਫ਼ ਸਿਹਤ ਵਿਭਾਗ ਜ਼ਿੰਮੇਵਾਰ ਨਹੀਂ ਬਲਕਿ ਸਥਾਨਕ ਸਰਕਾਰਾਂ, ਪੰਚਾਇਤ ਵਿਭਾਗ, ਜਲ ਸਪਲਾਈ



ਅਤੇ ਸੈਨੀਟੇਸ਼ਨ ਸਮੇਤ ਅਨੇਕਾਂ ਵਿਭਾਗ ਜ਼ਿੰਮੇਵਾਰ ਹਨ। ਸੂਤਰਾਂ ਮੁਤਾਬਕ ਖੰਨਾ ਖੇਤਰ ਵਿਚ ਡੇਂਗੂ ਦਾ ਪ੍ਰਕੋਪ ਬਹੁਤ ਜ਼ਿਆਦਾ ਹੈ। ਵਿਭਾਗੀ ਅੰਕੜਿਆਂ ਮੁਤਾਬਕ ਜ਼ਿਲ੍ਹਾ ਲੁਧਿਆਣਾ ਦੇ 49 ਮਰੀਜ਼ਾਂ ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋਈ ਹੈ।

ਜਾਣਕਾਰੀ ਮੁਤਾਬਕ ਖੰਨਾ ਖੇਤਰ ਦੇ ਹੀ ਸੈਂਕੜੇ ਲੋਕ ਵੱਖ-ਵੱਖ ਹਸਪਤਾਲਾਂ ਵਿਚ ਦਾਖ਼ਲ ਹਨ। ਖੰਨਾ ਸਿਵਲ ਹਸਪਤਾਲ ਦੇ ਐਸ.ਐਮ.ਓ. ਡਾ. ਮਨੋਹਰ ਲਾਲ ਨੇ ਕਿਹਾ ਕਿ ਉਨ੍ਹਾਂ ਨੇ ਸਾਰੇ ਪ੍ਰਾਈਵੇਟ ਹਸਪਤਾਲਾਂ ਨੂੰ ਰਿਪੋਰਟ ਭੇਜਣ ਲਈ ਕਿਹਾ ਹੈ ਪਰ ਸਾਰਿਆਂ ਵੱਲੋਂ ਜਾਣਕਾਰੀ ਨਹੀਂ ਭੇਜੀ ਜਾ ਰਹੀ। ਉਹ ਮਿਉਂਸਪਲ ਕਮੇਟੀ ਨੂੰ ਵੀ ਸਫ਼ਾਈ ਪ੍ਰਬੰਧਾਂ ਸਬੰਧੀ ਕਈ ਵਾਰ ਲਿਖ ਚੁੱਕੇ ਹਨ ਪਰ ਕੋਈ ਕਾਰਵਾਈ ਨਹੀਂ ਹੋ ਰਹੀ। ਸੰਗਰੂਰ ਵਿਚ ਡੇਂਗੂ ਦੇ ਸ਼ੱਕੀ ਮਰੀਜ਼ਾਂ ਦੀ ਗਿਣਤੀ 94 ਦੱਸੀ ਗਈ ਹੈ। ਪਟਿਆਲਾ ਵਿਚਲੇ ਲਗਭਗ ਸਵਾ ਸੌ ਸ਼ੱਕੀ ਮਰੀਜ਼ਾਂ ਵਿਚੋਂ 32 ਨੂੰ ਡੇਂਗੂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ।

# ਕੈਨੇਡਾ ਦੀ ਸਿਆਸਤ ਵਿਚ ਛਾਏ ਪੰਜਾਬੀ

**ਚੰਡੀਗੜ੍ਹ:** ਭਾਰਤੀ ਮੂਲ ਦੇ ਕੈਨੇਡੀਆਈ ਨਾਗਰਿਕਾਂ ਵਜੋਂ ਜਾਣੇ ਜਾਂਦੇ ਕਈ ਪੰਜਾਬੀ ਉਮੀਦਵਾਰ ਕੈਨੇਡੀਆਈ ਸੰਘੀ ਆਮ ਚੋਣਾਂ ਵਿਚ ਆਪਣੀ ਕਿਸਮਤ ਅਜ਼ਮਾ ਰਹੇ ਹਨ। ਸੰਸਦ ਦੇ ਹੇਠਲੇ ਸਦਨ ਦੇ ਮੈਂਬਰਾਂ ਦੀ ਇਹ ਚੋਣ 19 ਅਕਤੂਬਰ ਨੂੰ ਹੋਵੇਗੀ। ਇਨ੍ਹਾਂ ਉਮੀਦਵਾਰਾਂ ਵਿਚ ਕੁਝ ਅਜਿਹੇ ਵੀ ਹਨ, ਜਿਹੜੇ ਪਹਿਲੀ ਵਾਰ ਕਿਸਮਤ ਅਜ਼ਮਾ ਰਹੇ ਹਨ। 2015 ਦੀਆਂ ਆਮ ਚੋਣਾਂ ਵਿਚ 40 ਪੰਜਾਬੀ ਮੈਦਾਨ ਵਿਚ ਹਨ। ਇਨ੍ਹਾਂ ਵਿਚ ਕੁਝ ਮੰਤਰੀਆਂ ਤੋਂ ਇਲਾਵਾ ਮੌਜੂਦਾ ਸੰਸਦ ਮੈਂਬਰ ਵੀ ਸ਼ਾਮਲ ਹਨ। ਤਿੰਨ ਮੁੱਖ ਸਿਆਸੀ ਪਾਰਟੀਆਂ ਕੰਜ਼ਰਵੇਟਿਵਜ਼, ਲਿਬਰਲਜ਼ ਅਤੇ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਨੇ ਪੰਜਾਬੀ ਮੂਲ ਦੇ ਉਮੀਦਵਾਰਾਂ ਨੂੰ ਬਰੈਂਪਟਨ, ਸਰੀ, ਕੈਲਗਰੀ ਤੇ ਐਡਮੰਟਨ ਤੋਂ ਪਿੜ ਵਿਚ ਉਤਾਰਿਆ ਹੈ। ਇਸ ਵਾਰ ਸੰਸਦ ਦੀਆਂ ਸੀਟਾਂ 308 ਤੋਂ ਵਧਾ ਕੇ 338 ਕੀਤੀਆਂ ਗਈਆਂ ਹਨ। ਚੋਣ ਸਰਵੇਖਣਾਂ ਵਿਚ ਨਿਊ ਡੈਮੋਕਰੇਟਿਕ ਪਾਰਟੀ ਦਾ ਹੱਥ ਉੱਤੇ ਦਿਖਾਇਆ ਗਿਆ ਹੈ।

ਚੋਣ ਮੈਦਾਨ ਵਿਚ ਕੁੱਦੇ ਉੱਘੇ ਪੰਜਾਬੀ ਉਮੀਦਵਾਰਾਂ ਵਿਚ ਮੰਤਰੀ ਬੱਲ ਗੋਸਲ ਸ਼ਾਮਲ ਹਨ। ਉਹ ਕੰਜ਼ਰਵੇਟਿਵ ਪਾਰਟੀ ਦੀ ਟਿਕਟ 'ਤੇ ਬਰੈਂਪਟਨ ਕੇਂਦਰੀ ਹਲਕੇ ਤੋਂ ਮੈਦਾਨ ਵਿਚ ਹਨ। ਉਨ੍ਹਾਂ ਵਿਰੁੱਧ ਲਿਬਰਲਜ਼ ਨੇ ਰਮੇਸ਼ਵਰ ਸਾਂਘਾ ਨੂੰ ਖੜ੍ਹਾ ਕੀਤਾ ਹੈ। ਇਕ ਹੋਰ ਮੰਤਰੀ ਟਿਮ ਉੱਪਲ ਐਡਮੰਟਨ ਮਿਲਵੁੱਡਜ਼ ਤੋਂ ਚੋਣ ਲੜ ਰਹੇ ਹਨ। ਲਿਬਰਲ ਪਾਰਟੀ ਨੇ ਇਸ ਹਲਕੇ ਤੋਂ ਅਮਰਜੀਤ ਕੋਹਲੀ ਨੂੰ ਟਿਕਟ ਦਿੱਤੀ ਹੈ। ਐਨ.ਡੀ.ਪੀ. ਨੇ

### ਆਮ ਚੋਣਾਂ ਵਿਚ 40 ਪੰਜਾਬੀ ਉਮੀਦਵਾਰ ਮੈਦਾਨ ਵਿਚ




ਬਰੈਂਪਟਨ ਪੂਰਬੀ ਤੋਂ ਹਰਬਲਜੀਤ ਕਾਹਲੋਂ ਨੂੰ, ਬਰੈਂਪਟਨ ਉੱਤਰੀ ਤੋਂ ਮਾਰਟਿਨ ਸਿੰਘ, ਬਰੈਂਪਟਨ ਦੱਖਣੀ ਤੋਂ ਅਮਰਜੀਤ ਸਿੰਘ ਨੂੰ ਟਿਕਟ ਦਿੱਤੀ ਹੈ. ਪਾਰਟੀ ਨੇ ਕੈਲਗਰੀ ਸਕਾਈਵਿਊ ਹਲਕੇ ਤੋਂ ਸਹਿਜਵੀਰ ਸਿੰਘ ਰੰਧਾਵਾ, ਐਡਮੰਟਨ ਮਿਲਵੁੱਡਜ਼ ਤੋਂ ਜਸਬੀਰ ਦਿਓਲ, ਕਾਮਲੂਪ ਤੋਂ ਬਿੱਲ ਸੰਧੂ, ਸਰੀ ਕੇਂਦਰੀ ਤੋਂ ਜਸਬੀਰ ਸੰਧੂ ਤੇ ਵੈਨਕੂਵਰ ਦੱਖਣੀ ਹਲਕੇ ਤੋਂ ਅਮਰਦੀਪ ਨਿੱਝਰ ਨੂੰ ਖੜ੍ਹਾ ਕੀਤਾ ਹੈ। ਲਿਬਰਲ ਪਾਰਟੀ ਨੇ ਬਰੈਂਪਟਨ ਪੂਰਬੀ ਤੋਂ ਰਾਜ ਗਰੇਵਾਲ, ਬਰੈਂਪਟਨ ਦੱਖਣੀ ਤੋਂ ਸੋਨੀਆ ਸਿੱਧੂ, ਬਰੈਂਪਟਨ ਤੋਂ ਕਮਲ ਖੇੜਾ ਤੇ ਕਿਚਨਰ ਕੇਂਦਰੀ ਤੋਂ ਰਾਜ ਸੈਣੀ ਨੂੰ ਟਿਕਟ ਦਿੱਤੀ ਹੈ। ਮਿਸੀਸਾਗਾ ਮਿਲਟਨ ਹਲਕੇ ਤੋਂ ਪਾਰਟੀ ਨੇ ਨਵਦੀਪ ਬੈਂਸ ਨੂੰ ਖੜ੍ਹਾਇਆ ਹੈ। ਲਿਬਰਲ ਪਾਰਟੀ ਨੇ ਦਰਸ਼ਨ ਕੰਗ, ਜੋਤੀ ਸਿੱਧੂ, ਸੁੱਖ ਧਾਲੀਵਾਲ, ਅੰਜੂ ਢਿੱਲੋਂ ਤੇ ਗਗਨ ਸਿਕੰਦ ਨੂੰ ਵੀ ਕਿਸਮਤ ਅਜ਼ਮਾਉਣ ਦਾ ਮੌਕਾ ਦਿੱਤਾ ਹੈ।

ਕੰਜ਼ਰਵੇਟਿਵ ਪਾਰਟੀ ਨੇ ਨੀਨਾ ਗਰੇਵਾਲ, ਹਰਪ੍ਰੀਤ ਸਿੰਘ, ਸੁੱਚਾ ਥਿੰਦ, ਦਵਿੰਦਰ ਸ਼ੋਰੀ, ਦੀਪਕ ਓਬਰਾਏ, ਜਗਦੀਸ਼ ਗਰੇਵਾਲ ਤੇ ਰਵਿੰਦਰ ਮੱਲ੍ਹੀ ਨਾਂ ਦੇ ਪੰਜਾਬੀ ਉਮੀਦਵਾਰਾਂ ਉਤੇ ਦਾਅ ਖੇਡਿਆ ਹੈ। ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਪ੍ਰੀਸ਼ਦ ਦੇ ਸਾਬਕਾ ਮੈਂਬਰ ਜਗਰੂਪ ਸਿੰਘ ਬਰਾੜ ਨੇ ਕਿਹਾ ਕਿ ਚੋਣ ਪ੍ਰਚਾਰ ਸਿਖਰ ਉਤੇ ਹੈ। ਕਈ ਸ਼ਹਿਰਾਂ ਵਿਚ ਪੰਜਾਬੀਆਂ ਦੀ ਬਹੁਗਿਣਤੀ ਕਾਰਨ ਉਨ੍ਹਾਂ ਨੂੰ ਟਿਕਟਾਂ ਮਿਲਣਾ ਆਮ ਵਰਤਾਰਾ ਹੈ।

# ਦਿੱਲੀ ਗੁਰਦੁਆਰਾ ਕਮੇਟੀ ਬਣਾਏਗੀ ਯਾਤਰੀ ਨਿਵਾਸ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਰਿਮੰਦਰ ਸਾਹਿਬ ਨੇੜੇ ਦੋ ਨਵੇਂ ਯਾਤਰੀ ਨਿਵਾਸ ਬਣਾਉਣ ਦੀ ਯੋਜਨਾ ਹੈ। ਕਮੇਟੀ ਵਲੋਂ ਇਸ ਤੋਂ ਪਹਿਲਾਂ ਵੀ ਇਕ ਯਾਤਰੀ ਨਿਵਾਸ ਇਥੇ ਲਾਰੈਂਸ ਰੋਡ ਨੇੜੇ ਸ਼ਾਸਤਰੀ ਨਗਰ ਵਿਚ ਬਣਾਇਆ ਹੋਇਆ ਹੈ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਅੰਮ੍ਰਿਤਸਰ ਵਿਚ ਦੋ ਹੋਰ ਸਰਾਵਾਂ ਬਣਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਸਬੰਧ ਵਿਚ ਅੰਮ੍ਰਿਤਸਰ ਨਗਰ ਨਿਗਮ ਦੇ ਮੇਅਰ ਬਖਸ਼ੀ ਰਾਮ ਅਰੋੜਾ ਨੇ ਦਿੱਲੀ ਕਮੇਟੀ ਦੇ ਦਿੱਲੀ ਸਥਿਤ ਦਫਤਰ ਵਿਖੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨਾਲ ਮੁਲਾਕਾਤ ਕੀਤੀ ਹੈ। ਸ੍ਰੀ ਅਰੋੜਾ ਨਗਰ ਨਿਗਮ ਦੇ ਕੰਮ ਸਬੰਧੀ ਦਿੱਲੀ ਆਏ ਹੋਏ ਸਨ। ਸ. ਜੀ.ਕੇ. ਨੇ ਦੱਸਿਆ ਕਿ ਮੀਟਿੰਗ ਦੌਰਾਨ ਮੇਅਰ ਸ੍ਰੀ ਅਰੋੜਾ ਨਾਲ ਇਸ ਸਬੰਧੀ ਗੱਲਬਾਤ ਹੋਈ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਗਲਿਆਰੇ ਦੇ ਨੇੜੇ ਦੋ ਖਾਲੀ ਪਲਾਟ ਹਨ ਜਿਥੇ ਦਿੱਲੀ ਕਮੇਟੀ ਵਲੋਂ ਯਾਤਰੀ ਨਿਵਾਸ ਬਣਾਉਣ ਦੀ ਤਜਵੀਜ਼ ਹੈ।

ਉਨ੍ਹਾਂ ਨੇ ਸ੍ਰੀ ਅਰੋੜਾ ਨੂੰ ਅਪੀਲ ਕੀਤੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿਉਂਕਿ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਯਾਤਰੂਆਂ 'ਤੇ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਨੇ ਸ਼ਹਿਰ ਵਿਚ ਬੇਤਰਤੀਬ ਬਣੀਆਂ ਇਮਾਰਤਾਂ ਨੂੰ ਵੀ ਤਰਤੀਬ ਦੇਣ ਦੀ ਅਪੀਲ ਕੀਤੀ ਤਾਂ ਜੋ ਸ਼ਹਿਰ ਦੀ ਦਿੱਖ ਸੋਹਣੀ ਬਣ ਸਕੇ। ਉਨ੍ਹਾਂ ਦੱਸਿਆ ਕਿ ਦਿੱਲੀ ਵਲੋਂ ਇਕ ਯਾਤਰੀ ਨਿਵਾਸ ਲਾਰੈਂਸ ਰੋਡ ਨੇੜੇ ਬਣਾਇਆ ਹੋਇਆ ਹੈ ਪਰ ਇਹ ਨਿਵਾਸ ਹਰਿਮੰਦਰ ਸਾਹਿਬ ਤੋਂ ਦੂਰ ਹੋਣ ਕਾਰਨ ਦਿੱਲੀ ਦੇ ਸ਼ਰਧਾਲੂਆਂ ਨੂੰ ਰਿਹਾਇਸ਼ ਸਬੰਧੀ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਆਧੁਨਿਕ ਸਹੂਲਤਾਂ ਵਾਲੇ ਯਾਤਰੀ ਨਿਵਾਸ ਬਣਾਉਣ ਦੀ ਯੋਜਨਾ ਹੈ।

# ਸਰਕਾਰੀ ਖ਼ਜ਼ਾਨੇ ਵਿਚ ਫਸਿਆ ਪ੍ਰਿੰਟਿੰਗ ਸੈਂਟਰਾਂ ਦਾ ਰੋਕੜ

**ਬਠਿੰਡਾ:** ਭਾਸ਼ਾ ਵਿਭਾਗ ਪੰਜਾਬ ਬਿਨਾਂ ਫੰਡਾਂ ਤੋਂ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਡੁਗਡੁਗੀ ਵਜਾ ਰਿਹਾ ਹੈ। ਸਰਕਾਰੀ ਖ਼ਜ਼ਾਨੇ ਵਿਚ ਪੁਸਤਕ ਛਪਾਈ ਦੇ 65 ਲੱਖ ਰੁਪਏ ਫਸੇ ਹੋਏ ਹਨ। ਇਹ ਵਿਭਾਗ ਉਧਾਰ ਵਿਚ ਪੁਸਤਕ ਛਪਾਈ ਕਰਵਾ ਰਿਹਾ ਹੈ। ਭਾਸ਼ਾ ਵਿਭਾਗ ਨੇ ਲੰਘੇ ਚਾਰ ਪੰਜ ਵਰ੍ਹਿਆਂ ਦੇ 65.64 ਲੱਖ ਰੁਪਏ ਪ੍ਰਾਈਵੇਟ ਪ੍ਰਿੰਟਿੰਗ ਸੈਂਟਰਾਂ ਦੇ ਦੇਣੇ ਹਨ। ਵਿਭਾਗ ਤਰਫੋਂ ਕਰੀਬ 42 ਪੁਸਤਕਾਂ ਦੀ ਛਪਾਈ ਪ੍ਰਾਈਵੇਟ ਸੈਂਟਰਾਂ ਤੋਂ ਕਰਵਾਈ ਗਈ ਸੀ।

ਜਲੰਧਰ ਦੀ ਵੀਰ ਭੂਮੀ ਪ੍ਰਿੰਟਿੰਗ ਪ੍ਰੈਸ ਤੋਂ ਭਾਸ਼ਾ ਵਿਭਾਗ ਨੇ 2006 ਵਿਚ 'ਤੁਕ ਤਤਕਰਾ' ਨਾਮ ਦੀ ਪੁਸਤਕ ਛਪਾਈ ਸੀ ਜਿਸ ਦੀ 1.28 ਲੱਖ ਦੀ ਰਾਸ਼ੀ ਹਾਲੇ ਤੱਕ ਕਲੀਅਰ ਨਹੀਂ ਕੀਤੀ ਹੈ। ਸੂਚਨਾ ਅਧਿਕਾਰ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਭਾਸ਼ਾ ਵਿਭਾਗ ਨੇ ਪਟਿਆਲਾ, ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਪ੍ਰਾਈਵੇਟ ਪ੍ਰਿੰਟਿੰਗ ਸੈਂਟਰਾਂ ਤੋਂ ਪੁਸਤਕਾਂ ਦੀ ਛਪਾਈ ਤਾਂ ਕਰਵਾ ਲਈ ਹੈ ਪ੍ਰੰਤੂ ਅਦਾਇਗੀ ਹਾਲੇ ਤੱਕ ਨਹੀਂ ਕੀਤੀ ਹੈ। ਭਾਸ਼ਾ ਵਿਭਾਗ ਨੇ 2013 ਵਿਚ ਪਟਿਆਲਾ ਦੀ ਇਨਕਲਾਬੀ ਪ੍ਰਿੰਟਿੰਗ ਪ੍ਰੈਸ ਤੋਂ 'ਪੋਥੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀਆਂ ਚਾਰ ਜਿਲਦਾਂ ਦੀ ਛਪਾਈ ਤਾਂ ਕਰਾ ਲਈ ਪ੍ਰੰਤੂ ਇਸ ਛਪਾਈ ਬਦਲੇ 17.45 ਲੱਖ ਰੁਪਏ ਦੀ ਅਦਾਇਗੀ ਹਾਲੇ ਤੱਕ ਨਹੀਂ ਕੀਤੀ ਹੈ। ਅਪਰੈਲ 2013 ਵਿਚ 'ਬਾਲਮੀਕੀ ਰਾਮਾਇਣ' ਦੀ ਛਪਾਈ ਕਰਾਈ ਪ੍ਰੰਤੂ ਚੰਡੀਗੜ੍ਹ ਦੇ ਰਾਜਧਾਨੀ ਪ੍ਰਿੰਟਰਜ਼ ਨੂੰ ਅਦਾਇਗੀ ਨਹੀਂ ਕੀਤੀ ਹੈ। ਰਾਜਧਾਨੀ ਪ੍ਰਿੰਟਰਜ਼ ਦੇ ਮਾਲਕ ਅਸ਼ਵਨੀ ਸ਼ਰਮਾ ਦਾ ਕਹਿਣਾ ਹੈ ਕਿ ਬਿੱਲ ਤਾਂ ਕਾਫੀ ਸਮੇਂ ਤੋਂ ਪਾਸ ਹੋਏ ਪਏ ਹਨ ਪ੍ਰੰਤੂ ਖ਼ਜ਼ਾਨੇ ਵਿਚ ਫਸੇ ਹੋਏ ਹਨ। ਉਨ੍ਹਾਂ ਦੱਸਿਆ ਕਿ ਉਹ ਦਫ਼ਤਰ ਦੇ ਕਈ ਚੱਕਰ ਵੀ ਲਗਾ ਚੁੱਕਿਆ ਹੈ।

'ਹਿੰਦੂ ਮਿਥਿਹਾਸ ਕੋਸ਼' ਦੀ ਜੂਨ 2014 ਵਿਚ ਛਪਾਈ ਤਾਂ ਕਰਾ ਲਈ ਪ੍ਰੰਤੂ ਉਸ ਦੀ 3.45 ਲੱਖ ਰੁਪਏ ਦੀ ਅਦਾਇਗੀ ਹਾਲੇ ਤੱਕ ਖ਼ਜ਼ਾਨੇ ਵਿਚ ਫਸੀ ਹੋਈ ਹੈ। ਦਸੰਬਰ 2008 ਵਿਚ 'ਮਸਲੇ ਸ਼ੇਖ ਫਰੀਦ ਕੇ' ਪੁਸਤਕ ਦੀ ਛਪਾਈ ਦੇ 14,318 ਰੁਪਏ ਵੀ ਕਲੀਅਰ ਨਹੀਂ ਹੋਏ ਹਨ ਅਤੇ 'ਸ੍ਰੀ ਗੁਰੂ ਅਰਜਨ ਦੇਵ ਜੀ' ਪੁਸਤਕ ਦੀ ਸਤੰਬਰ 2010 ਵਿਚ ਛਪਾਈ ਕਰਵਾਈ ਗਈ ਪ੍ਰੰਤੂ 21,525 ਰੁਪਏ ਦੀ ਅਦਾਇਗੀ ਨਹੀਂ ਕੀਤੀ। ਡਾ. ਮਹਿੰਦਰ ਸਿੰਘ ਰੰਧਾਵਾ ਦੀ ਪੁਸਤਕ 'ਪੰਜਾਬ' ਦੀ ਨਵੰਬਰ 2012 ਵਿਚ ਛਪਾਈ ਕਰਾਈ ਗਈ ਪ੍ਰੰਤੂ ਇਸ ਪੁਸਤਕ ਛਪਾਈ ਦੇ 6.64 ਲੱਖ ਦੀ ਅਦਾਇਗੀ ਨਹੀਂ ਕੀਤੀ। 'ਸ਼ੇਖ ਫਰੀਦ' ਪੁਸਤਕ ਦੀ ਛਪਾਈ ਕਰਨ ਵਾਲੇ ਤਿੰਨ ਵਰ੍ਹਿਆਂ ਤੋਂ ਭਾਸ਼ਾ ਵਿਭਾਗ ਤੋਂ 1.93 ਲੱਖ ਦੀ ਅਦਾਇਗੀ ਲੈਣ ਲਈ ਚੱਕਰ ਕੱਟ ਰਹੇ ਹਨ।

# ਸਿੱਖਾਂ ਦੀ ਆਬਾਦੀ ਘਟਣ ਬਾਰੇ ਸਿੱਖ ਲੀਡਰ ਫਿਕਰਮੰਦ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿਚ ਜਾਰੀ ਕੀਤੇ ਗਏ 2011 ਦੀ ਮਰਦਮਸ਼ੁਮਾਰੀ ਦੇ ਧਰਮ ਆਧਾਰਿਤ ਅੰਕੜਿਆਂ 'ਚ ਸਿੱਖਾਂ ਦਾ ਜਨਸੰਖਿਆ ਘਟਣ ਨੇ ਸਿੱਖ ਆਗੂਆਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ ਜਦਕਿ ਸਮਾਜ ਵਿਗਿਆਨੀ ਇਸ ਵਿਚ ਸਿੱਖਾਂ ਦੀ ਖੁਸ਼ਹਾਲੀ ਅਤੇ ਆਧੁਨਿਕਤਾ ਨੂੰ ਦੇਖ ਰਹੇ ਹਨ। ਸਾਲ 2001 ਦੀ ਮਰਦਮਸ਼ੁਮਾਰ ਵਿਚ ਸਿੱਖਾਂ ਦੀ ਆਬਾਦੀ ਭਾਰਤ ਦੀ ਕੁੱਲ ਅਬਾਦੀ ਦਾ 1.9 ਫੀਸਦੀ ਸੀ ਜੋ ਸਾਲ 2011 ਦੀ ਮਰਦਮਸ਼ੁਮਾਰੀ ਦੌਰਾਨ 0.2 ਫੀਸਦੀ ਘਟ ਕੇ 1.7 ਫੀਸਦੀ ਰਹਿ ਗਈ ਹੈ।

ਮਸ਼ਹੂਰ ਵਕੀਲ ਐਚ.ਐਸ. ਫੂਲਕਾ ਦਾ ਦਾ ਕਹਿਣਾ ਹੈ ਕਿ ਸਿੱਖਾਂ ਦੀ ਆਬਾਦੀ ਘਟਣ ਦਾ ਮੂਲ ਕਾਰਨ ਲੜਕਿਆਂ ਪਿਛੇ ਲੜਕੀਆਂ ਦੀ ਗਿਣਤੀ ਘਟਣਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਸਬੰਧ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਉਹ ਸਿੱਖਾਂ ਵਿਚ ਭਰੂਣ ਹੱਤਿਆ ਨੂੰ ਰੋਕਣ ਲਈ ਅੱਗੇ ਆਉਣ। ਉਨ੍ਹਾਂ ਦੱਸਿਆ ਕਿ ਜਥੇਦਾਰ ਨੇ ਉਨ੍ਹਾਂ ਨੂੰ ਫੋਨ ਕਰ ਕੇ ਨਵਾਂਸ਼ਹਿਰ ਦੇ ਡੀ.ਸੀ. ਵੱਲੋਂ ਸ਼ੁਰੂ ਕੀਤੀ ਮੁਹਿੰਮ ਬਾਰੇ ਜਾਣਕਾਰੀ ਮੰਗੀ ਹੈ। ਸਿੱਖਾਂ ਦੀ ਘਟਦੀ ਆਬਾਦੀ 'ਤੇ ਪ੍ਰਤੀਕਿਰਿਆ ਦਿੰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਾ ਮੰਨਣਾ ਹੈ ਕਿ ਪੰਜਾਬ ਵਿਚ ਵਧ ਰਿਹਾ ਨਸ਼ਿਆਂ ਦਾ ਰੁਝਾਨ ਇਸ ਦਾ ਵੱਡਾ ਕਾਰਨ ਹੈ। ਉਨ੍ਹਾਂ ਕਿਹਾ ਕਿ ਘਟ ਜ਼ਮੀਨਾਂ ਕਾਰਨ ਕਿਸਾਨ ਆਪਣਾ ਪਰਿਵਾਰ ਛੋਟਾ ਰੱਖਣ ਵਿਚ ਹੀ ਭਲਾ ਸਮਝਦੇ ਹਨ ਜਦਕਿ ਬੇਰੁਜ਼ਗਾਰੀ ਕਾਰਨ ਵਿਦੇਸ਼ ਜਾ ਕੇ ਵਸਣ ਦਾ ਰੁਝਾਨ ਵੀ ਦੇਸ਼ ਵਿਚ ਸਿੱਖਾਂ ਦੀ ਘਟਦੀ ਜਨਸੰਖਿਆ ਦਾ ਇੱਕ ਕਾਰਨ ਹੈ। ਦੂਜੇ ਪਾਸੇ ਬੁੱਧੀਜੀਵੀ ਵਰਗ ਸਿੱਖਾਂ ਦੀ ਘਟਦੀ ਜਨਸੰਖਿਆ ਦਾ ਕਾਰਨ ਸਿੱਖਾਂ ਦਾ ਵੱਡੇ ਪੱਧਰ 'ਤੇ ਹੋਇਆ ਵਿਕਾਸ ਮੰਨਦੇ ਹਨ। ਜਾਮੀਆ ਮਾਲੀਆ ਇਸਲਾਮੀਆ ਯੂਨੀਵਰਸਿਟੀ ਦੇ ਸਮਾਜਕ ਸਿੱਖਿਆ ਵਿਭਾਗ ਦੇ ਡੀਨ ਪ੍ਰੋ. ਅਰਵਿੰਦਰ ਸਿੰਘ ਕੋਹਲੀ ਦਾ ਕਹਿਣਾ ਹੈ ਕਿ ਸਿੱਖਾਂ ਦੀ ਉਚ ਸਾਖਰਤਾ ਦਰ ਅਤੇ ਆਰਥਿਕ ਖੁਸ਼ਹਾਲੀ ਆਬਾਦੀ ਘਟਣ ਦੇ ਮੁੱਖ ਕਾਰਨ ਹਨ।


## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


# ਕਾਤਰੋਂ ਗੋਲੀ ਕਾਂਡ: ਫੋਟੋਗ੍ਰਾਫ਼ਰ ਭਰਾਵਾਂ ਨੇ ਮੰਗੀ ਸੀ.ਬੀ.ਆਈ. ਜਾਂਚ

**ਸ਼ੇਰਪੁਰ:** ਕਾਤਰੋਂ ਗੋਲੀ ਕਾਂਡ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਪੁਲਿਸ ਕਾਰਵਾਈ ਤੋਂ ਪੂਰੀ ਤਰਾਂ ਅਸੰਤੁਸ਼ਟ ਸ਼ੇਰਪੁਰ ਦੇ ਫੋਟੋਗ੍ਰਾਫਰ ਭਰਾਵਾਂ ਨੇ ਪੁਲਿਸ ਦੀ ਕਿਸੇ ਵੀ ਜਾਂਚ 'ਤੇ ਭਰੋਸਾ ਨਾ ਹੋਣ ਦੇ ਸ਼ੰਕੇ ਪ੍ਰਗਟ ਕਰਦਿਆਂ ਇਨਸਾਫ਼ ਲਈ ਸੀ.ਬੀ.ਆਈ. ਜਾਂ ਨਿਆਂਇਕ ਜਾਂਚ ਦੀ ਮੰਗ ਉਠਾਈ ਹੈ। ਪੀੜਤ ਭਰਾਵਾਂ ਵੱਲੋਂ ਪੁਲਿਸ ਤੋਂ ਇਨਸਾਫ਼ ਮਿਲਣ ਦੀ ਧੁੰਦਲੀ ਪੈ ਰਹੀ ਉਮੀਦ ਦੇ ਮੱਦੇਨਜ਼ਰ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਤਾਲਮੇਲ ਕਰ ਕੇ ਸੰਘਰਸ਼ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਸ਼ੇਰਪੁਰ ਦੇ ਹੇਮ ਸਟੂਡੀਓ ਦੇ ਮਾਲਕ ਸੁਨੀਲ ਕੁਮਾਰ ਹੈਪੀ ਅਤੇ ਸਤਿੰਦਰ ਕੁਮਾਰ ਹਨੀ 18 ਅਗਸਤ ਦੀ ਰਾਤ 10 ਵਜੇ ਮਾਲੇਰਕੋਟਲਾ ਤੋਂ ਸ਼ੇਰਪੁਰ ਪਰਤ ਰਹੇ ਸਨ ਕਿ ਪਿੰਡ ਫਰਵਾਹੀ ਤੋਂ ਕਾਤਰੋਂ ਤੱਕ ਸੀ.ਆਈ.ਏ. ਸਟਾਫ ਬਹਾਦਰ ਸਿੰਘ ਵਾਲਾ ਦੀ ਪੁਲਿਸ ਪਾਰਟੀ ਨੇ ਉਨ੍ਹਾਂ ਦੀ ਫੋਰਡ ਫੀਗੋ ਗੱਡੀ 'ਤੇ ਫਾਇਰਿੰਗ ਕੀਤੀ। ਇਸ ਘਟਨਾ ਕਾਰਨ ਦੋਵੇਂ ਭਰਾ ਜ਼ਖ਼ਮੀ ਹੋ ਗਏ ਅਤੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਡੀ.ਐਮ.ਸੀ. ਲੁਧਿਆਣਾ ਪਹੁੰਚਾਇਆ ਗਿਆ। ਕੁਝ ਪੁਲਿਸ ਕਰਮਚਾਰੀਆਂ ਦਾ ਪਿੰਡ ਦੇ ਲੋਕਾਂ ਨੇ ਮੌਕੇ 'ਤੇ ਘਿਰਾਓ ਕਰ ਲਿਆ ਸੀ ਜਿਨ੍ਹਾਂ ਨੂੰ ਬਾਅਦ ਵਿਚ ਪੁਲਿਸ ਦੀਆਂ ਕਈ ਗੱਡੀਆਂ ਨੇ ਆ ਕੇ ਆਜ਼ਾਦ ਕਰਵਾਇਆ ਸੀ।

ਪੀੜਤ ਭਰਾਵਾਂ ਨੇ ਦੱਸਿਆ ਕਿ ਘਟਨਾਕ੍ਰਮ ਤੋਂ 23 ਦਿਨਾਂ ਬਾਅਦ ਵੀ ਪੁਲਿਸ ਨੇ ਕੋਈ ਕਾਰਵਾਈ ਅਮਲ ਵਿਚ ਨਹੀ ਲਿਆਂਦੀ। ਸਪਸ਼ਟ ਹੈ ਕਿ ਪੁਲਿਸ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਵਿਚ ਲੱਗੀ ਹੋਈ ਹੈ। ਆਗੂਆਂ ਨੇ ਪੁਲਿਸ ਮੁਖੀ ਦੇ ਉਸ ਦਾਅਵੇ 'ਤੇ ਹੈਰਾਨੀ ਪ੍ਰਗਟਾਈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਗੋਲੀਆਂ ਗੱਡੀ ਦੇ ਸ਼ੀਸ਼ਿਆਂ ਵਿਚ ਲੱਗੀਆਂ ਹਨ ਅਤੇ ਸ਼ੀਸ਼ਿਆਂ ਨੇ ਅੱਗੇ ਪੀੜਤਾਂ ਨੂੰ ਜ਼ਖ਼ਮੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਮੁਖੀ ਦੇ ਇਨ੍ਹਾਂ ਦਾਅਵਿਆਂ ਨੂੰ ਡੀ.ਐਮ.ਸੀ. ਦੀ ਰਿਪੋਰਟ ਝੁਠਲਾ ਦੇਵੇਗੀ ਜਿਸ ਵਿਚ ਜ਼ਖ਼ਮੀ ਹੋਣ ਦਾ ਕਾਰਨ ਗੋਲੀ ਲੱਗਣਾ ਹੈ।

## ਕੈਮਰੌਨ ਸਰਕਾਰ ਨੂੰ ਸੰਸਦ ਵਿਚ ਮਾਤ

**ਲੰਡਨ:** ਬਰਤਾਨਵੀ ਪ੍ਰਧਾਨ ਮੰਤਰੀ ਡੇਵਿਨ ਕੈਮਰੌਨ ਦੀ ਕੰਜ਼ਰਵੇਟਿਵ ਸਰਕਾਰ ਨੂੰ ਉਸ ਵੇਲੇ ਨਮੋਸ਼ੀ ਝੱਲਣੀ ਪਈ ਜਦੋਂ ਉਨ੍ਹਾਂ ਵੱਲੋਂ ਯੂਰਪੀ ਸੰਘ ਵਿਚ ਸ਼ਮੂਲੀਅਤ ਕਰਵਾਉਣ ਲਈ ਰਾਇਸ਼ਮਾਰੀ ਸਬੰਧੀ ਨਿਯਮਾਂ ਵਿਚ ਸੋਧਾਂ ਸੰਸਦ ਨੇ ਨਾਮਨਜ਼ੂਰ ਕਰ ਦਿੱਤੀਆਂ ਗਈਆਂ। ਯੂਰਪੀ ਸੰਘ ਰਾਇਸ਼ੁਮਾਰੀ ਬਿੱਲ ਦੇ ਹੱਕ ਵਿਚ ਸੰਸਦ ਮੈਂਬਰਾਂ ਨੇ ਵੋਟ ਪਾਈ ਜਿਸ ਵਿਚ 2017 ਦੇ ਅੰਤ ਤੱਕ ਬਰਤਾਨੀਆਂ ਦੀ ਯੂਰਪੀ ਸੰਘ ਵਿਚ ਮੈਂਬਰਸ਼ਿਪ ਰੱਖਣ ਜਾਂ ਨਹੀਂ ਰੱਖਣ ਲਈ ਰਾਏਸ਼ੁਮਾਰੀ ਦਾ ਰਾਹ ਖੋਲ੍ਹਿਆ ਗਿਆ। ਹਾਊਸ ਆਫ ਕਾਰਮਨਜ਼ ਨੇ ਇਹ ਬਿੱਲ ਬਗੈਰ ਸੋਧਾਂ ਦੇ 285 ਦੇ ਮੁਕਾਬਲੇ 316 ਨਾਲ ਪਾਸ ਕਰ ਦਿੱਤਾ। ਹੁਣ ਇਹ ਬਿੱਲ ਪਾਸ ਹੋਣ ਲਈ ਉਪਰਲੇ ਸਦਨ ਹਾਊਸ ਆਫ ਲਾਰਡਜ਼ ਵਿਚ ਜਵੇਗਾ। ਕੈਮਰੌਨ ਸਰਕਾਰ ਦੇ ਸੱਤਾ ਵਿਚ ਆਉਣ ਦੇ ਕੁੱਝ ਮਹੀਨਿਆਂ ਬਾਅਦ ਇਹ ਪਹਿਲੀ ਵੱਡੀ ਹਾਰ ਹੈ ਤੇ ਇਸ ਵਿਚ ਸੱਤਾਧਾਰੀ ਮੈਂਬਰਾਂ ਨੇ ਆਪਣੀ ਸਰਕਾਰ ਦੇ ਖ਼ਿਲਾਫ਼ ਹੀ ਵੋਟ ਪਾ ਦਿੱਤੀ।




# ਬੇਰੁਜ਼ਗਾਰੀ ਦੀ ਮਾਰ ਨੇ ਝੰਬ ਸੁੱਟੇ ਪੰਜਾਬ ਦੇ ਨੌਜਵਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਚੋਣ ਮਨੋਰਥ ਪੱਤਰ ਵਿਚ ਸੂਬੇ ਵਿਚ ਡੇਢ ਲੱਖ ਸਰਕਾਰੀ ਅਸਾਮੀਆਂ ਭਰਨ ਲਈ ਤੁਰੰਤ ਅਮਲ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ। ਇਸ ਤੋਂ ਇਲਾਵਾ ਪੰਜਾਬ ਵਿਚ ਟੈਕਨਾਲੋਜੀ ਹੱਬ ਸਥਾਪਤ ਕਰਕੇ ਇਕ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਤੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਤੁਰੰਤ ਭਰਨ ਦਾ ਦਾਅਵਾ ਕੀਤਾ ਸੀ ਪਰ ਅਕਾਲੀ-ਭਾਜਪਾ ਸਰਕਾਰ ਦੀ ਦੂਜੀ ਪਾਰੀ ਦਾ ਸਮਾਂ ਮਹਿਜ਼ ਡੇਢ ਸਾਲ ਰਹਿਣ ਦੇ ਬਾਵਜੂਦ ਅਧਿਆਪਕਾਂ ਦੀਆਂ 33,646 ਅਸਾਮੀਆਂ ਅੱਜ ਵੀ ਖਾਲੀ ਹਨ।

ਸੂਬੇ ਵਿਚ ਤਕਰੀਬਨ 16322 ਟੈਟ ਪਾਸ (ਬੀ.ਐਡ) ਬੇਰੁਜ਼ਗਾਰ ਅਧਿਆਪਕ ਹਨ, ਜਿਨ੍ਹਾਂ ਵਿਚੋਂ ਬਹੁਤੇ ਐਮ.ਫਿਲ, ਪੀਐਚ.ਡੀ. ਤੇ ਉਚ ਯੋਗਤਾ ਪਾਸ ਹਨ। ਹਜ਼ਾਰਾਂ ਟੈਟ ਪਾਸ ਅਧਿਆਪਕ ਤਾਂ ਓਵਰਏਜ ਵੀ ਹੋ ਚੁੱਕੇ ਹਨ। ਬੇਕਾਰੀ ਦੇ ਭੰਨੇ ਇਹ ਅਧਿਆਪਕ ਸਮਾਜਿਕ ਸੰਤਾਪ ਵੀ ਝੱਲ ਰਹੇ ਹਨ। ਕਈ ਬੇਰੁਜ਼ਗਾਰ ਅਧਿਆਪਕ ਅਜਿਹੇ ਹਨ ਜੋ ਨੌਕਰੀ ਤੋਂ ਓਵਰਏਜ ਹੋ ਗਏ ਹਨ ਤੇ ਨਾਲ ਹੀ ਉਹ ਵਿਆਹ ਕਰਾਉਣ ਤੋਂ ਵੀ ਖੁੰਝ ਗਏ ਹਨ। ਪੰਜਾਬ ਸਰਕਾਰ ਨੇ ਜੁਲਾਈ 2011 ਵਿਚ ਅਧਿਆਪਕ ਯੋਗਤਾ ਪ੍ਰੀਖਿਆ (ਟੈਟ) ਲੈਣੀ ਸ਼ੁਰੂ ਕੀਤੀ ਸੀ।

ਹੁਣ ਤੱਕ ਇਨ੍ਹਾਂ ਵਿਚੋਂ ਸਿਰਫ 3672 ਬੇਰੁਜ਼ਗਾਰ ਅਧਿਆਪਕਾਂ ਨੂੰ ਨੌਕਰੀ ਦਿੱਤੀ ਗਈ ਹੈ। ਸਰਕਾਰ ਨੇ ਐਲਾਨ ਕੀਤਾ ਸੀ ਕਿ ਹਰ ਵਰ੍ਹੇ 12 ਹਜ਼ਾਰ ਟੈਟ ਪਾਸ ਅਧਿਆਪਕਾਂ ਨੂੰ ਨੌਕਰੀ ਦਿੱਤੀ ਜਾਵੇਗੀ ਪਰ ਇਹ ਵਾਅਦਾ ਹਕੀਕੀ ਰੂਪ ਨਹੀਂ ਲੈ ਸਕਿਆ ਹੈ।

ਬਠਿੰਡਾ ਦੇ ਪਿੰਡ ਜੀਦਾ ਦਾ ਦਿਲਬਰ ਸਿੰਘ ਟੈਟ ਪਾਸ ਹੈ। ਨੌਕਰੀ ਦੀ ਝਾਕ ਵਿਚ ਉਹ ਓਵਰਏਜ ਹੋ ਚੁੱਕਿਆ ਹੈ ਤੇ ਹੁਣ ਖੇਤੀ ਕਰਨ ਲੱਗ ਗਿਆ ਹੈ। ਲੁਧਿਆਣਾ ਦੀ ਇਕ ਬੇਰੁਜ਼ਗਾਰ ਅਧਿਆਪਕਾ ਨੂੰ ਦੋਹਰਾ ਸੇਕ ਝੱਲਣਾ ਪਿਆ ਹੈ। ਡਬਲ ਐਮ.ਏ., ਬੀ.ਐਡ ਇਸ ਲੜਕੀ ਨੇ ਜਦੋਂ ਟੈਟ ਪਾਸ ਕੀਤਾ ਤਾਂ ਉਸ ਦੀ ਮੰਗਣੀ ਹੋ ਗਈ। ਜਦੋਂ ਸਰਕਾਰ ਨੇ ਨੌਕਰੀ ਨਾ ਦਿੱਤੀ ਤਾਂ ਉਸ ਦਾ ਰਿਸ਼ਤਾ ਵੀ ਟੁੱਟ ਗਿਆ।

ਹੁਣ ਇਹ ਅਧਿਆਪਕਾ ਓਵਰਏਜ ਹੋ ਚੁੱਕੀ ਹੈ। ਇਵੇਂ ਹੀ ਸੰਗਰੂਰ ਜ਼ਿਲ੍ਹੇ ਦੀ ਇਕ ਬੇਰੁਜ਼ਗਾਰ ਅਧਿਆਪਕਾ ਮਾਨਸਿਕ ਪੀੜਾਂ ਵਿਚੋਂ ਲੰਘ ਰਹੀ ਹੈ। ਉਸ ਨੇ 2011 ਵਿਚ ਟੈਟ ਪਾਸ ਕਰ ਲਿਆ ਸੀ। ਉਦੋਂ ਹੀ ਉਸ ਦਾ ਰਿਸ਼ਤਾ ਹੋ ਗਿਆ ਸੀ। ਜਦੋਂ ਨੌਕਰੀ ਨਾ ਮਿਲੀ ਤਾਂ ਉਸ ਦਾ ਰਿਸ਼ਤਾ ਟੁੱਟ ਗਿਆ। ਦੱਸਣਯੋਗ ਹੈ ਕਿ ਅਧਿਆਪਕ ਵਾਸਤੇ ਉਮਰ ਹੱਦ 37 ਸਾਲ ਮਿਥੀ ਗਈ ਹੈ। ਪਾਤੜਾਂ ਦਾ ਗੁਰਦਿਆਲ ਸਿੰਘ ਐਮ.ਏ, ਐਮ.ਫਿਲ ਤੇ ਬੀ.ਐਡ ਹੈ। ਟੈਟ ਪਾਸ ਕਰਨ ਮਗਰੋਂ ਵੀ ਉਸ ਨੂੰ ਨੌਕਰੀ ਨਹੀਂ ਮਿਲੀ।

ਹੁਣ ਉਹ ਓਵਰਏਜ ਹੋ ਗਿਆ ਹੈ। ਹੁਸ਼ਿਆਰਪੁਰ ਦਾ ਹਰਜਾਪ ਸਿੰਘ ਤਿੰਨ ਵਾਰ



ਤਾਂ ਯੂ.ਜੀ.ਸੀ. ਨੈੱਟ ਪਾਸ ਕਰ ਚੁੱਕਾ ਹੈ ਤੇ ਟੈਟ ਪਾਸ ਵੀ ਹੈ। ਹੁਣ ਉਹ ਓਵਰਏਜ ਹੋਣ ਨੇੜੇ ਹੈ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਟੈਟ ਪ੍ਰੀਖਿਆ ਦੀ ਫੀਸ ਦੇ ਰੂਪ ਵਿਚ ਬੇਰੁਜ਼ਗਾਰਾਂ ਤੋਂ ਤਕਰੀਬਨ 28 ਕਰੋੜ ਰੁਪਏ ਦੀ ਕਮਾਈ ਕਰ ਚੁੱਕੀ ਹੈ। ਟੈਟ ਪ੍ਰੀਖਿਆ ਦੀ ਮਿਆਦ ਵੀ 2017 ਤੱਕ ਹੈ ਤੇ ਉਸ ਮਗਰੋਂ ਮੁੜ ਇਨ੍ਹਾਂ ਬੇਰੁਜ਼ਗਾਰਾਂ ਨੂੰ ਟੈਟ ਪਾਸ ਕਰਨਾ ਪਵੇਗਾ। ਫਗਵਾੜਾ ਦੀ ਇਕ ਅਧਿਆਪਕਾ ਨੇ ਤਾਂ ਦੋ ਵਾਰ ਟੈਟ ਪਾਸ ਕਰ ਲਿਆ ਹੈ ਤੇ ਹੁਣ ਓਵਰਏਜ ਹੋਣ ਨੇੜੇ ਹੈ। ਨੌਕਰੀ ਦੀ ਝਾਕ ਵਿਚ ਉਹ ਰਿਸ਼ਤੇ ਤੋਂ ਵੀ ਲੇਟ ਹੋ ਗਈ ਹੈ।

ਬਠਿੰਡਾ ਦੇ ਕਸਬਾ ਫੂਲ ਦੇ ਗਨੇਸ਼ ਨੇ ਟੈਟ ਪਾਸ ਕੀਤਾ ਪਰ ਸਰਕਾਰ ਨੇ ਮੁੱਲ ਨਾ ਪਾਇਆ। ਉਸ ਨੇ ਲਾਈਨਮੈਨੀ ਵੀ ਕੀਤੀ ਹੋਈ ਹੈ ਤੇ ਉਧਰ ਪਾਵਰਕੌਮ ਨੇ ਵੀ ਉਸ ਦੀ ਬਾਂਹ ਨਹੀਂ ਫੜੀ। ਹੁਣ ਉਹ ਪ੍ਰਚੂਨ ਦੀ ਦੁਕਾਨ ਕਰਨ ਲੱਗਿਆ ਹੈ। ਕੋਟੜਾ ਕੌੜਿਆਂ ਵਾਲਾ ਦਾ ਤੇਜਾ ਸਿੰਘ ਵੀ ਹੁਣ ਖੇਤੀ ਕਰਨ ਲੱਗਾ ਹੈ। ਇਹ ਕਹਾਣੀ ਸਾਰੇ ਟੈਟ ਪਾਸ ਅਧਿਆਪਕਾਂ ਦੀ ਹੈ। ਅਧਿਆਪਕ ਦਿਵਸ ਦੇ ਸਰਕਾਰੀ ਜਸ਼ਨ ਇਨ੍ਹਾਂ ਬੇਰੁਜ਼ਗਾਰ ਅਧਿਆਪਕਾਂ ਦਾ ਮੂੰਹ ਚਿੜਾ ਰਹੇ ਸਨ।

### ਬੇਰੁਜ਼ਗਾਰੀ ਲਈ ਬਾਦਲ ਸਰਕਾਰ ਜ਼ਿੰਮੇਵਾਰ: ਕੈਪਟਨ

**ਦਿੜ੍ਹਬਾ ਮੰਡੀ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਨੇ ਸੂਬੇ ਦੀ ਆਰਥਿਕਤਾ ਨੂੰ ਤਹਿਸ-ਨਹਿਸ ਕਰ ਦਿੱਤਾ ਹੈ ਕਿਉਂਕਿ ਪੰਜਾਬ ਵਿਚ ਜਿਥੇ ਬੇਰੁਜ਼ਗਾਰੀ, ਗੁੰਡਾਗਰਦੀ, ਭ੍ਰਿਸ਼ਟਾਚਾਰੀ ਵਧੀ ਹੈ, ਉਥੇ ਕਿਸਾਨ ਕਰਜ਼ੇ ਦੇ ਭਾਰ ਹੇਠ ਦੱਬ ਕੇ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਬਾਦਲ ਪਰਿਵਾਰ ਦੇ ਕੁਝ ਮੈਂਬਰਾਂ ਦਾ ਹੀ ਪੰਜਾਬ ਸਰਕਾਰ 'ਤੇ ਕਬਜ਼ਾ ਹੈ।

## ਸਿੰਜਾਈ ਵਿਭਾਗ ਦੀ 28 ਏਕੜ ਜ਼ਮੀਨ ਵੇਚੀ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਪਟਿਆਲਾ ਸ਼ਹਿਰ ਦੀਆਂ ਕਈ ਥਾਂਵਾਂ ਜਿਥੇ ਪਹਿਲਾਂ ਪੁੱਡਾ ਰਾਹੀਂ ਵੇਚ ਦਿੱਤੀਆਂ ਗਈਆਂ ਹਨ, ਉਥੇ ਹੀ ਹੁਣ ਸਿੰਜਾਈ ਵਿਭਾਗ ਦੀ ਮਲਕੀਅਤ ਵਾਲੀ 27.85 ਏਕੜ ਥਾਂ ਵੀ ਪੁੱਡਾ ਨੂੰ ਵੇਚ ਦਿੱਤੀ ਗਈ ਹੈ। ਸਰਕਾਰ ਦੀ ਜ਼ਮੀਨਾਂ ਵੇਚਣ ਵਾਲੀ ਇਸ ਕਾਰਵਾਈ ਦੇ ਖਿਲਾਫ ਜਿਥੇ ਚੌਥਾ ਦਰਜਾ ਮੁਲਾਜ਼ਮਾਂ ਵਿਚ ਰੋਸ ਹੈ, ਉਥੇ ਹੀ ਕਾਂਗਰਸ ਪਾਰਟੀ ਵੱਲੋਂ ਸਰਕਾਰ ਦੀ ਜ਼ੋਰਦਾਰ ਆਲੋਚਨਾ ਕੀਤੀ ਜਾ ਰਹੀ ਹੈ। ਇਸ ਕਾਰਵਾਈ ਨੂੰ ਸਰਕਾਰ ਦੇ ਦੀਵਾਲੀਆ ਹੋ ਜਾਣ ਨਾਲ ਜੋੜਦਿਆਂ, ਸ਼ਹਿਰ ਦੇ ਦੋਵੇਂ ਕਾਂਗਰਸੀ ਵਿਧਾਇਕਾਂ ਪ੍ਰਨੀਤ ਕੌਰ ਅਤੇ ਬ੍ਰਹਮ ਮਹਿੰਦਰਾ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਜਾਇਦਾਦਾਂ ਵੇਚ ਕੇ ਡੰਗ ਟਪਾਉਣਾ ਸਿੱਧ ਕਰਦਾ ਹੈ ਕਿ ਸਰਕਾਰ ਦੀਵਾਲੀਆ ਹੋ ਚੁੱਕੀ ਹੈ।

ਜ਼ਿਕਰਯੋਗ ਹੈ ਕਿ ਇਸ 27.58 ਏਕੜ ਰਕਬੇ ਵਿਚੋਂ 6.37 ਏਕੜ ਵਿਚ ਦਫਤਰੀ ਕੰਪਲੈਕਸ ਹੈ। ਇਸ ਤੋਂ ਇਲਾਵਾ ਪੈਪਸੂ ਭਾਖੜਾ ਦੇ ਨਾਮ 'ਤੇ ਬਣੀ ਕਲੋਨੀ ਵਿਚ ਤੀਜਾ ਅਤੇ ਚੌਥਾ ਦਰਜਾ ਮੁਲਾਜ਼ਮਾਂ ਲਈ ਵੱਖ ਵੱਖ ਟਾਈਪ ਦੇ 115 ਕੁਆਰਟਰ ਹਨ। 11.15 ਏਕੜ ਜ਼ਮੀਨ ਵਿਚ ਨੌਂ ਕੋਠੀਆਂ 'ਤੇ ਆਧਾਰਿਤ ਅਫਸਰਾਂ ਦੀ ਰਿਹਾਇਸ਼ੀ ਕਲੋਨੀ ਸਮੇਤ ਆਰਾਮ ਘਰ ਵੀ ਹੈ।

ਹੋਰ ਵੇਰਵਿਆਂ ਅਨੁਸਾਰ ਇਹ ਥਾਂ ਪੁੱਡਾ ਦੇ ਨਾਮ ਤਬਦੀਲ ਕਰਨ ਸਬੰਧੀ ਮੁੱਖ ਇੰਜੀਨੀਅਰ ਸਿੰਜਾਈ ਵਿਭਾਗ ਪੰਜਾਬ ਨੇ ਸਥਾਨਕ ਅਧਿਕਾਰੀਆਂ ਦੀ ਸਹਿਮਤੀ ਨਾਲ ਪੰਜਾਬ ਸਹਿਰੀ ਯੋਜਨਾ ਬੰਦੀ ਅਤੇ ਵਿਕਾਸ ਅਥਾਰਟੀ ਪੁੱਡਾ ਮੁਹਾਲੀ ਦੇ ਮੁੱਖ ਪ੍ਰਸ਼ਾਸ਼ਨ ਨੂੰ ਬਾਕਾਇਦਾ ਲਿਖ ਦਿਤਾ ਗਿਆ ਹੈ।

## ਭਾਜਪਾ ਨੂੰ ਪੰਜਾਬ 'ਚ ਲੱਭ ਨਹੀਂ ਰਿਹਾ ਲੀਡਰ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਦੀ ਚੋਣ ਦਾ ਅਮਲ ਸ਼ੁਰੂ ਹੋਣ ਮਗਰੋਂ ਪ੍ਰਧਾਨਗੀ ਲਈ ਦਾਅਵੇਦਾਰੀਆਂ ਤੇਜ਼ ਤਾਂ ਹੋ ਗਈਆਂ ਹਨ ਪਰ ਪਾਰਟੀ ਅੰਦਰ ਯੋਗ ਆਗੂਆਂ ਦਾ ਸੰਕਟ ਵੀ ਸਪਸ਼ਟ ਦਿਖਾਈ ਦੇ ਰਿਹਾ ਹੈ। ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਪਿਛਲੇ ਸਾਢੇ 8 ਸਾਲਾਂ ਦੇ ਰਾਜ ਭਾਗ ਦੇ ਬਾਵਜੂਦ ਭਗਵਾਂ ਪਾਰਟੀ ਦੀ ਸੂਬਾਈ ਲੀਡਰਸ਼ਿਪ ਲੋਕਾਂ 'ਤੇ ਪ੍ਰਭਾਵ ਨਹੀਂ ਛੱਡ ਸਕੀ।

ਪਾਰਟੀ ਵਿਧਾਨ ਮੁਤਾਬਕ ਪ੍ਰਧਾਨਗੀ ਦੇ ਅਹੁਦੇ ਲਈ ਭਾਵੇਂ ਚੋਣ ਕੀਤੀ ਜਾਂਦੀ ਹੈ ਪਰ ਹਕੀਕੀ ਤੌਰ 'ਤੇ ਹਾਈ ਕਮਾਨ ਦੀ ਨਾਮਜ਼ਦਗੀ ਹੀ ਹੁੰਦੀ ਹੈ। ਮੌਜੂਦਾ ਪ੍ਰਧਾਨ ਕਮਲ ਸ਼ਰਮਾ ਦੇ ਅਹੁਦੇ ਦੀ ਮਿਆਦ ਖ਼ਤਮ ਹੋਣ ਵਾਲੀ ਹੈ ਤੇ ਨਵੇਂ ਪ੍ਰਧਾਨ ਦੀ ਚੋਣ 20 ਨਵੰਬਰ ਤੱਕ ਹੋ ਜਾਵੇਗੀ। ਉਹ ਆਪਣੇ ਕਾਰਜਕਾਲ ਦੌਰਾਨ ਕਈ ਤਰ੍ਹਾਂ ਦੇ ਵਿਵਾਦਾਂ ਵਿਚ ਘਿਰੇ ਰਹੇ। 2014 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਮੋਦੀ ਪੱਤਾ ਖੇਡ ਕੇ ਭਾਜਪਾ ਤਿੰਨ ਵਿਚੋਂ 2 ਉਮੀਦਵਾਰ ਜਿਤਾਉਣ ਵਿਚ ਸਫ਼ਲ ਹੋ ਗਈ ਸੀ, ਪਰ ਇਹ ਪ੍ਰਭਾਵ ਜ਼ਿਆਦਾ ਦੇਰ ਟਿਕ ਨਹੀਂ ਸੀ ਸਕਿਆ। ਭਾਜਪਾ ਦੇ ਸੂਬਾ ਪ੍ਰਧਾਨ ਦੀ ਤਾਜ਼ਾ ਚੋਣ ਨੂੰ ਇਸ ਕਰ ਕੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਪਾਰਟੀ ਵੱਲੋਂ 2017 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਹੀ ਲੀਡਰਸ਼ਿਪ ਦਾ ਫੈਸਲਾ ਕੀਤਾ ਜਾਣਾ ਹੈ। ਪਾਰਟੀ ਨੇ ਪਿਛਲੇ ਸਮੇਂ ਦੌਰਾਨ ਸਿੱਖ ਵਰਗ ਨਾਲ ਸਬੰਧਤ ਕਈ ਆਗੂਆਂ ਨੂੰ ਨਾਲ ਤਾਂ ਰਲਾਇਆ ਹੈ ਪਰ ਇਨ੍ਹਾਂ ਵਿਚ ਕੋਈ ਸਿਰ ਕੱਢਵਾਂ ਆਗੂ ਨਹੀਂ ਹੈ। ਨਵਜੋਤ ਸਿੰਘ ਸਿੱਧੂ ਨੂੰ ਲੋਕ ਆਧਾਰ ਵਾਲਾ ਮੰਨਿਆ ਜਾ ਸਕਦਾ ਹੈ। ਭਾਜਪਾ ਨਵਜੋਤ ਸਿੱਧੂ ਨੂੰ ਉਸ ਸਮੇਂ ਹੀ ਸੂਬਾ ਪ੍ਰਧਾਨਗੀ ਦਾ ਅਹੁਦਾ ਦੇਵੇਗੀ ਜਦੋਂ ਅਕਾਲੀਆਂ ਨਾਲ ਤੋੜ-ਵਿਛੋੜਾ ਕਰਨਾ ਹੋਵੇ। ਭਾਜਪਾ ਦੀ ਸੂਬਾ ਪ੍ਰਧਾਨਗੀ ਲਈ ਪ੍ਰਮੁੱਖ ਦਾਅਵੇਦਾਰਾਂ ਵਿਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਵਿਨਾਸ਼ ਰਾਏ ਖੰਨਾ, ਤਰੁਣ ਚੁੱਘ, ਮੌਜੂਦਾ ਪ੍ਰਧਾਨ ਕਮਲ ਸ਼ਰਮਾ, ਅਸ਼ਵਨੀ ਸ਼ਰਮਾ, ਮਨੋਰੰਜਨ ਕਾਲੀਆ ਅਤੇ ਰਾਕੇਸ਼ ਰਾਠੌਰ ਆਦਿ ਸ਼ਾਮਲ ਹਨ।

### ਭਾਰਤੀ ਨੂੰ ਜਬਰ ਜਨਾਹ ਦੋਸ਼ ਵਿਚ ਕੈਦ

**ਲੰਡਨ:** ਇੰਗਲੈਂਡ ਦੀ ਇਕ ਅਦਾਲਤ ਵੱਲੋਂ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਪੰਜ ਹੋਰਨਾਂ ਸਮੇਤ ਦੋ ਸਕੂਲੀ ਵਿਦਿਆਰਥਣਾਂ ਨਾਲ ਛੇ ਸਾਲ ਤੱਕ ਜਬਰ ਜਨਾਹ ਦੇ ਮਾਮਲੇ ਵਿਚ 17 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਿਕਰਮ ਸਿੰਘ (46) ਉਨ੍ਹਾਂ ਛੇ ਵਿਅਕਤੀਆਂ ਵਿਚੋਂ ਹੈ ਜਿਸ ਨੂੰ ਬਕਿੰਘਮਸ਼ਾਇਰ ਵਿਚ ਦੋ ਲੜਕੀਆਂ ਨਾਲ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਅਦਾਲਤ ਵੱਲੋਂ ਦੋਵਾਂ ਪੀੜਤਾਂ ਦੀਆਂ ਦਲੀਲਾਂ ਸੁਣੀਆਂ ਗਈਆਂ ਤੇ ਉਸ ਦੇ ਆਧਾਰ ਉਤੇ ਹੀ ਫ਼ੈਸਲਾ ਸੁਣਾਇਆ।

## ਸੁਰਿੰਦਰ ਸੋਹਲ ਦੀ ਪੁਸਤਕ 'ਚਿਤੁ ਲੇਖਾਰੀ' ਲੋਕ ਅਰਪਿਤ

**ਨਿਊ ਯਾਰਕ (ਬਿਊਰੋ):** ਸਾਹਿਤ ਨੂੰ ਸਮਰਪਿਤ ਨਿਊ ਯਾਰਕ ਦੀ ਸਭ ਤੋਂ ਪੁਰਾਣੀ ਅਤੇ ਵੱਕਾਰੀ ਸੰਸਥਾ 'ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ' ਵਲੋਂ ਹਿੰਦੋਸਤਾਨ ਤੋਂ ਆਏ ਉਰਦੂ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਡਾ. ਸ਼ਸ਼ੀ ਕਾਂਤ ਉਪਲ ਨਾਲ ਇਕ ਵਿਸ਼ੇਸ਼ ਸ਼ਾਮ ਮਨਾਈ ਗਈ ਜਿਸ ਵਿਚ ਸ਼ਾਇਰ ਸੁਰਿੰਦਰ ਸੋਹਲ ਦੀ ਨਵ-ਪ੍ਰਕਾਸ਼ਿਤ ਪੁਸਤਕ 'ਚਿਤੁ ਲੇਖਾਰੀ' ਵੀ ਲੋਕ ਅਰਪਣ ਕੀਤੀ ਗਈ।

ਸੰਸਥਾ ਦੀ ਕਰਤਾ ਧਰਤਾ ਰਾਣੀ ਨਗਿੰਦਰ ਦੇ ਘਰ ਹੋਈ ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਰਾਣੀ ਨਗਿੰਦਰ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹ ਅਤੇ ਨਵੇਂ ਪੁਰਾਣੇ ਸਾਹਿਤਕਾਰਾਂ ਦਾ ਤੁਆਰਫ ਕਰਵਾਇਆ। ਸੁਰਿੰਦਰ ਸੋਹਲ ਦੀ ਪੁਸਤਕ 'ਚਿਤੁ ਲੇਖਾਰੀ' ਲੋਕ ਅਰਪਣ ਕਰਨ ਦੀ ਰਸਮ ਡਾ. ਸ਼ਸ਼ੀ ਕਾਂਤ ਉਪਲ ਨੇ ਨਿਭਾਈ।

ਸਭ ਤੋਂ ਪਹਿਲਾਂ ਨਿਊ ਯਾਰਕ ਦੇ ਸੰਜੀਦਾ ਅਤੇ 'ਬਹੁਤੀ ਵੇ ਤਬੀਬਾ' ਅਤੇ 'ਚੁੱਪ ਦਾ ਸ਼ੋਰ' ਗ਼ਜ਼ਲ ਪੁਸਤਕਾਂ ਦੇ ਲੇਖਕ ਰਾਜਿੰਦਰ ਜਿੰਦ ਨੇ ਆਪਣੀਆਂ ਭਾਵਪੂਰਤ ਦੋ ਗ਼ਜ਼ਲਾਂ ਨਾਲ ਹਾਜ਼ਰੀ ਲਵਾਈ। 'ਸਿਖਰ ਦੁਪਹਿਰੇ ਸੂਰਜ ਢਲਿਆ ਹੈ, ਰਾਤਾਂ ਨੂੰ ਇਹ ਚੰਨ ਕਿਉਂ ਬਲਿਆ ਹੈ' ਸ਼ਿਅਰ ਨੇ ਖੂਬ ਦਾਦ ਬਟੋਰੀ। ਹਿੰਦੀ ਸ਼ਾਇਰ ਅਸ਼ੋਕ ਸਿੰਘ ਨੇ ਆਪਣੀ ਰਹੱਸਵਾਦੀ ਨਜ਼ਮ ਤਰੰਨਮ ਵਿਚ ਗਾ ਕੇ ਸਭ ਦਾ ਮਨ ਮੋਹ ਲਿਆ।


'ਸਮੁੰਦਰੀ ਹਵਾ' ਕਾਵਿ-ਪੁਸਤਕ ਦੇ ਲੇਖਕ ਦਲਜੀਤ ਮੋਖਾ ਨੇ 'ਸ਼ੋਸ਼ਲ ਮੀਡੀਆ' ਦੇ ਨਾਕਾਰਾਤਮਕ ਪ੍ਰਭਾਵ ਪ੍ਰਸਤੁਤ ਕਰਦੀ ਨਜ਼ਮ ਨਾਲ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। 'ਘੁੰਡੀਆਂ' ਨਜ਼ਮ ਰਾਹੀਂ ਉਸ ਨੇ ਪੂੰਜੀਵਾਦੀ ਸਮਾਜ ਵਿਚ ਮਨਫ਼ੀ ਹੋ ਰਹੇ ਮਨੁੱਖ ਦਾ ਦੁਖਾਂਤ ਪੇਸ਼ ਕੀਤਾ। ਜੱਸੀ ਢਿੱਲੋਂ ਨੇ ਆਪਣੀਆਂ ਦੋ ਨਜ਼ਮਾਂ ਨਾਲ ਮਨੁੱਖ ਮਨ ਦੇ ਅੰਦਰਲੀ ਦਸ਼ਾ ਦਾ ਵਿਸ਼ਲੇਸ਼ਣ ਬੜੇ ਹੀ ਖ਼ੂਬਸੂਰਤ ਅੰਦਾਜ਼ ਵਿਚ ਕੀਤਾ। ਯੂ ਐਨ ਓ ਦੇ ਉਚੇ ਅਹੁਦੇ ਤੋਂ ਰਿਟਾਇਰ ਹੋਈ ਸ੍ਰੀਮਤੀ ਸਵਦੇਸ਼ ਰਾਣਾ ਨੇ ਉਰਦੂ ਸ਼ਿਅਰਾਂ ਨਾਲ ਆਪਣੀ ਹਾਜ਼ਰੀ ਲਵਾਈ। 'ਆਪਣੇ ਆਪਣੇ ਸੱਚ' ਦੇ ਲਿਖਾਰੀ ਤਰਲੋਕ ਬੀਰ ਨੇ 'ਛਾਂਗੀਆਂ ਟਾਹਣੀਆਂ ਵਾਲਾ ਤੂਤ' ਨਜ਼ਮ ਨਾਲ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ ਜਿਨ੍ਹਾਂ ਵਿਚ ਖੁਰ ਰਹੀ ਮਨੁੱਖੀ ਹੋਂਦ ਦੀ ਹੋਣੀ ਬੜੀ ਖ਼ੂਬੀ ਨਾਲ ਪੇਸ਼ ਕੀਤੀ ਗਈ।

ਇਸ ਸ਼ਾਮ ਦੇ ਮੁੱਖ ਮਹਿਮਾਨ ਡਾ. ਸ਼ਸ਼ੀ ਕਾਂਤ ਉਪਲ ਨੇ ਉਰਦੂ ਨਜ਼ਮਾਂ ਅਤੇ ਗ਼ਜ਼ਲਾਂ ਨਾਲ ਮਹਿਫ਼ਿਲ ਨੂੰ ਇਕ ਤਰ੍ਹਾਂ ਨਾਲ ਅਨਕਿਆਸੀ ਬੁਲੰਦੀ ਪ੍ਰਦਾਨ ਕੀਤੀ।

ਅਗਲਾ ਦੌਰ ਕਹਾਣੀ ਦਾ ਸੀ। ਤਰਲੋਕਬੀਰ ਨੇ ਹਸਪਤਾਲ ਵਿਚ ਪਏ ਇਕ ਅਜਿਹੇ ਆਦਮੀ ਨਾਲ ਸਬੰਧਿਤ ਜਿਗਰ ਪਾਰਾ ਪੜ੍ਹਿਆ, ਜੋ ਅਜੀਬ ਤਰ੍ਹਾਂ ਦੀ ਬੇਗਾਨਗੀ ਹੰਢਾਉਂਦਾ ਹੈ।

ਮੁਮਤਾਜ਼ ਹੁਸੈਨ ਨੇ ਕਹਾਣੀ 'ਨੂਰ ਨਿਹਾਰ' ਪੜ੍ਹੀ ਜਿਸ ਵਿਚ ਮਜ਼ਹਬੀ ਜਨੂੰਨ ਦੀ ਕਰੂਰਤਾ ਭਰੀ ਤਸਵੀਰ ਉਸ ਨੇ ਖਾਣਾ ਬਣਾਉਣ ਵਾਲੇ ਦੀ ਦ੍ਰਿਸ਼ਟੀ ਤੋਂ ਬੜੀ ਹੀ ਖ਼ੂਬਸੂਰਤੀ ਨਾਲ ਬਿਆਨ ਕੀਤੀ। ਕਹਾਣੀ ਦਾ ਸਿਖਰ ਸਿਰਜਦਿਆਂ ਮੁਮਤਾਜ਼ ਨੇ ਪਾਠਕਾਂ ਨੂੰ ਕੰਨਾਂ 'ਤੇ ਹੱਥ ਰੱਖਣ ਲਈ ਮਜਬੂਰ ਕਰ ਦਿੱਤਾ।

ਰਾਣੀ ਨਗਿੰਦਰ ਨੇ 'ਵਾਪਸੀ' ਕਹਾਣੀ ਰਾਹੀਂ ਹਾਜ਼ਰੀ ਲਵਾਈ। ਕਹਾਣੀ ਦੇ ਵਿਸ਼ੇ, ਬਣਤਰ ਅਤੇ ਬੁਣਤਰ ਨੂੰ ਲੈ ਕੇ ਭਖਵੀਂ ਬਹਿਸ ਹੋਈ। ਮੰਚ ਸੰਚਾਲਨ ਸੁਰਿੰਦਰ ਸੋਹਲ ਨੇ ਕੀਤਾ।



**ਪੁਸਤਕ 'ਚਿਤੁ ਲੇਖਾਰੀ' ਦੇ ਲੋਕ ਅਰਪਣ ਸਮੇਂ (ਖੱਬਿਓਂ ਸੱਜੇ) ਰਾਣੀ ਨਗਿੰਦਰ, ਮੁਮਤਾਜ਼ ਹੁਸੈਨ, ਡਾ. ਸ਼ਸ਼ੀ ਕਾਂਤ ਉਪਲ, ਸੁਰਿੰਦਰ ਸੋਹਲ ਅਤੇ ਸਵਦੇਸ਼ ਰਾਣਾ**

## ਹਾਈਕੋਰਟ ਹੁਣ ਡੇਰਾ ਮੁਖੀ ਦਾ ਜਵਾਬ ਨਹੀਂ ਉਡੀਕੇਗੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ 2007 'ਚ ਦਸਮੇਸ਼ ਪਿਤਾ ਦੀ ਨਕਲ ਕਰਨ ਵਾਲੇ ਮਾਮਲੇ 'ਚ ਉਸ ਦੇ ਜਵਾਬ ਦੀ ਉਡੀਕ ਨਾ ਕੀਤੇ ਜਾਣ ਦਾ ਫ਼ੈਸਲਾ ਕੀਤਾ ਹੈ। ਬੀਤੀ 5 ਫ਼ਰਵਰੀ ਤੋਂ ਇਸ ਕੇਸ ਨੂੰ ਸੁਣਦੇ ਆ ਰਹੇ ਇਕਹਿਰੇ ਬੈਂਚ ਨੇ ਜਵਾਬ ਦੇਣ 'ਚ ਹੋ ਰਹੀ ਦੇਰੀ ਤੇ ਡੇਰਾ ਮੁਖੀ ਦੇ ਵਕੀਲਾਂ ਵੱਲੋਂ ਵਾਰ ਵਾਰ ਕੀਤੀ ਜਾ ਰਹੀ ਹੋਰ ਸਮੇਂ ਦੀ ਮੰਗ ਪ੍ਰਤੀ ਨਾਖੁਸ਼ੀ ਜ਼ਾਹਿਰ ਕਰਦਿਆਂ ਹੁਣ ਇਹ ਕੇਸ ਅਗਲੀ ਤਰੀਕ 'ਤੇ ਸਿੱਧਾ ਬਹਿਸ ਲਈ ਤੈਅ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਜਸਪਾਲ ਸਿੰਘ ਮੰਝਪੁਰ ਵੱਲੋਂ ਆਪਣੇ ਵਕੀਲ ਨਵਕਿਰਨ ਸਿੰਘ ਰਾਹੀਂ 27 ਜਨਵਰੀ ਨੂੰ ਹੀ ਸੈਸ਼ਨ ਜੱਜ ਬਠਿੰਡਾ ਦੀ ਅਦਾਲਤ ਵੱਲੋਂ ਅਗਸਤ 2014 'ਚ ਡੇਰਾ ਮੁਖੀ ਨੂੰ ਇਸ ਕੇਸ 'ਚ ਬਰੀ ਕੀਤੇ ਜਾਣ ਵਾਲੇ ਫ਼ੈਸਲੇ ਨੂੰ ਹਾਈਕੋਰਟ 'ਚ ਚੁਣੌਤੀ ਦਿੱਤੀ ਹੋਈ ਹੈ। ਇਸ 'ਤੇ ਜਸਟਿਸ ਸੁਰੇਂਦਰ ਗੁਪਤਾ ਵੱਲੋਂ 5 ਮਈ ਲਈ ਸਮੂਹ ਜਵਾਬਦੇਹ ਧਿਰਾਂ ਨੂੰ ਨੋਟਿਸ ਜਾਰੀ ਕਰ ਦਿੱਤੇ ਗਏ। ਅਗਲੀ ਤਰੀਕ 'ਤੇ ਡੇਰਾ ਮੁਖੀ ਦੇ ਵਕੀਲ ਵੱਲੋਂ ਕੇਸ ਅੱਗੇ ਪਾਉਣ ਦੀ ਮੰਗ 'ਤੇ ਇਸੇ ਬੈਂਚ ਵੱਲੋਂ ਕੇਸ ਨੂੰ 8 ਸਤੰਬਰ ਲਈ ਬਹਿਸ ਵਾਸਤੇ ਤੈਅ ਕਰਦਿਆਂ 5 ਜੂਨ ਤੱਕ ਜਵਾਬ ਦਾਇਰ ਕਰਨ ਦੀ ਖੁੱਲ੍ਹ ਦਿੱਤੀ ਗਈ। ਕੇਸ ਦੀ ਸੁਣਵਾਈ ਮੌਕੇ ਡੇਰਾ ਮੁਖੀ ਦੇ ਵਕੀਲ ਵੱਲੋਂ ਇੱਕ ਵਾਰ ਫਿਰ ਸਮੇਂ ਦੀ ਮੋਹਲਤ ਮੰਗੇ ਜਾਣ ਦੀ ਅਪੀਲ ਦਾ ਐਡਵੋਕੇਟ ਨਵਕਿਰਨ ਸਿੰਘ ਦੁਆਰਾ ਜ਼ੋਰਦਾਰ ਵਿਰੋਧ ਕੀਤਾ ਗਿਆ ਜਿਸ 'ਤੇ ਬੈਂਚ ਨੇ ਹੁਣ ਕੇਸ ਨੂੰ ਆਉਂਦੀ 10 ਦਸੰਬਰ ਨੂੰ ਬਹਿਸ ਲਈ ਤੈਅ ਕਰਦਿਆਂ ਨਾਲ ਹੀ ਰਜਿਸਟਰੀ ਸ਼ਾਖਾ ਨੂੰ ਵੀ ਅੱਗਿਓਂ ਜਵਾਬ ਆਉਣ ਦੀ ਸੂਰਤ 'ਚ ਸਵੀਕਾਰ ਨਾ ਕੀਤੇ ਜਾਣ ਦੀ ਤਾਕੀਦ ਕੀਤੀ ਹੈ।

ਪਟੀਸ਼ਨਰ ਵੱਲੋਂ ਪੰਜਾਬ ਸਰਕਾਰ ਨੂੰ ਵੀ ਕੇਸ 'ਚ ਧਿਰ ਬਣਾਉਂਦਿਆਂ ਦੋਸ਼ ਲਾਏ ਹਨ ਕਿ ਅਕਾਲੀ ਦਲ ਵੱਲੋਂ 2014 ਦੀਆਂ ਆਮ ਚੋਣਾਂ ਦੌਰਾਨ ਬਠਿੰਡਾ ਲੋਕ ਸਭਾ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਦੀ ਜਿੱਤ ਯਕੀਨੀ ਬਣਾਉਣ ਦੇ ਮਨਸ਼ੇ ਨਾਲ ਡੇਰਾ ਮੁਖੀ ਖ਼ਿਲਾਫ਼ ਚਾਰ ਸਾਲਾਂ ਤੱਕ ਵੀ ਚਲਾਨ ਨਹੀਂ ਪੇਸ਼ ਕੀਤਾ ਜਾ ਸਕਿਆ ਤੇ ਆਖ਼ਰ ਉਹ ਬਰੀ ਹੋ ਗਿਆ।

# ਮੁਫਤਖ਼ੋਰਾਂ ਨੇ ਕੱਢ ਛੱਡੀ ਸਰਕਾਰੀ ਖਜ਼ਾਨੇ ਦੀ ਜਾਨ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਬਿਨਾਂ ਮਤਲਬ ਦੀਆਂ ਕਮਿਸ਼ਨਾਂ ਤੇ ਕਮੇਟੀਆਂ ਵਿਚ ਨਿਯੁਕਤੀਆਂ, ਸਿਆਸੀ ਵਿਅਕਤੀਆਂ ਨੂੰ 'ਐਡਜਸਟ' ਕਰਨ ਲਈ ਮੁੱਖ ਸੰਸਦੀ ਸਕੱਤਰਾਂ ਤੇ ਕੈਬਿਨਟ ਰੈਂਕ ਦੇ ਖੁੱਲ੍ਹੇ ਗੱਫੇ ਆਰਥਿਕ ਤੰਗੀ ਵਿਚ ਘਿਰੇ ਸੂਬੇ ਨੂੰ ਹੋਰ ਪਿਛਾਂਹ ਧੱਕ ਰਹੇ ਹਨ। ਸਰਕਾਰ ਦੇ ਮਾਲੀਆ ਵਧਾਉਣ ਲਈ ਨਵੇਂ ਵਿੱਤੀ ਸਾਧਨ ਜੁਟਾਉਣ ਲਈ ਵੀ ਕੋਈ ਗੰਭੀਰ ਉਪਰਾਲੇ ਨਹੀਂ ਹੋਏ।

ਪੰਜਾਬ ਵਿਚ ਜ਼ਿਲ੍ਹਾ ਯੋਜਨਾ ਬੋਰਡਾਂ ਦੇ ਚੇਅਰਮੈਨ ਬਿਨਾਂ ਕੰਮ ਤੋਂ ਹੀ ਮੌਜਾਂ ਲੈ ਰਹੇ ਹਨ। ਸਰਕਾਰੀ ਖਜ਼ਾਨੇ ਨੂੰ ਯੋਜਨਾ ਬੋਰਡਾਂ (ਕਮੇਟੀਆਂ) ਦੇ ਚੇਅਰਮੈਨ ਤਕਰੀਬਨ ਪੰਜ ਕਰੋੜ ਵਿਚ ਪਏ ਹਨ। ਕਈ ਯੋਜਨਾ ਬੋਰਡਾਂ ਕੋਲ ਚੇਅਰਮੈਨ ਤਾਂ ਹਨ ਪਰ ਮੈਂਬਰ ਨਹੀਂ ਹਨ। ਕੋਰਮ ਪੂਰਾ ਨਾ ਹੋਣ ਕਰਕੇ ਕਾਫੀ ਸਮੇਂ ਤੋਂ ਕੋਈ ਮੀਟਿੰਗ ਹੀ ਨਹੀਂ ਹੋਈ ਹੈ। ਪੰਜਾਬ ਦੇ 15 ਜ਼ਿਲ੍ਹਿਆਂ ਦੇ ਜ਼ਿਲ੍ਹਾ ਯੋਜਨਾ ਬੋਰਡਾਂ ਦੇ ਚੇਅਰਮੈਨਾਂ 'ਤੇ ਸਾਲ 2008 ਤੋਂ ਹੁਣ ਤੱਕ ਤਕਰੀਬਨ ਪੌਣੇ ਚਾਰ ਕਰੋੜ ਰੁਪਏ ਖਰਚ ਕੀਤੇ ਹਨ ਜਦੋਂ ਕਿ ਪੰਜਾਬ ਭਰ ਵਿਚ ਇਹ ਖਰਚਾ ਤਕਰੀਬਨ ਪੰਜ ਕਰੋੜ ਰੁਪਏ ਹੈ। ਪੰਜਾਬ ਸਰਕਾਰ ਵੱਲੋਂ ਹਰ ਚੇਅਰਮੈਨ ਨੂੰ ਪ੍ਰਤੀ ਮਹੀਨਾ 15 ਹਜ਼ਾਰ ਰੁਪਏ ਮਾਣ ਭੱਤਾ ਦਿੱਤਾ ਜਾਂਦਾ ਹੈ ਜਦੋਂ ਕਿ ਨਿੱਜੀ ਸਟਾਫ ਵਾਸਤੇ ਪ੍ਰਤੀ ਮਹੀਨਾ 15 ਹਜ਼ਾਰ ਰੁਪਏ ਹੋਰ ਦਿੱਤੇ ਜਾਂਦੇ ਹਨ। ਪ੍ਰਤੀ ਮਹੀਨਾ 440 ਲੀਟਰ ਪੈਟਰੋਲ ਜਾਂ ਪ੍ਰਤੀ ਮਹੀਨਾ 290 ਲੀਟਰ ਡੀਜ਼ਲ ਦਿੱਤਾ ਜਾਂਦਾ ਹੈ। ਸਰਕਾਰੀ ਅੰਬੈਸਡਰ ਕਾਰ ਤੋਂ ਇਲਾਵਾ ਮੋਬਾਈਲ ਤੇ ਟੈਲੀਫੋਨ ਦੇ ਖਰਚੇ ਦੀ ਸਹੂਲਤ ਦਿੱਤੀ ਜਾਂਦੀ ਹੈ। ਹਰ ਮੀਟਿੰਗ ਦਾ ਮਾਣ ਭੱਤਾ ਵੱਖਰਾ ਦਿੱਤਾ ਜਾਂਦਾ ਹੈ। ਦਫਤਰ ਵਾਸਤੇ ਫਰੀਨਚਰ ਤੇ ਇਲੈਕਟ੍ਰੌਨਿਕਸ ਦੇ ਸਾਮਾਨ ਦੀ ਹਰ ਸਹੂਲਤ ਮਿਲਦੀ ਹੈ।

ਪੰਜਾਬ ਵਿਚੋਂ ਖਰਚੇ ਦੇ ਮਾਮਲੇ ਵਿਚ ਜ਼ਿਲ੍ਹਾ ਯੋਜਨਾ ਬੋਰਡ ਫਰੀਦਕੋਟ ਪਹਿਲੇ ਨੰਬਰ 'ਤੇ ਹੈ ਜਿਥੇ ਦਸੰਬਰ 2009 ਤੋਂ ਹੁਣ ਤੱਕ 33.35 ਲੱਖ ਰੁਪਏ ਖਰਚੇ ਗਏ ਹਨ ਜਿਸ ਵਿਚੋਂ ਦਫਤਰ ਦੀ ਰੈਨੋਵੇਸ਼ਨ ਤੇ ਫਰਨੀਚਰ 'ਤੇ 6.70 ਲੱਖ ਰੁਪਏ ਵੀ ਸ਼ਾਮਲ ਹਨ। ਸੂਚਨਾ ਦੇ ਅਧਿਕਾਰ ਤਹਿਤ ਮਿਲੇ ਵੇਰਵਿਆਂ ਅਨੁਸਾਰ ਸੰਗਰੂਰ ਦੀ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਲਈ 4.76 ਲੱਖ ਰੁਪਏ ਦੀ ਅੰਬੈਸਡਰ ਕਾਰ ਖਰੀਦ ਕੀਤੀ ਗਈ ਜੋ ਮਗਰੋਂ ਸਰਕਾਰ ਨੂੰ ਚੰਡੀਗੜ੍ਹ ਵਾਪਸ ਭੇਜ ਦਿੱਤੀ ਗਈ।

ਇਸ ਕਮੇਟੀ ਦੇ ਚੇਅਰਮੈਨ ਤੇ ਦਫਤਰ 'ਤੇ 30.03 ਲੱਖ ਰੁਪਏ ਦਾ ਖਰਚਾ ਕੀਤਾ ਗਿਆ ਹੈ। ਯੋਜਨਾ ਕਮੇਟੀ ਜਲੰਧਰ ਦੇ ਚੇਅਰਮੈਨ ਤੇ ਦਫਤਰ 'ਤੇ 25 ਲੱਖ ਰੁਪਏ ਖਰਚ ਕੀਤੇ ਗਏ ਹਨ ਪਰ ਇਸ ਕਮੇਟੀ ਦਾ ਕੋਰਮ ਪੂਰਾ ਨਹੀਂ ਹੈ ਜਿਸ ਕਰਕੇ ਇਕ ਸਾਲ ਤੋਂ ਕੋਈ ਮੀਟਿੰਗ ਹੀ ਨਹੀਂ ਹੋਈ ਹੈ। ਲੁਧਿਆਣਾ ਕਮੇਟੀ ਦੇ ਚੇਅਰਮੈਨ ਤੇ ਦਫਤਰ 'ਤੇ 25.91 ਲੱਖ ਰੁਪਏ ਖਰਚ ਆਏ ਹਨ ਜਦੋਂ ਕਿ ਕਮੇਟੀ ਦਾ ਕੋਰਮ ਵੀ ਪੂਰਾ ਨਹੀਂ ਹੈ।

ਉਪ ਅਰਥ ਤੇ ਅੰਕੜਾ ਸਲਾਹਕਾਰ ਇਕਬਾਲ ਸਿੰਘ ਦਾ ਕਹਿਣਾ ਹੈ ਕਿ ਯੋਜਨਾ ਕਮੇਟੀ ਦਾ ਕੋਰਮ ਪੂਰਾ ਨਾ ਹੋਣ ਕਰਕੇ ਮੀਟਿੰਗ ਨਹੀਂ ਹੋ ਰਹੀ ਹੈ। ਕਪੂਰਥਲਾ ਦੀ ਯੋਜਨਾ ਕਮੇਟੀ ਦੇ ਚੇਅਰਮੈਨ ਸਰਬਜੀਤ ਸਿੰਘ ਮੱਕੜ ਹਨ ਪਰ ਇਥੇ ਵੀ ਕਮੇਟੀ ਦਾ ਕੋਰਮ ਪੂਰਾ ਨਾ ਹੋਣ ਕਰਕੇ ਇਕ ਸਾਲ ਤੋਂ ਮੀਟਿੰਗ ਨਹੀਂ ਹੋਈ ਹੈ।

ਉਪ ਅਰਥ ਤੇ ਅੰਕੜਾ ਸਲਾਹਕਾਰ ਕਪੂਰਥਲਾ ਭੁਪਿੰਦਰ ਕੌਰ ਨੇ ਦੱਸਿਆ ਕਿ ਤਿੰਨ ਮਹੀਨੇ ਵਿਚ ਇਕ ਮੀਟਿੰਗ ਹੋਣੀ ਹੁੰਦੀ ਹੈ ਪਰ ਸ਼ਹਿਰੀ ਖੇਤਰ ਵਿਚੋਂ ਲਏ ਜਾਣ ਵਾਲੇ ਮੈਂਬਰ ਨਾਮਜ਼ਦ ਨਹੀਂ ਕੀਤੇ ਗਏ ਹਨ ਜਿਸ ਕਰਕੇ ਮੀਟਿੰਗ ਨਹੀਂ ਹੋਈ ਹੈ। ਇਸ ਕਮੇਟੀ ਦੇ ਚੇਅਰਮੈਨ ਤੇ ਦਫਤਰ 'ਤੇ ਸਰਕਾਰ 27.35 ਲੱਖ ਰੁਪਏ ਖਰਚ ਕਰ ਚੁੱਕੀ ਹੈ। ਫਿਰੋਜ਼ਪੁਰ ਦੀ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇ ਦਫਤਰ ਉਤੇ 30.60 ਲੱਖ ਰੁਪਏ ਖਰਚ ਹੋ ਚੁੱਕੇ ਹਨ ਪਰ ਸਾਲ 2011 ਮਗਰੋਂ ਇਸ ਕਮੇਟੀ ਦੀ ਕੋਈ ਮੀਟਿੰਗ ਹੀ ਨਹੀਂ ਹੋਈ ਹੈ।

### ਬੋਰਡਾਂ ਤੇ ਕਮਿਸ਼ਨਾਂ 'ਚ ਜ਼ਿਆਦਾਤਰ ਨਿਯੁਕਤੀਆਂ ਬੇਲੋੜੀਆਂ




### ਵੈਟ ਤੋਂ ਹੁੰਦੇ ਮਾਲੀਏ ਵਿਚ ਆਈ ਗਿਰਾਵਟ

**ਚੰਡੀਗੜ੍ਹ:** ਵੈਲਿਊ ਐਡਡ ਟੈਕਸ (ਵੈਟ) ਤੋਂ ਹੁੰਦੇ ਮਾਲੀਏ ਵਿਚ ਆਈ ਗਿਰਾਵਟ ਨੇ ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਦੀ ਚਿੰਤਾ ਹੋਰ ਵਧਾ ਦਿੱਤੀ ਹੈ। ਵੈਟ ਰਾਹੀਂ ਸਰਕਾਰ ਨੂੰ ਕੁੱਲ ਮਾਲੀਏ ਦਾ 60 ਫ਼ੀਸਦੀ ਹਿੱਸਾ ਮਿਲਦਾ ਹੈ। ਸੂਬਾ ਸਰਕਾਰ ਨੇ ਚਾਲੂ ਵਿੱਤੀ ਸਾਲ ਦੌਰਾਨ 2014-15 ਦੇ ਮੁਕਾਬਲੇ ਵੈਟ ਵਿਚ 15.5 ਫ਼ੀਸਦੀ ਵਾਧੇ ਦਾ ਟੀਚਾ ਰੱਖਿਆ ਸੀ ਪਰ ਵਾਧਾ ਸਿਰਫ ਦੋ ਫ਼ੀਸਦੀ ਹੀ ਰਿਹਾ ਹੈ। ਲੰਘੇ ਸਾਲ ਦੇ 6,067 ਕਰੋੜ ਦੇ ਮੁਕਾਬਲੇ ਸਰਕਾਰੀ ਖ਼ਜ਼ਾਨੇ ਨੂੰ 6,185 ਕਰੋੜ ਰੁਪਏ ਹਾਸਲ ਹੋਏ ਹਨ। ਪੰਜਾਬ ਸਰਕਾਰ ਨੇ ਸਾਲ 2014-15 ਦੇ 15,455 ਕਰੋੜ ਰੁਪਏ ਦੇ ਮੁਕਾਬਲੇ ਚਾਲੂ ਵਿੱਤੀ ਸਾਲ ਦੌਰਾਨ 17,850 ਕਰੋੜ ਰੁਪਏ ਇਕੱਠੇ ਕਰਨ ਦਾ ਨਿਸ਼ਾਨਾ ਮਿੱਥਿਆ ਸੀ। ਪਹਿਲੀ ਤਿਮਾਹੀ ਦੇ ਮੱਦੇਨਜ਼ਰ ਇਸ ਨਿਸ਼ਾਨੇ ਦੀ ਪੂਰਤੀ ਸੰਭਵ ਨਹੀਂ ਜਾਪਦੀ। ਵੈਟ ਵਸੂਲੀ ਵਿਚ ਕਮੀ ਦੇ ਨਾਲ ਸਮੁੱਚਾ ਮਾਲੀਆ ਇਕੱਠਾ ਕਰਨ ਦਾ 46,229 ਕਰੋੜ ਰੁਪਏ ਦਾ ਨਿਸ਼ਾਨਾ ਪੂਰਾ ਹੋਣ ਉੱਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ।

## ਯੂ.ਏ.ਈ. ਵੱਲੋਂ ਦੋ ਭਾਰਤੀਆਂ ਨੂੰ ਦੇਸ਼ ਨਿਕਾਲਾ

**ਦੁਬਈ:** ਯੂ.ਏ.ਈ. ਨੇ ਦੋ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਦੋਵੇਂ ਆਈ.ਐਸ. ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ। ਯੂ.ਏ.ਈ. ਦੇ ਅਧਿਕਾਰੀਆਂ ਅਨੁਸਾਰ ਕੋਚੀ ਦੇ ਰਹਿਣ ਵਾਲੇ ਦੋ ਨੌਜਵਾਨ ਸੋਸ਼ਲ ਮੀਡੀਆ ਉੱਤੇ ਆਈ.ਐਸ.



ਦਾ ਪ੍ਰਚਾਰ ਕਰਦੇ ਸਨ। ਮੀਡੀਆ ਰਿਪੋਰਟ ਅਨੁਸਾਰ ਯੂ.ਏ.ਈ. ਦੀਆਂ ਏਜੰਸੀਆਂ ਨੇ ਟਵਿੱਟਰ ਤੇ ਹੋਰ ਸੋਸ਼ਲ ਸਾਈਟਾਂ ਉਤੇ ਇਨ੍ਹਾਂ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖੀ। ਭਾਰਤ ਪਹੁੰਚਣ ਉੱਤੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਪੁਛਗਿੱਛ ਕੀਤੀ ਜਾ ਰਹੀ ਹੈ।

ਭਾਰਤੀ ਏਜੰਸੀਆਂ ਨੂੰ ਜਾਣਕਾਰੀ ਮਿਲੀ ਹੈ ਕਿ ਕੇਰਲ ਦੇ ਬਹੁਤ ਸਾਰੇ ਨੌਜਵਾਨ ਆਈ.ਐਸ. ਦੀ ਵਿਚਾਰ ਧਾਰਾ ਤੋਂ ਪ੍ਰਭਾਵਿਤ ਹਨ ਤੇ ਸੋਸ਼ਲ ਮੀਡੀਆ ਜਰੀਏ ਸੰਗਠਨ ਨਾਲ ਜੁੜੇ ਹੋਏ ਹਨ। ਯੂ.ਏ.ਈ. ਨੇ ਪਹਿਲੀ ਵਾਰ ਆਈ.ਐਸ. ਤੋਂ ਪ੍ਰਭਾਵਿਤ ਭਾਰਤੀ ਨੌਜਵਾਨਾਂ ਨੂੰ ਡਿਪੋਰਟ ਕੀਤਾ ਹੈ। ਪਤਾ ਲੱਗਾ ਹੈ ਭਾਰਤੀ ਏਜੰਸੀਆਂ ਨੇ ਯੂ.ਏ.ਈ. ਸਰਕਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਸੀ ਜਿਸ ਤੋਂ ਬਾਅਦ ਯੂ.ਏ.ਈ. ਪੁਲਿਸ ਨੇ ਛਾਪਾ ਮਾਰ ਕੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ।

## ਦਾਗੀ ਆਗੂਆਂ ਦੀ ਰਿਪੋਰਟ ਦਾ ਕੇਸ ਮੁੜ ਹਾਈਕੋਰਟ 'ਚ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਆਈ.ਪੀ.ਐਸ. ਸ਼ਸ਼ੀਕਾਂਤ ਵੱਲੋਂ ਦਾਗ਼ੀ ਸਿਆਸਤਦਾਨਾਂ ਦੇ ਨਾਵਾਂ ਵਾਲੀ ਰਿਪੋਰਟ ਬਾਰੇ ਸੂਚਨਾ ਮੰਗੇ ਜਾਣ ਵਾਲਾ ਮਾਮਲਾ ਇਕ ਵਾਰ ਫਿਰ ਹਾਈਕੋਰਟ ਪਹੁੰਚ ਗਿਆ ਹੈ।

ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਹਾਲੇ ਦੋ ਕੁ ਹਫ਼ਤੇ ਪਹਿਲਾਂ ਹੀ ਡਾ. ਸੰਦੀਪ ਕੁਮਾਰ ਗੁਪਤਾ ਨਾਮੀ ਅਪੀਲਕਰਤਾ ਦੀ ਅਪੀਲ 'ਤੇ ਸੁਣਾਏ ਗਏ ਫ਼ੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨਰ ਦੇ ਵਕੀਲ ਐਡਵੋਕੇਟ ਸਰਦਵਿੰਦਰ ਗੋਇਲ ਵੱਲੋਂ ਕਿਹਾ ਗਿਆ ਹੈ ਕਿ ਗ੍ਰਹਿ ਵਿਭਾਗ ਪੰਜਾਬ ਵੱਲੋਂ ਸਿਰਫ਼ ਇਹ ਕਿਹਾ ਹੋਣਾ ਕਿ 'ਮੰਗੀ ਗਈ ਸੂਚਨਾ ਉਨ੍ਹਾਂ ਕੋਲ ਮੌਜੂਦ ਨਹੀਂ ਹੈ', ਕਾਨੂੰਨੀ ਨਜ਼ਰੀਏ ਤੋਂ ਸਹੀ ਨਹੀਂ ਹੈ। ਪਟੀਸ਼ਨਰ ਵੱਲੋਂ ਪੰਜਾਬ ਦੇ ਗ੍ਰਹਿ ਵਿਭਾਗ ਦੇ ਜਨ ਸੂਚਨਾ ਅਧਿਕਾਰੀ (ਪੀ.ਆਈ.ਓ.) ਉਤੇ ਆਰ.ਟੀ.ਆਈ. ਐਕਟ ਦੀ ਧਾਰਾ 6 (3) ਦੀ ਵੀ ਉਲੰਘਣਾ ਦਾ ਦੋਸ਼ ਲਾਇਆ ਹੈ।




ਅਪੀਲਕਰਤਾ ਨੇ ਬੈਂਚ ਨੂੰ ਕਿਹਾ ਕਿ ਉਕਤ ਅਧਿਕਾਰੀ ਨੂੰ ਸ਼ਸ਼ੀ ਕਾਂਤ ਦੀ ਰਿਪੋਰਟ ਬਾਰੇ ਮੰਗੀ ਜਾਣਕਾਰੀ ਵਾਲੀ ਅਰਜ਼ੀ ਅੱਗੇ ਸਬੰਧਤ ਵਿਭਾਗ ਜਾਂ ਜਨਤਕ ਅਥਾਰਿਟੀ ਨੂੰ ਭੇਜਣੀ ਬਣਦੀ ਸੀ, ਜਾਂ ਫਿਰ ਇਹ ਕਿਹਾ ਜਾਣਾ ਬਣਦਾ ਸੀ ਕਿ ਉਹ ਉਕਤ ਸੂਚਨਾ ਬਾਰੇ ਇਹ ਨਹੀਂ ਜਾਣਦਾ ਕਿ ਇਹ ਕਿਸ ਕੋਲ ਹੈ, ਜਾਂ ਫਿਰ ਕਹਿਣਾ ਬਣਦਾ ਸੀ ਕਿ ਸ਼ਸ਼ੀ ਕਾਂਤ ਵੱਲੋਂ ਕਦੇ ਅਜਿਹੀ ਕੋਈ ਰਿਪੋਰਟ ਸੌਂਪੀ ਹੀ ਨਹੀਂ ਗਈ।

ਉਕਤ ਮਾਮਲੇ ਵਿਚ ਜਨ ਸੂਚਨਾ ਅਧਿਕਾਰੀ ਵੱਲੋਂ ਮਹਿਜ਼ 'ਮੰਗੀ ਗਈ ਸੂਚਨਾ ਰਿਕਾਰਡ ਵਿਚ ਮੌਜੂਦ ਨਹੀਂ ਹੈ' ਹੀ ਕਿਹਾ ਜਾਣਾ ਆਰ.ਟੀ.ਐਕਟ ਦੀਆਂ ਵਿਵਸਥਾਵਾਂ ਮੁਤਾਬਕ ਨਾਕਾਫ਼ੀ ਹੈ। ਇਸੇ ਨੂੰ ਆਧਾਰ ਬਣਾ ਕੇ ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਕੇਸ ਦਾ ਨਿਪਟਾਰਾ ਕਰ ਦਿੱਤਾ ਜਾਣਾ ਵੀ ਵਾਜਬ ਨਹੀਂ ਹੈ। ਜਸਟਿਸ ਮਹੇਸ਼ ਗਰੋਵਰ ਵੱਲੋਂ ਉਕਤ ਫ਼ੈਸਲੇ ਨੂੰ ਚੁਣੌਤੀ ਵਾਲੀ ਹਾਲੀਆ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਰਾਜ ਸੂਚਨਾ ਕਮਿਸ਼ਨ, ਗ੍ਰਹਿ ਵਿਭਾਗ ਤੇ ਏ.ਡੀ.ਜੀ.ਪੀ. (ਇੰਟੈਲੀਜੈਂਸ) ਨੂੰ ਨੋਟਿਸ ਜਾਰੀ ਕਰ ਦਿੱਤੇ ਗਏ ਹਨ।

## ਇਤਿਹਾਸਿਕ ਗੁਰਦੁਆਰਿਆਂ ਵਿਚ ਕੁਦਰਤੀ ਖੇਤੀ ਦੀ ਸ਼ੁਰੂਆਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਖੇਤੀ ਕਰਨ ਦੀ ਰਸਮੀ ਸ਼ੁਰੂਆਤ ਇਤਿਹਾਸਿਕ ਗੁਰਦੁਆਰਾ ਸਤਲਾਣੀ ਸਾਹਿਬ ਵਿਖੇ ਸੱਤ ਏਕੜ ਬਾਗਾਂ ਵਾਲੀ ਜ਼ਮੀਨ 'ਤੇ ਕੁਦਰਤੀ ਸਬਜ਼ੀਆਂ ਲਗਾ ਕੇ ਕਰ ਦਿੱਤੀ ਹੈ। ਕਮੇਟੀ ਵੱਲੋਂ ਲੋਕਾਂ ਨੂੰ ਕੀਟਨਾਸ਼ਕਾਂ ਤੋਂ ਮੁਕਤ ਖੇਤੀ ਤੇ ਕਿਸਾਨਾਂ ਨੂੰ ਇਸ ਵੱਲ ਪ੍ਰੇਰਤ ਕਰਨ ਦੇ ਮੰਤਵ ਨਾਲ ਇਹ ਫੈਸਲਾ ਕੀਤਾ ਗਿਆ ਸੀ ਕਿ ਗੁਰਦਆਰਿਆਂ ਦੇ ਪ੍ਰਬੰਧਾਂ ਅਧੀਨ ਆਉਂਦੀ ਜ਼ਮੀਨ ਉਤੇ ਕੁਦਰਤੀ ਖੇਤੀ ਸ਼ੁਰੂ ਕੀਤੀ ਜਾਵੇ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਦੇ ਉਘੇ ਖੇਤੀ ਮਾਹਿਰਾਂ ਤੋਂ ਰਾਏ ਵੀ ਲਈ ਗਈ ਸੀ। ਖੇਤੀਬਾੜੀ ਮਾਹਿਰਾਂ ਵੱਲੋਂ ਸਲਾਹ ਦਿੱਤੀ ਗਈ ਸੀ ਕਿ 1950 ਤੋਂ ਪਹਿਲਾਂ ਵਾਲੀ ਕੁਦਰਤੀ ਖੇਤੀ ਮਨੁੱਖੀ ਸ਼ਰੀਰ ਤੇ ਵਾਤਾਵਰਣ ਲਈ ਲਾਹੇਵੰਦ ਸਿੱਧ ਹੋ ਸਕਦੀ ਹੈ ਜਿਸ ਤੋਂ ਬਾਅਦ ਕਮੇਟੀ ਨੇ ਉਦੋਂ ਵਾਲੀ ਕੁਦਰਤੀ ਖੇਤੀ ਕਰਨ ਦਾ ਮਨ ਬਣਾ ਲਿਆ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਅੱਜ ਫਸਲਾਂ ਦਾ ਵੱਧ ਝਾੜ ਲੈਣ ਲਈ ਕਿਸਾਨ ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਨਾਲ ਵਾਤਾਵਰਣ ਨੂੰ ਜ਼ਹਿਰੀਲਾ ਬਣਾ ਰਹੇ ਹਨ, ਜੋ ਗੰਭੀਰ ਰੋਗਾਂ ਨੂੰ ਜਨਮ ਦੇ ਰਿਹਾ ਹੈ।


# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 12 ਸਤੰਬਰ 2015*

## ਸਿਆਸਤ ਤੇ ਸੱਤਾ ਦੀ ਜੁਗਲਬੰਦੀ

ਮਾਲਵੇ ਵਿਚ ਬਾਦਲਾਂ ਅਤੇ ਕੇਂਦਰੀ ਮਨੁੱਖੀ ਵਸੀਲੇ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਦੀ ਜੁਗਲਬੰਦੀ ਦੇਖਿਆਂ ਹੀ ਬਣਦੀ ਸੀ। ਸਮ੍ਰਿਤੀ ਇਰਾਨੀ ਕੇਂਦਰੀ ਯੂਨੀਵਰਸਿਟੀ ਦੇ ਸਮਾਗਮਾਂ ਵਿਚ ਸ਼ਿਰਕਤ ਕਰਨ ਪੰਜਾਬ ਪੁੱਜੀ ਹੋਈ ਸੀ। ਪਿੰਡ ਘੁੱਦਾ (ਬਠਿੰਡਾ) ਵਿਚ ਹੋਏ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮੋਦੀ ਮੋਹ ਇਕ ਵਾਰ ਫਿਰ ਜਾਗ ਪਿਆ। ਉਨ੍ਹਾਂ ਉਚਾਰਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਕਦੀ ਖਾਲੀ ਹੱਥ ਨਹੀਂ ਮੋੜਿਆ। ਬਾਦਲ ਦਾ ਇਹ ਬਿਆਨ ਇਕਦਮ ਚੁੰਝ-ਚਰਚਾ ਦਾ ਵਿਸ਼ਾ ਬਣ ਗਿਆ। ਕੱਲ੍ਹ ਤੱਕ ਤਾਂ ਬਾਦਲ ਕੂਕਾਂ ਮਾਰ ਰਹੇ ਸਨ ਕਿ ਨਰੇਂਦਰ ਮੋਦੀ ਅਤੇ ਉਸ ਦੀ ਸਰਕਾਰ (ਭਾਵੇਂ ਇਸ ਸਰਕਾਰ ਵਿਚ ਉਸ ਦੀ ਨੂੰਹ ਹਰਸਿਮਰਤ ਕੌਰ ਬਾਦਲ ਵੀ ਮੰਤਰੀ ਹੈ) ਉਨ੍ਹਾਂ ਦੀ ਗੱਲ ਨਹੀਂ ਸੁਣ ਰਹੇ। ਨਰੇਂਦਰ ਮੋਦੀ ਤਾਂ ਉਨ੍ਹਾਂ ਨੂੰ ਮਿਲਣ ਲਈ ਸਮਾਂ ਹੀ ਨਹੀਂ ਸਨ ਦੇ ਰਹੇ। ਹੁਣ ਕਿਤੇ ਜਾ ਕੇ ਉਹ ਮੋਦੀ ਨਾਲ ਮਿਲਣੀ ਕਰਨ ਵਿਚ ਸਫਲ ਹੋਏ ਹਨ। ਉਹ ਵੀ ਸ਼ਾਇਦ ਇਸ ਕਰ ਕੇ ਸੰਭਵ ਹੋਇਆ ਹੋਵੇ, ਕਿਉਂਕਿ ਮੋਦੀ ਨੇ ਹਵਾਈ ਅੱਡੇ ਦਾ ਉਦਘਾਟਨ ਕਰਨ ਪੰਜਾਬ ਆਉਣਾ ਸੀ। ਇਹ ਗੱਲ ਹੈ ਵੀ ਸੋਲਾਂ ਆਨੇ ਸੱਚ ਕਿ ਕੇਂਦਰ ਵਿਚ ਮੋਦੀ ਦੀ ਅਗਵਾਈ ਹੇਠ ਸਰਕਾਰ ਬਣਨ ਤੋਂ ਬਾਅਦ ਜੋ ਆਸਾਂ ਬਾਦਲਾਂ ਨੇ ਲਾਈਆਂ ਸਨ, ਉਹ ਪੂਰੀਆਂ ਤਾਂ ਕੀ ਹੋਣੀਆਂ ਸਨ, ਉਨ੍ਹਾਂ ਬਾਰੇ ਕਿਤੇ ਢੰਗ ਨਾਲ ਸੁਣਵਾਈ ਵੀ ਨਹੀਂ ਹੋਈ। ਅਸਲ ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਬਾਦਲਾਂ ਵੱਲੋਂ ਚੌਟਾਲਿਆਂ ਦੀ ਹਮਾਇਤ ਕਰਨ 'ਤੇ ਭਾਜਪਾਈ ਡਾਢੇ ਔਖੇ ਹੋ ਗਏ। ਜੇ ਚੌਟਾਲੇ ਜਿੱਤ ਜਾਂਦੇ ਜਾਂ ਘੱਟੋ-ਘੱਟ ਜ਼ਿਕਰਯੋਗ ਸੀਟਾਂ ਹਾਸਲ ਕਰ ਲੈਂਦੇ, ਫਿਰ ਤਾਂ ਤਾਲਮੇਲ ਕਿਤੇ ਨਾ ਕਿਤੇ ਬੈਠ ਹੀ ਜਾਣਾ ਸੀ, ਪਰ ਹਰਿਆਣਾ ਵਿਚ ਭਾਜਪਾ ਦੀ ਢੋਲ-ਵਜਾਊ ਜਿੱਤ ਨੇ ਬਾਦਲਾਂ ਦੀਆਂ ਬੇੜੀਆਂ ਵਿਚ ਵੱਟੇ ਪਾ ਦਿੱਤੇ ਅਤੇ ਮੋਦੀ ਐਂਡ ਪਾਰਟੀ ਉਨ੍ਹਾਂ ਤੋਂ ਕਿਨਾਰਾ ਕਰਨ ਲੱਗੀ। ਹੁਣ ਤੱਕ ਬਾਦਲ ਕਾਂਗਰਸ ਦੀ ਨੁਕਤਾਚੀਨੀ ਇਹ ਕਹਿ ਕੇ ਕਰਦੇ ਆਏ ਹਨ ਕਿ ਇਸ ਨੇ ਪੰਜਾਬ ਦੀ ਗੱਲ ਕਦੀ ਨਹੀਂ ਸੁਣੀ, ਸਗੋਂ ਪੰਜਾਬ ਨਾਲ ਧੱਕਾ ਹੀ ਕੀਤਾ। ਕਈ ਪੱਖਾਂ ਤੋਂ ਵਿਚਾਰਿਆਂ ਇਸ ਤੱਥ ਵਿਚ ਸੱਚਾਈ ਵੀ ਉਜਾਗਰ ਹੁੰਦੀ ਹੈ, ਪਰ ਇਸ ਧੱਕੇ ਤੋਂ ਛੁਟਕਾਰੇ ਲਈ ਜਿਸ ਤਰ੍ਹਾਂ ਦੀ ਮੋਰਚਾਬੰਦੀ ਹੋਣੀ ਚਾਹੀਦੀ ਸੀ, ਉਸ ਦੀ ਥਾਂ ਸਿਰਫ ਸਿਆਸਤ ਅਤੇ ਸੱਤਾ ਦੀ ਡੁਗ-ਡੁਗੀ ਹੀ ਵਜਾਈ ਗਈ। ਸਿੱਟਾ ਇਹ ਨਿਕਲਿਆ ਕਿ ਰਾਜਾਂ ਨਾਲ ਸਬੰਧਤ ਮਸਲੇ ਦਹਾਕਿਆਂ ਬਾਅਦ ਵੀ ਜਿਉਂ ਦੇ ਤਿਉਂ ਹਨ। ਹਾਂ, ਇਸ ਸਮੇਂ ਦੌਰਾਨ ਵੱਖ ਵੱਖ ਆਗੂ ਸੱਤਾ ਦਾ ਸੁੱਖ ਜ਼ਰੂਰ ਮਾਣ ਗਏ ਹਨ। ਸੱਤਾ ਦੇ ਇਸ ਸੁੱਖ ਨੂੰ ਬਰਕਰਾਰ ਰੱਖਣ ਲਈ ਹੀ ਬਾਦਲਾਂ ਨੇ ਦਿੱਲੀ ਦਾ ਗੇੜੇ 'ਤੇ ਗੇੜਾ ਲਾਈ ਰੱਖਿਆ ਹੈ।

ਇਹੀ ਉਹ ਪਿਛੋਕੜ ਸੀ ਜਿਸ ਦੇ ਹਿਸਾਬ ਨਾਲ ਮੁੱਖ ਮੰਤਰੀ ਬਾਦਲ ਨੇ ਸਮ੍ਰਿਤੀ ਇਰਾਨੀ ਦੇ ਜ਼ਰੀਏ ਮੋਦੀ ਨੂੰ ਯਾਦ ਕਰਵਾਇਆ ਕਿ ਵਿਧਾਨ ਸਭਾ ਚੋਣਾਂ ਸਿਰ 'ਤੇ ਚੜ੍ਹੀਆਂ ਆ ਰਹੀਆਂ ਹਨ, ਇਸ ਲਈ ਉਨ੍ਹਾਂ ਦੀ ਬਾਂਹ ਫੜੀ ਜਾਵੇ। ਹੁਣ ਦੇਖਣਾ ਇਹ ਹੈ ਕਿ ਉਲਝੀ ਤੰਦ-ਤਾਣੀ ਦੌਰਾਨ ਸੱਤਾਧਾਰੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਕੋਈ ਤਾਲਮੇਲ ਕਿਸ ਤਰ੍ਹਾਂ ਬੈਠਦਾ ਹੈ। ਭਾਰਤੀ ਜਨਤਾ ਪਾਰਟੀ ਤਾਂ ਖੁਦ ਪੰਜਾਬ ਵਿਚ ਹਰਿਆਣੇ ਵਾਲਾ ਤਜਰਬਾ ਕਰਨ ਲਈ ਅਹੁਲ ਰਹੀ ਹੈ। ਇਸ ਮਾਮਲੇ ਵਿਚ ਆਰ.ਐਸ.ਐਸ. ਦੇ ਆਗੂਆਂ ਨੂੰ ਖੂਬ ਸ਼ਿੰਗਾਰਿਆ ਜਾ ਰਿਹਾ ਹੈ। ਆਰ.ਐਸ.ਐਸ. ਦੀ ਸਮਝ ਹੈ ਕਿ ਪੰਜਾਬ ਵਿਚ ਆਰ.ਐਸ.ਐਸ. ਦੇ ਫੈਲਾਓ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਰਗਾ ਲੀਡਰ ਲੱਭਿਆਂ ਵੀ ਨਹੀਂ ਲੱਭਣਾ। ਅਸਲ ਵਿਚ ਆਰ.ਐਸ.ਐਸ. ਨੇ ਬਾਦਲਾਂ ਦੀ ਨਬਜ਼ ਉਦੋਂ ਹੀ ਫੜ ਲਈ ਸੀ ਜਦੋਂ ਸੀਨੀਅਰ ਅਕਾਲੀ ਆਗੂਆਂ ਨੂੰ ਦਰਕਿਨਾਰ ਕਰ ਕੇ ਕੇਂਦਰ ਵਿਚ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਬਣਵਾਇਆ ਗਿਆ ਸੀ। ਆਰ.ਐਸ.ਐਸ. ਦੀ ਅਗਲੀ ਰਣਨੀਤੀ ਬਾਰੇ ਸੂਹ ਇਹ ਹੈ ਕਿ ਇਹ ਜਥੇਬੰਦੀ ਬਾਦਲਾਂ ਨਾਲ ਜੁਗਲਬੰਦੀ, ਆਪਣੀ ਸਿਆਸੀ ਪੈਂਠ ਬਣਾਉਣ ਤੱਕ ਹੀ ਸੀਮਤ ਰੱਖ ਰਹੀ ਹੈ। ਇਹ ਤੱਥ ਤਾਂ ਹੁਣ ਸਾਹਮਣੇ ਆ ਚੁੱਕੇ ਹਨ ਕਿ ਪੰਜਾਬ ਆਰ.ਐਸ.ਐਸ. ਦੇ ਮੁੱਖ ਏਜੰਡੇ ਵਿਚ ਸ਼ਾਮਲ ਹੈ। ਇਸੇ ਕਰ ਕੇ ਹੀ ਕਹਿੰਦੇ-ਕਹਾਉਂਦੇ ਲੀਡਰਾਂ ਦੀਆਂ ਡਿਊਟੀਆਂ ਪੰਜਾਬ ਵਿਚ ਲਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਵਿਚ ਜਿਸ ਤਰ੍ਹਾਂ ਨਾਗਪੁਰ ਨੂੰ ਆਰ.ਐਸ.ਐਸ. ਦਾ ਹੈਡਕੁਆਰਟਰ ਬਣਾਇਆ ਗਿਆ ਹੈ, ਉਸੇ ਤਰਜ਼ ਉਤੇ ਪੰਜਾਬ ਵਿਚ ਮਾਨਸੇ ਵਾਲੇ ਖੇਤਰ ਦੀ ਚੋਣ ਕੀਤੀ ਗਈ ਹੈ ਅਤੇ ਉਥੇ ਹੇਠਲੇ ਪੱਧਰ ਉਤੇ ਚੁੱਪ-ਚੁਪੀਤੇ ਤਿੱਖੀਆਂ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਇਸ ਇਲਾਕੇ ਦਾ ਦੌਰਾ ਕਈ ਵਾਰ ਕਰ ਚੁੱਕੇ ਹਨ। ਸੂਬੇ ਵਿਚ ਹੋਰ ਥਾਂਈਂ ਵੀ ਪੂਰੀ ਰਣਨੀਤੀ ਤਹਿਤ ਅਜਿਹੀਆਂ ਸਰਗਰਮੀਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਆਰ.ਐਸ.ਐਸ. ਦਾ ਤਹੱਈਆ ਹੈ ਕਿ ਕੇਂਦਰ ਵਿਚ ਮੋਦੀ ਸਰਕਾਰ ਅਤੇ ਪੰਜਾਬ ਵਿਚ ਬਾਦਲ ਸਰਕਾਰ ਦੇ ਹੁੰਦਿਆਂ ਦੱਬ ਕੇ ਸਰਗਰਮੀ ਕੀਤੀ ਜਾਵੇ। ਇਸੇ ਕਰ ਕੇ ਪੰਜਾਬ ਨਾਲ ਸਬੰਧਤ ਪੁਰਾਣੇ ਮੁੱਦੇ ਲੱਭ ਲੱਭ ਕੇ ਖੂਬ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿਚ ਇਕੱਲਿਆਂ ਚੋਣ ਲੜਨ ਬਾਰੇ ਚਰਚਾ ਚਲਾ ਕੇ ਬਾਦਲਾਂ ਦੀ ਨੀਂਦ ਉਡਾ ਦਿੱਤੀ ਗਈ ਹੈ। ਦਰਅਸਲ, ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਆਪਣੇ ਮਿਥੇ ਏਜੰਡੇ ਉਤੇ ਲਗਾਤਾਰ ਪਹਿਰਾ ਦੇ ਰਹੀਆਂ ਹਨ ਅਤੇ ਮੌਕੇ ਮੁਤਾਬਕ ਲਗਾਤਾਰ ਇਸ ਰਣਨੀਤੀ ਵਿਚ ਤਬਦੀਲੀ ਵੀ ਕੀਤੀ ਜਾ ਰਹੀ ਹੈ। ਮੁੱਖ ਮਸਲਾ ਮੌਕਾ ਤਾੜਦਿਆਂ ਹੀ ਅਕਾਲੀ ਦਲ ਨੂੰ ਹੁੱਝ ਮਾਰ ਕੇ ਖੁਦ ਅੱਗੇ ਆਉਣ ਦਾ ਹੈ। ਯੂਨੀਵਰਸਿਟੀ ਸਮਾਗਮ ਦੌਰਾਨ ਸਮ੍ਰਿਤੀ ਇਰਾਨੀ ਵੱਲੋਂ ਬਹੁਤ ਨਾਪ-ਤੋਲ ਕੇ ਕੀਤੀ ਤਕਰੀਰ ਇਸੇ ਰਣਨੀਤੀ ਦਾ ਹੀ ਹਿੱਸਾ ਹੈ। ਦੋਹਾਂ ਧਿਰਾਂ ਦੀ ਇਹ ਰਣਨੀਤੀ ਉਨ੍ਹਾਂ ਦੇ ਹਿਸਾਬ ਨਾਲ ਕਿੰਨੀ ਕਾਮਯਾਬ ਹੁੰਦੀ ਹੈ ਅਤੇ ਦੋਹਾਂ ਧਿਰਾਂ ਵਿਚਕਾਰ ਸਿਆਸਤ ਤੇ ਸੱਤਾ ਦੀ ਚੱਲ ਰਹੀ ਦੌੜ, ਜੁਗਲਬੰਦੀ ਵਿਚ ਵਟਦੀ ਹੈ ਜਾਂ ਕਸ਼ਮਕਸ਼ ਦੀ ਜੂਨੇ ਪੈਂਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼


**ਪੰਡ ਭਰੋਸਿਆਂ ਦੀ!**

ਮਾਂ ਪਹਿਲੀ ਸੀ ਮਾਣ ਜਿਹਾ ਕਰੀ ਜਾਂਦੀ, ਮੰਗਣ ਗਿਆਂ ਨੂੰ ਖਾਲੀ ਨਾ ਮੋੜਿਆ ਸੀ।
ਤਾਂ ਵੀ ਉਹਨੂੰ ਮਤਰੇਈ ਹੀ ਆਖਦੇ ਰਹੇ, ਜਿਸ ਨੇ 'ਪੁੱਤਾਂ' ਦਾ ਦਿਲ ਨਾ ਤੋੜਿਆ ਸੀ।
'ਸਕੀ' ਮਾਂ ਜਤਾਉਣ ਲਈ ਟਿੱਲ ਲਾਇਆ, ਉਸ ਨੇ ਆਉਂਦੇ ਹੀ ਨੱਕ ਸੰਗੋੜਿਆ ਸੀ।
'ਪਤੀ-ਪਤਨੀ' ਦੀ ਰੱਟ ਹੀ ਰਹੇ ਲਾਉਂਦੇ, ਤਿਹ-ਮੋਹ ਪਰ ਅਗਲਿਆਂ ਰੋੜ੍ਹਿਆ ਸੀ।
ਮਸਾਂ ਮੋਦੀ ਨੇ ਮਿਲਣ ਦਾ ਸਮਾਂ ਦਿੱਤਾ, ਆਸ ਚਿਰਾਂ ਦੀ ਪੂਰੀ ਅਫਸੋਸਿਆਂ ਦੀ।
ਬੁੱਕੇ ਫੁੱਲਾਂ ਦੇ ਉਹਨੂੰ ਜਾ ਭੇਟ ਕੀਤੇ, ਉਸ ਨੇ ਬੰਨ੍ਹ'ਤੀ 'ਪੰਡ ਭਰੋਸਿਆਂ' ਦੀ!

# ਦਲਿਤਾਂ ਦੀ ਬੇਗਾਨਗੀ ਅਤੇ ਸਿੱਖ ਭਾਈਚਾਰਾ

***ਜਿਉਂ ਜਿਉਂ ਸਿੱਖਿਆ ਫੈਲੀ, ਖੁਸ਼ਹਾਲੀ ਵਧੀ, ਪੜ੍ਹੇ-ਲਿਖੇ ਤੇ ਅਮੀਰ ਸਿੱਖ ਦਲਿਤਾਂ ਨੂੰ ਆਪਣੇ ਵੱਲ ਖਿੱਚਣ ਦੀ ਸਿਆਣਪ ਤਿਆਗੀ ਗਏ, ਤੇ ਉਨ੍ਹਾਂ ਨੂੰ ਬੇਗਾਨੇ ਬਣਾਈ ਗਏ। ਅਸੀਂ ਕਈ ਵਾਰ ਬਹੁਤ ਹੈਰਾਨੀ ਨਾਲ ਦੇਖਦੇ ਹਾਂ, ਗੁਰੂ ਰਵਿਦਾਸ ਦੇ ਜਨਮ ਦਿਨ ਉਤੇ ਸਜਾਏ ਜਾਂਦੇ ਨਗਰ ਕੀਰਤਨ ਵਿਚ ਸਿਰਫ ਦਲਿਤ ਭਰਾ ਹੀ ਕਿਉਂ ਸ਼ਾਮਿਲ ਹੁੰਦੇ ਹਨ? ਬਾਕੀ ਸਿੱਖ ਕਿਉਂ ਨਹੀਂ ਸ਼ਾਮਿਲ ਹੁੰਦੇ? ਸੱਚੀ ਗੱਲ ਇਹ ਹੈ, ਦਲਿਤਾਂ ਨੂੰ ਪਰੇ ਧੱਕਣਾ ਸਿੱਖ ਧਰਮ ਨਾਲ ਧ੍ਰੋਹ ਕਮਾਉਣਾ ਹੈ। ਦਲਿਤਾਂ ਦੀ ਬੇਗਾਨਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੋਂ ਬਿਲਕੁਲ ਉਲਟ ਹੈ।***

ਜਾਤ-ਪਾਤ ਦਾ ਭਿੰਨ-ਭੇਦ ਸਾਰੇ ਭਾਰਤ ਲਈ ਲਾਅਨਤ ਹੈ, ਪਰ ਪੰਜਾਬ ਵਿਚ ਜਾਤ-ਪਾਤ ਕਾਇਮ ਰਹਿਣੀ ਵਿਸ਼ੇਸ਼ ਤੌਰ 'ਤੇ ਮਿਹਣੇ ਵਾਲੀ ਗੱਲ ਹੈ। ਗੁਰੂ ਸਾਹਿਬਾਨ ਨੇ ਉਚੇ-ਨੀਵੇਂ ਦੀ ਵਰਗ ਵੰਡ ਦਾ ਸਖ਼ਤ ਵਿਰੋਧ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਕਥਿਤ ਹੋਰ 'ਤੇ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਦੇ ਸੰਤ ਮਹਾਂਪੁਰਸ਼ਾਂ ਅਤੇ ਕਬੀਰ ਤੇ ਗੁਰੂ ਰਵਿਦਾਸ ਦੀ ਬਾਣੀ ਬੜੇ ਸਤਿਕਾਰ ਨਾਲ ਗੁਰੂ ਅਰਜਨ ਦੇਵ ਨੇ



ਪਿਆਰਾ ਸਿੰਘ ਭੋਗਲ

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ। ਸਾਰਾ ਪੰਥ ਇਸ ਮਹਾਨ ਗ੍ਰੰਥ ਨੂੰ ਆਪਣਾ ਗੁਰੂ ਮੰਨ ਕੇ ਮੱਥਾ ਟੇਕਦਾ ਹੈ। ਖਾਲਸਾ ਪੰਥ ਸਾਜਣ ਵੇਲੇ ਕਥਿਤ ਨੀਵਿਆਂ ਨੂੰ ਵੀ ਅੰਮ੍ਰਿਤ ਛਕਾਇਆ ਗਿਆ। ਨੀਵੀਆਂ ਜਾਤੀਆਂ ਨੂੰ ਉਚੀਆਂ ਜਾਤੀਆਂ ਦੇ ਬਰਾਬਰ ਬਿਠਾਉਣ ਦਾ ਇਹੋ ਜਿਹਾ ਯਤਨ ਪੂਰੇ ਭਾਰਤ ਵਿਚ ਹੋਰ ਕਿਸੇ ਰਾਜ ਵਿਚ ਨਹੀਂ ਹੋਇਆ। ਫਿਰ ਵੀ, ਪੰਜਾਬ ਵਿਚ ਜਾਤ-ਪਾਤ ਦੀ ਸਮਾਜਕ ਵੰਡ ਜਾਰੀ ਰਹਿਣੀ ਪੰਜਾਬ ਲਈ ਅਪਮਾਨ ਵਾਲੀ ਗੱਲ ਹੈ। ਇਸ ਦੇ ਲਈ ਸਿੱਖ ਭਾਈਚਾਰਾ ਦੋਸ਼ੀ ਹੈ। ਨੀਵੇਂ ਅਖਵਾਉਂਦੇ ਲੋਕ ਪੰਜਾਬ ਵਿਚ ਉਚਿਆਂ ਦੇ ਬਰਾਬਰ ਆਉਣ ਲਈ ਹਮੇਸ਼ਾ, ਆਸ਼ਾ ਭਰਪੂਰ ਯਤਨ ਕਰਦੇ ਰਹੇ, ਪਰ ਉਨ੍ਹਾਂ ਨੂੰ ਵਾਰ ਵਾਰ ਨਿਰਾਸ਼ ਕੀਤਾ ਗਿਆ।

ਬਹੁਤ ਪ੍ਰਸਿੱਧ ਮਿਸਾਲ ਹੈ। ਜਦੋਂ 1870 ਤੋਂ ਬਾਅਦ ਸਿੰਘ ਸਭਾ ਲਹਿਰ ਸ਼ੁਰੂ ਹੋਈ, ਤਾਂ ਇਸ ਦੇ ਪਹਿਲੇ ਵੱਡੇ ਪ੍ਰਚਾਰਕ ਗਿਆਨੀ ਦਿੱਤ ਸਿੰਘ ਸਨ। ਉਹ ਦਲਿਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਦੇ ਮੁਤਾਬਿਕ ਸਿੱਖ ਭਾਈਚਾਰੇ ਦੇ ਸੁਧਾਰ ਲਈ ਬਹੁਤ ਜੋਸ਼ ਨਾਲ ਲਹਿਰ ਚਲਾਈ। ਅਖ਼ਬਾਰ ਕੱਢੇ। ਪੁਸਤਕਾਂ ਲਿਖੀਆਂ। ਭਾਸ਼ਣ ਦਿੱਤੇ। ਉਨ੍ਹਾਂ ਦਿਨਾਂ ਵਿਚ ਬਾਬਾ ਖੇਮ ਸਿੰਘ ਬੇਦੀ ਵੀ ਇਸ ਲਹਿਰ ਵਿਚ ਹਿੱਸਾ ਲੈ ਰਹੇ ਸਨ। ਉਨ੍ਹਾਂ ਦਾ ਸਬੰਧ ਗੁਰੂ ਨਾਨਕ ਦੇ ਖਾਨਦਾਨ ਨਾਲ ਸੀ। ਇਸ ਕਰ ਕੇ ਉਹ ਗੁਰਦੁਆਰਿਆਂ ਵਿਚ ਆਪਣੀ ਗੱਦੀ ਲਾ ਕੇ ਬੈਠਦੇ ਸਨ। ਗਿਆਨੀ ਦਿੱਤ ਸਿੰਘ ਨੇ ਇਨ੍ਹਾਂ ਗੱਦੀਧਾਰੀਆਂ ਦੀ ਆਲੋਚਨਾ ਕੀਤੀ। ਸਿੱਖ ਭਾਈਚਾਰੇ ਦੇ ਸ਼ੁਭ-ਚਿੰਤਕ ਸਿਆਣਿਆਂ ਨੂੰ ਇਹ ਦੇਖ ਕੇ ਅਫ਼ਸੋਸ ਹੋਇਆ ਕਿ ਗਿਆਨੀ ਦਿੱਤ ਸਿੰਘ ਜਿਹੇ ਉਚ-ਕੋਟੀ ਦੇ ਵਿਦਵਾਨ ਤੇ ਸੁਧਾਰਕ ਸਿੱਖ ਨੂੰ ਵੀ ਰਵਾਇਤ-ਪਸੰਦ ਸਿੱਖਾਂ ਵੱਲੋਂ 'ਨੀਵਾਂ' ਹੀ ਗਿਣਿਆ ਜਾਂਦਾ ਰਿਹਾ। ਇਕ ਵਾਰ ਪ੍ਰਬੰਧਕਾਂ ਦੇ ਸੱਦੇ 'ਤੇ ਗਿਆਨੀ ਦਿੱਤ ਸਿੰਘ ਫਿਰੋਜ਼ਪੁਰ ਭਾਸ਼ਣ ਦੇਣ ਗਏ। ਜਦੋਂ ਪਿਛੋਂ ਦੇਗ ਵਰਤਾਈ ਗਈ ਤਾਂ ਪ੍ਰਸ਼ਾਦ ਵੰਡਣ ਵਾਲੇ ਸੱਜਣ ਨੇ ਗਿਆਨੀ ਜੀ ਦੀ ਬੁੱਕ ਉਤੇ ਦੂਰੋਂ ਪ੍ਰਸ਼ਾਦ ਇਉਂ ਸੁੱਟਿਆ, ਜਿਵੇਂ ਉਨ੍ਹਾਂ ਦੀ ਭਿੱਟ ਤੋਂ ਡਰਦਾ ਹੋਵੇ।

ਇਕ ਹੋਰ ਘਟਨਾ ਤਾਂ ਹੁਣ ਇਤਿਹਾਸ ਬਣ ਚੁੱਕੀ ਹੈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਦਲਿਤ ਭਰਾ ਅੰਮ੍ਰਿਤ ਛਕ ਕੇ ਆਪਣੇ-ਆਪ ਨੂੰ 'ਖਾਲਸੇ' ਕਹਾਉਣ ਲੱਗੇ। ਉਨ੍ਹਾਂ ਨੇ 'ਖਾਲਸਾ ਬਰਾਦਰੀ' ਬਣਾ ਲਈ। ਇਸ ਖਾਲਸਾ ਬਰਾਦਰੀ ਦਾ ਇਕੱਠ ਜੱਲ੍ਹਿਆਂਵਾਲੇ ਬਾਗ ਵਿਚ 1920 ਵਿਚ ਹੋਇਆ। ਇਥੇ ਵੀ ਅੰਮ੍ਰਿਤ ਸੰਚਾਰ ਹੋਇਆ। ਇਹ ਸਿੰਘ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਹਰਿਮੰਦਰ ਸਾਹਿਬ ਗਏ। ਉਸ ਸਮੇਂ ਦੇ ਪੁਜਾਰੀਆਂ ਨੇ ਦੇਗ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਨਾਲ ਉਸ ਸਮੇਂ ਦੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਦੋ ਪ੍ਰਸਿੱਧ ਵਿਦਵਾਨ ਪ੍ਰੋ. ਤੇਜਾ ਸਿੰਘ ਤੇ ਪ੍ਰੋ. ਬਾਵਾ ਹਰਕਿਸ਼ਨ ਸਿੰਘ ਵੀ ਗਏ ਸਨ। ਜਦੋਂ ਪੁਜਾਰੀ ਅਰਦਾਸ ਕਰਨ ਲਈ ਨਾ ਮੰਨੇ ਤਾਂ ਬਾਵਾ ਹਰਕਿਸ਼ਨ ਸਿੰਘ ਨੇ ਅਰਦਾਸ ਕਰਨ ਦੀ ਪੇਸ਼ਕਸ਼ ਕੀਤੀ, ਪਰ ਗਰਮ-ਖਿਆਲ ਸੱਜਣ ਅੜ ਗਏ। ਪੁਜਾਰੀ ਕਿਉਂ ਨਾ ਅਰਦਾਸ ਕਰਨ? ਅਖੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ 'ਹੁਕਮ' ਲੈਣ ਦਾ ਫ਼ੈਸਲਾ ਹੋਇਆ। ਹੁਕਮ ਸੁਣਿਆ ਗਿਆ ਤਾਂ ਪੁਜਾਰੀ ਸ਼ਰਮਿੰਦੇ ਹੋ ਗਏ, ਕਿਉਂਕਿ ਹੁਕਮ ਸੀ ਕਿ ਗੁਰੂ ਨੀਵਿਆਂ ਉਤੇ ਬਖ਼ਸ਼ਿਸ਼ ਕਰਦਾ ਹੈ।

ਪੁਜਾਰੀਆਂ ਦੀ ਪੁਰਾਤਨ ਪੰਥੀ ਹਠਧਰਮੀ ਦੇਖ ਕੇ ਹੀ ਉਸ ਸਮੇਂ ਦੇ ਗਰਮ-ਖਿਆਲ ਪੰਥ ਦਰਦੀਆਂ ਨੇ 'ਅਕਾਲੀ ਲਹਿਰ' ਸ਼ੁਰੂ ਕੀਤੀ ਸੀ। ਉਸ ਸਮੇਂ ਹਰਿਮੰਦਰ ਸਾਹਿਬ ਦੇ ਪੁਜਾਰੀ ਤਾਂ ਅਰਦਾਸ ਕਰਨੀ ਮੰਨ ਗਏ ਸਨ। ਅਕਾਲ ਤਖ਼ਤ ਦੇ ਪੁਜਾਰੀ ਅਰਦਾਸ ਕਰਨ ਦੇ ਡਰੋਂ, ਅਕਾਲ ਤਖ਼ਤ ਸਾਹਿਬ ਦੀ ਸੇਵਾ ਛੱਡ ਕੇ, ਘਰਾਂ ਨੂੰ ਦੌੜ ਗਏ। ਪੰਥ ਦਰਦੀਆਂ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਖੁਦ ਸੰਭਾਲਣ ਲਈ ਉਸੇ ਵੇਲੇ ਕਮੇਟੀ ਬਣਾਈ। ਇਹੋ ਕਮੇਟੀ ਹੀ ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਧਾਰ ਬਣੀ ਸੀ। ਜ਼ਾਹਰ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਦਾ ਇਕ ਫੌਰੀ ਕਾਰਨ ਦਲਿਤ ਭਾਈਚਾਰੇ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਰੋਕਣਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਵਾਇਤ-ਪਸੰਦੀ ਹਟਾਉਣ ਦਾ ਕਾਫ਼ੀ ਯਤਨ ਕੀਤਾ, ਪਰ ਪੂਰੀ ਸਫਲਤਾ ਨਹੀਂ ਮਿਲੀ। ਪੂਰੀ ਸਫਲਤਾ ਨਾ ਮਿਲਣ ਦਾ ਵੱਡਾ ਕਾਰਨ ਹਿੰਦੂ ਧਰਮ ਵਿਚੋਂ ਆਏ ਜਾਤ-ਪਾਤ ਦੇ ਡੂੰਘੇ ਸੰਸਕਾਰ ਹਨ। ਇਨ੍ਹਾਂ ਸੰਸਕਾਰਾਂ ਦੇ ਸਾਹਮਣੇ ਇਸਲਾਮ ਤੇ ਈਸਾਈ ਧਰਮ ਵੀ ਹਾਰ ਗਏ ਸਨ। ਇਹ ਦੋਵੇਂ ਧਰਮ ਉਚ-ਨੀਚ ਦੇ ਸੰਕਲਪ ਨੂੰ ਨਹੀਂ ਮੰਨਦੇ। ਬਹੁਤ ਸਾਰੇ ਭਾਰਤੀ ਲੋਕ ਉਚ-ਨੀਚ ਦੀ ਦਲਦਲ ਵਿਚੋਂ ਨਿਕਲਣ ਲਈ ਮੁਸਲਮਾਨ ਤੇ ਈਸਾਈ ਬਣੇ, ਪਰ ਧਰਮ ਪਰਿਵਰਤਨ ਤੋਂ ਬਾਅਦ ਵੀ ਇਨ੍ਹਾਂ ਭਾਰਤੀਆਂ ਵਿਚ ਜਾਤ-ਪਾਤ ਦਾ ਪਾੜ ਲੋਪ ਨਹੀਂ ਹੋਇਆ। ਇਹੋ ਬੁਰਾਈ ਸਿੱਖ ਭਾਈਚਾਰੇ ਵਿਚ ਵੀ ਆ ਗਈ ਹੈ।

ਇਸ ਦੇ ਬਾਵਜੂਦ ਪੰਜਾਬ ਬਾਕੀ ਭਾਰਤੀ ਰਾਜਾਂ ਨਾਲੋਂ ਵੱਧ ਪ੍ਰਗਤੀਵਾਦੀ ਖੇਤਰ ਸਾਬਤ ਹੋਇਆ ਹੈ। ਛੂਤ-ਛਾਤ ਇਥੇ ਲੋਪ ਹੋ ਗਈ ਹੈ। ਸੰਗਤ ਤੇ ਪੰਗਤ ਵਿਚ ਬੈਠਣ ਦੀ ਸਿੱਖ ਧਰਮ ਦੀ ਪਰੰਪਰਾ ਨੇ ਜਾਤਾਂ ਦਾ ਵੱਖਰੇਵਾਦ ਘਟਾਇਆ ਹੈ। ਸੰਗਤ ਕਿਤੇ ਵੀ ਬੈਠੀ ਹੋਵੇ, ਪੰਜਾਬੀ ਲੋਕ ਬਿਨਾਂ ਵਿਤਕਰੇ ਦੇ ਰਲ-ਮਿਲ ਕੇ ਬੈਠਦੇ ਹਨ। ਹੁਣ ਤਾਂ ਸ਼ਾਦੀ ਦੇ ਮੌਕੇ ਉਤੇ ਸਭ ਭਾਈਚਾਰਿਆਂ ਦੇ ਲੋਕ ਧੀਆਂ ਅਤੇ ਪੁਤੇਰਿਆਂ ਵਿਚ ਰਲ-ਮਿਲ ਕੇ ਸ਼ਾਮਿਲ ਹੁੰਦੇ ਹਨ। ਖਾਣ-ਪੀਣ ਦੇ ਮਾਮਲੇ ਵਿਚ ਕੋਈ ਪਰਹੇਜ਼ ਨਹੀਂ।

**ਪੰਜਾਬ ਬਾਕੀ ਭਾਰਤੀ ਰਾਜਾਂ ਨਾਲੋਂ ਵੱਧ ਪ੍ਰਗਤੀਵਾਦੀ ਖੇਤਰ ਸਾਬਤ ਹੋਇਆ ਹੈ। ਛੂਤ-ਛਾਤ ਇਥੇ ਲੋਪ ਹੋ ਗਈ ਹੈ। ਸੰਗਤ ਤੇ ਪੰਗਤ ਵਿਚ ਬੈਠਣ ਦੀ ਸਿੱਖ ਧਰਮ ਦੀ ਪਰੰਪਰਾ ਨੇ ਜਾਤਾਂ ਦਾ ਵੱਖਰੇਵਾਦ ਘਟਾਇਆ ਹੈ। ਸੰਗਤ ਕਿਤੇ ਵੀ ਬੈਠੀ ਹੋਵੇ, ਪੰਜਾਬੀ ਲੋਕ ਬਿਨਾਂ ਵਿਤਕਰੇ ਦੇ ਰਲ-ਮਿਲ ਕੇ ਬੈਠਦੇ ਹਨ।**

ਜਿਵੇਂ ਮਾਝੇ ਤੇ ਮਾਲਵੇ ਵਿਚ ਖਾਲਸਾ ਬਰਾਦਰੀ ਵਧ-ਫੁੱਲ ਰਹੀ ਸੀ, ਇਵੇਂ ਹੀ ਦੁਆਬੇ ਵਿਚ ਦਲਿਤ ਵੀਰ, ਜਿਨ੍ਹਾਂ ਨੂੰ ਰਵਿਦਾਸੀਆ ਬਰਾਦਰੀ ਕਿਹਾ ਜਾਂਦਾ ਸੀ, ਗੁਰਦੁਆਰਿਆਂ ਵਿਚ ਆਉਂਦੇ ਸਨ। ਸੰਗਤ ਵਿਚ ਬੈਠਦੇ ਸਨ। ਪੰਗਤ ਵਿਚ ਲੰਗਰ ਛਕਦੇ ਸਨ। ਕਥਿਤ ਉਚ ਜਾਤੀ ਨਾਲ ਸਬੰਧਤ ਕੁਝ ਲੋਕ ਨੱਕ-ਬੁਲ੍ਹ ਚੜ੍ਹਾਉਂਦੇ ਸਨ, ਪਰ ਬਹੁ-ਗਿਣਤੀ ਰਲ ਕੇ ਚੱਲਣ ਵਿਚ ਯਕੀਨ ਰੱਖਦੀ ਸੀ। ਆਰਥਿਕ ਲੋੜ ਵੀ ਸੀ। ਸਿੱਖ ਕਿਸਾਨ ਭੂਮੀਪਤੀ ਸਨ। ਰਵਿਦਾਸੀ ਪਰਿਵਾਰਾਂ ਦੇ ਪੁਰਸ਼ ਖੇਤ ਮਜ਼ਦੂਰ ਸਨ। ਖੇਤ ਮਜ਼ਦੂਰ ਬਿਨਾਂ ਖੇਤੀ ਨਹੀਂ ਹੋ ਸਕਦੀ ਸੀ। ਜਦੋਂ ਕਿਸਾਨ ਦੇ ਘਰੋਂ ਰੋਟੀ ਆਉਂਦੀ, ਤਾਂ ਇਹ ਮਾਲਕ ਕਿਸਾਨ ਲਈ ਵੀ ਆਉਂਦੀ, ਤੇ ਦਲਿਤ ਖੇਤ ਮਜ਼ਦੂਰ ਲਈ ਵੀ। ਸਿਰਫ ਇੰਨਾ ਕੁ ਭਿੰਨ-ਭੇਦ ਜ਼ਰੂਰ ਹੁੰਦਾ ਸੀ ਕਿ ਦਲਿਤ ਕਾਮਾ ਆਪਣੇ ਘਰੋਂ ਲਿਆਂਦੇ ਬਰਤਨਾਂ ਵਿਚ ਰੋਟੀ ਖਾਂਦਾ ਸੀ। ਪੀਣ ਵਾਲਾ ਪਾਣੀ ਮਾਲਕ ਕਿਸਾਨ ਵੀ ਵਗਦੇ ਖੂਹ ਦੀ ਨਿਸਾਰ ਵਿਚੋਂ ਲੈਂਦਾ ਸੀ, ਤੇ ਉਸ ਦਾ ਗਰੀਬ ਕਾਮਾ ਵੀ।

ਵਿਸ਼ੇਸ਼ ਗੱਲ ਇਹ ਸੀ ਕਿ ਦਲਿਤ ਪਰਿਵਾਰ ਦੁੱਖ ਤੇ ਸੁੱਖ, ਦੋਵਾਂ ਸਮਿਆਂ ਉਤੇ ਗੁਰੂ ਗ੍ਰੰਥ ਸਾਹਿਬ ਦਾ ਹੀ ਓਟ-ਆਸਰਾ ਲੈਂਦੇ ਸਨ। ਦਲਿਤ ਧੀਆਂ-ਪੁੱਤਾਂ ਦੀਆਂ ਸ਼ਾਦੀਆਂ ਵੀ ਗੁਰੂ ਗ੍ਰੰਥ ਵਿਚੋਂ ਲਾਵਾਂ ਪੜ੍ਹ ਕੇ ਕੀਤੀਆਂ ਜਾਂਦੀਆਂ ਸਨ। ਜਿਹੜੇ ਰਾਗੀ ਸਿੰਘ ਕਥਿਤ ਉਚ ਜਾਤੀਆਂ ਦੇ ਵਿਆਹ ਪੜ੍ਹਾਉਂਦੇ ਸਨ, ਉਹੀ ਦਲਿਤ ਘਰਾਂ ਵਿਚ ਵੀ ਹਾਜ਼ਰ ਹੁੰਦੇ ਸਨ। ਕੁਝ ਹਫ਼ਤੇ ਪਹਿਲਾਂ ਜਦੋਂ ਦੁਆਬੇ ਦੇ ਵੱਡੇ ਦਲਿਤ ਨੇਤਾ ਚੌਧਰੀ ਜਗਜੀਤ ਸਿੰਘ ਪੂਰੇ ਹੋਏ ਤਾਂ ਉਨ੍ਹਾਂ ਦੇ ਦਾਹ ਸੰਸਕਾਰ ਵੇਲੇ ਵੀ ਤੇ ਪਿਛੋਂ ਅੰਤਿਮ ਅਰਦਾਸ ਦੇ ਮੌਕੇ ਉਤੇ ਵੀ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵੈਰਾਗਮਈ ਕੀਰਤਨ ਹੋਇਆ। ਚੌਧਰੀ ਜਗਜੀਤ ਸਿੰਘ ਨੇ ਜਲੰਧਰ ਵਿਚ ਲਿੰਕ ਰੋਡ ਉਤੇ ਰਵਿਦਾਸ ਭਵਨ ਦੀ ਉਸਾਰੀ ਕਰਵਾਈ। ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਰਾਗੀ ਸਿੰਘ ਗੁਰਬਾਣੀ ਦਾ ਕੀਰਤਨ ਕਰਦੇ ਹਨ।

ਖਾਲਸਾ ਬਰਾਦਰੀ ਤੇ ਰਵਿਦਾਸ ਭਾਈਚਾਰੇ ਨੂੰ ਇਹ ਸ਼ਾਬਾਸ਼ੀ ਹੈ ਕਿ ਉਹ ਸਰਬ ਸਾਂਝੇ ਗੁਰੂ ਗਰੰਥ ਸਾਹਿਬ ਨਾਲ ਜੁੜੇ ਹੋਏ ਹਨ। ਮੁਸ਼ਕਿਲਾਂ ਦੇ ਬਾਵਜੂਦ, ਉਹ ਸਮੁੱਚੇ ਸਿੱਖ ਭਾਈਚਾਰੇ ਨਾਲ ਸਬੰਧ ਬਣਾਈ ਰੱਖਣ ਦਾ ਯਤਨ ਕਰਦੇ ਰਹੇ ਹਨ, ਪਰ ਸਿੱਖ ਭਾਈਚਾਰੇ ਨੇ ਆਪਣਾ ਫ਼ਰਜ਼ ਨਹੀਂ ਪਛਾਣਿਆ। ਉਨ੍ਹਾਂ ਨੇ ਦਲਿਤਾਂ ਨੂੰ ਪਰ੍ਹੇ ਧੱਕਿਆ। ਜਿਵੇਂ ਪਹਿਲਾਂ ਲਿਖਿਆ ਹੈ, ਪੰਜਾਬੀ ਦਲਿਤ ਪਰਿਵਾਰ, ਭਿੰਨ-ਭੇਦ ਦੀਆਂ ਸ਼ਿਕਾਇਤਾਂ ਦੇ ਬਾਵਜੂਦ ਸਿੱਖ ਭਾਈਚਾਰੇ ਤੋਂ ਦੂਰ ਨਹੀਂ ਜਾਣਾ ਚਾਹੁੰਦੇ ਸਨ। ਪਿੰਡਾਂ ਵਿਚ ਉਨ੍ਹਾਂ ਦੀ ਰੋਜ਼ੀ-ਰੋਟੀ ਸਿੱਖ ਕਿਸਾਨਾਂ ਨਾਲ ਸਹਿਯੋਗ ਕਰਨ ਵਿਚ ਸੀ। ਸ਼ਹਿਰਾਂ ਵਿਚ ਵੀ ਦਲਿਤ ਪਰਿਵਾਰ ਘਰਾਂ ਦੀ ਸਾਫ਼-ਸਫ਼ਾਈ ਦਾ ਕੰਮ ਕਰਦੇ ਸਨ,

ਪਰ ਜਿਉਂ ਜਿਉਂ ਸਿੱਖਿਆ ਫੈਲੀ, ਖੁਸ਼ਹਾਲੀ ਵਧੀ, ਪੜ੍ਹੇ-ਲਿਖੇ ਤੇ ਅਮੀਰ ਸਿੱਖ, ਦਲਿਤਾਂ ਨੂੰ ਆਪਣੇ ਵੱਲ ਖਿੱਚਣ ਦੀ ਸਿਆਣਪ ਤਿਆਗੀ ਗਏ, ਤੇ ਉਨ੍ਹਾਂ ਨੂੰ ਬੇਗਾਨੇ ਬਣਾਈ ਗਏ। ਅਸੀਂ ਕਈ ਵਾਰ ਬਹੁਤ ਹੈਰਾਨੀ ਨਾਲ ਦੇਖਦੇ ਹਾਂ, ਗੁਰੂ ਰਵਿਦਾਸ ਦੇ ਜਨਮ ਦਿਨ ਉਤੇ ਸਜਾਏ ਜਾਂਦੇ ਨਗਰ ਕੀਰਤਨ ਵਿਚ ਸਿਰਫ ਦਲਿਤ ਭਰਾ ਹੀ ਕਿਉਂ ਸ਼ਾਮਿਲ ਹੁੰਦੇ ਹਨ? ਬਾਕੀ ਸਿੱਖ ਕਿਉਂ ਨਹੀਂ ਸ਼ਾਮਿਲ ਹੁੰਦੇ? ਸੱਚੀ ਗੱਲ ਇਹ ਹੈ, ਦਲਿਤਾਂ ਨੂੰ ਪਰ੍ਹੇ ਧੱਕਣਾ ਸਿੱਖ ਧਰਮ ਨਾਲ ਧ੍ਰੋਹ ਕਮਾਉਣਾ ਹੈ। ਦਲਿਤਾਂ ਦੀ ਬੇਗਾਨਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੋਂ ਬਿਲਕੁਲ ਉਲਟ ਹੈ।

# ਜਾਬਰ ਜੇਲ੍ਹ ਪ੍ਰਬੰਧ ਵਿਰੁਧ ਜੱਦੋਜਹਿਦ

**ਸ਼ਹੀਦ ਜਤਿੰਦਰਨਾਥ ਦਾਸ ਦੇ ਸ਼ਹਾਦਤ ਦਿਵਸ 'ਤੇ ਵਿਸ਼ੇਸ਼**



ਜੁਲਾਈ ਮਹੀਨੇ ਕੇਰਲਾ ਦੀ ਜੇਲ੍ਹ ਵਿਚ ਬੰਦ ਮਾਓਵਾਦੀ ਆਗੂ ਰੂਪੇਸ਼ ਨੇ ਜੇਲ੍ਹ ਪ੍ਰਸ਼ਾਸਨ ਵਿਰੁੱਧ ਕਈ ਦਿਨ ਭੁੱਖ ਹੜਤਾਲ ਕੀਤੀ। ਉਸ ਦੀ ਮੁੱਖ ਮੰਗ ਸੀ ਕਿ ਉਸ ਉਪਰੋਂ ਦਹਿਸ਼ਤਗਰਦ ਦਾ ਠੱਪਾ ਹਟਾਇਆ ਜਾਵੇ ਅਤੇ ਸਿਆਸੀ ਕੈਦੀ ਮੰਨਿਆ ਜਾਵੇ, ਕਿਉਂਕਿ ਉਹ ਸਿਆਸੀ ਕਾਰਕੁਨ ਹੈ। ਕਲਕੱਤਾ ਦੀ ਪ੍ਰੈਜ਼ੀਡੈਂਸੀ ਜੇਲ੍ਹ ਦੇ 30 ਮਾਓਵਾਦੀ ਕੈਦੀ ਅਣਮਨੁੱਖੀ ਸਲੂਕ ਵਿਰੁੱਧ ਲਗਾਤਾਰ ਭੁੱਖ ਹੜਤਾਲ 'ਤੇ ਹਨ। ਗੌਤ ਚਕਰਵਰਤੀ, ਐਸ.ਰਾਮਕ੍ਰਿਸ਼ਨ ਅਤੇ ਅਸੀਮ ਭੱਟਾਚਾਰੀਆ ਵਰਗੇ ਗੰਭੀਰ ਬਿਮਾਰ ਅਤੇ ਬਜ਼ੁਰਗ ਮਾਓਵਾਦੀ ਸੰਘਰਸ਼ ਦੇ ਮੋਹਰੀ ਹਨ। ਮੁੱਖ ਮਾਓਵਾਦੀ ਆਗੂ ਕੋਬਾਡ ਗਾਂਧੀ ਨੂੰ ਤਿਹਾੜ ਜੇਲ੍ਹ ਦੇ ਪ੍ਰਸ਼ਾਸਨ ਵਿਰੁੱਧ ਭੁੱਖ ਹੜਤਾਲ ਕਰਨੀ ਪਈ, ਫਿਰ ਹੀ ਉਸ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਗਿਆ। ਨਕਸਲੀ ਕੈਦੀ ਸਭ ਤੋਂ ਜਾਗਰੂਕ ਸਿਆਸੀ ਕੈਦੀ ਹਨ ਜੋ ਜ਼ਿੰਦਗੀ

ਬੂਟਾ ਸਿੰਘ
ਫੋਨ: +91-94634-74342

ਨੂੰ ਜਿਉਣਯੋਗ ਬਣਾਉਣ ਲਈ ਇਸ ਅਣਮਨੁੱਖੀ ਪ੍ਰਬੰਧ ਨੂੰ ਖ਼ਤਮ ਕਰਨ ਨੂੰ ਪ੍ਰਣਾਏ ਕਾਰਕੁਨ ਹਨ। ਉਹ ਹਮੇਸ਼ਾ ਸਿਆਸੀ ਅਤੇ ਆਮ ਕੈਦੀਆਂ ਦੇ ਹੱਕਾਂ ਲਈ ਮੋਹਰਲੀਆਂ ਕਤਾਰਾਂ ਵਿਚ ਲੜਦੇ ਹਨ। ਪਿਛਲੇ ਦਹਾਕਿਆਂ ਵਿਚ ਆਂਧਰਾ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਉਨ੍ਹਾਂ ਨੇ ਲੰਮੇ ਸੰਘਰਸ਼ ਕੀਤੇ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਕੈਦੀਆਂ ਦੀਆਂ ਮੁਸ਼ਕਿਲਾਂ ਸੁਣਨ ਲਈ ਮਜਬੂਰ ਕੀਤਾ।

ਜੇਲ੍ਹ ਪ੍ਰਬੰਧ ਵਿਰੁੱਧ ਇਤਿਹਾਸਕ ਸੰਘਰਸ਼ 1929 ਵਿਚ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ ਸੀ। ਉਨ੍ਹਾਂ ਦੀ ਸ਼ਹਾਦਤ ਤੋਂ ਪਿਛੋਂ ਸਾਢੇ ਅੱਠ ਦਹਾਕੇ ਦਾ ਲੰਮਾ ਵਕਤ ਬੀਤਣ ਤੋਂ ਬਾਅਦ ਵੀ ਉਹ ਸਵਾਲ ਹੱਲ ਨਹੀਂ ਹੋਏ ਹਨ ਜਿਨ੍ਹਾਂ ਨੂੰ ਉਠਾ ਕੇ ਇਨਕਲਾਬੀ ਦੇਸ਼ ਭਗਤਾਂ ਨੇ ਅੰਗਰੇਜ਼ ਸਾਮਰਾਜਵਾਦ ਦੀਆਂ ਜੇਲ੍ਹਾਂ ਵਿਚ ਭੁੱਖ ਹੜਤਾਲ ਕੀਤੀ ਸੀ। ਉਸ 63 ਦਿਨ ਲੰਮੀ ਭੁੱਖ ਹੜਤਾਲ ਦੇ ਅੰਤ 'ਚ ਜਤਿੰਦਰਨਾਥ ਦਾਸ 13 ਸਤੰਬਰ 1929 ਨੂੰ ਸ਼ਹੀਦ ਹੋ ਗਏ ਸਨ।

ਇਤਿਹਾਸਕ ਤੌਰ 'ਤੇ ਦੇਖਿਆਂ, ਜਾਬਰ ਜੇਲ੍ਹ ਪ੍ਰਬੰਧ ਵਿਰੁੱਧ ਉਹ ਸੰਘਰਸ਼ ਵੀ ਪਹਿਲਾ ਸੰਘਰਸ਼ ਨਹੀਂ ਸੀ। ਮੁਲਕ ਉਪਰ ਅੰਗਰੇਜ਼ ਧਾੜਵੀਆਂ ਦੇ ਪੈਰ ਧਰਨ ਦੇ ਵਕਤ ਤੋਂ ਹੀ ਬਸਤੀਵਾਦੀ ਕਬਜ਼ੇ ਤੋਂ ਨਾਬਰ ਦੇਸ਼ ਭਗਤਾਂ ਨੂੰ ਗ੍ਰਿਫ਼ਤਾਰ ਕਰ ਕੇ ਅਣਮਨੁੱਖੀ ਹਾਲਾਤ ਵਿਚ ਸਾੜਨ ਦਾ ਸਿਲਸਿਲਾ ਚੱਲ ਰਿਹਾ ਸੀ। ਇਸ ਜਬਰ ਦਾ ਸਿਦਕਦਿਲੀ ਨਾਲ ਮੁਕਾਬਲਾ ਕਰਨਾ ਬਸਤੀਵਾਦੀ ਵਿਰੁੱਧ ਜੰਗ-ਏ-ਆਜ਼ਾਦੀ ਦਾ ਅਨਿੱਖੜ ਹਿੱਸਾ ਸੀ। ਗ਼ਦਰੀ ਇਨਕਲਾਬੀਆਂ ਨੂੰ ਜਦੋਂ ਖ਼ਾਸ ਤੌਰ 'ਤੇ ਜਾਬਰ ਅੰਡੇਮਾਨ ਦੀ ਜੇਲ੍ਹ, ਕਾਲੇਪਾਣੀ, ਭੇਜਿਆ ਗਿਆ ਤਾਂ ਜਾਂਦੇ ਸਾਰ ਹੀ ਉਨ੍ਹਾਂ ਦਾ ਮੱਥਾ ਉਨ੍ਹਾਂ ਅੰਗਰੇਜ਼ ਜੇਲ੍ਹ ਅਧਿਕਾਰੀਆਂ ਨਾਲ ਲੱਗਿਆ ਜਿਨ੍ਹਾਂ ਨੂੰ ਅਡੋਲ ਬਾਗ਼ੀਆਂ ਉਪਰ ਉਚੇਚੇ ਜ਼ੁਲਮ ਢਾਹੁਣ ਦੀ ਮੁਹਾਰਤ ਕਾਰਨ ਉਥੇ ਲਗਾਇਆ ਗਿਆ ਸੀ। ਇਨ੍ਹਾਂ ਜ਼ੁਲਮਾਂ ਦਾ ਮੁਕਾਬਲਾ ਕਰਦਿਆਂ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ (ਲੁਧਿਆਣਾ), ਪੰਡਤ ਰਾਮ ਰੱਖਾ ਸਸੋਲੀ, ਰੁਲੀਆ ਸਿੰਘ ਸਰਾਭਾ, ਸਵਾਰ ਨੰਦ ਸਿੰਘ ਰਾਏ ਕਾ ਬੁਰਜ, ਕਿਹਰ ਸਿੰਘ ਮਰਹਾਣਾ, ਰੋੜਾ ਸਿੰਘ ਰੋੜੇ, ਬੁੱਧ ਸਿੰਘ ਫੈਲੋਕੇ (ਗੁੱਜਰਾਂਵਾਲਾ), ਸਵਾਰ ਨੱਥਾ ਸਿੰਘ ਢੋਟੀਆਂ, ਨੰਦ ਸਿੰਘ ਲਾਇਲਪੁਰ ਅਤੇ ਸੁਰੈਣ ਸਿੰਘ ਸ਼ਾਹਬਾਜ਼ਪੁਰ ਇਸੇ ਜੇਲ੍ਹ ਵਿਚ ਸ਼ਹੀਦ ਹੋਏ। ਇਸੇ ਤਰ੍ਹਾਂ ਪੰਜਾਬ ਦੀਆਂ ਅਤੇ ਹੋਰ ਜੇਲ੍ਹਾਂ ਵਿਚ ਡੱਕੇ ਗ਼ਦਰੀਆਂ ਅਤੇ ਬੱਬਰ ਅਕਾਲੀਆਂ ਨੇ ਜੇਲ੍ਹ ਪ੍ਰਬੰਧ ਵਿਰੁੱਧ ਬੇਮਿਸਾਲ ਸੰਘਰਸ਼ ਕੀਤੇ।

ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸਿਆਸੀ ਕੈਦੀ ਦਾ ਦਰਜਾ ਹਾਸਲ ਕਰਨ ਅਤੇ ਆਮ ਕੈਦੀਆਂ ਦੇ ਹੱਕਾਂ ਤੇ ਜੇਲ੍ਹ ਪ੍ਰਬੰਧ ਵਿਚ ਸੁਧਾਰਾਂ ਲਈ ਸੰਘਰਸ਼ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਉਠਾਇਆ ਅਤੇ ਇਸ ਨੂੰ ਅੰਗਰੇਜ਼ ਹਕੂਮਤ ਵਿਰੁੱਧ ਲੜਾਈ ਦਾ ਸਿਆਸੀ ਹਥਿਆਰ ਬਣਾਇਆ। ਉਨ੍ਹਾਂ ਦਾ ਮੁੱਖ ਮੁੱਦਾ ਇਹ ਸੀ ਕਿ ਅੰਗਰੇਜ਼ ਹਕੂਮਤ ਨੇ ਉਨ੍ਹਾਂ ਨੂੰ ਮੁਲਕ ਦੀ ਜੰਗ-ਏ-ਆਜ਼ਾਦੀ ਵਿਚ ਸ਼ਾਮਲ ਹੋਣ ਕਾਰਨ ਗ੍ਰਿਫ਼ਤਾਰ ਕੀਤਾ ਸੀ। ਉਹ ਆਮ ਮੁਜਰਿਮ ਨਹੀਂ, ਸਗੋਂ ਸਿਆਸੀ ਉਦੇਸ਼ ਲਈ ਲੜ ਰਹੇ ਦੇਸ਼ ਭਗਤ ਹਨ। ਹਕੂਮਤ ਉਨ੍ਹਾਂ ਨਾਲ ਆਮ ਮੁਜਰਿਮਾਂ ਵਾਲਾ ਸਲੂਕ ਬੰਦ ਕਰੇ ਅਤੇ ਉਨ੍ਹਾਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇਵੇ। ਆਖ਼ਿਰ ਬਸਤੀਵਾਦੀ ਹਕੂਮਤ ਨੂੰ ਉਨ੍ਹਾਂ ਦੇ ਸੰਘਰਸ਼ ਅੱਗੇ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਮੰਗਾਂ 'ਤੇ ਗ਼ੌਰ ਕਰਨ ਲਈ ਖ਼ਾਸ ਕਮੇਟੀ ਬਣਾਉਣੀ ਪਈ।

1947 ਦੀ ਸੱਤਾਬਦਲੀ ਨਾਲ ਸਿਰਫ਼ ਹੁਕਮਰਾਨ ਬਦਲੇ, ਵਿਰਸੇ ਵਿਚ ਲਿਆ ਰਾਜ-ਢਾਂਚਾ ਉਹੀ ਸੀ ਜੋ ਹਿੰਦੁਸਤਾਨੀ ਅਵਾਮ ਦੀ ਆਜ਼ਾਦੀ ਦੀ ਤਾਂਘ ਨੂੰ ਕੁਚਲ ਕੇ ਬਸਤੀਵਾਦੀ ਰਾਜ ਦੀ ਮਜ਼ਬੂਤ ਜਕੜ ਬਣਾਈ ਰੱਖਣ ਲਈ ਘੜਿਆ ਗਿਆ ਸੀ। ਨਹਿਰੂ ਵਰਗੇ ਜਿਹੜੇ ਲੋਕ ਸੱਤਾ ਬਦਲੀ ਤੋਂ ਪਹਿਲਾਂ ਸਿਆਸੀ ਕੈਦੀਆਂ ਦੇ ਹੱਕਾਂ ਦਾ ਬਹੁਤ ਢੰਡੋਰਾ ਪਿੱਟਦੇ ਸਨ, ਪਰ ਸੱਤਾਧਾਰੀ ਹੁੰਦੇ ਸਾਰ ਉਨ੍ਹਾਂ ਦਾ ਅਸਲ ਕਿਰਦਾਰ ਸਾਹਮਣੇ ਆ ਗਿਆ। 1947 ਤੋਂ ਬਾਅਦ ਮੁਲਕ ਦੇ ਜਿਸ ਵੀ ਹਿੱਸੇ ਨੇ ਇਨਸਾਫ਼ ਅਤੇ ਹੱਕ ਦੀ ਮੰਗ ਕੀਤੀ, ਨਹਿਰੂ ਹਕੂਮਤ ਨੇ ਉਥੋਂ ਦੇ ਲੋਕਾਂ ਨੂੰ ਬੇਰਹਿਮੀ ਨਾਲ ਕੁਚਲਿਆ। ਉਹ ਚਾਹੇ ਸਵੈ-ਨਿਰਣੇ ਦੀ ਮੰਗ ਕਰਦੇ ਮਿਜ਼ੋ ਜਾਂ ਕਸ਼ਮੀਰੀ ਲੋਕ ਸਨ, ਜਾਂ ਜਗੀਰੂ ਦਾਬੇ ਵਿਰੁੱਧ ਲੜਨ ਵਾਲੇ ਤੇਲੰਗਾਨਾ ਦੇ ਕਿਸਾਨ; ਉਨ੍ਹਾਂ ਦਾ ਮਨੋਬਲ ਤੋੜਨ ਲਈ ਅੰਗਰੇਜ਼ਾਂ ਵਾਲੇ ਜੇਲ੍ਹ ਪ੍ਰਬੰਧ ਦਾ ਥੋਕ ਇਸਤੇਮਾਲ ਕੀਤਾ ਗਿਆ। ਬੇਸ਼ੁਮਾਰ ਲੋਕਾਂ ਨੂੰ ਜੇਲ੍ਹਾਂ ਵਿਚ ਬੇਰਹਿਮੀ ਨਾਲ ਤਸੀਹੇ ਦੇ ਕੇ ਮਾਰਿਆ ਗਿਆ। ਜਿਉਂ ਜਿਉਂ ਆਜ਼ਾਦੀ ਦੇ ਝੂਠੇ ਵਾਅਦਿਆਂ ਤੋਂ ਮੁਕਰਨ ਕਾਰਨ ਹੁਕਮਰਾਨ ਜਮਾਤ ਦਾ ਅਸਲ ਚਿਹਰਾ ਨੰਗਾ ਹੁੰਦਾ ਗਿਆ, ਸਟੇਟ ਦੇ ਖ਼ਿਲਾਫ਼ ਬੇਚੈਨੀ ਵਿਚੋਂ ਅਵਾਮ ਅੰਦਰ ਸਿਆਸੀ ਬਦਲਾਅ ਦੀ ਤਾਂਘ ਜ਼ੋਰ ਫੜਦੀ ਗਈ।

*ਜਦੋਂ ਸਮਾਜ ਦੇ ਬਹੁਤ ਵੱਡਾ ਹਿੱਸਾ ਲੋਕਾਂ ਲਈ ਇਸ ਪ੍ਰਬੰਧ ਵਿਚ ਕੋਈ ਜਗ੍ਹਾ ਹੀ ਨਹੀਂ ਅਤੇ ਉਨ੍ਹਾਂ ਦੀ ਜ਼ਿੰਦਗੀ ਦੀ ਬਿਹਤਰੀ ਦੀ ਕੋਈ ਗੁੰਜਾਇਸ਼ ਹੀ ਨਹੀਂ, ਤਾਂ ਉਹ ਇਸ ਨੂੰ ਕਿਉਂ ਪ੍ਰਵਾਨ ਕਰਨਗੇ। ਇਸ ਦੀ ਤਿੱਖੀ ਆਲੋਚਨਾ ਵੀ ਹੋਵੇਗੀ ਅਤੇ ਇਸ ਨੂੰ ਬਦਲਣ ਲਈ ਸੰਘਰਸ਼ ਤੇ ਬਗ਼ਾਵਤਾਂ ਵੀ ਹੋਣਗੀਆਂ।*

ਇਸੇ ਤਨਾਸਬ 'ਚ ਪੁਲਿਸ-ਫ਼ੌਜ, ਕਾਨੂੰਨ ਅਤੇ ਜੇਲ੍ਹ ਪ੍ਰਬੰਧ ਨੂੰ ਹੁਕਮਰਾਨਾਂ ਵਲੋਂ ਹੋਰ ਵੀ ਬੇਰਹਿਮ ਬਣਾਇਆ ਗਿਆ। ਮੇਰੀ ਟੇਲਰ ਦਾ ਜੇਲ੍ਹਨਾਮਾ 'ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ' ਜੇਲ੍ਹਾਂ ਦੇ ਹਾਲਾਤ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਇਸ ਗੋਰੀ ਔਰਤ ਨੂੰ ਬਿਨਾਂ ਕੋਈ ਜੁਰਮ ਕੀਤੇ, ਨਕਸਲੀ ਲਹਿਰ ਦੌਰਾਨ ਪੰਜ ਸਾਲ ਜੇਲ੍ਹ ਦਾ ਸੰਤਾਪ ਝੱਲਣਾ ਪਿਆ ਸੀ।

ਜਮਹੂਰੀਅਤ ਦੇ ਦਾਅਵਿਆਂ ਦੇ ਉਲਟ ਸਟੇਟ ਵਿਚ ਜਮਹੂਰੀ ਸੰਘਰਸ਼ ਦੀ ਕੋਈ ਗੁੰਜਾਇਸ਼ ਨਹੀਂ ਜਿਸ ਕਾਰਨ ਸ਼ਾਂਤਮਈ ਲਹਿਰਾਂ ਅਕਸਰ ਹੀ ਸਟੇਟ ਵਿਰੋਧੀ ਹਿੰਸਕ ਰੁਖ਼ ਅਖ਼ਤਿਆਰ ਕਰਦੀਆਂ ਹਨ। ਸੱਤਾਧਾਰੀ ਜਮਾਤ ਅਵਾਮ ਦੀ ਬੇਚੈਨੀ ਨੂੰ ਸਿਆਸੀ ਤੌਰ 'ਤੇ ਮੁਖ਼ਾਤਬ ਹੋਣ ਲਈ ਉੱਕਾ ਹੀ ਤਿਆਰ ਨਹੀਂ, ਉਲਟਾ ਲੋਕਾਂ ਦੇ ਕਿਸੇ ਵੀ ਜਾਇਜ਼ ਜਮਹੂਰੀ ਵਿਰੋਧ ਨੂੰ ਮੁਲਕ ਲਈ ਖ਼ਤਰਾ ਕਰਾਰ ਦੇ ਕੇ ਕੁਚਲਣ ਦੀ ਆਮ ਰੁਚੀ ਹੈ। ਇਸੇ ਕਾਰਨ ਮੁਲਕ ਦੀਆਂ ਜੇਲ੍ਹਾਂ ਵਿਚ ਅਸਲ ਮੁਜਰਿਮਾਂ ਦੀ ਬਜਾਏ ਸਿਆਸੀ ਖ਼ਿਆਲਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕੇ ਲੋਕ ਜ਼ਿਆਦਾ ਹਨ। ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਇਸੇ ਪ੍ਰਬੰਧ ਦਾ ਲਾਜ਼ਮੀ ਹਿੱਸਾ ਹਨ। ਕੈਦੀਆਂ ਦੇ ਸਵੈਮਾਣ ਨੂੰ ਕੁਚਲਣਾ ਅਤੇ ਉਨ੍ਹਾਂ ਨੂੰ ਰਾਜ-ਸੱਤਾ ਅੱਗੇ ਝੁਕਾਉਣਾ ਇਸ ਜੇਲ੍ਹ ਪ੍ਰਬੰਧ ਦਾ ਮੂਲ ਮਨੋਰਥ ਹੈ। ਅੰਗਰੇਜ਼ ਰਾਜ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਭਾਨ ਸਿੰਘ ਵਰਗੇ ਇਨਕਲਾਬੀਆਂ ਨੂੰ ਪਿੰਜਰਿਆਂ ਵਿਚ ਬੰਦ ਰੱਖਿਆ ਗਿਆ ਸੀ। 'ਆਜ਼ਾਦ' ਹਿੰਦੁਸਤਾਨ ਦੇ ਹੁਕਮਰਾਨਾਂ ਨੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਵਰਗੇ ਪੂਰੀ ਤਰ੍ਹਾਂ ਅਪਾਹਜ ਕਾਰਕੁਨ ਨੂੰ ਇਕ ਸਾਲ ਨਾਗਪੁਰ ਜੇਲ੍ਹ ਵਿਚਲੀ ਖ਼ਾਸ ਇਕਾਂਤ ਕੋਠੜੀ, ਅੰਡਾ ਸੈੱਲ ਵਿਚ ਬੰਦ ਰੱਖਿਆ। ਸਵੈਮਾਣ ਵਾਲੇ ਸਿਆਸੀ ਕੈਦੀਆਂ ਨੂੰ ਜੇਲ੍ਹਾਂ ਵਿਚ ਬੇਰਹਿਮੀ ਨਾਲ ਤਸੀਹੇ ਦੇਣਾ ਆਮ ਹੈ। ਕਲਾਕਾਰ ਹੇਮ ਮਿਸ਼ਰਾ, ਕਾਰਕੁਨ ਅੰਜਿਲਾ ਸੋਨਟਾਕੇ ਅਤੇ ਹੋਰ ਮਾਓਵਾਦੀ ਕੈਦੀਆਂ ਨੂੰ ਕੁੱਟ-ਕੁੱਟ ਕੇ ਬੇਹੋਸ਼ ਕਰ ਦੇਣ ਦੇ ਮਾਮਲੇ ਵਾਰ ਵਾਰ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਕੈਦੀਆਂ ਦੀ ਬਜਾਏ ਵਿਚਾਰ-ਅਧੀਨ ਕੈਦੀਆਂ ਦੀ ਬਹੁਤ ਜ਼ਿਆਦਾ ਗਿਣਤੀ ਇਸੇ ਕਾਰਨ ਹੈ ਕਿ ਇਸ ਦਾ ਉਦੇਸ਼ ਸਿਆਸੀ ਵਿਰੋਧ, ਜਥੇਬੰਦ ਹੋਣ ਅਤੇ ਸਮੂਹਿਕ ਹੱਕ-ਜਤਾਈ ਨੂੰ ਕੁਚਲਣਾ ਹੈ। ਹੁਕਮਰਾਨ ਬਦਲਾਓ ਦੇ ਵਿਚਾਰ ਰੱਖਣ ਵਾਲਿਆਂ ਨੂੰ ਝੂਠੇ ਅਤੇ ਬੇਬੁਨਿਆਦ ਮਾਮਲਿਆਂ 'ਚ ਫਸਾ ਕੇ ਜੇਲ੍ਹਾਂ ਵਿਚ ਸਾੜਦੇ ਹਨ। ਉਨ੍ਹਾਂ ਦੇ ਖ਼ਿਲਾਫ਼ ਦਰਜ ਮਾਮਲੇ ਮਨਘੜਤ ਹੁੰਦੇ ਹਨ। ਅਦਾਲਤੀ ਅਮਲ ਵਿਚ ਇਲਜ਼ਾਮ ਸਾਬਤ ਨਹੀਂ ਹੋ ਸਕਦੇ, ਇਸ ਲਈ ਟਾਡਾ, ਪੋਟਾ ਜਾਂ ਯੂ.ਏ.ਪੀ.ਏ. ਵਰਗੇ ਉਚੇਚੇ ਜਾਬਰ ਕਾਨੂੰਨ ਬਣਾਏ ਜਾਂਦੇ ਹਨ ਤਾਂ ਜੋ ਰਾਜਤੰਤਰ ਦੀ ਮਰਜ਼ੀ ਅਨੁਸਾਰ ਪੂਰੀ ਤਰ੍ਹਾਂ ਬੇਬੁਨਿਆਦ ਮਾਮਲਿਆਂ 'ਚ ਵੀ ਮੁਲਜ਼ਮ ਨੂੰ ਕਈ ਕਈ ਸਾਲ ਜੇਲ੍ਹ ਵਿਚ ਸਾੜਿਆ ਜਾ ਸਕੇ। ਸਰਕਾਰ ਕਾਂਗਰਸ ਦੀ ਹੈ ਜਾਂ ਭਾਜਪਾ ਦੀ ਜਾਂ ਕਿਸੇ ਹੋਰ ਪਾਰਟੀ ਦੀ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਘੋਰ ਨਾਬਰਾਬਰੀ ਅਤੇ ਸਮਾਜੀ ਅਨਿਆਂ ਦੇ ਦਸਤੂਰ ਨੂੰ ਜਾਰੀ ਰੱਖਣ ਅਤੇ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਬੇਤਹਾਸ਼ਾ ਤਾਕਤ ਦੀ ਵਰਤੋਂ ਬਾਰੇ ਸਾਰੀਆਂ ਪਾਰਲੀਮੈਂਟਰੀ ਸਿਆਸੀ ਪਾਰਟੀਆਂ ਇਕਮੱਤ ਤੇ ਇਕਜੁੱਟ ਹਨ।

ਹੁਕਮਰਾਨ ਵੱਖਰੇ ਸਿਆਸੀ ਵਿਚਾਰਾਂ ਵਾਲਿਆਂ ਨੂੰ ਸਿਆਸੀ ਕੈਦੀ ਦਾ ਦਰਜਾ ਇਸ ਲਈ ਨਹੀਂ ਦਿੰਦੇ ਕਿ ਇਸ ਨਾਲ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਾਲੇ ਹੱਕ ਦੇਣੇ ਪੈਣਗੇ ਅਤੇ ਉਨ੍ਹਾਂ ਵਲੋਂ ਉਠਾਏ ਮੁੱਦਿਆਂ ਲਈ ਸਿਆਸੀ ਤੌਰ 'ਤੇ ਜਵਾਬਦੇਹ ਹੋਣਾ ਪਵੇਗਾ। ਸਤੰਬਰ 2012 'ਚ ਜਦੋਂ ਕਲਕੱਤਾ ਦੀ ਇਕ ਅਦਾਲਤ ਨੇ 9 'ਸ਼ੱਕੀ' ਨਕਸਲੀ ਕੈਦੀਆਂ ਨੂੰ ਸਿਆਸੀ ਕੈਦੀ ਮੰਨਣ ਦੀ ਹਦਾਇਤ ਕੀਤੀ ਤਾਂ ਕਾਂਗਰਸ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਦਲੀਲ ਦੇ ਕੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਕਿ ਇਸ ਨਾਲ ਬਾਕੀ ਜੇਲ੍ਹਾਂ ਵਿਚ ਬੰਦ ਐਸੇ ਸਾਰੇ ਕੈਦੀਆਂ ਨੂੰ ਵੀ ਸਿਆਸੀ ਕੈਦੀ ਮੰਨਣ ਦੀ ਸਮੱਸਿਆ ਖੜ੍ਹੀ ਹੋ ਜਾਵੇਗੀ।

ਪਿਛਲੇ 68 ਸਾਲਾਂ ਵਿਚ ਜੇਲ੍ਹਾਂ ਵਿਚ ਸੜਨ ਵਾਲੇ ਜ਼ਿਆਦਾਤਰ ਉਹ ਲੋਕ ਹਨ ਜੋ ਇਸ ਰਾਜ ਪ੍ਰਬੰਧ ਵਲੋਂ ਥੋਪੇ ਬੇਰਹਿਮ ਦਾਬੇ, ਬੇਇਨਸਾਫ਼ੀ ਅਤੇ ਲੁੱਟਮਾਰ ਤੋਂ ਤੰਗ ਆ ਕੇ ਵੱਖ ਵੱਖ ਰੂਪਾਂ 'ਚ ਸਰਕਾਰ ਨੂੰ ਚੁਣੌਤੀ ਦਿੰਦੇ ਹਨ। ਘੋਰ ਨਾਬਰਾਬਰੀ, ਬੇਇਨਸਾਫ਼ੀ ਅਤੇ ਦਾਬੇ 'ਤੇ ਆਧਾਰਤ ਸਮਾਜੀ-ਰਾਜਸੀ ਪ੍ਰਬੰਧ ਪੁਲਿਸ-ਫ਼ੌਜ, ਜਾਬਰ ਕਾਨੂੰਨਾਂ ਅਤੇ ਜੇਲ੍ਹਾਂ ਵਿਚ ਜਬਰ ਦੀ ਮਦਦ ਨਾਲ ਹੀ ਜਿਉਂਦਾ ਰਹਿ ਸਕਦਾ ਹੈ। ਜਦੋਂ ਸਮਾਜ ਦੇ ਬਹੁਤ ਵੱਡਾ ਹਿੱਸਾ ਲੋਕਾਂ ਲਈ ਇਸ ਪ੍ਰਬੰਧ ਵਿਚ ਕੋਈ ਜਗ੍ਹਾ ਹੀ ਨਹੀਂ ਅਤੇ ਉਨ੍ਹਾਂ ਦੀ ਜ਼ਿੰਦਗੀ ਦੀ ਬਿਹਤਰੀ ਦੀ ਕੋਈ ਗੁੰਜਾਇਸ਼ ਹੀ ਨਹੀਂ, ਤਾਂ ਉਹ ਇਸ ਨੂੰ ਕਿਉਂ ਪ੍ਰਵਾਨ ਕਰਨਗੇ। ਇਸ ਦੀ ਤਿੱਖੀ ਆਲੋਚਨਾ ਵੀ ਹੋਵੇਗੀ ਅਤੇ ਇਸ ਨੂੰ ਬਦਲਨ ਲਈ ਸੰਘਰਸ਼ ਤੇ ਬਗ਼ਾਵਤਾਂ ਵੀ ਹੋਣਗੀਆਂ।

# ਢਿੱਲੀ ਪੈ ਰਹੀ ਹੈ ਨਵਾਜ਼ ਸ਼ਰੀਫ਼ ਦੀ ਪਕੜ

ਕੌਮੀ ਮੀਡੀਆ ਦੇ ਸਾਹਮਣੇ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਪੂਰੀ ਦੀ ਪੂਰੀ ਲੀਡਰਸ਼ਿਪ ਮੁਰਝਾਏ ਚਿਹਰੇ ਵਾਲੀ ਦਿੱਖ ਵਿਚ ਨਜ਼ਰ ਆਈ। ਮੌਕਾ ਸੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਛੋਟੇ ਭਰਾ ਸ਼ਹਿਬਾਜ਼ ਸ਼ਰੀਫ਼ ਦੀ ਅਗਵਾਈ ਹੇਠ ਹੋਈ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੀ ਮੀਟਿੰਗ ਦਾ। ਇਹ ਮੀਟਿੰਗ ਉਨ੍ਹਾਂ ਤਾਜ਼ਾ ਝਟਕਿਆਂ ਦੀ ਨਜ਼ਰਸਾਨੀ ਕਰਨ ਬਾਰੇ ਸੀ ਜਿਨ੍ਹਾਂ ਦਾ ਪਾਰਟੀ ਨੂੰ ਘਰੇਲੂ ਸਿਆਸੀ ਮੁਹਾਜ਼ 'ਤੇ ਹਾਲ ਹੀ ਦੌਰਾਨ ਸਾਹਮਣਾ

ਆਰਿਫ ਨਿਜ਼ਾਮੀ

ਕਰਨਾ ਪਿਆ ਹੈ। ਸੱਤਾਧਾਰੀ ਪਾਰਟੀ ਦੀ ਅਜਿਹੀ ਦਿੱਖ ਆਪਣੇ-ਆਪ 'ਚ ਗੰਭੀਰ ਮੁੱਦਾ ਹੈ। ਚੋਣਾਂ ਵਿਚ ਗੜਬੜੀ ਦੀ ਜਾਂਚ ਬਾਰੇ ਬਣੇ ਨਿਆਇਕ ਕਮਿਸ਼ਨ ਦੇ ਫੈਸਲੇ ਨਾਲ ਜੋ ਉਤਸ਼ਾਹ ਸਿਰਜਿਆ ਗਿਆ ਸੀ, ਉਹ ਥੋੜ੍ਹ-ਚਿਰਾ ਹੀ ਸਿੱਧ ਹੋਇਆ ਹੈ। ਕਮਿਸ਼ਨ ਨੇ ਐਲਾਨ ਕੀਤਾ ਸੀ ਕਿ ਮਈ 2013 ਦੀਆਂ ਆਮ ਚੋਣਾਂ 'ਚ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਨੂੰ ਹਰਾਉਣ ਲਈ ਕੋਈ ਵਿਆਪਕ ਸਾਜ਼ਿਸ਼ ਨਹੀਂ ਸੀ ਹੋਈ। ਇਸ ਤੋਂ ਬਾਅਦ ਚੋਣ ਟ੍ਰਿਬਿਊਨਲਾਂ ਵੱਲੋਂ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ 3 ਕੌਮੀ ਅਸੈਂਬਲੀ ਮੈਂਬਰਾਂ ਦੀ ਚੋਣ ਰੱਦ ਕੀਤੇ ਜਾਣ ਨਾਲ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਹਮਾਇਤੀਆਂ ਦੇ ਡਿਗਦੇ ਮਨੋਬਲ ਨੂੰ ਜ਼ਰੂਰ ਹੁਲਾਰਾ ਮਿਲਿਆ ਹੋਵੇਗਾ। ਸੁਪਰੀਮ ਕੋਰਟ ਵਿਚ ਸਟੇਅ ਲਈ ਜਾਣ ਦੀ ਥਾਂ 'ਤੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਵੱਲੋਂ ਲਾਹੌਰ ਦੀ ਕੌਮੀ ਅਸੈਂਬਲੀ ਦੀ 122 ਸੀਟਾਂ 'ਤੇ ਚੋਣ ਲੜਨ ਦਾ ਕੀਤਾ ਗਿਆ ਐਲਾਨ ਸਵਾਗਤਯੋਗ ਹੈ।

ਇਹ ਆਉਂਦੀਆਂ ਚੋਣਾਂ ਇਕ ਤਰ੍ਹਾਂ ਨਾਲ ਪਾਕਿਸਤਾਨ ਮੁਸਲਿਮ ਲੀਗ ਦੀ ਆਪਣੇ ਘਰ ਵਿਚਲੀ ਹਰਮਨ-ਪਿਆਰਤਾ 'ਤੇ ਇਕ ਮਿੰਨੀ ਫਤਵਾ ਹੀ ਹੋਣਗੀਆਂ। ਦੂਜੇ ਪਾਸੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਲਈ ਇਹ ਪੰਜਾਬ ਵਿਚ ਸ਼ਰੀਫ਼ ਭਰਾਵਾਂ ਦੇ ਗਲਬੇ ਨੂੰ ਸਫਲਤਾ ਨਾਲ ਚੁਣੌਤੀ ਦੇਣ ਦਾ ਮੌਕਾ ਹੈ। ਸਰਕਾਰ ਦੇ ਮੁੱਖ ਨੀਤੀਕਾਰ ਪਰਵੇਜ਼ ਰਸ਼ੀਦ ਨੇ ਇਮਰਾਨ ਖਾਨ ਨੂੰ ਲਾਹੌਰ ਉਪ ਚੋਣ ਖੁਦ ਲੜਨ ਦੀ ਚੁਣੌਤੀ ਦਿੱਤੀ ਹੈ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਖਾਨ ਅਜਿਹਾ ਕਰਨ ਤੋਂ ਝਿਜਕਣਗੇ, ਕਿਉਂਕਿ ਇਸ ਲਈ ਉਨ੍ਹਾਂ ਨੂੰ ਆਪਣੀ ਮੌਜੂਦਾ ਸੀਟ ਛੱਡਣੀ ਪਵੇਗੀ। ਉਧਰ ਇਮਰਾਨ ਖਾਨ ਨੇ ਨਵਾਜ਼ ਸ਼ਰੀਫ਼ ਨੂੰ ਆਪਣੇ ਖ਼ਿਲਾਫ਼ ਚੋਣ ਲੜਨ ਦੀ ਚੁਣੌਤੀ ਦਿੱਤੀ ਹੈ। ਰਸ਼ੀਦ ਦਾ ਕਹਿਣਾ ਹੈ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਚੋਣਾਂ ਦੀ 'ਆਦਤਨ ਬਾਈਕਾਟਰ' ਹੈ। ਜਦੋਂ ਕਿ ਹਕੀਕਤ ਕੁਝ ਵੱਖਰੀ ਹੈ। 2008 'ਚ ਜਦੋਂ ਮੁਸ਼ੱਰਫ਼ ਦੀ ਨਿਗਰਾਨੀ ਹੇਠ ਆਮ ਚੋਣਾਂ ਹੋਈਆਂ ਸਨ ਤਾਂ ਮੁਸਲਿਮ ਲੀਗ (ਨਵਾਜ਼) ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੋਵਾਂ ਨੇ ਹੀ ਜਮਾਤ-ਏ-ਇਸਲਾਮੀ ਨਾਲ ਮਿਲ ਕੇ 'ਆਲ ਪਾਰਟੀਜ਼ ਡੈਮੋਕ੍ਰੇਟਿਕ ਮੂਵਮੈਂਟ' ਦੇ ਝੰਡੇ ਹੇਠ ਚੋਣਾਂ ਦਾ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ ਸੀ। ਸ਼ਰੀਫ਼ ਨੇ ਬਾਅਦ ਵਿਚ ਆਪਣੇ ਤੌਰ 'ਤੇ ਹੀ ਬਾਈਕਾਟ ਦਾ ਫ਼ੈਸਲਾ ਵਾਪਸ ਲੈ ਲਿਆ ਅਤੇ ਇਮਰਾਨ ਖਾਨ ਇਕੱਲੇ ਰਹਿ ਗਏ।

ਆਉਂਦੀਆਂ ਚੋਣਾਂ ਦੇ ਨਤੀਜੇ ਜੋ ਮਰਜ਼ੀ ਨਿਕਲਣ, ਪੰਜਾਬ 'ਤੇ ਸ਼ਰੀਫ਼ ਭਰਾਵਾਂ ਦੀ ਪਕੜ ਲਈ ਚੁਣੌਤੀ ਖੜ੍ਹੀ ਹੋ ਚੁੱਕੀ ਹੈ। ਬਿਲਾਵਲ ਭੁੱਟੋ ਵੱਲੋਂ ਭਾਵੇਂ ਪਾਕਿਸਤਾਨ ਪੀਪਲਜ਼ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਦੇ ਅੱਧੇ-ਅਧੂਰੇ ਯਤਨ ਕੀਤੇ ਗਏ ਹਨ, ਪਰ ਇਸ ਦੇ ਬਾਵਜੂਦ ਲੜਾਈ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਵਿਚਕਾਰ ਦੋ-ਧਿਰੀ ਹੀ ਰਹਿਣ ਵਾਲੀ ਹੈ। ਸੱਤਾਧਾਰੀ ਧਿਰ ਇਸ ਸਮੇਂ ਆਪਣੇ ਕਾਰਜਕਾਲ ਦੇ ਅੱਧ ਵਿਚ ਪਹੁੰਚ ਚੁੱਕੀ ਹੈ, ਪਰ ਇਹ ਆਪਣੀ ਪੂਰੀ ਮਿਆਦ ਤੱਕ ਸੱਤਾ 'ਚ ਬਣੇ ਰਹਿਣ ਬਾਰੇ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਨਹੀਂ ਕਰ ਸਕਦੀ। ਉਭਰ ਰਹੇ ਸਿਆਸੀ ਹਾਲਾਤ ਕਰ ਕੇ ਜਾਂ ਸਮੁੱਚੇ ਦ੍ਰਿਸ਼ ਨੂੰ ਬਦਲ ਦੇਣ ਵਾਲੀ ਕਿਸੇ 'ਦੈਵੀ ਦਖ਼ਲਅੰਦਾਜ਼ੀ' ਕਰ ਕੇ ਇਸ ਨੂੰ ਸਮੇਂ ਤੋਂ ਪਹਿਲਾਂ ਚੋਣਾਂ ਕਰਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਕੌਮੀ ਜਵਾਬਦੇਹੀ ਬਿਊਰੋ ਅਤੇ ਰੇਂਜਰਜ਼ ਵੱਲੋਂ ਜਿਵੇਂ ਪਾਕਿਸਤਾਨ ਪੀਪਲਜ਼ ਪਾਰਟੀ ਦੇ ਉਘੇ ਆਗੂਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ, ਉਸ ਨਾਲ ਬੇਹੱਦ ਪ੍ਰਚਾਰੀ ਗਈ ਸਿਆਸੀ ਸਹਿਮਤੀ ਗੰਭੀਰ ਖ਼ਤਰੇ ਵਿਚ ਪੈ ਗਈ ਹੈ। ਆਸਿਫ਼ ਅਲੀ ਜ਼ਰਦਾਰੀ ਦੇ ਵਿਸ਼ਵਾਸਪਾਤਰ ਅਤੇ ਨੇੜਲੇ ਸਹਿਯੋਗੀ ਡਾ. ਅਸੀਮ ਹੁਸੈਨ ਦੀ ਗ੍ਰਿਫ਼ਤਾਰੀ ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਵਿਚਕਾਰਲੀ ਆਪਸੀ ਸਮਝ ਲਈ ਗੰਭੀਰ ਝਟਕਾ ਸਿੱਧ ਹੋਈ ਹੈ।

ਹੈਰਾਨੀ ਦੀ ਗੱਲ ਹੈ ਕਿ ਮੀਡੀਆ ਰਿਪੋਰਟਾਂ ਮੁਤਾਬਿਕ ਡਾਕਟਰ 'ਤੇ ਹਵਾਲਾ ਦੇ ਅਤੇ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਗਏ ਹਨ। ਪੰਜਾਬ ਦੇ ਰਹਿਣ ਵਾਲੇ ਅਤੇ ਕਰਾਚੀ ਵਿਚ ਦੋ ਹਸਪਤਾਲ ਚਲਾਉਣ ਵਾਲੇ ਡਾ. ਅਸੀਮ ਹੁਸੈਨ, ਦਹਿਸ਼ਤਗਰਦ ਦੀ 'ਪ੍ਰੋਫਾਈਲ' ਵਿਚ ਕਿਸੇ ਤਰ੍ਹਾਂ ਵੀ ਫਿੱਟ ਨਹੀਂ ਆਉਂਦੇ। ਅੰਦਰ ਦੀਆਂ ਜਾਣਨ ਵਾਲੇ ਕੁਝ ਲੋਕਾਂ ਦਾ ਦਾਅਵਾ ਹੈ ਕਿ ਸਿਆਸਤਦਾਨਾਂ ਦੀ ਧੌਣ ਦੁਆਲੇ ਜਾਣ-ਬੁੱਝ ਕੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਹ ਵਿਚਾਰ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਮੁਢਲੇ ਟੀਚੇ, ਮੁਤਹਿਦਾ ਕੌਮੀ ਮੂਵਮੈਂਟ ਖ਼ਿਲਾਫ਼ ਕਾਰਵਾਈ ਕਰ ਲਏ ਜਾਣ ਤੋਂ ਬਾਅਦ ਹੁਣ ਪੀਪਲਜ਼ ਪਾਰਟੀ ਦੀ ਵਾਰੀ ਹੈ। ਆਖ਼ਿਰ ਕੌਮੀ ਜਵਾਬਦੇਹੀ ਬਿਊਰੋ ਅਤੇ ਰੇਂਜਰਜ਼ ਸਵੈਚਾਲਿਤ ਤਾਂ ਨਹੀਂ।

ਆਖ਼ਰਕਾਰ ਉਹ ਪ੍ਰਧਾਨ ਮੰਤਰੀ ਹਨ। ਇਹ ਜਾਣਨਾ ਉਨ੍ਹਾਂ ਦਾ ਕੰਮ ਹੈ ਕਿ ਉਨ੍ਹਾਂ ਦੇ ਰਾਜ ਵਿਚ ਕੀ ਕੁਝ ਹੋ ਰਿਹਾ ਹੈ। ਜੇ ਅਜਿਹਾ ਨਹੀਂ ਹੈ ਤਾਂ ਸਥਿਤੀਆਂ ਉਸ ਮਾੜੇ ਹਾਲ ਵਿਚ ਪਹੁੰਚ ਚੁੱਕੀਆਂ ਹਨ ਜਿਸ ਵਿਚ ਸੰਘੀ ਸੰਸਥਾਵਾਂ ਵੱਲੋਂ ਸਮਰੱਥ ਅਧਿਕਾਰੀਆਂ ਪਾਸੋਂ ਆਦੇਸ਼ ਨਹੀਂ ਲਏ ਜਾਂਦੇ। ਇਕ ਨਰਮ ਰਾਜ ਪਲਟਾ ਹੋ ਚੁੱਕਣ ਬਾਰੇ ਪੱਕਾ ਯਕੀਨ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਸ਼ਰੀਫ਼ ਤੇਜ਼ੀ ਨਾਲ ਆਪਣੀ ਪਕੜ ਗੁਆ ਰਹੇ ਹਨ ਅਤੇ ਸੱਤਾ, ਰੇਤ ਵਾਂਗ ਉਨ੍ਹਾਂ ਦੇ ਹੱਥਾਂ ਵਿਚੋਂ ਕਿਰ ਰਹੀ ਹੈ।

ਕੌਮੀ ਕਾਰਜ ਯੋਜਨਾ ਤਹਿਤ ਬਣਾਈਆਂ ਗਈਆਂ ਉੱਚ ਤਾਕਤੀ ਕਮੇਟੀਆਂ ਨਾਗਰਿਕ-ਫ਼ੌਜੀ ਭਾਈਵਾਲੀ ਦਾ ਸਪਸ਼ਟ ਮੁਜ਼ਾਹਰਾ ਹਨ। ਫ਼ੌਜ ਅਤੇ ਨਾਗਰਿਕ ਲੀਡਰਸ਼ਿਪ ਵਿਚਕਾਰ ਹੋਣ ਵਾਲੀਆਂ ਮੀਟਿੰਗਾਂ ਦੀ ਤੀਬਰਤਾ ਦੱਸਦੀ ਹੈ ਕਿ ਫ਼ੌਜ ਅਤੇ ਨਾਗਰਿਕ ਲੀਡਰਸ਼ਿਪ ਵਿਚਕਾਰ ਘਰੇਲੂ ਅਤੇ ਵਿਦੇਸ਼ ਨੀਤੀ ਸਬੰਧੀ ਮਾਮਲਿਆਂ ਬਾਰੇ ਆਪਸੀ ਸਮਝ ਉਭਰ ਰਹੀ ਹੈ। ਨਤੀਜੇ ਵਜੋਂ ਸੱਤਾਧਾਰੀ ਪਾਰਟੀ ਨੂੰ ਜਹਾਦੀਆਂ ਪ੍ਰਤੀ ਆਪਣੀ ਮੌਕਾਪ੍ਰਸਤੀ ਵਾਲੀ ਪਹੁੰਚ ਛੱਡਣੀ ਪਈ ਹੈ। ਇਸੇ ਤਰ੍ਹਾਂ ਨਵਾਜ਼ ਸ਼ਰੀਫ਼ ਨੂੰ ਨਵੀਂ ਦਿੱਲੀ ਦੇ ਬੇਹੱਦ ਨੇੜੇ ਹੋਣ ਦੀ ਆਪਣੀ ਚਹੇਤੀ ਆਦਤ ਵੀ ਤਿਆਗਣੀ ਪਈ ਹੈ। ਕਿਸੇ ਤੋਂ ਵੀ ਹਦਾਇਤਾਂ ਲੈਣਾ ਨਵਾਜ਼ ਸ਼ਰੀਫ਼ ਦੇ ਸੁਭਾਅ ਦੇ ਖ਼ਿਲਾਫ਼ ਹੈ ਪਰ ਬਦਲੇ ਹਾਲਾਤ ਅਤੇ ਸ਼ਾਇਦ ਆਸਿਫ਼ ਅਲੀ ਜ਼ਰਦਾਰੀ ਦੀ ਸਲਾਹ ਕਰ ਕੇ ਉਹ ਫ਼ੌਜੀ ਲੀਡਰਸ਼ਿਪ ਨਾਲ ਸਹਿਹੋਂਦ ਬਣਾ ਰਹੇ ਹਨ। ਅਨੇਕਾਂ ਟਿੱਪਣੀਕਾਰ ਇਸ ਗੱਲ ਨੂੰ ਪਸੰਦ ਕਰਨਗੇ ਕਿ ਫ਼ੌਜ ਨਾਗਰਿਕ ਲੀਡਰਸ਼ਿਪ ਨੂੰ ਭ੍ਰਿਸ਼ਟ ਅਤੇ ਅ-ਕੁਸ਼ਲ ਹੋਣ ਦੇ ਦੋਸ਼ ਹੇਠ ਲਾਂਭੇ ਸੁੱਟ ਦੇਵੇ। ਅਤੀਤ ਵਿਚ ਅਜਿਹਾ ਕਈ ਵਾਰ ਹੋਇਆ ਹੈ ਜਿਸ ਦੇ ਨਤੀਜੇ ਹਰ ਵਾਰ ਤਬਾਹਕੁਨ ਨਿਕਲੇ ਹਨ। ਜਵਾਬਦੇਹੀ ਦੇ ਨਾਂ 'ਤੇ ਪੀਸਤ ਕਰਨਾ ਅਨੇਕ ਵਾਰ ਉਲਟ ਪ੍ਰਭਾਵੀ ਸਿੱਧ ਹੋਇਆ ਹੈ। ਸੈਫ਼-ਉਰ-ਰਹਿਮਾਨ ਵਾਲੀ ਇਹਤਸਾਬ ਬਿਊਰੋ ਅਤੇ ਮੁਸ਼ੱਰਫ਼ ਵੱਲੋਂ ਬਣਾਈ ਗਈ ਕੌਮੀ ਜਵਾਬਦੇਹੀ ਬਿਊਰੋ ਜਵਾਬਦੇਹੀ ਦੀ ਵਿਆਪਕ ਵਿਵਸਥਾ ਸਥਾਪਤ ਕਰਨ 'ਚ ਅਸਫਲ ਰਹੀਆਂ ਹਨ। ਸੰਸਦੀ ਅਤੇ ਨਿਆਇਕ ਨਿਗਰਾਨੀ ਵਾਲਾ ਭ੍ਰਿਸ਼ਟਾਚਾਰ ਵਿਰੋਧੀ ਢਾਂਚਾ ਹੀ ਕਾਰਗਰ ਸਿੱਧ ਹੋ ਸਕਦਾ ਹੈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਸਿਆਸਤਦਾਨਾਂ ਜਾਂ ਕਿਸੇ ਵੀ ਹੋਰ ਸੰਸਥਾ ਨੂੰ ਜੋ ਮਰਜ਼ੀ ਕਰਨ ਦੀ ਖੁੱਲ੍ਹ ਮਿਲ ਜਾਏ।

# ਮੋਹ ਵਿਚੋਂ ਮੋਹ



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਮੇਰਾ ਘਰ ਦੋ-ਗਲੀਆ ਹੈ। ਘਰ ਦੇ ਮੂਹਰਲੇ ਵਿਹੜੇ ਦੇ ਬਰਾਮਦੇ ਅੱਗੇ ਲੋਹੇ ਦੀ ਗ੍ਰਿੱਲ ਵਾਲਾ ਦਰਵਾਜ਼ਾ ਹੈ। ਦਰਵਾਜ਼ੇ ਦੇ ਅੰਦਰਲੇ ਪਾਸੇ ਪੀਲੇ ਰੰਗ ਦਾ ਭਾਰਾ ਜਿਹਾ ਪਰਦਾ ਲਟਕਿਆ ਰਹਿੰਦਾ ਹੈ। ਸੌਣ-ਸੁਫ਼ੇ ਦਾ ਬੂਹਾ ਖੁੱਲ੍ਹਾ ਹੋਵੇ ਜਾਂ ਬੰਦ, ਇਹ ਪਰਦਾ ਗਰਮੀਆਂ ਦੀ ਤਪਸ਼ ਅਰ ਸਰਦੀਆਂ ਦੀ ਠੰਢ ਨੂੰ ਠੱਲ੍ਹ ਪਾਉਣ ਦੇ ਨਾਲ ਨਾਲ ਰਾਹ-ਗੁਜਰੂਆਂ ਤੋਂ ਓਹਲੇ ਦਾ ਵੀ ਜੁਗਾੜ ਕਰਦਾ ਹੈ।

ਦੁਪਹਿਰ ਦੇ ਦੋ ਤਿੰਨ ਵਜੇ ਮੈਂ ਅਕਸਰ ਵਿਹੜੇ ਦੇ ਡਾਕ-ਬਕਸੇ ਵਿਚੋਂ ਡਾਕ ਵੇਖਣ-ਕੱਢਣ ਜਾਂਦੀ ਹਾਂ। ਇਕ ਦਿਨ ਗਈ, ਵਿਹੜੇ ਵਿਚ ਪੈਰ ਪਾਇਆ ਹੀ ਸੀ ਕਿ ਭ੍ਰਿੰਡਾਂ ਚਮੁੱਟ ਗਈਆਂ। ਇਕ ਦੋ ਤਿੰਨ, ਕਿੰਨੀਆਂ ਹੀ।

ਮੂੰਹ, ਸਿਰ, ਕੰਨ ਤੇ ਗਿੱਚੀ ਡੰਗੋ-ਡੰਗ। ਮੈਂ ਤੜਫ਼ ਉਠੀ।

ਪਿਛੇ ਪਰਤ ਕੇ ਜੁ ਤਕਿਆ ਤਾਂ ਦੰਗ।

ਪਰਦੇ ਦੇ ਵਿਹੜੇ ਵਾਲੇ ਪਾਸੇ ਦੇ ਐਨ ਵਿਚਕਾਰ ਤਿੰਨ ਕੁ ਇੰਚਾਂ ਦੇ ਘੇਰੇ ਦਾ ਧਮੂੜੀਆਂ ਦਾ ਛੱਤਾ।

ਹੈਂ? ਇਹ ਵੀ ਕੋਈ ਜਗ੍ਹਾ ਹੈ ਭਲਾ ਖੱਖਰ ਪਾਉਣ ਦੀ? ਕਮਲੀਆਂ! ਘੱਟੋ ਘੱਟ ਆਪਣੀ ਸੁਰੱਖਿਆ ਦਾ ਤਾਂ ਖ਼ਿਆਲ ਕਰਦੀਆਂ। ਸਵੇਰੇ ਦਸ ਵਜੇ ਹੀ ਤਾਂ ਪੁੱਤਰ, ਸੰਨੀ ਨਿਕਲਿਆ ਸੀ ਘਰੋਂ। ਉਸ ਤੋਂ ਮਗਰੋਂ ਕੋਰੀਅਰ ਵਾਲਾ ਵੀ ਆਇਆ ਸੀ ਤੇ ਫਿਰ ਇਸਤਰੀ ਕੀਤੇ ਕੱਪੜੇ ਦੇਣ ਸ਼ਾਂਤੀ ਵੀ। ਬਸ ਇਕ ਦੋ ਘੰਟਿਆਂ ਦੇ ਵਕਫ਼ੇ ਵਿਚ ਭ੍ਰਿੰਡਾਂ ਨੇ ਛੱਤਾ ਪਾ ਲਿਆ ਸੀ।

ਅੰਦਰ ਆ ਕੇ ਮੈਂ ਡੰਗਾਂ ਉਪਰ ਬਰਫ਼ ਮਲਣ ਲੱਗੀ। ਐਪਿਸ (ਹੋਮਿਓਪੈਥੀ ਦੀ ਦਵਾਈ) ਡੰਗਾਂ ਉਪਰ ਵੀ ਚੋਪੜੀ ਅਤੇ ਮੂੰਹ ਵਿਚ ਵੀ ਉਸ ਦੀਆਂ ਬੂੰਦਾਂ ਪਾਈਆਂ।

ਵਕਤੀ ਓਹੜ-ਪਹੁੜ ਦੇ ਨਾਲ ਹੀ ਮੈਂ ਤੱਤ-ਭੜੱਥ ਬੱਚਿਆਂ ਨੂੰ ਫੋਨ ਖੜਕਾਏ ਕਿ ਉਹ ਘਰ ਪਰਤਦਿਆਂ ਭੁੱਲ ਕੇ ਵੀ ਮੂਹਰੇ ਵਾਲੇ ਗੇਟ ਪਾਸਿਓਂ ਘਰ ਵਿਚ ਦਾਖ਼ਲ ਹੋਣ ਦਾ ਜਤਨ ਨਾ ਕਰਨ। ਹੋਰ ਵੀ ਜਿਸ ਕਿਸੇ ਦੀ ਉਸ ਪਾਸਿਓਂ ਆਉਣ ਦੀ ਸੰਭਾਵਨਾ ਸੀ, ਮੈਂ ਖ਼ਬਰਦਾਰ ਕੀਤਾ।

ਨੱਕ, ਕੰਨ, ਮੂੰਹ ਸੁੱਜ ਗਏ। ਸੁੱਜ ਭੜੋਲਾ।


ਮੈਂ ਧਮੂੜੀਆਂ ਦਾ ਸਿਆਪਾ ਕਰਨ ਲੱਗੀ।

ਜ਼ਮੀਨ ਤੋਂ ਸਿਰਫ਼ ਤਿੰਨ ਫੁੱਟ ਉਪਰ ਅਤੇ ਐਨ ਸਾਹਮਣੇ, ਪਰਦੇ ਦੇ ਵਿਚਕਾਰ ਹੀ ਤਾਂ ਪਿਆ ਹੋਇਆ ਸੀ ਭ੍ਰਿੰਡਾਂ ਦਾ ਛੱਤਾ। ਬੇਵਕੂਫ਼ ਜਿਹੀਆਂ। ਅਖੇ, ਆ ਬਲਾਈਏ ਗਲੇ ਲੱਗ। ਅੱਜ ਹੀ ਉਨ੍ਹਾਂ ਦਾ ਘਰ ਨਸ਼ਟ ਕਰ ਦਿੱਤਾ ਜਾਵੇਗਾ। ਫੇਰ ਚੱਖਣਗੀਆਂ ਸਵਾਦ ਆਪਣੀ ਮੂਰਖ਼ਤਾ ਦਾ।

ਸੰਨੀ ਮੁੜਿਆ ਸ਼ਾਮੀ ਛੇ ਵਜੇ, ਕੰਮ ਤੋਂ ਪਿਛਲੇ ਦਰਵਾਜ਼ਿਓਂ। ਉਸ ਮੂਹਰਲੇ ਬਰਾਂਡੇ ਵਿਚ ਜਾ ਕੇ ਟਿਕੀਆਂ ਹੋਈਆਂ ਧਮੂੜੀਆਂ ਦੇ ਛੱਤੇ ਉਪਰ ਅੰਦਰੋਂ ਸੋਟੀ ਮਾਰੀ। ਡਿੱਗ ਪਿਆ ਛੱਤਾ, ਪਰ ਅੱਧ-ਪਚੱਧਾ ਹੀ। ਭ੍ਰਿੰਡਾਂ ਉਡੀਆਂ ਤੇ ਮੁੜ ਕੇ ਬਹਿ ਗਈਆਂ। ਉਥੇ ਹੀ।

ਮੈਂ ਬੈਠਕ ਦੇ ਬੂਹੇ ਵਿਚੋਂ ਬਾਹਰ ਨਿਕਲ ਕੇ ਬਰਾਂਡੇ ਦੀ ਗ੍ਰਿੱਲ ਦੀਆਂ ਵਿੱਥਾਂ ਵਿਚੋਂ ਵੇਖਿਆ। ਉਹ ਛੱਤੇ ਵਾਲੀ ਥਾਂ 'ਤੇ ਹੀ ਭਿਣਭਿਣਾ ਰਹੀਆਂ ਸਨ। ਉਨ੍ਹਾਂ ਆਪਣਾ ਠਿਕਾਣਾ ਨਹੀਂ ਸੀ ਛੱਡਿਆ। ਛੱਤਾ ਮਸਾਂ ਇਕ ਇੰਚ ਭਰ ਦਾ ਹੀ ਰਹਿ ਗਿਆ ਸੀ ਤੇ ਭ੍ਰਿੰਡਾਂ ਵੀ ਤਿੰਨ ਚਾਰ ਹੀ। ਉਹ ਮੁੜ ਘਰ ਉਸਾਰਨ ਵਿਚ ਜੁਟ ਗਈਆਂ ਜਾਪਦੀਆਂ ਸਨ।

ਬਿਨਾਂ ਖੜਾਕ ਕੀਤੇ ਮੈਂ ਦੋਹਾਂ ਹੱਥਾਂ ਨਾਲ ਅੰਦਰਲੇ ਪਾਸਿਓਂ ਪਰਦੇ ਵਿਚਲੀ ਛੱਤੇ ਵਾਲੀ ਥਾਂ ਨੂੰ ਪੀਢਾ ਨਪਿੱਤ ਦਿੱਤਾ। ਜ਼ੋਰ ਜ਼ੋਰ ਦੀ ਰਗੜਿਆ



ਵੀ। ਡਿੱਗ ਪਈਆਂ ਮਿੱਧੀਆਂ ਹੋਈਆਂ ਮੁਰਦਾ ਭ੍ਰਿੰਡਾਂ, ਫਰਸ਼ ਉਤੇ।

ਚਲੋ ਬੰਦ ਖਲਾਸੀ ਹੋਈ। ਮੈਂ ਸੁਖ ਦਾ ਸਾਹ ਲਿਆ।

ਸਵੇਰੇ ਬੂਟਿਆਂ ਨੂੰ ਪਾਣੀ ਦੇਣ ਜੁ ਗਈ, ਤਾਂ ਕੀ ਵੇਖਦੀ ਹਾਂ ਕਿ ਭ੍ਰਿੰਡਾਂ ਉਸੇ ਥਾਂ 'ਤੇ ਭੂੰ-ਭੂੰ ਕਰ ਰਹੀਆਂ ਨੇ। ਉਹ ਮੁੜ ਛੱਤਾ ਪਾਉਣ ਦੇ ਆਹਰ ਵਿਚ ਸਨ। ਮੈਂ ਸਮਝ ਗਈ। ਹੱਥ ਵਿਚ ਹੀ ਫੜੇ ਹੋਏ ਪਾਣੀ ਦੇ ਪਾਈਪ ਨਾਲ ਮੈਂ ਉਨ੍ਹਾਂ 'ਤੇ ਵਾਛੜ ਕਰ ਦਿੱਤੀ। ਉੱਡ-ਪੁੱਡ ਗਈਆਂ ਉਹ।

ਇਤਮੀਨਾਨ ਨਾਲ ਅੰਦਰ ਆ ਕੇ ਚਾਹ ਬਣਾਈ। ਹਮੇਸ਼ਾਂ ਵਾਂਗ ਚਾਹ ਦਾ ਪਿਆਲਾ ਹੱਥ ਵਿਚ ਫੜੀ ਵਿਹੜੇ ਵਿਚੋਂ ਅਖ਼ਬਾਰ ਚੁੱਕਣ ਗਈ। ਧਮੂੜੀਆਂ ਉਥੇ ਦੀਆਂ ਉਥੇ ਹੀ ਮੰਡਰਾ ਰਹੀਆਂ ਸਨ। ਡਾਢੀ ਖਿਝ ਗਈ ਮੈਂ। ਅੰਦਰ ਆਈ। ਮਿੱਟੀ ਦੇ ਤੇਲ ਦੀ ਬੋਤਲ ਚੁੱਕ ਲਈ ਸਟੋਰ 'ਚੋਂ ਅਤੇ ਨੁਹਾ ਦਿੱਤਾ ਜਾ ਕੇ ਪਰਦੇ ਦੀ ਉਸ ਖੱਖਰ ਵਾਲੀ ਥਾਂ ਨੂੰ ਚੰਗੀ ਤਰ੍ਹਾਂ ਮਿੱਟੀ ਦੇ ਤੇਲ ਨਾਲ।

ਹੁਣ ਕੀ ਕਰੋਗੀਆਂ?

ਮੈਂ ਖੁਸ਼ ਸਾਂ।

ਬਾਰਾਂ ਵਜੇ ਮੈਂ ਕੂਲਰ ਭਰਨ ਲਈ ਮੁੜ ਵਿਹੜੇ ਵਿਚ ਗਈ। ਭ੍ਰਿੰਡਾਂ ਹੁਣ ਵੀ ਮੰਡਰਾ ਰਹੀਆਂ ਸਨ। ਉਹ ਘੜੀ-ਮੁੜੀ ਉਸ ਛੱਤੇ ਵਾਲੇ ਕਾਲੇ ਨਿਸ਼ਾਨ ਕੋਲ ਜਾਂਦੀਆਂ। ਮਿੱਟੀ ਦੇ ਤੇਲ ਦੀ ਬੋ ਕਾਰਨ ਥੋੜ੍ਹਾ ਹਟਦੀਆਂ ਤੇ ਫਿਰ ਉਥੇ ਹੀ ਚੱਕਰ ਕੱਟਣ ਲੱਗਦੀਆਂ ਵਾਰ ਵਾਰ।

ਸ਼ਾਮੀ ਚਾਰ ਵਜੇ ਮੈਂ ਫਿਰ ਕੂਲਰ ਭਰਨ ਲਈ ਨਿਕਲੀ। ਧਮੂੜੀਆਂ ਪ੍ਰਵੇਸ਼ ਦੁਆਰ ਦੇ ਪਰਦੇ ਉਪਰ ਪਹਿਲੀ ਜਗ੍ਹਾ ਤੋਂ ਥੋੜ੍ਹੀ ਵਿੱਥ ਪਾ ਕੇ ਜੁੜ-ਜੁਟ ਗਈਆਂ ਸਨ ਫਿਰ ਛੱਤਾ ਪਾਉਣ ਲਈ।

ਸਮਝ ਗਈ। ਇਹ ਪਰਦਾ ਇਨ੍ਹਾਂ ਜਿੰਦੜੀਆਂ ਦਾ ਆਲਾ-ਦੁਆਲਾ ਹੈ, ਵਤਨ। ਗਲੀ ਮੁਹੱਲਾ। ਘਰ ਬਾਹਰ। ਇਥੇ ਹੀ ਇਨ੍ਹਾਂ ਦੇ ਪਿਆਰ ਪਏ ਤੇ ਪੁੱਗੇ ਹੋਣੇ ਨੇ। ਇਥੇ ਇਨ੍ਹਾਂ ਨੇ ਆਪਣੇ ਪਰਿਵਾਰ ਅਰੰਭੇ ਹੋਣੇ ਨੇ। ਇਹ ਸਾਰੀ ਖੇਡ ਬੇਸ਼ੱਕ ਇਕ ਦਿਨ ਦੇ ਕੁਝ ਪਲਾਂ ਦੀ ਹੀ ਸੀ, ਪਰ ਇਹ ਮੇਰੇ ਜੀਵਨ ਦੇ ਹੀ ਦਿਨ ਪਲ ਸਨ ਨਾ। ਭ੍ਰਿੰਡਾਂ ਦੇ ਜੀਵਨ ਦੀ ਤਾਂ ਇਹ ਸਦੀ ਹੋਣੀ ਹੈ ਜਾਂ ਜੁੱਗ ਹੀ। ਉਹ ਕਿਉਂ ਨਾ ਮੁੜ ਮੁੜ ਉਥੇ ਹੀ ਆਉਣ, ਮੰਡਰਾਉਣ ਅਤੇ ਵੱਸਣ ਦੇ ਹੀਲੇ ਕਰਨ?

ਸੁਨਾਮੀ ਦੇ ਉਜੜੇ ਪਰਿਵਾਰਾਂ ਨੇ ਮੁੜ ਉਥੇ ਹੀ ਘਰ ਵਸਾਏ।

ਕਸੂਰ, ਅਟਾਰੀ ਹੋਵੇ ਜਾਂ ਵਾਘਾ, ਹੱਦਾਂ-ਸਰਹੱਦਾਂ ਦੇ ਤੌਖਲੇ ਹੋਣ ਦੇ ਬਾਵਜੂਦ ਕੌਣ ਛੱਡ-ਭੁੱਲ ਸਕਦਾ ਹੈ ਆਪਣੀ ਧਰਤੀ, ਪਿੰਡ ਗਰਾਂ।

ਮਿੱਟੀ, ਚੌਗਿਰਦਾ ਤੇ ਹਵਾ-ਪਾਣੀ ਦਾ ਮੋਹ!

ਮੋਹਾਂ ਵਿਚ ਮੋਹ।

# ਬੱਲੇ ਓਏ ਗੰਢਿਆ...

ਗੰਢਾ ਆਪ ਜੜ੍ਹਾਂ ਸਣੇ ਜਮੀਨ ਵਿਚ ਤੇ ਇਸ ਦੀਆਂ ਭੂਕਾਂ ਜਮੀਨ ਤੋਂ ਬਾਹਰ, ਗੋਲ ਮੋਲ ਕਿਸੇ ਗੰਜੇ ਸਿਰ ਵਰਗਾ। ਸਿਰ ਤੇ ਹਰੀਆਂ ਭੂਕਾਂ ਦੀ ਛਤਰੀ ਜਿਹੀ ਵਾਲਾ ਗੰਢਾ ਸਿਆਲ ਤੇ ਗਰਮੀ ਦੀ ਰੁੱਤ ਵਿਚ ਖੂਬ ਮੌਜਾਂ ਮਾਣਦਾ ਹੈ। ਅਨੇਕਾਂ ਗੁਣਾਂ ਵਾਲਾ ਹੋਣ ਕਰਕੇ ਇਸ ਦੀ ਦੁਰਗੰਧ ਹੁੰਦੇ ਹੋਏ ਵੀ ਦਾਲ ਸਬਜ਼ੀ ਇਸ ਤੋਂ ਬਿਨਾਂ ਅਧੂਰੀ ਹੁੰਦੀ ਹੈ। ਇਸ ਦੇ ਸ਼ਰੀਕ ਹੋਰ ਵੀ ਹਨ। ਜਿਵੇਂ



ਰਵੇਲ ਸਿੰਘ ਇਟਲੀ

ਲਸਣ, ਅਦਰਕ, ਹਲਦੀ ਵਗੈਰਾ ਪਰ ਇਸ ਦੇ ਤੜਕੇ ਨਾਲ ਬਣਾਈ ਸਬਜ਼ੀ ਦਾ ਸੁਆਦ ਵੱਖਰਾ ਹੀ ਹੁੰਦਾ ਹੈ। ਕਿਆਰੀਆਂ ਵਿਚ ਲਗਾਏ ਹੋਏ ਗੰਢੇ ਦਾ ਟੌਹਰ ਬੇਸੱਕ ਵੱਖਰਾ ਹੀ ਹੁੰਦਾ ਹੈ, ਤੇ ਕਈ ਵਾਰ ਇਹ ਵਿਚਾਰਾ ਪੱਕਣ ਤੋਂ ਪਹਿਲਾਂ ਹੀ ਕੂਲੀਆਂ ਹਰੀਆਂ ਭੂਕਾਂ ਦੀ ਚਟਣੀ ਤੇ ਅਨਾਰ ਦਾਣੇ ਦੀ ਚੱਟਣੀ ਨਾਲ ਆਪ ਵੀ ਰਗੜਿਆ ਜਾਂਦਾ ਹੈ ਪਰ ਇਹ ਵੀ ਹਰ ਵਕਤ ਲੋਕਾਂ ਤੋਂ ਬਦਲਾ ਲੈਣ ਲਈ ਕਿਸੇ ਮੌਕੇ ਤੀ ਤਾਕ ਵਿਚ ਰਹਿੰਦਾ ਹੈ।

ਵੱਡੇ ਸਿਤਮ ਦੀ ਗੱਲ ਇਹ ਹੈ ਕਿ ਫੋਲਿਆਂ ਸ਼ੁਰੂ ਤੋਂ ਅਖੀਰ ਤੱਕ ਛਿੱਲੜਾਂ ਦਾ ਇੱਕ ਐਵੇਂ ਵਲ੍ਹੇਟ ਜਿਹਾ ਹੀ ਹੁੰਦਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਫਿਰ ਵੀ ਰਸੋਈ ਵਿਚ ਇਸ ਬਿਨਾ ਗੁਜ਼ਾਰਾ ਨਹੀਂ। ਛਿੱਲਣ ਤੋਂ ਲੈ ਕੇ ਕੁਟਣ ਤੱਕ ਹੰਝੂ ਵਹਾ ਕੇ ਵੀ ਰਸੋਈ ਇਸ ਬਿਨਾ ਅਧੂਰੀ ਹੁੰਦੀ ਹੈ। ਆਲੂ ਵਾਂਗ ਇਸ ਦਾ ਵੀ ਸਾਰੇ ਸੰਸਾਰ ਵਿਚ ਬੋਲ ਬਾਲਾ ਹੈ ਪਰ ਭਾਰਤ ਵਿਚ ਲੁਕਣ ਮੀਟੀ ਖੇਡ ਕੇ ਇਹ ਰਾਜਨੀਤੀ ਨੂੰ ਵੀ ਕਈ ਵਾਰ ਤੜਕਾ ਲੁਆਉਂਦਾ ਹੈ। ਕਈ ਵਾਰ ਇਸੇ ਖੇਡ ਵਿਚ ਕਈ ਨੇਤਾਵਾਂ ਦੀ ਕੁਰਸੀ ਤੱਕ ਵੀ ਚਲੀ ਜਾਂਦੀ ਹੈ। ਪਰ ਗੰਢਾ ਡਾਢਾ ਤਮਾਸ਼ਬੀਨ ਹੈ। ਅੱਜ ਕੱਲ ਫਿਰ ਇਹ ਆਪਣਾ ਰੰਗ ਵਿਖਾਉਣ ਲੱਗਾ ਹੈ ਤੇ ਕਈ ਨੇਤਾਵਾਂ ਤੇ ਸਾਰੇ ਦੇਸ਼ ਨੂੰ ਇਸ ਨੇ ਹੱਥਾਂ ਪੈਰਾਂ ਦੀ ਪੁਆ ਛੱਡੀ ਹੈ।

ਜਮ੍ਹਾਂਖੋਰਾਂ ਦੇ ਗੁਦਾਮਾਂ ਵਿਚ ਲੁਕਿਆ ਗੰਢਾ ਲੋਕਾਂ ਨੂੰ ਅੰਦਰੋਂ ਘੂਰ ਘੂਰ ਕੇ ਜਿਵੇਂ ਕਹਿ ਰਿਹਾ ਹੋਵੇ ਕਿ ਕਦੇ ਦਾਦੇ ਦੀਆਂ, ਕਦੇ ਪੋਤੇ ਦੀਆਂ। ਕਦੇ ਤੁਸੀਂ ਮੈਨੂੰ ਨੰਗਾ ਕਰਕੇ ਮੇਰੇ ਪਰਦੇ ਫੋਲਦੇ ਸੀ, ਹੁਣ ਮੈਂ ਤੁਹਾਡੇ ਪਰਦੇ ਫੋਲ ਕੇ ਤੁਹਾਡੇ ਕੰਨਾਂ ਨੂੰ ਹੱਥ ਲੁਆ ਕੇ ਸਾਹ ਲਊਂ। ਮੈਨੂੰ ਲੱਭਣ ਲਈ ਭਜੇ ਫਿਰੋਗੇ ਪਰ ਮੈਂ ਤੁਹਾਡੇ ਹੱਥ ਨਹੀਂ ਆਉਣਾ।

ਇਕ ਦਿਨ ਸਾਡਾ ਗੁਆਂਢੀ ਗੰਡਾ ਸਿੰਘ ਆਪਣੀ ਘਰ ਵਾਲੀ ਨੂੰ ਕਹਿ ਰਿਹਾ ਸੀ, ਭਾਗਵਾਨੇ ਹੁਣ ਤਾਂ ਗੰਢਾ ਬਹੁਤ ਮਹਿੰਗਾ ਹੋ ਗਿਐ, ਮੇਰੀ ਮੰਨੇ ਤਾਂ ਇਸ ਦੀ ਥਾਂ ਲਸਣ, ਅਦਰਕ ਦਾ ਹੀ ਤੜਕਾ ਲਾ ਲਿਆ ਕਰੀਏ। ਘਰ ਵਾਲੀ ਆਪਣੀ ਵੋਟ ਝੱਟ ਗੰਢੇ ਦੇ ਹੱਕ ਵਿਚ ਪਾਉਂਦੀ ਕਹਿਣ ਲੱਗੀ, ਛੱਡੋ ਜੀ ਜੋ ਸੁਆਦ ਗੰਢੇ ਦੇ ਤੜਕੇ ਦਾ ਹੈ, ਉਸ ਦਾ ਮੁਕਾਬਲਾ ਲਸਣ-ਅਦਰਕ ਨੇ



ਸੁਆਹ ਕਰਨੈ, ਨਾਲੇ ਲਸਣ ਆਪਣੀ ਥਾਂ, ਅਦਰਕ ਆਪਣੀ ਥਾਂ। ਗੰਢਾ ਤਾਂ ਫਿਰ ਗੰਢਾ ਹੀ ਹੈ, ਕੀ ਹਨੇਰ ਆ ਗਿਆ ਜੇ ਜ਼ਰਾ ਮਹਿੰਗਾ ਹੋ ਗਿਐ। ਤੁਸੀਂ ਜਿੱਥੇ ਕਿੱਲੋ ਲਿਆਉਂਦੇ ਸੀ, ਪਾਈਆ ਹੀ ਲੈ ਆਇਆ ਕਰੋ। ਇਹ ਖਸਮਾਂ ਖਾਣੀ ਮੰਗਿਆਈ ਵੇਲੇ ਗੰਢਿਆਂ ਨੂੰ ਪਤਾ ਨਹੀਂ ਕਿੱਥੇ ਲੁਕੋ ਲੈਂਦੇ ਨੇ। ਗੰਢੇ ਕਟਣ ਵੇਲੇ ਭਾਵੇਂ ਅੱਖਾਂ 'ਚੋਂ ਪਾਣੀ ਵੀ ਕਢਾਉਂਦੇ ਹਨ, ਰੁਆਂਦੇ ਵੀ ਹਨ ਪਰ ਮੰਗਿਆਈ ਦੇ ਰੋਣੇ ਤਾਂ ਵਧਦੇ ਹੀ ਜਾਣੇ ਨੇ। ਤੁਸੀਂ ਗੰਢੇ ਲਿਆਉਣੇ ਨਾ ਭੁਲਿਓ।

ਗੰਢਾ ਦੂਰ ਬੈਠਾ ਦੋਹਾਂ ਜੀਆਂ ਦੀ ਗੱਲ ਸੁਣ ਕੇ ਖੁਸ਼ ਹੋਇਆ, ਮੈਂ ਗੰਢਾ ਜੁ ਹੋਇਆ ਕਈ ਪਰਦਿਆਂ ਦੀਆਂ ਗੰਢਾਂ ਵਿਚ ਬੱਝਾ ਮੈਂ ਵੀ ਅੱਜ ਕੱਲ ਬੜੀ ਸ਼ੈਅ ਹਾਂ।

ਇੱਕ ਵਾਰ ਤਾਂ ਫਿਰ ਗੰਢੇ ਨੇ ਜ਼ਿਦਗੀ ਦੇ ਮੈਦਾਨ ਵਿਚ ਹਰ ਪੱਖੋਂ ਹਨੇਰੀਆਂ ਲਿਆ ਦਿੱਤੀਆਂ ਹਨ। ਇਸ ਮੁਸ਼ਕਲ ਵਿਚ ਲੋਕ ਕਦੇ ਕਿਸੇ 'ਤੇ ਅਤੇ ਕਦੇ ਕਿਸੇ 'ਤੇ ਦੋਸ਼ ਲਾ ਰਹੇ ਹਨ। ਰੱਬ ਜਾਣੇ, ਗੰਢਾ ਬੇਫਿਕਰਾ ਹੈ ਜਾਂ ਬੇਗੌਰਾ ਜਾਂ ਫਿਰ ਲੀਡਰ, ਜਾਂ ਇਸ ਦੀ ਸੇਵਾ ਸਾਂਭ-ਸੰਭਾਲ ਦੀ ਅਣਦੇਖੀ ਕਰਦੇ ਕਿਸਾਨ ਜਾਂ ਸਮੇਂ ਦੀਆਂ ਸਰਕਾਰਾਂ। ਕੁੱਝ ਵੀ ਹੋਵੇ, ਕੁਤਾਹੀ ਕਿਤੇ ਤਾਂ ਜ਼ਰੂਰ ਹੈ। ਲੋਕ ਦੁਖੀ ਹੋ ਕੇ ਬਾਰ ਗੰਢਿਆਂ ਦੀ ਹੌਸਲਾ ਅਫਜ਼ਾਈ ਪਏ ਕਰਦੇ ਨੇ। ਲੋਕਾਂ ਨੇ ਗੰਢਿਆਂ ਦੇ ਹਾਰ, ਗੰਢਿਆਂ ਦੇ ਗੁਲਦਸਤੇ, ਗੰਢਿਆਂ ਦੀਆਂ ਰੱਖੜੀਆਂ, ਗੰਢਿਆਂ ਦੀਆਂ ਵੱਖਰੇ ਵਖਰੇ ਅੰਦਾਜ਼ ਵਿਚ ਤਸਵੀਰਾਂ ਬਣਾ ਧਰੀਆਂ ਨੇ। ਫੇਸ ਬੁਕਾਂ 'ਤੇ ਗੰਢੇ, ਸੌਗਾਤ ਵਜੋਂ ਗੰਢੇ, ਤੇ ਗੰਢਿਆਂ ਦੇ ਜੁਮਲੇ-ਹਾਏ ਗੰਢੇ, ਬਾਏ ਗੰਢੇ, ਕਿੱਥੇ ਗਏ ਗੰਢੇ, ਕਿੱਥੇ ਪਏ ਗੰਢੇ ਤੇ ਹੋਰ ਪਤਾ ਨਹੀਂ ਕੀ ਕੀ ਆਖ, ਤੇ ਕੀ ਕੀ ਕਰ, ਇਨ੍ਹਾਂ ਦੀ ਆਰਤੀ ਉਤਾਰੀ ਜਾ ਰਹੀ ਹੈ।

ਪਰ ਗੰਢਾ ਅਜੇ ਮੰਨਣ ਦਾ ਨਾਂ ਨਹੀਂ ਲੈ ਰਿਹਾ। ਹਰ ਜੁਬਾਨ 'ਤੇ ਹੈ ਗੰਢੇ ਦੀ ਗੱਲ। ਇਥੇ ਹੀ ਬੱਸ ਨਹੀਂ ਹੁਣ ਤਾਂ ਗੰਢੇ ਦੀਆਂ ਗੱਲਾਂ ਸਰਕਾਰੇ-ਦਰਬਾਰੇ ਵੀ ਹੋ ਰਹੀਆਂ ਹਨ। ਮਹਿੰਗਾਈ ਤਾਂ ਹਰ ਚੀਜ਼ 'ਤੇ ਸਵਾਰ ਹੈ ਪਰ ਗੰਢੇ ਦਾ ਮਹਿੰਗਾ ਹੋਣਾ ਹਰ ਇੱਕ ਨੂੰ ਬੜਾ ਰੁਆ ਰਿਹਾ ਹੈ।

ਬੱਲੇ ਓਏ ਗੰਢਿਆ, ਤੇਰੀਆਂ ਨਹੀਂ ਰੀਸਾਂ,
ਲੋਕਾਂ ਦੀਆਂ ਵਾਹਵਾ, ਕਢਾਈਆਂ ਤੂੰ ਚੀਕਾਂ।
ਪਹਿਲਾਂ ਸੀ ਰੁਆਉਂਦਾ ਹੁਣ ਬੜਾ ਹੈ ਰੁਆਇਆ,
ਲਾਇਆ ਜਦੋਂ ਤੜਕਾ, ਤੂੰ ਯਾਦ ਬਹੁਤ ਆਇਆ।
ਇਹ ਦੂਰੀਆਂ ਤੇ ਨਖਰੇ ਤੂੰ ਪਾਈਆਂ ਕਿਵੇਂ ਲੀਕਾਂ,
ਬੱਲੇ ਓਏ ਗੰਢਿਆ, ਤੇਰੀਆਂ ਨਹੀਂ ਰੀਸਾਂ।
ਤੇਰੇ ਬਿਨਾਂ ਰਸੋਈ ਹੁਣ ਖਾਣ ਨੂੰ ਹੈ ਆਉਂਦੀ,
ਗਿਐਂ ਕਿਸ ਪਾਸੇ ਕੋਈ ਸਮਝ ਨਾ ਆਉਂਦੀ,
ਹਿਜਰ ਤੇਰਾ ਪਾਉਂਦਾ ਪਿਆ ਕਾਲਜੇ ਚ ਚੀਸਾਂ,
ਬੱਲੇ ਓਏ ਗੰਢਿਆ ਤੇਰੀਆਂ ਨਹੀਂ ਰੀਸਾਂ।
ਪਹਿਲਾਂ ਸਾਨੂੰ ਮਾਰਿਆ ਡਾਢਾ ਮਹਿੰਗਾਈ ਨੇ,
ਅੱਜ ਸਾਨੂੰ ਮਾਰਿਆ ਹੈ ਤੇਰੀ ਹੀ ਜੁਦਾਈ ਨੇ,
ਤੇਰੀਆਂ ਨੇ ਮੰਡੀਆਂ ਚ ਹੁੰਦੀਆਂ ਉਡੀਕਾਂ,
ਬੱਲੇ ਓਏ ਗੰਢਿਆ ਤੇਰੀਆਂ ਨਾ ਰੀਸਾਂ।
ਲੋਕਾਂ ਨੂੰ ਫਿਕਰ ਤੇਰਾ, ਨੇਤਾ ਨੂੰ ਫਿਕਰ ਤੇਰਾ,
ਜਦ ਦਾ ਗੁਆਚਿਆਂ ਏਂ, ਥਾਂ ਥਾਂ ਜ਼ਿਕਰ ਤੇਰਾ,
ਮੋੜੇਂਗਾ ਮੁਹਾਰਾਂ ਕਦ, ਦੱਸ ਖਾਂ ਤਰੀਕਾਂ
ਬੱਲੇ ਓਏ ਗੰਢਿਆ ਤੇਰੀਆਂ ਨਹੀਂ ਰੀਸਾਂ।

# ਔਰੰਗਜ਼ੇਬੀ ਰੁਝਾਨ ਤੇ ਅਸੀਂ

ਕਦੀ ਕਦਾਈਂ ਪੰਜਾਬੀਆਂ ਵਿਚ ਲਿਖਣ ਪਹਿਨਣ ਵਕਤ ਫੈਸ਼ਨ ਵੀ ਚਲਦਾ ਹੈ। ਜੇ ਨਾਭੀ ਪੱਗਾਂ ਬੰਨ੍ਹਣ ਦਾ ਰਿਵਾਜ ਪੈ ਗਿਆ ਤਾਂ ਨਾਭੀ ਹੀ ਨਾਭੀ ਰੰਗ ਦਿੱਸੇਗਾ, ਕੁੜੀਆਂ ਨੇ ਕਾਲੇ ਰੰਗ ਦੀਆਂ ਕੁੜਤੀਆਂ ਸਿਲਾ ਲਈਆਂ ਤਾਂ ਚਾਰ ਚੁਫੇਰੇ ਇਹੋ ਰੰਗ ਨਜ਼ਰੀਂ ਪਏਗਾ। ਅੱਜ ਕੱਲ੍ਹ ਅਖਬਾਰਾਂ, ਰਸਾਲਿਆਂ, ਮੋਬਾਈਲਾਂ ਵਿਚ ਔਰੰਗਜ਼ੇਬ ਦੀ ਸਿਫਤ ਸਲਾਹ ਦਾ ਫੈਸ਼ਨ ਹੈ, ਕੁਝ ਮਹੀਨੇ ਚੱਲੇਗਾ ਹੀ ਚੱਲੇਗਾ।

ਜਿਸ ਗੱਲ ਦੀ ਮੈਨੂੰ ਸਮਝ ਨਹੀਂ ਆਈ, ਉਹ ਇਹ ਕਿ ਜਿਨ੍ਹਾਂ ਮੁਸਲਮਾਨ ਲੀਡਰਾਂ ਨੇ ਦਿੱਲੀ ਦੀ ਇਕ ਸੜਕ ਦਾ ਨਾਮ ਔਰੰਗਜ਼ੇਬ ਰਖਵਾਇਆ, ਉਨ੍ਹਾਂ ਦੀ ਇਹੋ ਨਾਂ ਰਖਵਾਉਣ ਦੀ ਜ਼ਿਦ ਪਿੱਛੇ ਕੀ ਮਜਬੂਰੀ ਸੀ? ਸ਼ੇਖ ਫਰੀਦ, ਸ਼ੇਖ ਨਿਜਾਮੂਦੀਨ ਔਲੀਆ, ਅਮੀਰ ਖੁਸਰੋ, ਹਜ਼ਰਤ ਮੀਆਂ ਮੀਰ, ਸਰਮਦ ਅਤੇ ਦਾਰਾ ਸ਼ਿਕੋਹ ਆਦਿਕ ਅਨੇਕ ਸਤਿਕਾਰਯੋਗ ਹਸਤੀਆਂ ਹਨ ਜਿਨ੍ਹਾਂ ਦੇ ਨਾਮ ਪਿੱਛੇ ਸੜਕਾਂ ਦੇ ਨਾਮ ਰੱਖਣੇ ਸਭ ਨੂੰ ਚੰਗੇ ਲੱਗਦੇ ਹਨ। ਔਰੰਗਜ਼ੇਬ ਤੁਅੱਸਬੀ ਸੁੰਨੀ ਮੁਸਲਮਾਨ ਸੀ ਜਿਸ ਬਾਰੇ ਵਿਵਾਦਜਨਕ ਵਿਚਾਰ-ਚਰਚਾ ਹੋਣ ਦੀ ਪੂਰੀ ਸੰਭਾਵਨਾ ਹੈ ਤੇ ਅਜਿਹਾ ਕਰਨ ਵਿਚ ਕੋਈ ਹਿਚਕਿਚਾਹਟ ਨਹੀਂ। ਇਹ ਵਿਚਾਰ-ਚਰਚਾ ਹੋਣ ਲੱਗ ਪਈ ਹੈ।

ਮੇਰੇ ਸਾਹਮਣੇ ਇਸ ਮਸਲੇ ਦੇ ਹੱਲ ਵਾਸਤੇ ਇਹ ਸਟੀਕ ਫਾਰਮੂਲਾ ਹੈ ਕਿ ਇਕੋ ਸਮੇਂ ਦੋ ਵੱਡੀਆਂ ਇਤਿਹਾਸਕ ਸ਼ਖਸੀਅਤਾਂ ਸਾਡੇ ਸਾਹਮਣੇ ਆਈਆਂ। ਇਕ ਬਾਦਸ਼ਾਹ ਔਰੰਗਜ਼ੇਬ ਅਤੇ ਦੂਜੇ ਗੁਰੂ ਤੇਗ ਬਹਾਦੁਰ ਸਾਹਿਬ। ਇਨ੍ਹਾਂ ਦੋਹਾਂ ਸ਼ਖਸੀਅਤਾਂ ਵਿਚੋਂ ਇਕ ਸਹੀ ਸੀ, ਦੂਜੀ ਗਲਤ। ਜੇ ਔਰੰਗਜ਼ੇਬ ਸਹੀ ਸੀ ਤਾਂ ਗੁਰੂ ਜੀ ਦੀ ਕੁਰਬਾਨੀ ਕਿਉਂ ਹੋਈ? ਮਾਸੂਮ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੀ ਨਿਗਰਾਨੀ ਵਿਚ ਸਿਰੇ ਚੜ੍ਹੀਆਂ। ਇਨ੍ਹਾਂ ਸ਼ਹਾਦਤਾਂ ਦੀ ਜ਼ਿੰਮੇਵਾਰੀ ਤੋਂ ਵੀ ਔਰੰਗਜ਼ੇਬ ਦੀ ਮੁਗਲ ਸਟੇਟ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਇਸ ਸੰਦਰਭ ਵਿਚ ਔਰੰਗਜ਼ੇਬ ਦਾ ਮੁਲਾਂਕਣ ਕਿਸ ਨਜ਼ਰੀਏ ਤੋਂ ਕਰੀਏ?

ਇਬਨੇ ਇੰਸ਼ਾ ਆਪਣੀ ਰਚਨਾ ਉਰਦੂ ਕੀ ਆਖਰੀ ਕਿਤਾਬ ਵਿਚ ਲਿਖਦੇ ਹਨ, "ਔਰੰਗਜ਼ੇਬ ਪੱਕਾ ਮੁਸਲਮਾਨ ਥਾ। ਸਾਰੀ ਉਮਰ ਉਸ ਨੇ ਏਕ ਭੀ ਨਮਾਜ਼ ਨਹੀਂ ਛੋੜੀ। ਔਰ ਨਾ ਕੋਈ ਆਪਣਾ ਭਾਈ ਛੋੜਾ।"

ਸੱਟ ਖਾਧਾ ਜੁਆਨ ਬਾਂਹ ਉਪਰ ਪਲੱਸਤਰ ਕਰਵਾਈ ਜਾ ਰਿਹਾ ਸੀ ਤਾਂ ਸਾਹਮਣਿਓਂ ਉਸ ਦੇ ਮਿੱਤਰ ਨੇ ਪੁੱਛਿਆ, "ਬਾਈ ਜੀ, ਕੀ ਸੱਟ ਲੱਗ ਗਈ?" ਫੱਟੜ ਬੋਲਿਆ, "ਨਹੀਂ ਅਜਿਹੀ ਕੋਈ ਗੱਲ ਨਹੀਂ। ਅੱਜ ਕਲ੍ਹ ਪਲੱਸਤਰ ਲਵਾਉਣ ਦਾ ਰਿਵਾਜ਼ ਚੱਲ ਰਿਹਾ ਹੈ। ਉਥੇ ਪਿੱਛੇ ਚੌਕ ਵਿਚ ਬੈਠਾ ਹਕੀਮ ਪਲੱਤਸਰ ਲਾਉਣ ਲੱਗਾ ਹੋਇਆ ਹੈ। ਫੇਰ ਕਿਤੇ ਭੀੜ ਨਾ ਹੋ ਜਾਵੇ ਤੂੰ ਵੀ ਹੁਣੇ ਜਾ ਕੇ ਲਵਾ ਲੈ।"

ਅਖਬਾਰਾਂ ਨੂੰ ਔਰੰਗਜ਼ੇਬ ਵਿਚ ਸਿਫਤਾਂ ਵਧੀਕ ਦਿੱਸੀਆਂ ਹਨ, ਸਾਡੇ ਲਈ ਇਹ ਦਿਲਚਸਪੀ ਦੀ ਵਜਾਹ ਹੈ। ਫੈਸ਼ਨ ਫੈਸ਼ਨ ਹੈ ਆਖਰ।

## ਪੰਜਾਬ ਟਾਈਮਜ਼ ਦੀ ਆਹਲਾ ਸਮੱਗਰੀ

ਮੈਨੂੰ ਇਹ ਗੱਲ ਕਹਿਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਿ ਪੰਜਾਬ ਟਾਈਮਜ਼ ਵਿਚਲੀ ਸਮੱਗਰੀ ਸਾਰਥਕ ਹੋਣ ਦੇ ਨਾਲ ਨਾਲ ਦਿਲਚਸਪ ਵੀ ਹੁੰਦੀ ਹੈ, ਇਸ ਕਾਰਨ ਪਾਠਕ ਪੜ੍ਹਦੇ ਹਨ ਤੇ ਅਗਲਾ ਅੰਕ ਉਡੀਕਦੇ ਹਨ। ਪੰਜਾਬੀ ਸਭਿਆਚਾਰ, ਸਾਹਿਤ, ਆਲੋਚਨਾ, ਖੇਡਾਂ ਅਤੇ ਗੁਰਬਾਣੀ ਦੇ ਮਜਮੂਨ ਨਿੱਗਰ ਹੁੰਦੇ ਹਨ।

ਬਲਜੀਤ ਬਾਸੀ ਭਾਸ਼ਾ ਵਿਗਿਆਨ ਦੀ ਜਿਸ ਜੜ੍ਹ ਨਾਲ ਵਾਬਸਤਾ ਹੈ, ਉਸ ਵਿਚ ਉਸ ਦੀ ਖੋਜ ਲਾਸਾਨੀ ਵੀ ਹੈ, ਨਿਰਵਿਵਾਦ ਵੀ। ਪ੍ਰੋ. ਜੀ. ਐਸ. ਰਿਆਲ ਦੀ ਸੰਗਤ ਮੈਂ ਸਾਲਾਂ ਬੱਧੀ ਮਾਣੀ ਹੈ ਤੇ ਅਕਸਰ ਸੋਚਿਆ ਕਰਦਾ ਸਾਂ, ਭਾਈ ਕਾਨ੍ਹ ਸਿੰਘ ਨਾਭਾ ਤੋਂ ਬਾਅਦ ਸਾਨੂੰ ਜੀ. ਐਸ. ਰਿਆਲ ਮਿਲ ਗਏ ਪਰ ਰਿਆਲ ਸਾਹਿਬ ਤੋਂ ਬਾਦ ਕੌਣ? ਕੁਦਰਤ ਦੇ ਆਪਣੇ ਤਰੀਕੇ ਹਨ। ਪੰਜਾਬੀਆਂ ਨੂੰ ਬਾਸੀ ਮਿਲ ਗਿਆ ਹੈ। ਰਿਆਲ ਸਾਹਿਬ ਦਾ ਵਾਕ- ਜਿਹੜੀ ਵਿਦਿਆ ਮੈਂ ਹਾਸਲ ਕੀਤੀ, ਏਨੀ ਤਿੱਖੀ ਜ਼ਹਿਰ ਹੈ ਕਿ ਸੂਈ ਦੇ ਨੱਕੇ ਉਪਰ ਟਿਕਾ ਕੇ ਕਿਸੇ ਨੂੰ ਖੁਰਾਕ ਦੇ ਦਿਓ ਤਾਂ ਉਹ ਮਰ ਜਾਏਗਾ। ਬਹੁਤ ਪਤਲੀ ਕਰ ਕਰ ਕੇ ਮੈਂ ਤੁਹਾਨੂੰ ਪਿਲਾ ਰਿਹਾਂ।

ਏਸ ਵਾਰ ਨਾੜਾ, ਨਾਲਾ ਸ਼ਬਦ ਦੀ ਵਿਆਖਿਆ ਸੌ ਫੀਸਦੀ ਦਰੁਸਤ ਹੈ। ਰਿਆਲ ਸਾਹਿਬ ਨੇ ਇਸ ਵਿਚ ਏਨਾ ਕੁ ਵੱਧ ਦਸਿਆ ਸੀ ਕਿ ਗੰਨੇ ਨੂੰ ਕਾਨਾ ਵੀ ਕਿਹਾ ਜਾਂਦਾ ਹੈ, ਇਸੇ ਤੋਂ ਕੈਨਾਲ ਸ਼ਬਦ ਬਣਿਆ, ਇਸੇ ਤੋਂ ਚੈਨਲ ਇਸੇ ਤੋਂ ਕਾਨੀਂ।

*-ਡਾ. ਹਰਪਾਲ ਸਿੰਘ ਪੰਨੂ*
*ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*
*ਫੋਨ: 91-94642-51454*

## ਪਾਠਕਾਂ ਦੀ ਰਾਏ

# ਫਿਰਕਾਪ੍ਰਸਤੀ ਦਾ ਦੈਂਤ ਫਿਰ ਸਿਰ ਚੁਕਣ ਲੱਗਾ

## ਸਿਆਸਤ ਦਾ ਪਿੜ




■ ਜਤਿੰਦਰ ਪਨੂੰ
ਫੋਨ: 91-98140-68455

"ਯਾਰ ਕਮਲੇਸ਼ਵਰ, ਇਹ ਮੌਸਮ ਤਾਂ ਬਦਲਣ ਦਾ ਨਾਂ ਹੀ ਨਹੀਂ ਲੈ ਰਿਹਾ।" ਇਹ ਲਫਜ਼ ਕਰੀਬ ਛੱਬੀ ਸਾਲ ਪਹਿਲਾਂ ਭਾਰਤ ਦੇ ਮਹਾਨ ਲੇਖਕ ਰਾਹੀ ਮਾਸੂਮ ਰਜ਼ਾ ਨੇ ਦੂਸਰੇ ਪ੍ਰਮੁੱਖ ਸਾਹਿਤਕਾਰ ਕਮਲੇਸ਼ਵਰ ਨੂੰ ਲਿਖੇ ਸਨ। ਫਿਰਕੂਪੁਣੇ ਦੀ ਉਦੋਂ ਵੀ ਭਾਰਤ ਵਿਚ ਇੱਕ ਹਨੇਰੀ ਚੱਲ ਰਹੀ ਸੀ। ਲੋਕਾਂ ਨੂੰ ਬਰਾਬਰ ਦੇ ਲੋਕ ਮੰਨਣ ਦੀ ਥਾਂ ਹਿੰਦੂ, ਮੁਸਲਮਾਨ, ਸਿੱਖ, ਈਸਾਈ ਤੇ ਹੋਰ ਧਰਮਾਂ ਨਾਲ ਜੋੜ ਕੇ ਵੇਖਣ ਵਿਚ ਵੱਧ ਦਿਲਚਸਪੀ ਲਈ ਜਾਂਦੀ ਸੀ। ਭਾਰਤ ਦੀ ਵੰਡ ਹੋਣ ਅਤੇ ਇਸ ਵਿਚੋਂ ਪਾਕਿਸਤਾਨ ਨਾਂ ਦਾ ਦੇਸ਼ ਨਿਕਲਣ ਪਿੱਛੋਂ ਉਹੋ ਜਿਹਾ ਰੂਹਾਂ ਨੂੰ ਸਾੜਨ ਵਾਲਾ ਇਹ ਦੂਸਰਾ ਦੌਰ ਜਾਪਦਾ ਸੀ। ਦੇਸ਼ ਦੀ ਵੰਡ ਪਿੱਛੋਂ ਪੈਦਾ ਹੋਏ ਸਾਡੇ ਵਰਗੇ ਲੋਕ ਵੰਡ ਦੇ ਦੁਖਾਂਤ ਨੂੰ ਪੜ੍ਹਦੇ ਰਹੇ ਸਨ, ਹੰਢਾਉਣਾ ਨਹੀਂ ਸੀ ਪਿਆ। ਕਮਲੇਸ਼ਵਰ ਨੂੰ ਰਾਹੀ ਮਾਸੂਮ ਰਜ਼ਾ ਨੇ ਇਹ ਚਿੱਠੀ ਉਦੋਂ ਲਿਖੀ, ਜਦੋਂ ਸਾਡੇ ਵਰਗਿਆਂ ਨੂੰ ਉਹੋ ਜਿਹੇ ਹਾਲਾਤ ਦਾ ਅਹਿਸਾਸ ਕਰਾਉਣ ਵਾਲਾ ਦੌਰ ਦੁਬਾਰਾ ਸ਼ੁਰੂ ਹੋ ਗਿਆ ਸੀ। ਰਾਹੀ ਮਾਸੂਮ ਰਜ਼ਾ ਹੁਣ ਨਹੀਂ ਰਹੇ, ਪਰ ਉਹ ਮੌਸਮ ਅੱਜ ਵੀ ਮੁੱਕਣ ਦਾ ਨਾਂ ਨਹੀਂ ਲੈ ਰਿਹਾ।

ਸਾਬਕਾ ਵਿਦੇਸ਼ ਮੰਤਰੀ ਅਤੇ ਭਾਜਪਾ ਆਗੂ ਜਸਵੰਤ ਸਿੰਘ ਦੀ ਇੱਕ ਕਿਤਾਬ ਅਸੀਂ ਪੜ੍ਹੀ ਸੀ, ਜਿਸ ਵਿਚ ਉਨ੍ਹਾਂ ਇਹ ਦਰਜ ਕੀਤਾ ਸੀ ਕਿ ਪਾਕਿਸਤਾਨ ਬਣਨ ਪਿੱਛੋਂ ਜਦੋਂ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੂੰ ਜਾਮਾ ਮਸਜਿਦ ਬੋਲਣ ਲਈ ਸੱਦਿਆ ਗਿਆ ਤਾਂ ਉਹ ਬੜੇ ਕੌੜ ਨਾਲ ਬੋਲੇ ਸਨ। ਉਨ੍ਹਾਂ ਕਿਹਾ ਸੀ ਕਿ ਇਸ ਮਸਜਿਦ ਵਿਚ ਕਈ ਸਾਲ ਉਹ ਲੋਕ ਬੋਲਦੇ ਰਹੇ, ਜਿਹੜੇ ਭਾਰਤ ਵਿਚ ਫਿਰਕੂ ਜ਼ਹਿਰ ਬੀਜਣ ਮਗਰੋਂ ਅੱਜ ਪਾਕਿਸਤਾਨ ਵਿਚ ਚਲੇ ਗਏ ਹਨ ਤੇ ਆਪਣੇ ਵੱਡਿਆਂ ਦੀਆਂ ਕਬਰਾਂ ਵੀ ਏਥੇ ਛੱਡ ਗਏ ਹਨ। ਆਜ਼ਾਦ ਨੇ ਇਹ ਵੀ ਕਿਹਾ ਸੀ ਕਿ ਉਦੋਂ ਤੁਸੀਂ ਲੋਕ ਮੇਰੇ ਵਰਗੇ ਆਦਮੀ ਦੀ ਸਾਂਝੀ ਗੱਲ ਸੁਣਨ ਜੋਗਾ ਹੌਸਲਾ ਨਹੀਂ ਸੀ ਕਰ ਸਕੇ, ਪਰ ਅੱਜ ਇਹ ਸੋਚ ਕੇ ਮੈਨੂੰ ਸੱਦਦੇ ਹੋ ਕਿ ਅਸੀਂ ਹੁਣ ਇਸ ਦੇਸ਼ ਵਿਚ ਰਹਿਣਾ ਹੈ। ਲੋਕਾਂ ਦੇ ਅਹਿਸਾਸ ਨੂੰ ਜਗਾਉਂਦੀ ਉਹ ਤਕਰੀਰ ਸਿਰਫ ਮੁਸਲਮਾਨਾਂ ਲਈ ਨਹੀਂ, ਭਾਰਤ ਦੇ ਹਰ ਵਾਸੀ ਲਈ ਇੱਕ ਸਬਕ ਹੋ ਸਕਦੀ ਹੈ। ਅੱਜ ਦੇ ਦੌਰ ਵਿਚ ਵੀ ਉਹ ਤਕਰੀਰ ਬਹੁਤ ਸਾਰੀਆਂ ਸੂਝ ਦੀਆਂ ਗੱਲਾਂ ਹਰ ਕਿਸੇ ਨੂੰ ਸਿੱਖਾ ਸਕਦੀ ਹੈ।

ਵੱਖਰਾ ਦੇਸ਼ ਬਣਨ ਪਿੱਛੋਂ ਪਾਕਿਸਤਾਨ ਦਾ ਬਾਬਾ-ਇ-ਕੌਮ ਮੁਹੰਮਦ ਅਲੀ ਜਿਨਾਹ ਜਦੋਂ ਕਸ਼ਮੀਰ ਦੇ ਮੁਸਲਮਾਨਾਂ ਨੂੰ ਇਹ ਕਹਿਣ ਆਇਆ ਕਿ ਕਸ਼ਮੀਰ ਦੀ ਰਿਆਸਤ ਪਾਕਿਸਤਾਨ ਵਿਚ ਹੋਣੀ ਚਾਹੀਦੀ ਹੈ, ਕਸ਼ਮੀਰੀ ਮੁਸਲਮਾਨਾਂ ਨੇ ਆਪਣੀ ਰਿਆਸਤ ਦੀ ਹੱਦ ਤੋਂ ਉਸ ਨੂੰ ਪਿੱਛੇ ਮੁੜਨ ਨੂੰ ਮਜਬੂਰ ਕਰ ਦਿੱਤਾ ਸੀ। ਕੁਝ ਚਿਰ ਬਾਅਦ ਜਦੋਂ ਕਬਾਇਲੀਆਂ ਦਾ ਭੇਸ ਧਾਰ ਕੇ ਪਾਕਿਸਤਾਨੀ ਫੌਜ ਨੇ ਕਸ਼ਮੀਰ ਘਾਟੀ ਵਿਚ ਘੁਸਪੈਠ ਕੀਤੀ ਤਾਂ ਕਸ਼ਮੀਰ ਦੇ ਰਾਜੇ ਦੀ ਬੇਨਤੀ ਉਤੇ ਆਈ ਭਾਰਤੀ ਫੌਜ ਵੱਲੋਂ ਇਸਲਾਮ ਦੇ ਨਾਂ ਉਤੇ ਬਣੇ ਦੇਸ਼ ਪਾਕਿਸਤਾਨ ਵਿਰੁੱਧ ਧਰਮ ਨਿਰਪੇਖ ਭਾਰਤ ਲਈ ਸ਼ਹੀਦ ਹੋਏ ਪਹਿਲੇ ਭਾਰਤੀਆਂ ਵਿਚ ਬ੍ਰਿਗੇਡੀਅਰ ਮੁਹੰਮਦ ਉਸਮਾਨ ਅਲੀ ਨਾਂ ਦਾ ਇੱਕ ਮੁਸਲਮਾਨ ਵੀ ਸੀ, ਜਿਸ ਨੂੰ ਮਰਨ ਪਿੱਛੋਂ ਮਹਾਂਵੀਰ ਚੱਕਰ ਦਿੱਤਾ ਗਿਆ ਸੀ। ਕੁਝ ਸਾਲ ਪਹਿਲਾਂ ਭਾਰਤੀ ਫੌਜ ਦੇ ਇੱਕ ਸੈਮੀਨਾਰ ਵਿਚ ਇੱਕ ਆਰ ਐਸ ਐਸ ਆਗੂ ਨੇ ਸਾਰਾ ਭਾਸ਼ਣ ਹਿੰਦੂਤਵ ਦੇ ਨਾਂ ਉਤੇ ਕੀਤਾ ਤੇ ਮੁਸਲਮਾਨਾਂ ਨੂੰ ਪਾਕਿਸਤਾਨੀ ਏਜੰਟ ਕਰਾਰ ਦੇਣ ਤੱਕ ਚਲਾ ਗਿਆ। ਉਸ ਦੇ ਪਿੱਛੋਂ ਬੋਲਣ ਵੇਲੇ ਸਾਨੂੰ ਕਹਿਣਾ ਪਿਆ ਕਿ ਇਸ ਸੈਮੀਨਾਰ ਵਾਲੀ ਥਾਂ ਤੋਂ ਚਾਲੀ ਕਿਲੋਮੀਟਰ ਦੂਰ ਉਹ ਪਿੰਡ ਚੀਮਾ ਹੈ, ਜਿੱਥੇ ਇੱਕ ਸਮਾਧੀ ਨੂੰ ਹਿੰਦੂ ਤੇ ਸਿੱਖ ਅੱਜ ਵੀ ਪੂਜਦੇ ਹਨ ਤੇ ਉਹ ਸਮਾਧੀ ਹਵਾਲਦਾਰ ਅਬਦੁਲ ਹਮੀਦ ਦੀ ਹੈ, ਜਿਹੜਾ ਇਸਲਾਮੀ ਦੇਸ਼ ਪਾਕਿਸਤਾਨ



ਵਿਰੁੱਧ ਧਰਮ ਨਿਰਪੱਖ ਭਾਰਤ ਲਈ ਲੜਦਾ ਸ਼ਹੀਦ ਹੋਇਆ ਸੀ। ਪਾਕਿਸਤਾਨ ਦੇ ਨੱਬੇ ਤੋਂ ਵੱਧ ਟੈਂਕਾਂ ਦਾ ਘੇਰਾ ਤੋੜਨ ਵਾਲੇ ਜਿਸ ਥਾਂ ਨੂੰ ਅੱਜ 'ਪੈਟਨ ਟੈਂਕਾਂ ਦਾ ਕਬਰਿਸਤਾਨ' ਕਿਹਾ ਜਾਂਦਾ ਹੈ, ਓਥੇ ਸ਼ਹੀਦੀ ਪਾਉਣ ਤੋਂ ਪਹਿਲਾਂ ਸਭ ਨਾਲੋਂ ਵੱਧ ਸੱਤ ਟੈਂਕ ਤੋੜਨ ਦੇ ਬਾਅਦ ਉਸ ਨੇ ਆਪਣੇ ਪ੍ਰਾਣ ਦਿੱਤੇ ਸਨ। ਇਸ ਤਰ੍ਹਾਂ ਦੀਆਂ ਕਈ ਹੋਰ ਸ਼ਹੀਦੀਆਂ ਅਸੀਂ ਭੁਲਾ ਕੇ ਭਾਰਤ ਵਿਚ ਹੁਣ ਫਿਰ ਉਹੋ ਜਿਹਾ ਮਾਹੌਲ ਬਣਾਇਆ ਜਾਂਦਾ ਵੇਖਦੇ ਹਾਂ, ਜਿਸ ਨੇ ਪਹਿਲਾਂ ਹੀ ਬੜੇ ਖਤਰਨਾਕ ਸਿੱਟੇ ਕੱਢੇ ਹੋਏ ਹਨ।

ਫੁੱਟ ਫਿਰਕੇਦਾਰਾਂ ਨੇ ਪਾਈ ਸੀ, ਪਰ ਭੁਗਤੀ ਆਮ ਲੋਕਾਂ ਨੇ ਸੀ। ਇੱਕ ਵਾਰੀ ਲੰਡਨ ਦੇ ਇੱਕ ਸਮਾਗਮ ਦੀ ਸਮਾਪਤੀ ਦੇ ਬਾਅਦ ਇੱਕ ਪਾਕਿਸਤਾਨੀ ਨੇ ਆਣ ਕੇ ਲਾਹੌਰੀਆ ਪੰਜਾਬੀ ਵਿਚ ਮੈਨੂੰ ਪੁੱਛਿਆ ਸੀ: 'ਤੇਰੀ ਬੋਲੀ ਸਾਡੇ ਵਾਲੀ ਹੈ, ਹੱਲਿਆਂ ਤੋਂ ਪਿੱਛੋਂ ਜੰਮਿਆ ਸੀ ਕਿ ਪਹਿਲਾਂ ਦਾ ਜੰਮਿਆ ਹੋਇਐਂ?' ਮੈਂ ਹੱਸ ਕੇ ਕਿਹਾ ਸੀ, "ਉਮਰ ਤਾਂ ਪੰਜਾਹਾਂ ਤੋਂ ਉਤੇ ਹੋ ਗਈ, ਪਰ ਜੰਮਿਆ ਮੈਂ ਹਾਲੇ ਵੀ ਨਹੀਂ, ਤੇ ਸ਼ਾਇਦ ਅਣ-ਜੰਮਿਆ ਹੀ ਦੁਨੀਆਂ ਤੋਂ ਤੁਰ ਜਾਊਂਗਾ।" ਉਸ ਨੇ ਕਾਰਨ ਪੁੱਛਿਆ। ਮੈਂ ਉਸ ਨੂੰ ਕਿਹਾ, "ਸਾਡੇ ਵੰਨੀਂ ਕਹਿੰਦੇ ਨੇ ਕਿ ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ। ਲਾਹੌਰ ਤਾਂ ਤੂੰ ਲੈ ਗਿਆ, ਮੈਂ ਫਿਰ ਕਿੱਥੇ ਜੰਮ ਪੈਂਦਾ?" ਉਹ ਗਿੱਲੀਆਂ ਅੱਖਾਂ ਨਾਲ ਮੇਰੇ ਗਲ਼ ਲੱਗ ਕੇ ਬੋਲਿਆ, "ਮਾਰ ਦਿੱਤਾ ਸਾਨੂੰ ਸਾਡੇ ਲੀਡਰਾਂ ਨੇ, ਮੇਰੇ ਨਾਨਕੇ ਤੇ ਦਾਦਕੇ ਦੋਵੇਂ ਤੇਰੇ ਪਾਸੇ ਰਹਿ ਗਏ, ਮੈਂ ਕਿਹੜਾ ਜੰਮਿਆਂ ਵਿਚ ਗਿਣਿਆਂ ਜਾਂਦਾ ਹਾਂ?" ਇਹ ਦੁਖਾਂਤ ਆਮ ਲੋਕਾਂ ਨੂੰ ਯਾਦ ਹੈ, ਪਰ ਜਿਨ੍ਹਾਂ ਲੀਡਰਾਂ ਨੇ ਇਹ ਦਿਨ ਪੈਦਾ ਕੀਤੇ ਸਨ, ਉਨ੍ਹਾਂ ਨੂੰ ਇਸ ਦਾ ਅਹਿਸਾਸ ਕਦੇ ਨਹੀਂ ਹੋ ਸਕਦਾ।

ਜਿਹੜਾ ਮਾਹੌਲ ਅੱਜ ਸਾਡੇ ਲਈ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੈਦਾ ਕਰੀ ਜਾ ਰਿਹਾ ਹੈ, ਭਾਰਤ ਵਿਚ ਫਿਰਕੇਦਾਰੀ ਦੇ ਜਨੂੰਨ ਨੂੰ ਮੁੜ ਕੇ ਭੜਕਾਈ ਜਾ ਰਿਹਾ ਹੈ, ਇਸ ਦੀ ਸ਼ੁਰੂਆਤ ਅੱਜ ਨਹੀਂ ਹੋਈ, ਪਹਿਲਾਂ ਤੋਂ ਚੁਆਤੀ ਧੁਖ ਰਹੀ ਹੈ। ਹੁਣ ਦਿੱਲੀ ਦੀ ਇੱਕ ਸੜਕ ਦਾ ਨਾਂ ਔਰੰਗਜ਼ੇਬ ਦੇ ਨਾਂ ਤੋਂ ਨਿਖੇੜ ਕੇ ਸਾਬਕਾ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਦੇ ਨਾਂ ਨਾਲ ਜੋੜ ਦਿੱਤਾ ਗਿਆ ਹੈ। ਔਰੰਗਜ਼ੇਬ ਕੋਈ ਚੰਗਾ ਬੰਦਾ ਨਹੀਂ ਸੀ, ਜ਼ਾਲਮ ਸੀ, ਉਸ ਨਾਲ ਕੋਈ ਭਲਾ ਹਮਦਰਦੀ ਕਾਹਤੋਂ ਕਰੇਗਾ, ਪਰ ਦਿੱਲੀ ਵਿਚ ਇੱਕ ਤੁਗਲਕ ਰੋਡ ਵੀ ਹੈ। ਤੁਗਲਕ ਨੂੰ ਇਤਹਾਸ ਵਿਚ ਪੜ੍ਹਿਆ-ਲਿਖਿਆ ਮੂਰਖ ਮੰਨਿਆ ਗਿਆ ਸੀ, ਉਸ ਦੇ ਨਾਂ ਦੀ ਸੜਕ ਉਤੇ ਰਾਜ ਕਰਦੀ ਜਮਾਤ ਦੇ ਕਈ ਲੀਡਰਾਂ ਦੀ ਰਿਹਾਇਸ਼ ਹੈ। ਉਂਜ ਉਨ੍ਹਾਂ ਵਿਚ ਕਈ ਤੁਗਲਕ ਵਾਂਗ ਹੀ ਪੜ੍ਹੇ-ਲਿਖੇ ਮੂਰਖ ਆਖੇ ਜਾਣ ਵਾਲੇ ਹਨ। ਲਾਹੌਰ ਵਿਚ ਰੈਜ਼ੀਡੈਂਟ ਕਮਿਸ਼ਨਰ ਬਣ ਕੇ ਜਿਸ ਹੈਨਰੀ ਲਾਰੈਂਸ ਨੇ ਓਥੋਂ ਭਾਰਤ ਦੀ, ਤੇ ਪੰਜਾਬ ਦੀ ਵੀ, ਆਖਰੀ ਚੁਣੌਤੀ ਨੂੰ ਖਤਮ ਕਰਨ ਦਾ ਕੰਮ ਕੀਤਾ ਸੀ, ਅੰਤਾਂ ਦੇ ਜ਼ਾਲਮ ਉਸ ਲਾਰੈਂਸ ਦੇ ਨਾਂ ਉਤੇ ਕਈ ਸ਼ਹਿਰਾਂ ਵਿਚ 'ਲਾਰੈਂਸ ਰੋਡ' ਬਣੀ ਪਈ ਹੈ ਅਤੇ ਇੱਕ ਉਘਾ ਸਕੂਲ ਵੀ ਹੈ, ਜਿਸ ਵਿਚ ਵੱਡੇ ਲੋਕਾਂ ਦੇ ਬੱਚੇ ਪੜ੍ਹਦੇ ਹਨ ਤੇ ਗਰੀਬ ਲੋਕਾਂ ਦੇ ਬੱਚਿਆਂ ਦੇ ਹਿੱਸੇ ਦਾ ਫੰਡ ਉਸ ਸਕੂਲ ਨੂੰ ਇਸ ਲਈ ਦਾਨ ਦਿੱਤਾ ਜਾਂਦਾ ਹੈ ਕਿ ਉਸ ਨੇ ਭਾਰਤੀ ਲੋਕਾਂ ਉਤੇ ਰਾਜ ਕਰਨ ਵਾਲੇ ਲੀਡਰਾਂ ਦੀ ਇੱਕ ਪਨੀਰੀ ਤਿਆਰ ਕੀਤੀ ਹੈ। ਜਿਹੜੇ ਜੱਜ ਕੂਪਰ ਨੇ ਅਜਨਾਲੇ ਵਿਚ ਤਿੰਨ ਸੌ ਤੋਂ ਵੱਧ ਦੇਸ਼ ਭਗਤਾਂ ਨੂੰ ਖੂਹ ਵਿਚ ਜਿੰਦਾ ਸੁੱਟ ਕੇ ਮਾਰ ਦਿੱਤਾ ਸੀ, ਅੰਮ੍ਰਿਤਸਰ ਦੀ ਇੱਕ ਸੜਕ ਉਸ ਦੇ ਨਾਂ ਵੀ ਹੈ। ਲਾਰੈਂਸ, ਕੂਪਰ, ਕਰਜ਼ਨ ਦੇ ਨਾਂ ਵਾਲੀਆਂ ਥਾਂਵਾਂ ਉਤੇ ਕਦੀ ਕੋਈ ਇਤਰਾਜ਼ ਨਹੀਂ ਕਰਦਾ, ਔਰੰਗਜ਼ੇਬ ਦੇ ਨਾਂ ਉਤੇ ਇਤਰਾਜ਼ ਇਹ ਕਹਿ ਕੇ ਹੁੰਦਾ ਹੈ ਕਿ ਉਹ ਜ਼ਾਲਮ ਸੀ, ਪਰ ਹੁੰਦਾ ਇਸ ਲਈ ਹੈ ਕਿ ਉਹ ਮੁਸਲਮਾਨ ਸੀ। ਇਹ ਸਿਆਸੀ ਚੁਸਤੀ ਕੀਤੀ ਗਈ ਹੈ ਕਿ ਔਰੰਗਜ਼ੇਬ ਦਾ ਨਾਂ ਹਟਾ ਕੇ ਡਾਕਟਰ ਏ ਪੀ ਜੇ ਅਬਦੁਲ ਕਲਾਮ ਲਿਖ ਦਿੱਤਾ, ਤਾਂ ਕਿ ਆਖਿਆ ਜਾ ਸਕੇ ਕਿ ਕਲਾਮ ਵੀ ਮੁਸਲਮਾਨ ਸੀ ਤੇ ਔਰੰਗਜ਼ੇਬ ਤੋਂ ਸੌ ਦਰਜੇ ਵਧੀਆ ਮੁਸਲਮਾਨ ਸੀ। ਸਾਨੂੰ ਇਸ ਗੱਲ ਬਾਰੇ ਅਹਿਸਾਸ ਹੈ, ਪਰ ਇਸ ਗੱਲ ਬਾਰੇ ਵੀ ਪਤਾ ਹੈ ਕਿ ਡਾਕਟਰ ਏ ਪੀ ਜੇ ਅਬਦੁਲ ਕਲਾਮ ਦਾ ਨਾਂ ਰੱਖਣ ਲਈ ਹੋਰ ਸੜਕਾਂ ਵੀ ਦਿੱਲੀ ਵਿਚ ਵਿਹਲੀਆਂ ਪਈਆਂ ਹਨ, ਇਸ ਸੜਕ ਦਾ ਨਾਂ ਬਦਲਣ ਦੇ ਬਹਾਨੇ ਇੱਕ ਚਾਲ ਚੱਲੀ ਗਈ ਹੈ, ਤਾਂ ਕਿ ਲੋਕਾਂ ਦੀ ਨਬਜ਼ ਟੋਹੀ ਜਾ ਸਕੇ।

ਜਦੋਂ ਆਜ਼ਾਦੀ ਤੋਂ ਬਾਅਦ ਦੇ ਹਾਲਾਤ ਬਾਰੇ ਰਾਹੀ ਮਾਸੂਮ ਰਜ਼ਾ ਨੇ ਇੱਕ ਨਾਵਲ ਲਿਖਿਆ ਤਾਂ ਉਸ ਵਿਚ ਫਿਰਕੂ ਸੋਚ ਹੇਠ ਕੁਝ ਥਾਂਵਾਂ ਦੇ ਨਾਂ ਬਦਲਣ ਬਾਰੇ ਇੱਕ ਚੋਭ ਲਾ ਦਿੱਤੀ ਸੀ ਕਿ ਮੁਸਲਮਾਨਾਂ ਦੇ ਨਾਂ ਹੀ ਹਟਾਉਣੇ ਹਨ ਤਾਂ ਫਲਾਣੇ ਦੀ ਕਬਰ ਵੀ ਏਥੇ ਹੈ, ਉਸ ਦਾ ਨਾਂ ਬਦਲ ਕੇ ਫਲਾਣੇ ਹਿੰਦੂ ਆਗੂ ਦੀ ਸਮਾਧੀ ਲਿਖ ਦਿਓ। ਆਗਰੇ ਦਾ ਤਾਜ ਮਹਿਲ ਵੀ ਅਸਲ ਵਿਚ ਇੱਕ ਮਹਾਰਾਣੀ ਦੀ ਕਬਰ ਹੈ। ਕਈ ਲੋਕ ਉਸ ਬਾਰੇ ਕਹਿੰਦੇ ਹਨ ਕਿ ਉਹ ਹਿੰਦੂ ਅਸਥਾਨ ਹੈ। ਭਲਕ ਨੂੰ ਕੋਈ ਦਿੱਲੀ ਵਿਚ ਇਹ ਕਹਿ ਸਕਦਾ ਹੈ ਕਿ ਜਦੋਂ ਕਰਨ ਲੱਗੇ ਹਾਂ ਤਾਂ ਹਮਾਯੂੰ ਦੇ ਮਕਬਰੇ ਦਾ ਨਾਂ ਬਦਲਣ ਬਾਰੇ ਵੀ ਸੋਚ ਲੈਣਾ ਚਾਹੀਦਾ ਹੈ। ਲਾਰਡ ਕਰਜ਼ਨ ਜਾਂ ਕਿਸੇ ਹੋਰ ਅੰਗਰੇਜ਼ ਦਾ ਨਾਂ ਹੋਵੇ ਤਾਂ ਉਸ ਨੂੰ ਬਦਲਣ ਦੀ ਲੋੜ ਨਹੀਂ। ਇਤਿਹਾਸ ਨੂੰ ਏਦਾਂ ਤਾਂ ਨਹੀਂ ਬਦਲਿਆ ਜਾ ਸਕਣਾ। ਇਸ ਵਿਚ ਗੁਰੂ ਤੇਗ ਬਹਾਦਰ ਸਾਹਿਬ 'ਹਿੰਦ ਦੀ ਚਾਦਰ' ਮੰਨੇ ਜਾਂਦੇ ਰਹਿਣਗੇ, ਔਰੰਗਜ਼ੇਬ ਨੂੰ ਜ਼ੁਲਮ ਦੀ ਅੱਤ ਕਰਨ ਵਾਲੇ ਵਜੋਂ ਜਾਣਿਆ ਜਾਂਦਾ ਰਹੇਗਾ ਅਤੇ ਇਸ ਦਾ ਲੇਖਾ-ਜੋਖਾ ਇਤਿਹਾਸਕਾਰਾਂ ਉਤੇ ਛੱਡ ਦੇਣਾ ਚਾਹੀਦਾ ਹੈ। ਫਿਰਕੂ ਰੰਗ ਵਿਚ ਰੰਗੀ ਹੋਈ ਰਾਜਨੀਤਕ ਸੋਚਣੀ ਦੇ ਮੁਖੌਟੇ ਚਾੜ੍ਹਨ ਵਾਲਾ ਜਿਹੜਾ ਕੰਮ ਕੀਤਾ ਜਾ ਰਿਹਾ ਹੈ, ਇਹ ਬਿਲਕੁਲ ਨਹੀਂ ਹੋਣਾ ਚਾਹੀਦਾ। ਇਹ ਰੁਝਾਨ ਇਸ ਧਰਮ ਨਿਰਪੱਖ ਦੇਸ਼ ਦੇ ਲਈ ਮਾੜਾ ਹੈ।

ਬਹੁਤ ਮਾੜਾ ਇਹ ਰੁਝਾਨ ਜ਼ੁਲਮ ਦੀ ਅੱਤ ਕਰਨ ਵਾਲੇ ਔਰੰਗਜ਼ੇਬ ਦੇ ਨਾਂ ਤੋਂ ਸ਼ੁਰੂ ਹੁੰਦਾ ਹੈ ਤੇ ਫਿਰ ਬਸ਼ੀਰ ਨਾਂ ਦੇ ਉਸ ਲੇਖਕ ਤੱਕ ਪਹੁੰਚ ਜਾਂਦਾ ਹੈ, ਜਿਹੜਾ ਇੱਕ ਮਲਿਆਲੀ ਅਖਬਾਰ ਵਿਚ ਰਾਮਾਇਣ ਦਾ ਕਾਲਮ ਚਲਾ ਰਿਹਾ ਸੀ ਤੇ ਜਿਸ ਨੂੰ ਇਹ ਧਮਕੀ ਦਿੱਤੀ ਗਈ ਸੀ ਕਿ ਤੂੰ ਮੁਸਲਮਾਨ ਹੋ ਕੇ ਰਾਮਾਇਣ ਬਾਰੇ ਲਿਖਣ ਵਾਲਾ ਕੌਣ ਹੈਂ? ਅਖਬਾਰ ਵਾਲੇ ਵੀ ਤ੍ਰਹਿਕ ਗਏ, ਉਨ੍ਹਾਂ ਨੇ ਬਸ਼ੀਰ ਦਾ ਕਾਲਮ ਰੋਕ ਦਿੱਤਾ ਹੈ। ਇਹ ਧਮਕੀ ਪਹਿਲੀ ਵਾਰੀ ਬਸ਼ੀਰ ਨੂੰ ਨਹੀਂ ਮਿਲੀ। ਜਦੋਂ ਕਦੀ ਮਹਾਂਭਾਰਤ ਦਾ ਟੀ ਵੀ ਸੀਰੀਅਲ ਚੱਲਿਆ ਸੀ, ਉਸ ਨੇ ਉਹ ਲੋਕ ਵੀ ਆਪਣੇ ਨਾਲ ਬੰਨ੍ਹ ਲਏ ਸਨ, ਜਿਹੜੇ ਕਦੇ ਕਿਸੇ ਧਰਮ ਨਾਲ ਬੱਝੇ ਹੀ ਨਹੀਂ। ਲੋਕ ਬਰਾਤਾਂ ਤੋਰਨ ਦਾ ਮਹੂਰਤ ਨਿਕਲਦਾ ਸਹਾਰ ਲੈਂਦੇ ਸਨ, ਪਰ ਮਹਾਂਭਾਰਤ ਵੇਖਣਾ ਨਹੀਂ ਸਨ ਛੱਡਦੇ, ਉਸ ਦੇ ਡਾਇਲਾਗ ਲਿਖਣ ਵਾਲੇ ਰਾਹੀ ਮਾਸੂਮ ਰਜ਼ਾ ਨੂੰ ਵੀ ਇਹੋ ਜਿਹੀਆਂ ਗੱਲਾਂ ਕਹੀਆਂ ਗਈਆਂ ਸਨ। ਸਾਰਾ ਭਾਰਤ ਕਹਿੰਦਾ ਸੀ ਕਿ ਰਾਹੀ ਮਾਸੂਮ ਰਜ਼ਾ ਨੇ ਕਮਾਲ ਕਰ ਦਿੱਤੀ, ਮਹਾਂਭਾਰਤ ਦੀ ਕਾਮਯਾਬੀ ਵਿਚ ਵੱਡਾ ਯੋਗਦਾਨ ਉਸ ਦਾ ਗਿਣਿਆ ਜਾਂਦਾ ਸੀ, ਪਰ ਫਿਰਕਾਪ੍ਰਸਤਾਂ ਨੂੰ ਇਹੋ ਗੱਲ ਬਰਦਾਸ਼ਤ ਨਹੀਂ ਸੀ ਕਿ ਮੁਸਲਮਾਨ ਹੋ ਕੇ ਉਹ ਇਹ ਕੰਮ ਕਿਉਂ ਕਰਦਾ ਹੈ? ਫਿਰ ਵੀ ਚੰਗਾ ਇਹ ਹੋਇਆ ਕਿ ਦੇਸ਼ ਦੇ ਆਮ ਲੋਕਾਂ ਦੀ ਰਾਏ ਭਾਰੂ ਰਹੀ ਅਤੇ ਰਾਹੀ ਆਪਣੇ ਰਾਹ ਚੱਲਦਾ ਰਿਹਾ ਸੀ।

ਪਿਛਲੇ ਦਿਨੀਂ ਕਰਨਾਟਕਾ ਵਿਚ ਇੱਕ ਉਘੇ ਚਿੰਤਕ ਅਤੇ ਸਾਬਕਾ ਵਾਈਸ ਚਾਂਸਲਰ ਐਮ ਐਮ ਕੁਲਬਰਗੀ ਦਾ ਕਤਲ ਹੋਇਆ ਹੈ। ਉਹ ਧਰਮ ਨਿਰਪੱਖਤਾ ਦਾ ਮੁਦੱਈ ਤੇ ਅੰਧ-ਵਿਸ਼ਵਾਸ ਦਾ ਵਿਰੋਧੀ ਸੀ। ਇਸ ਤੋਂ ਪਹਿਲਾਂ ਮਹਾਰਾਸ਼ਟਰ ਤੋਂ ਨਰਿੰਦਰ ਡਾਬੋਲਕਰ ਤੇ ਫਿਰ ਗੋਵਿੰਦ ਪਾਂਸਰੇ ਦੇ ਕਤਲਾਂ ਦੀ ਖਬਰ ਆਈ ਸੀ, ਉਹ ਵੀ ਏਸੇ ਤਰ੍ਹਾਂ ਦੇ ਸਨ। ਕੁਲਬਰਗੀ ਦੇ ਕਤਲ ਤੋਂ ਫੌਰਨ ਬਾਅਦ ਇੱਕ ਹੋਰ ਲੇਖਕ ਨੂੰ ਧਰਮ ਨਿਰਪੱਖਤਾ ਅਤੇ ਅੰਧ ਵਿਸ਼ਵਾਸ ਦਾ ਵਿਰੋਧ ਕਰਨ ਦੇ 'ਕਸੂਰ' ਵਿਚ ਇੱਕ ਸਿਰ-ਫਿਰੇ ਨੇ ਧਮਕੀ ਭੇਜ ਦਿੱਤੀ। ਇਹੋ ਜਿਹੇ ਸਿਰ-ਫਿਰੇ ਕਿਸੇ ਨਾ ਕਿਸੇ ਫਿਰਕੂ ਟੋਲੇ ਦੇ ਉਕਸਾਏ ਹੁੰਦੇ ਹਨ।

ਕੇਰਲਾ ਦੇ ਇੱਕ ਫਿਰਕੂ ਲੀਡਰ ਨੇ ਪਿਛਲੇ ਸਾਲ ਆਪਣੇ ਰਸਾਲੇ ਵਿਚ ਇਹ ਲਿਖ ਦਿੱਤਾ ਸੀ ਕਿ ਗਾਂਧੀ ਦੀ ਥਾਂ ਨਹਿਰੂ ਨੂੰ ਕਤਲ ਕੀਤਾ ਜਾਣਾ ਚਾਹੀਦਾ ਸੀ। ਫਿਰ ਉਸ ਦੀ ਜਥੇਬੰਦੀ ਨੇ ਕਿਹਾ ਸੀ ਕਿ ਇਹ ਉਸ ਦੇ ਨਿੱਜੀ ਵਿਚਾਰ ਸਨ। ਨਿੱਜੀ ਵਿਚਾਰ ਹੀ ਹੁੰਦੇ ਤਾਂ ਜਥੇਬੰਦੀ ਦੇ ਪਰਚੇ ਵਿਚ ਛਾਪੇ ਨਹੀਂ ਸਨ ਜਾਣੇ ਜਾਂ ਛਾਪਣ ਵੇਲੇ ਲਿਖਿਆ ਜਾਣਾ ਸੀ ਕਿ ਲੇਖਕ ਦੇ ਨਿੱਜੀ ਵਿਚਾਰ ਹਨ।

ਹੁਣ ਜਦੋਂ 'ਮਾਤਰ ਭੂਮੀ' ਨਾਂ ਦੇ ਅਖਬਾਰ ਵਿਚ ਰਾਮਾਇਣ ਬਾਰੇ ਕਾਲਮ ਲਿਖਣ ਵਾਲੇ ਐਮ ਐਮ ਬਸ਼ੀਰ ਵੱਲ ਵੀ ਫਿਰਕਾਪ੍ਰਸਤਾਂ ਦੀ ਨੋਕ ਸਿੱਧੀ ਹੋ ਗਈ ਹੈ ਤਾਂ ਇਹ ਸਿਰਫ ਉਸ ਦੇ ਲਈ ਨਹੀਂ, ਭਾਰਤ ਦੇ ਹਰ ਧਰਮ ਨਿਰਪੇਖ ਲਈ ਚਿੰਤਾ ਦੀ ਗੱਲ ਹੈ। ਇਹੋ ਜਿਹੇ ਵਕਤ ਇੱਕ ਵਾਰ ਫਿਰ ਸਾਨੂੰ ਮਹਾਨ ਲੇਖਕ ਰਾਹੀ ਮਾਸੂਮ ਰਜ਼ਾ ਯਾਦ ਆਉਂਦਾ ਹੈ, ਜਿਸ ਨੇ ਦੁਖੀ ਹੋ ਕੇ ਲਿਖਿਆ ਸੀ, 'ਯਾਰ ਕਮਲੇਸ਼ਵਰ, ਇਹ ਮੌਸਮ ਤਾਂ ਬਦਲਣ ਦਾ ਨਾਂ ਹੀ ਨਹੀਂ ਲੈ ਰਿਹਾ'।

**Flat Rate Funding Group**

**Are you tired of waiting to get paid on your outstanding freight invoices?**

**Get your $$$ now!**

At Flat Rate Funding Group, we offer the lowest fixed factoring rate in the transportation industry-

*****1.5%!*****

*Call Goldy Dhillon* 734-444-9625

sales@flatratefunding.com

**ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?**

**ਅੱਜ ਹੀ ਲੋੜੀਂਦਾ ਪੈਸਾ ਲਓ**



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਅੰਮ੍ਰਿਤਸਰ 'ਚ ਬਣੇਗਾ ਸੰਤਾਲੀ ਦੀ ਤ੍ਰਾਸਦੀ ਦਰਸਾਉਂਦਾ ਅਜਾਇਬ ਘਰ

**ਅੰਮ੍ਰਿਤਸਰ:** 1947 ਵਿਚ ਦੇਸ਼ ਦੀ ਵੰਡ ਸਮੇਂ ਵਾਪਰੀ ਤ੍ਰਾਸਦੀ ਨੂੰ ਦਰਸਾਉਣ ਲਈ ਇਕ ਵਿਸ਼ਵ ਪੱਧਰੀ ਮਿਊਜ਼ੀਅਮ ਅੰਮ੍ਰਿਤਸਰ ਵਿਚ ਬਣਾਉਣ ਦੀ ਯੋਜਨਾ ਹੈ। ਵਿਸ਼ਵ ਇਤਿਹਾਸ ਦੀ ਹੁਣ ਤੱਕ ਸਭ ਤੋਂ ਵੱਡੀ ਤ੍ਰਾਸਦੀ ਤੇ ਮਨੁੱਖੀ ਜਾਨਾਂ ਖਪਾਊ ਹੋਣੀ ਇਸੇ ਖਿੱਤੇ ਵਿਚ ਵਾਪਰੀ ਸੀ, ਜਿਸ ਨੇ ਦੋ ਦੇਸ਼ਾਂ ਵਿਚਕਾਰ ਖਿੱਚੀ ਇਕ ਲਕੀਰ ਦੀ ਵੰਡ ਬਦਲੇ 10 ਲੱਖ ਮਨੁੱਖੀ ਜਾਨਾਂ ਲਈਆਂ ਸਨ।



ਇਸ ਘਟਨਾ ਉਤੇ ਜਿਥੇ ਕਈ ਨਾਵਲ, ਕਹਾਣੀਆਂ ਤੇ ਫਿਲਮਾਂ ਬਣੀਆਂ ਹਨ, ਉਥੇ ਇਸੇ ਖਾਸੀਅਤ ਦੇ ਮੱਦੇਨਜ਼ਰ ਵਿਸ਼ਵ ਬੈਂਕ ਵੱਲੋਂ ਦੇਸ਼ ਦੀ ਵੰਡ ਉਤੇ ਕੌਮਾਂਤਰੀ ਅਜਾਇਬ ਘਰ ਬਣਾਉਣ ਦੀ ਤਜਵੀਜ਼ ਦੌਰਾਨ ਦਿੱਲੀ ਤੇ ਅੰਮ੍ਰਿਤਸਰ ਨੂੰ ਸੰਭਾਵਿਤ ਸਥਾਨਾਂ ਵਜੋਂ ਵੇਖਿਆ ਜਾ ਰਿਹਾ ਸੀ, ਜਿਸ ਵਿਚੋਂ ਹੁਣ ਅੰਮ੍ਰਿਤਸਰ ਦੀ ਚੋਣ ਕਰਨ ਦਾ ਫ਼ੈਸਲਾ ਕੀਤਾ ਹੈ।

ਵਿਸ਼ਵ ਬੈਂਕ ਦੀ ਪੰਜ ਮੈਂਬਰੀ ਟੀਮ ਨੇ ਭਾਰਤ ਸਰਕਾਰ ਵੱਲੋਂ ਵਿਰਾਸਤੀ ਤੇ ਸਮਾਰਟ ਸਿਟੀ ਦਾ ਦਰਜਾ ਪ੍ਰਾਪਤ ਅੰਮ੍ਰਿਤਸਰ ਦੀ ਫੇਰੀ ਮੌਕੇ ਵਿਸ਼ਵ ਪੱਧਰੀ ਅਜਾਇਬ ਘਰ ਦੀਆਂ ਸੰਭਾਵਨਾਵਾਂ ਘੋਖੀਆਂ। ਇਸ ਦੌਰਾਨ ਟੀਮ ਸਥਾਨਕ ਕੰਪਨੀ ਬਾਗ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ, ਪੈਨੋਰਮਾ, ਟਾਊਨ ਹਾਲ, ਕਿਲ੍ਹਾ ਗੋਬਿੰਦਗੜ੍ਹ ਤੇ ਚਾਲੀ ਖੂਹ ਵਿਖੇ ਗਈ ਤੇ ਸੰਭਾਵਨਾਵਾਂ ਦਾ ਜਾਇਜ਼ਾ ਲਿਆ। ਟੀਮ ਵਿਚ ਵਿਸ਼ਵ ਪ੍ਰਸਿੱਧ ਆਰਥਿਕ ਮਾਹਰ ਮੇਘਨੰਦ ਦੇਸਾਈ, ਕੇਸ਼ਵਰ ਦੇਸਾਈ, ਮਲਿਕਾ ਆਹਲੂਵਾਲੀਆ, ਗੀਤਾਂਜਲੀ ਚਤੁਰਵੇਦੀ ਤੇ ਬਿੰਦੂ ਮਨਚੰਦਾ ਸ਼ਾਮਲ ਸਨ।

ਇਹ ਟੀਮ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਬੈਠਕ ਕਰਕੇ ਵੰਡ 'ਤੇ ਅਜਾਇਬ ਘਰ ਬਣਾਉਣ ਲਈ ਚਰਚਾ ਕਰ ਚੁੱਕੀ ਹੈ। ਪਹਿਲਾਂ ਇਹ ਅਜਾਇਬ ਘਰ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਬਣਾਉਣ ਦਾ ਵਿਚਾਰ ਸੀ, ਜੋ ਹੁਣ ਅੰਮ੍ਰਿਤਸਰ ਵਿਚ ਬਣਾਇਆ ਜਾਵੇਗਾ। ਲੰਡਨ ਵਿਚ ਮਹਾਤਮਾ ਗਾਂਧੀ ਦਾ ਬੁੱਤ ਸਥਾਪਤ ਕਰਨ ਵਿਚ ਪ੍ਰਮੁੱਖ ਰਹੇ ਸ੍ਰੀਮਤੀ ਕੇਸ਼ਵਰ ਦੇਸਾਈ ਅਨੁਸਾਰ ਹਿੰਦ-ਪਾਕਿ ਵੰਡ 'ਤੇ ਅਜਾਇਬ ਘਰ ਬਣਾਉਣ ਬਾਰੇ ਉਨ੍ਹਾਂ 20 ਸਾਲ ਪਹਿਲਾਂ ਸੋਚਿਆ ਸੀ, ਜੋ ਹੁਣ ਵੰਡ ਦੇ 68 ਵਰ੍ਹੇ ਬਾਅਦ ਬਣਦਾ ਨਜ਼ਰ ਆ ਰਿਹਾ ਹੈ।

ਦੇਸਾਈ ਨੇ ਦੱਸਿਆ ਕਿ ਉਨ੍ਹਾਂ ਸਮੇਤ ਕਈ ਲੋਕਾਂ ਨੂੰ ਆਪਣੇ ਵੱਡਿਆਂ ਤੋਂ ਮਿਲੇ ਉਸ ਮੰਜ਼ਰ ਦੇ ਅੰਸ਼ ਯਾਦ ਹਨ, ਜੋ ਸਦੀਆਂ ਬਾਅਦ ਵੀ ਕਿਸੇ ਦਿਲ ਨੂੰ ਚੀਸ ਦਿੰਦੇ ਰਹਿਣਗੇ। ਉਕਤ ਟੀਮ ਨੇ ਸਥਾਨਕ ਡਿਪਟੀ ਕਮਿਸ਼ਨਰ ਦੇ ਦਫ਼ਤਰ ਨੂੰ ਵੀ ਇਮਾਰਤੀ ਮੁਜੱਸਮੇ ਵਜੋਂ ਵੇਖਿਆ, ਜਿਸ ਵਿਚੋਂ ਅੱਜ ਵੀ ਅੰਗਰੇਜ਼ੀ ਰਾਜ ਵੇਲੇ ਦੀ ਵਿਰਾਸਤ ਝਲਕਦੀ ਹੈ ਤੇ ਇਸੇ ਤਰ੍ਹਾਂ ਹੀ ਉਨ੍ਹਾਂ ਦੇ ਵਿਚਾਰ ਸਮਰ ਪੈਲੇਸ ਸਬੰਧੀ ਸਨ। ਸ੍ਰੀਮਤੀ ਦੇਸਾਈ ਨੇ ਪੰਜਾਬ ਸਰਕਾਰ ਵੱਲੋਂ ਕਿਲ੍ਹਾ ਗੋਬਿੰਦਗੜ੍ਹ ਦੀ ਵਿਰਾਸਤੀ ਸੰਭਾਲ ਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਰਾਸਤੀ, ਸੱਭਿਆਚਾਰ ਤੇ ਸੈਰ-ਸਪਾਟਾ ਕੇਂਦਰ ਵਜੋਂ ਮਸ਼ਹੂਰ ਹੈ, ਜਿਸ ਨੂੰ ਉਹ ਅਜਾਇਬ ਘਰ ਵਜੋਂ ਘੋਖਣ ਲਈ ਆਏ ਹਨ।


ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਪੁਸ਼ਟੀ ਕੀਤੀ ਕਿ ਮੁੱਖ ਮੰਤਰੀ ਨਾਲ ਬੈਠਕ ਮਗਰੋਂ ਟੀਮ ਦਾ ਮੰਤਵ ਵੰਡ 'ਤੇ ਬਣਨ ਵਾਲੇ ਵਿਸ਼ਵ ਪੱਧਰੀ ਅਜਾਇਬ ਘਰ ਦੀਆਂ ਸੰਭਾਵਨਾਵਾਂ ਦੀ ਘੋਖ ਕਰਨਾ ਹੈ, ਜਿਸ ਵਿਚ ਉਨ੍ਹਾਂ ਨੂੰ ਕਾਫ਼ੀ ਸੰਤੁਸ਼ਟੀ ਮਿਲੀ ਹੈ ਤੇ ਉਹ ਸਥਾਨ ਪੱਕਾ ਕਰਨ ਲਈ ਮੁੜ ਮੁੱਖ ਮੰਤਰੀ ਨਾਲ ਬੈਠਕ ਕਰਨਗੇ।

## 40 ਖੂਹ ਵਾਲੇ ਬਾਗ ਦੀ 'ਜੂਨ ਸੰਵਾਰਨ' ਦੀ ਯੋਜਨਾ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਇਤਿਹਾਸਕ ਤੇ ਪੁਰਾਤਨ 40 ਖੂਹ ਬਾਗ ਨੂੰ ਕੁਦਰਤੀ ਵਾਤਾਵਰਣ ਸਾਂਭ ਸੰਭਾਲ ਵਾਲਾ ਪਾਰਕ ਬਣਾਉਣ ਦਾ ਐਲਾਨ ਕੀਤਾ ਹੈ। ਇਹ ਬਾਗ ਇਸ ਵੇਲੇ ਬਦਤਰ ਸਥਿਤੀ ਵਿਚ ਹੈ ਤੇ ਸਾਂਭ ਸੰਭਾਲ ਦੀ ਮੰਗ ਕਰ ਰਿਹਾ ਹੈ। ਇਸ ਬਾਗ ਨੂੰ ਪਹਿਲਾਂ ਵੀ ਸੰਭਾਲਣ ਤੇ ਸੁਧਾਰਨ ਲਈ ਯੋਜਨਾ ਬਣ ਚੁੱਕੀ ਹੈ ਪਰ ਇਹ ਯੋਜਨਾ ਹੁਣ ਤੱਕ ਅਮਲ ਵਿਚ ਨਹੀਂ ਆਈ ਹੈ। ਇਹ ਇਲਾਕਾ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਹੇਠ ਆਉਂਦਾ ਹੈ, ਜਿਸ ਦੀ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਹੈ। ਇਸ ਬਾਗ ਸਮੇਤ ਅੱਪਰਬਾਰੀ ਦੁਆਬ ਨਹਿਰ ਦੇ ਨਾਲ ਲੱਗਦੀ ਪੱਟੀ ਨੂੰ ਚੰਡੀਗੜ੍ਹ ਦੀ 'ਲਈਅਰ ਵੈਲੀ' ਵਰਗਾ ਬਣਾਉਣ ਦੀ ਯੋਜਨਾ ਸੀ ਤਾਂ ਜੋ ਇਹ ਸਥਾਨ ਸੈਰ ਸਪਾਟੇ ਦਾ ਕੇਂਦਰ ਵੀ ਬਣ ਸਕੇ। ਤਕਰੀਬਨ 40 ਏਕੜ ਰਕਬੇ ਵਿਚ ਆਉਂਦੇ ਇਹ 40 ਖੂਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ਼ਹਿਰ ਦੀ ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ ਸਥਾਪਤ ਕੀਤੇ ਗਏ ਸਨ। ਇਹ ਖੂਹ ਅੱਜ ਵੀ ਇਥੇ ਮੌਜੂਦ ਹਨ ਪਰ ਹੁਣ ਸ਼ਹਿਰ ਵਿਚ ਪਾਣੀ ਸਪਲਾਈ ਦਾ ਸਾਧਨ ਹੋਰ ਬਣ ਚੁੱਕਾ ਹੈ।

# ਸਿੱਖ ਬੱਚੀਆਂ ਤੋਂ ਲੰਡਨ ਦੇ ਸਕੂਲ ਨੇ ਮੁਆਫੀ ਮੰਗੀ

**ਲੰਡਨ:** ਸਾਊਥਹੈਮਪਟਨ ਸੈਕੰਡਰੀ ਸਕੂਲ ਦੀ ਹੈੱਡ ਟੀਚਰ ਨੇ ਦੋ ਸਿੱਖ ਬੱਚੀਆਂ ਨੂੰ ਕੇਸਕੀ ਉਤਾਰਨ ਲਈ ਮਜਬੂਰ ਕਰਨ ਦੇ ਮਾਮਲੇ ਉਤੇ ਮੁਆਫੀ ਮੰਗੀ ਹੈ। ਸੇਂਟ ਐਨੀਜ਼ ਕੈਥੋਲਿਕ ਸਕੂਲ ਦੇ ਹੈਡਲੇਨ ਬਾਉਰਕੇ ਨੇ ਕਿਹਾ ਹੈ ਕਿ ਦਸਤਾਰ ਪਹਿਨ ਕੇ ਸਕੂਲ ਵਿਚ ਦਾਖਲ ਹੋਣ ਉਤੇ ਪਾਬੰਦੀ ਲਾਉਣਾ ਗ਼ਲਤਫਹਿਮੀ ਕਾਰਨ ਹੋਇਆ ਹੈ। ਪਹਿਲੇ ਦਿਨ ਹੀ ਨਵੀਆਂ ਜਮਾਤਾਂ ਵਿਚ ਕਾਲੇ ਰੰਗ ਦੀਆਂ ਦਸਤਾਰਾਂ ਪਹਿਨ ਕੇ ਗਈਆਂ 11 ਸਾਲਾ ਪਰਸਿਮਰਨ ਕੌਰ ਤੇ 13 ਸਾਲਾ ਸਿਮਰਨਜੋਤ ਕੌਰ ਨੂੰ ਸਕੂਲ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ।



ਸਿਮਰਨਜੌਤ ਕੌਰ ਦੀ ਮਾਂ ਸੁਖਵਿੰਦਰ ਕੌਰ ਨੇ ਕਿਹਾ ਕਿ ਉਸ ਦੀ ਬੇਟੀ ਨੇ ਸਕੂਲ ਦੀ ਵਰਦੀ ਪੂਰੀ ਪਹਿਨੀ ਹੋਈ ਸੀ ਪਰ ਦਸਤਾਰ ਅਲੱਗ ਸੀ। ਮਾਪਿਆਂ ਵੱਲੋਂ ਵਿਖਾਏ ਰੋਸ ਤੋਂ ਬਾਅਦ ਸਕੂਲ ਵੱਲੋਂ ਮੁਆਫੀ ਮੰਗੀ ਗਈ ਤੇ ਦੋਵੇਂ ਬੱਚੀਆਂ ਨੂੰ ਮੁੜ ਸਕੂਲ ਵਿਚ ਆਉਣ ਦੀ ਇਜਾਜ਼ਤ ਦਿੱਤੀ ਗਈ। ਸਕੂਲ ਦੇ ਪ੍ਰਬੰਧਕ ਨੇ ਕਿਹਾ ਹੈ ਕਿ ਇਥੇ ਸਭ ਧਰਮਾਂ ਦਾ ਸਤਿਕਾਰ ਹੁੰਦਾ ਹੈ, ਵਰਦੀ ਨੂੰ ਲੈ ਕੇ ਹੁਣ ਨੀਤੀ ਵਿਚ ਸੋਧ ਕੀਤੀ ਜਾਵੇਗੀ।

# 38 ਅਧਿਆਪਕਾਂ ਦਾ ਸਟੇਟ ਐਵਾਰਡ ਨਾਲ ਸਨਮਾਨ

**ਮੋਹਾਲੀ:** ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਵੱਲੋਂ ਅਧਿਆਪਕ ਦਿਵਸ ਮੌਕੇ ਵਧੀਆ ਸੇਵਾਵਾਂ ਵਾਲੇ ਅਧਿਆਪਕਾਂ ਦਾ ਸਟੇਟ ਐਵਾਰਡਾਂ ਨਾਲ ਸਨਮਾਨ ਕੀਤਾ ਗਿਆ। ਇਨ੍ਹਾਂ ਅਧਿਆਪਕਾਂ ਨੂੰ 10-10 ਹਜ਼ਾਰ ਰੁਪਏ ਦੀ ਨਗਦ ਰਕਮ, ਲੋਈ, ਮੈਡਲ ਤੇ ਸਰਟੀਫਿਕੇਟ ਦਿੱਤੇ ਗਏ। ਸਨਮਾਨ ਹਾਸਲ ਕਰਨ ਵਾਲਿਆਂ ਵਿਚ ਦੋ ਪ੍ਰਿੰਸੀਪਲ, ਦੋ ਮੁੱਖ ਅਧਿਆਪਕ, ਛੇ ਲੈਕਚਰਾਰ, ਅੱਠ ਮਾਸਟਰ ਕੇਡਰ (ਹਾਈ ਤੇ ਸੀਨੀਅਰ ਸੈਕੰਡਰੀ), ਤਿੰਨ ਫਿਜ਼ੀਕਲ ਐਜੂਕੇਸ਼ਨ ਤੇ ਆਰਟ ਐਂਡ ਕਰਾਫ਼ਟ ਟੀਚਰ, ਪੰਜ ਮਾਸਟਰ (ਮਿਡਲ ਸਕੂਲ) ਤੇ ਸੱਤ ਸੈਂਟਰ ਹੈੱਡ ਟੀਚਰ, ਹੈੱਡ ਟੀਚਰ ਤੇ ਈ.ਟੀ.ਟੀ. ਅਧਿਆਪਕ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 13 ਅਧਿਆਪਕਾਂ ਨੂੰ ਵਧੀਆ ਕਾਰਗੁਜ਼ਾਰੀ ਬਦਲੇ ਪ੍ਰਸ਼ੰਸਾ ਪੱਤਰ ਦਿੱਤੇ ਗਏ। ਐਤਕੀਂ ਪਹਿਲੀ ਵਾਰ ਆਪਣੀ ਵਧੀਆ ਸੇਵਾਵਾਂ ਨਿਭਾਉਣ ਬਦਲੇ ਸਿੱਖਿਆ ਵਿਭਾਗ ਦੇ ਪੰਜ ਅਫ਼ਸਰਾਂ ਦਾ ਵੀ ਸਨਮਾਨ ਕੀਤਾ ਗਿਆ।

ਇਨ੍ਹਾਂ ਵਿਚ ਸਰਵ ਸਿੱਖਿਆ ਅਭਿਆਨ ਦੇ ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ ਡਾ. ਗੁਰਜੀਤ ਸਿੰਘ, ਸਕੂਲ ਬੋਰਡ ਦੀ ਡਾਇਰੈਕਟਰ ਅਕਾਦਮਿਕ ਡਾ. ਅੰਮ੍ਰਿਤਾ ਗਿੱਲ, ਡਿਪਟੀ ਡਾਇਰੈਕਟਰ ਗਿੰਨੀ ਦੁੱਗਲ ਤੇ ਡਿਪਟੀ ਡਾਇਰੈਕਟਰ ਅਮਰੀਸ਼ ਕੁਮਾਰ ਸ਼ੁਕਲਾ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਤੇ ਸੈਕੰਡਰੀ) ਮੁਕਤਸਰ ਦਵਿੰਦਰ ਕੁਮਾਰ ਅਰਜ਼ੋਰੀਆ ਸ਼ਾਮਲ ਹਨ। ਡਾ. ਚੀਮਾ ਨੇ ਐਲਾਨ ਕੀਤਾ ਹੈ ਕਿ ਅਗਲੇ ਵਰ੍ਹੇ ਤੋਂ ਵਧੀਆ ਸੇਵਾਵਾਂ ਨਿਭਾਉਣ ਵਾਲੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਤ ਕਰਨ ਮੌਕੇ ਦਿੱਤੀ ਜਾਣ ਵਾਲੀ ਨਗਦ ਰਕਮ ਢਾਈ ਗੁਣਾ ਵੱਧ ਮਿਲੇਗੀ। ਮੌਜੂਦਾ ਸਮੇਂ ਵਿਚ ਅਧਿਆਪਕਾਂ ਨੂੰ ਸਟੇਟ ਐਵਾਰਡ ਨਾਲ 10 ਹਜ਼ਾਰ ਰੁਪਏ ਦੀ ਨਗ਼ਦ ਰਕਮ ਮਿਲਦੀ ਹੈ। ਇਸ ਨੂੰ ਵਧਾ ਕੇ 25 ਹਜ਼ਾਰ ਰੁਪਏ ਕੀਤਾ ਜਾਵੇਗਾ।



## ਪੰਜਾਬ ਦੇ ਨੌਂ ਅਧਿਆਪਕਾਂ ਨੂੰ ਕੌਮੀ ਪੁਰਸਕਾਰ

**ਨਵੀ ਦਿੱਲੀ:** ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਪੰਜਾਬ ਦੇ ਨੌਂ ਅਧਿਆਪਕਾਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਜਿਨ੍ਹਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਗਿਆਸਪੁਰਾ (ਲੁਧਿਆਣਾ) ਦੇ ਅਧਿਆਪਕ ਸੌਦਾਗਰ ਸਿੰਘ ਸਰਾਭਾ, ਸੈਦਾਪੁਰ (ਰੋਪੜ) ਦੇ ਸੋਹਨ ਲਾਲ, ਸੰਗਰੂਰ ਦੇ ਹਰਦੇਵ ਸਿੰਘ ਤੇ ਮਾਨਸਾ ਸਕੂਲ ਦੇ ਅਧਿਆਪਕ ਮੱਖਣ ਸਿੰਘ ਨੂੰ ਪ੍ਰਾਇਮਰੀ ਜਦ ਕਿ ਸਰਕਾਰੀ ਸਕੂਲ ਦੌਲਤ ਸਿੰਘ ਵਾਲਾ (ਐਸ.ਏ.ਐਸ. ਨਗਰ) ਦੇ ਲੈਕਚਰਾਰ ਮਨਜੀਤ ਕੌਰ, ਧਨੌਲਾ (ਬਰਨਾਲਾ) ਦੇ ਲੈਕਚਰਾਰ ਡਾ. ਬਰਜਿੰਦਰਪਾਲ ਸਿੰਘ, ਖੁਈਆ ਸਰਵਰ (ਫਾਜ਼ਿਲਕਾ) ਦੇ ਪ੍ਰਿੰਸੀਪਲ ਡਾ. ਸੁਖਵੀਰ ਸਿੰਘ ਤੇ ਨਹਿਰੂ ਗਾਰਡਨ ਜਲੰਧਰ ਦੀ ਪ੍ਰਿੰਸੀਪਲ ਗੁਰਿੰਦਰਜੀਤ ਕੌਰ ਨੂੰ ਸੈਕੰਡਰੀ ਅਧਿਆਪਕਾਂ ਦੇ ਵਰਗ ਹੇਠ ਸਨਮਾਨਤ ਕੀਤਾ ਗਿਆ। ਵਿਸ਼ੇਸ਼ ਵਰਗ ਤਹਿਤ ਲੁਧਿਆਣਾ ਦੇ ਬੁਰਜ ਹਰੀ ਸਿੰਘ ਦੇ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਸੰਧੂ ਨੂੰ ਵੀ ਸਨਮਾਨਿਤ ਕੀਤਾ ਗਿਆ।

# ਆਖਰ ਕਿਥੇ ਚਲਾ ਜਾਂਦਾ ਹੈ ਪੁਲਿਸ ਵੱਲੋਂ ਬਰਾਮਦ ਕੀਤਾ ਨਸ਼ਾ?

**ਨਵੀਂ ਦਿੱਲੀ:** ਦੇਸ਼ ਵਿਚ ਪੁਲਿਸ ਵੱਲੋਂ ਦਸ ਸਾਲਾਂ ਦੌਰਾਨ ਵੱਖ-ਵੱਖ ਥਾਵਾਂ ਤੋਂ ਬਰਾਮਦ ਕੀਤੇ ਨਸ਼ੀਲੇ ਪਦਾਰਥਾਂ ਵਿਚੋਂ ਸਿਰਫ਼ 25 ਫ਼ੀਸਦੀ ਹੀ ਨਸ਼ਟ ਕੀਤੇ ਗਏ ਹਨ। ਵੱਖ-ਵੱਖ ਸੂਬਿਆਂ ਦੀ ਪੁਲਿਸ ਵੱਲੋਂ ਪਿਛਲੇ ਦਸ ਸਾਲਾਂ ਦੌਰਾਨ 60 ਲੱਖ ਕਿਲੋ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਪਰ ਇਨ੍ਹਾਂ ਵਿਚੋਂ ਸਿਰਫ਼ 26 ਫ਼ੀਸਦੀ (16 ਲੱਖ ਕਿੱਲੋ) ਨਸ਼ੀਲੇ ਪਦਾਰਥ ਹੀ ਨਸ਼ਟ ਕੀਤੇ ਗਏ ਹਨ। ਫੜੇ ਗਏ ਨਸ਼ੀਲੇ ਪਦਾਰਥ ਪੁਲਿਸ 'ਮਾਲਖਾਨਿਆਂ' ਵਿਚ ਸਟੋਰ ਕਰ ਦਿੱਤੇ ਜਾਂਦੇ ਹਨ ਜਿਥੋਂ ਸੁਰੱਖਿਆ ਪ੍ਰਬੰਧਾਂ ਦੀ ਘਾਟ ਕਾਰਨ 'ਖੁਰਦ-ਬੁਰਦ' ਹੋ ਜਾਂਦੇ ਹਨ। ਸੀਨੀਅਰ ਵਕੀਲ ਅਦਿੱਤਿਆ ਸਿਨਹਾ ਨੇ ਨਸ਼ਿਆਂ ਦੇ ਮਾਮਲੇ ਵਿਚ ਵੇਰਵੇ ਦਿੰਦੇ ਹੋਏ ਜਸਟਿਸ ਟੀ.ਐਸ. ਠਾਕੁਰ ਤੇ ਕੁਰੀਅਨ ਜੋਸਫ਼ ਦੇ ਬੈਂਚ ਨੂੰ ਸੁਝਾਅ ਦਿੱਤਾ ਕਿ ਨਸ਼ੀਲੇ ਪਦਾਰਥਾਂ ਨੂੰ ਸਟੋਰ ਕਰਨ ਲਈ ਵੱਖਰੀ ਥਾਂ ਹੋਵੇ ਜਿਥੇ ਸੀ.ਸੀ.ਟੀ.ਵੀ. ਕੈਮਰੇ ਤੇ ਸੇਫਟੀ ਅਲਾਰਮ ਲੱਗੇ ਹੋਣ। ਕੇਂਦਰ ਤਰਫ਼ੋਂ ਸਾਲਿਸਟਰ ਜਨਰਲ ਰਣਜੀਤ ਕੁਮਾਰ ਨੇ ਕਿਹਾ ਕਿ ਬਰਾਮਦ ਕੀਤੇ ਨਾਜਾਇਜ਼ ਨਸ਼ੀਲੇ ਪਦਾਰਥ ਨਾਰਕੋਟਿਕਸ ਕੰਟਰੋਲ ਬਿਊਰੋ ਜਾਂ ਆਬਕਾਰੀ ਵਿਭਾਗ ਆਦਿ ਨੂੰ ਸੌਂਪੇ ਜਾਣੇ ਚਾਹੀਦੇ ਹਨ। ਇਸ ਮੌਕੇ ਸਿਨਹਾ ਵੱਲੋਂ ਸਿਫ਼ਾਰਸ਼ ਕੀਤੀ ਗਈ ਕਿ ਅਦਾਲਤ ਵਿਚ ਨਸ਼ਿਆਂ ਨਾਲ ਸਬੰਧਤ ਕੇਸ ਦੇ ਚੱਲਦਿਆਂ ਮੁਲਜ਼ਮ ਤੋਂ ਬਰਾਮਦ ਨਸ਼ੀਲੇ ਪਦਾਰਥ ਦੀ ਪੂਰੀ ਮਾਤਰਾ ਕੇਸ ਦੇ ਅੰਤ ਤੱਕ ਨਹੀਂ ਰੱਖੀ ਜਾਣੀ ਚਾਹੀਦੀ, ਬਲਕਿ ਕੁਝ ਮਾਤਰਾ ਹੀ ਰੱਖੀ ਜਾਣੀ ਚਾਹੀਦੀ ਹੈ। ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦੀ ਕਾਰਵਾਈ ਪਾਰਦਰਸ਼ਤਾ ਨਾਲ ਹੋਵੇ, ਇਸ ਲਈ ਜ਼ਿਲ੍ਹਾ ਜੱਜਾਂ ਦੀ ਦੇਖ-ਰੇਖ ਜ਼ਰੂਰੀ ਹੈ। ਇਸ ਮੌਕੇ ਬੈਂਚ ਵੱਲੋਂ ਮੈਡੀਕਲ ਦਵਾਈਆਂ ਵਜੋਂ ਵਰਤੇ ਜਾਣ ਵਾਲੇ ਪਦਾਰਥਾਂ ਨੂੰ ਅੱਗੇ ਵੇਚੇ ਜਾਣ ਬਾਰੇ ਵੀ ਵਿਚਾਰ ਕੀਤਾ ਗਿਆ।



## ਭੋਲਾ ਤੇ ਔਲਖ ਦੇ ਪਰਿਵਾਰਕ ਮੈਂਬਰਾਂ ਨੂੰ ਰਾਹਤ ਨਾ ਮਿਲੀ

**ਪਟਿਆਲਾ:** ਅਦਾਲਤ ਨੇ ਨਸ਼ਾ ਤਸਕਰੀ ਮਾਮਲੇ ਵਿਚ ਘਿਰੇ ਜਗਦੀਸ਼ ਭੋਲਾ ਤੇ ਯੂਥ ਅਕਾਲੀ ਆਗੂ ਬਿੱਟੂ ਔਲਖ ਦੇ ਪਰਿਵਾਰਕ ਮੈਂਬਰਾਂ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਗ੍ਰਿਫਤਾਰੀ ਤੋਂ ਬਚਣ ਲਈ ਇਨ੍ਹਾਂ ਦੇ ਅਜਿਹੇ ਚਾਰ ਪਰਿਵਾਰਕ ਮੈਂਬਰਾਂ ਵੱਲੋਂ ਦਾਇਰ ਕੀਤੀਆਂ ਗਈਆਂ ਅਗਾਊਂ ਜ਼ਮਾਨਤ ਦੀਆਂ ਅਰਜ਼ੀਆਂ ਪਟਿਆਲਾ ਅਦਾਲਤ ਵੱਲੋਂ ਖਾਰਜ ਕਰ ਦਿੱਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਕੇਂਦਰੀ ਏਜੰਸੀ ਈ.ਡੀ. ਵੱਲੋਂ ਹੁਣ ਤੱਕ 24 ਜਣਿਆਂ ਖ਼ਿਲਾਫ਼ ਚਾਰਜਸ਼ੀਟਾਂ (ਸਪਲੀਮੈਂਟਰੀ ਚਲਾਨ) ਦਾਇਰ ਕੀਤੇ ਜਾ ਚੁੱਕੇ ਹਨ। ਭੋਲਾ ਤੇ ਔਲਖ ਦੇ ਪਰਿਵਾਰਕ ਮੈਂਬਰਾਂ ਦੇ ਨਾਂ ਇਸ ਮਾਮਲੇ ਨਾਲ ਇਨ੍ਹਾਂ ਦੇ ਖ਼ਿਲਾਫ਼ ਦਾਇਰ ਹੋਈਆਂ ਚਾਰਜਸ਼ੀਟਾਂ ਤਹਿਤ ਹੀ ਜੁੜੇ ਹਨ ਜਿਸ ਕਰਕੇ ਹੀ ਈ.ਡੀ. ਦੀ ਗ੍ਰਿਫਤਾਰੀ ਤੋਂ ਬਚਣ ਲਈ ਭੋਲਾ ਦੇ ਮਾਤਾ-ਪਿਤਾ ਸਮੇਤ ਬਿੱਟੂ ਔਲਖ ਦੀ ਮਾਤਾ ਤੇ ਪਤਨੀ ਵੱਲੋਂ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਸਨ, ਪਰ ਅਦਾਲਤ ਵੱਲੋਂ ਇਹ ਅਰਜ਼ੀਆਂ ਖਾਰਜ ਕਰ ਦਿੱਤੀਆਂ ਗਈਆਂ ਕਿਉਂਕਿ ਤਿੰਨ ਸਤੰਬਰ ਨੂੰ ਮੁਕੰਮਲ ਹੋਈ ਬਹਿਸ ਪ੍ਰਕਿਰਿਆ ਦੌਰਾਨ ਈ.ਡੀ. ਅਧਿਕਾਰੀਆਂ ਨਿਰੰਜਣ ਸਿੰਘ ਤੇ ਸੁਰੇਸ਼ ਬੱਤਰਾ ਨੇ ਇਨ੍ਹਾਂ ਦੀ ਹਿਰਾਸਤੀ ਪੁੱਛਗਿੱਛ (ਗ੍ਰਿਫਤਾਰੀ) ਜ਼ਰੂਰੀ ਕਰਾਰ ਦਿੱਤੀ ਸੀ ਜਿਸ ਤਹਿਤ ਹੁਣ ਇਹ ਮੈਂਬਰ ਹਾਈਕੋਰਟ ਵਿਚ ਪਹੁੰਚ ਕਰਨਗੇ।

# ਪੰਜਾਬੀ ਗਜ਼ਲਾਂ ਦੀ ਐਲਬਮ 'ਤਿਸ਼ਨਗੀ' ਰਿਲੀਜ਼

**ਨਿਊ ਆਰਕ, ਕੈਲੀਫੋਰਨੀਆ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾ) ਵਲੋਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਦੀਬਾਂ ਦੀ ਕਰਾਈ ਗਈ ਇਕ ਇਕੱਤਰਤਾ ਵਿਚ ਸ਼ਾਇਰ ਸੁਰਿੰਦਰ ਸੀਰਤ ਦੀ ਐਲਬਮ 'ਤਿਸ਼ਨਗੀ' ਲੋਕ ਅਰਪਣ ਕੀਤੀ ਗਈ। ਬੈਠਕ ਦੀ ਪ੍ਰਧਾਨਗੀ ਸਿੱਧੂ ਦਮਦਮੀ ਨੇ ਕੀਤੀ ਅਤੇ ਡਾ. ਸਰਬਜੀਤ ਸਿੰਘ ਹੁੰਦਲ ਤੇ ਡਾ. ਅਜੀਤਪਾਲ ਸਿੰਘ ਸੰਧੂ ਮੁੱਖ ਮਹਿਮਾਨ ਸਨ। 'ਸਿਰਨਾਵਾਂ' ਪਰਚੇ ਦੇ ਸੰਪਾਦਕ ਜਨਕ ਰਾਜ ਅਤੇ ਵਿਪਸਾ ਦੇ ਚੇਅਰਮੈਨ ਡਾ. ਗੁਰੂਮੇਲ ਸਿੱਧੂ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ।

ਸੁਰਿੰਦਰ ਸੀਰਤ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਸ ਦੀ ਦਿਲੀ ਤਮੰਨਾ ਸੀ ਕਿ ਪੰਜਾਬੀ ਗ਼ਜ਼ਲਾਂ ਵੀ ਉਰਦੂ ਗ਼ਜ਼ਲਾਂ ਵਾਂਗ ਹੀ ਗਾਈਆਂ ਜਾਣ। ਮੇਰੀ ਇਹ ਕੋਸ਼ਿਸ਼ ਕਿੱਥੋਂ ਤੀਕ ਸਾਰਥਕ ਹੈ, ਇਸ ਦਾ ਫੈਸਲਾ ਪੰਜਾਬੀ ਗ਼ਜ਼ਲ ਦੇ ਹਿਤੈਸ਼ੀ ਹੀ ਕਰ ਸਕਦੇ ਹਨ। ਸੀਰਤ ਨੇ ਦੱਸਿਆ ਕਿ ਇਸ ਐਲਬਮ ਦੀਆਂ ਅਠ ਬਹਿਰਾਂ ਵਿਚ ਰਚਿਤ ਗ਼ਜ਼ਲਾਂ ਵਖ ਵਖ ਅੱਠ ਰਾਗਾਂ 'ਤੇ ਆਧਾਰਤ ਰਿਆਸਤ ਜੰਮੂ ਕਸ਼ਮੀਰ ਦੇ ਪ੍ਰਸਿਧ ਗ਼ਜ਼ਲ ਗਾਇਕ ਜਨਾਬ ਸ਼ਾਮ ਸਾਜਨ ਨੇ ਸੰਗੀਤ ਬੱਧ ਕੀਤਾ ਹੈ। ਉਨ੍ਹਾਂ ਸ਼ਾਮ ਸਾਜਨ ਅਤੇ ਉਨ੍ਹਾਂ ਦੀ ਟੀਮ, ਖਾਸ ਕਰ ਕੇ ਗੁਰਸ਼ਰਨ ਕੌਰ, ਸਰਗਮ ਪੰਤ, ਕੁਲਦੀਪ ਸਪਰੂ ਅਤੇ ਪ੍ਰਦੀਪ ਖੰਨਾ ਦਾ ਉਚੇਚਾ ਧੰਨਵਾਦ ਕੀਤਾ।

ਸੀਰਤ ਨੇ ਪੰਜਾਬੀ ਦੇ ਮੁਮਤਾਜ਼ ਸ਼ਾਇਰ ਰਵਿੰਦਰ ਰਵੀ ਵਲੋਂ ਭੇਜੀ ਗਈ ਇਕ ਈਮੇਲ 'ਚੋਂ ਕੁਝ ਸ਼ਬਦ ਸਰੋਤਿਆਂ ਨਾਲ ਸਾਂਝੇ ਕੀਤੇ, "ਤੁਹਾਡੀ ਸ਼ਬਦਾਂ ਦੀ ਨਿਵੇਕਲੀ ਚੋਣ, ਕਲਪਨਾ ਅਤੇ ਸਿਰਜਣਾ ਸ਼ਕਤੀ ਨੇ ਗਜ਼ਲਾਂ ਨੂੰ ਬਹੁਤ ਖੂਬਸੂਰਤ ਬਣਾ ਦਿੱਤਾ ਹੈ। ਇਨ੍ਹਾਂ ਦੀ ਸੰਗੀਤ ਕੰਪੋਜੀਸ਼ਨ ਵੀ ਕਮਾਲ ਦੀ ਹੈ ਅਤੇ ਆਪਣੇ ਸਨਾਤਨੀ ਆਯਾਮ ਨੇ ਇਸ ਨੂੰ ਹੋਰ ਵੀ ਉਚੀਆਂ ਮੰਜ਼ਿਲਾਂ 'ਤੇ ਪਹੁੰਚਾ ਦਿੱਤਾ ਹੈ। ਇਹ ਐਲਬਮ ਪੰਜਾਬੀ ਗਜ਼ਲ ਨੂੰ ਨਵੀਂਆਂ ਉਚਾਈਆਂ 'ਤੇ ਲੈ ਜਾਣ ਦੇ ਸਮਰਥ ਹੈ।"






'ਤਿਸ਼ਨਗੀ' ਸਬੰਧੀ ਗੱਲ ਕਰਦਿਆਂ ਡਾ. ਖਵਾਜਾ ਅਸ਼ਰਫ਼ ਨੇ ਕਿਹਾ ਕਿ ਇਸ ਐਲਬਮ ਤੋਂ ਸਿੱਧ ਹੁੰਦਾ ਹੈ ਕਿ ਗ਼ਜ਼ਲ ਲਈ ਪੰਜਾਬੀ ਦਾ ਮਾਹੌਲ ਫ਼ਾਰਸੀ ਨਾਲੋਂ ਵਧ ਮੁਆਫ਼ਿਕ ਹੈ। ਉਨ੍ਹਾਂ ਕਿਹਾ ਕਿ ਮੈਂ ਇਸ ਨੂੰ ਸੁਣ ਕੇ ਬਹੁਤ ਮੁਤਾਸਰ ਹੋਇਆ ਹਾਂ।

ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਉਨ੍ਹਾਂ 'ਤਿਸ਼ਨਗੀ' ਨੂੰ ਖੂਬ ਸੁਣਿਆ ਹੈ। ਉਨ੍ਹਾਂ ਇਸ ਵਿਚਲੀਆਂ ਗ਼ਜ਼ਲਾਂ ਦੇ ਅੱਠ ਰਾਗਾਂ ਨੂੰ ਕ੍ਰਮਵਾਰ ਰਾਗ ਕੀਰਵਾਨੀ, ਚਾਰੂ ਕਿਸ਼ਸ਼, ਭਿੰਨ ਸ਼ੜਗ, ਪਹਾੜੀ, ਤਿਲਕ ਕਾਮੋਜ, ਪੀਲੂ, ਦਰਬਾਰੀ ਕਾਨੜਾ ਅਤੇ ਰਾਗ ਭੈਰਵੀ ਅਨੁਸਾਰ ਦਰਸਾਇਆ।

ਸ਼ਾਇਰ ਸੁਖਵਿੰਦਰ ਕੰਬੋਜ ਨੇ 'ਤਿਸ਼ਨਗੀ' ਨੂੰ ਪੰਜਾਬੀ ਗਜ਼ਲ ਗਾਇਕੀ ਵਿਚ ਅਰੰਭਕ ਮੀਲ ਪੱਥਰ ਕਰਾਰ ਦਿੱਤਾ।

ਹੋਰਨਾਂ ਤੋਂ ਇਲਾਵਾ ਸ਼ਸ਼ੀ ਸਮੁੰਦਰਾ, ਸੁਰਿੰਦਰ ਧਨੋਆ, ਗੁਰਪ੍ਰੀਤ ਸਿੰਘ ਬਰਸਾਲ, ਡਾ. ਅਜੀਤਪਾਲ ਸਿੰਘ ਸੰਧੂ, ਜਨਕ ਰਾਜ ਸਿੰਘ ਅਤੇ ਜਸਪਾਲ ਸੂਸ ਨੇ ਵੀ ਵਿਚਾਰ ਰੱਖੇ।

ਪੱਤਰਕਾਰ ਅਤੇ ਕਹਾਣੀਕਾਰ ਸਿੱਧੂ ਦਮਦਮੀ ਨੇ ਸੀਰਤ ਦੇ ਇਸ ਉਪਰਾਲੇ ਨੂੰ ਪੰਜਾਬੀ ਗ਼ਜ਼ਲ ਦੇ ਹਿਤ ਵਿਚ ਇਕ ਸ਼ਲਾਘਾਯੋਗ ਕਦਮ ਦੱਸਿਆ।

ਇਕੱਤਰਤਾ ਦੇ ਦੂਜੇ ਹਿੱਸੇ ਦੇ ਪ੍ਰਧਾਨਗੀ ਮੰਡਲ ਵਿਚ ਭਾਰਤ ਤੋਂ ਪਧਾਰੇ ਨਾਮਵਰ ਗ਼ਜ਼ਲਗੋ ਇਕਵਿੰਦਰ ਸਿੰਘ ਢੱਡ, ਜਸਪਾਲ ਸੂਸ, ਸੁਖਵਿੰਦਰ ਕੰਬੋਜ ਅਤੇ ਸੁਰਿੰਦਰ ਸੀਰਤ ਸ਼ਾਮਲ ਹੋਏ। ਇਸ ਮੌਕੇ ਦੋ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਡਾ. ਗੁਰੂਮੇਲ ਸਿੱਧੂ ਦੀ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਪੁਸਤਕ 'Another Aspect of Ghadar Movement' ਲੋਕ ਅਰਪਣ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫ਼ਿਜ਼ਿਕਸ ਦੇ ਰਿਟਾਇਰਡ ਪ੍ਰੋਫ਼ੈਸਰ ਹਰਦੇਵ ਸਿੰਘ ਵਿਰਕ ਨੇ ਕਿਹਾ ਕਿ ਇਹ ਇਕ ਖੋਜ ਭਰਪੂਰ ਪੁਸਤਕ ਹੈ ਜਿਸ ਰਾਹੀਂ ਗਦਰ ਲਹਿਰ ਦੇ ਸਮਿਆਂ ਅਤੇ ਸੰਦਰਭਾਂ ਉਪਰ ਚਾਨਣ ਪਵੇਗਾ। ਰਿਲੀਜ਼ ਕੀਤੀ ਗਈ ਦੂਜੀ ਪੁਸਤਕ 'ਅਣਕਹੀਆਂ' ਸੀ ਜੋ ਵਿਪਸਾ ਦੀ ਇਕ ਚਰਚਿਤ ਸ਼ਾਇਰਾ ਗੁਲਸ਼ਨ ਦਿਆਲ ਦੀ ਦੂਜੀ ਕਾਵਿ ਪੁਸਤਕ ਹੈ। ਇਸ ਸਬੰਧੀ ਸੁਰਿੰਦਰ ਸੀਰਤ ਨੇ ਕਿਹਾ ਕਿ ਗੁਲਸ਼ਨ ਦਿਆਲ ਦੀ ਸ਼ਾਇਰੀ ਜਿੱਥੇ ਇਸ਼ਕ ਹਕੀਕੀ ਵਿਚ ਰੰਗੀ ਹੋਈ ਹੈ ਉਥੇ ਇਸ ਉਤੇ ਗੂੜ੍ਹਾ ਅਧਿਆਤਮਕ ਰੰਗ ਵੀ ਚੜ੍ਹਿਆ ਹੋਇਆ ਹੈ।

ਇਸੇ ਬੈਠਕ ਵਿਚ ਸ਼ਾਇਰ ਇਕਵਿੰਦਰ ਨਾਲ ਰੂ-ਬ-ਰੂ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ ਅਤੇ ਤਰੰਨੁਮ 'ਚ ਆਪਣੀਆਂ ਗ਼ਜ਼ਲਾਂ ਸਰੋਤਿਆਂ ਦੀ ਨਜ਼ਰ ਕੀਤੀਆਂ। ਕਵੀ ਦਰਬਾਰ ਵਿਚ ਜਿਨ੍ਹਾਂ ਸ਼ਾਇਰਾਂ ਮੂਹਰੇ ਸ਼ਮਾਂ ਰੱਖੀ ਗਈ ਅਤੇ ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਕੁਲਵਿੰਦਰ, ਈਸ਼ਰ ਸਿੰਘ ਮੋਮਨ, ਨੱਨੂ ਨੂਰ, ਪ੍ਰਿੰ. ਹਜ਼ੂਰਾ ਸਿੰਘ, ਰੇਸ਼ਮ ਸਿੱਧੂ, ਸ਼ਸ਼ੀ ਸਮੁੰਦਰਾ, ਅਵਤਾਰ ਗੋਂਦਾਰਾ, ਅਰਚਨਾ ਪਾਂਡੇ, ਕਰਮ ਸਿੰਘ ਮਾਨ, ਤਾਰਾ ਸਾਗਰ, ਚਰਨਜੀਤ ਸਿੰਘ ਪੰਨੂ, ਸੁਖੀ ਧਾਲੀਵਾਲ ਸ਼ਾਮਲ ਸਨ। ਵਿਪਸਾ ਦੇ ਜਨਰਲ ਸਕੱਤਰ ਹਰਜਿੰਦਰ ਕੰਗ ਨੇ ਸਟੇਜ ਸਕੱਤਰ ਦਾ ਕਾਰਜ ਬਾਖ਼ੂਬੀ ਨਿਭਾਇਆ। ਇਨ੍ਹਾਂ ਤੋਂ ਇਲਾਵਾ ਪੱਤਰਕਾਰ ਅਸ਼ੋਕ ਭੌਰਾ, ਪੱਤਰਕਾਰ ਜਸਵੰਤ ਸੈਦੋਕੇ, ਲਖਵਿੰਦਰ ਸਿੰਘ ਗਿੱਲ, ਗੁਰਚਰਨ ਫਲਕ, ਪੰਕਜ, ਰਵਿੰਦਰ ਕੌਰ ਢਿੱਲੋਂ, ਅਦਾਕਾਰ ਅਮਨ ਧਾਲੀਵਾਲ, ਕਹਾਣੀਕਾਰ ਅਮਰਜੀਤ ਪੰਨੂ, ਅੰਮ੍ਰਿਤਸਰ ਤੋਂ ਪ੍ਰਭਦਿਆਲ ਸਿੰਘ ਰੰਧਾਵਾ, ਧਰਮ ਸਿੰਘ ਤੇ ਸੀਰਤ ਪਰਿਵਾਰ ਨੇ ਸਮਾਗਮ ਵਿਚ ਹਾਜ਼ਰੀ ਭਰੀ।

## ਹਰਿਆਣਾ ਵਿਚ ਪੰਚਾਇਤੀ ਚੋਣਾਂ ਦਾ ਐਲਾਨ

**ਪੰਚਕੂਲਾ:** ਹਰਿਆਣਾ 'ਚ 4 ਅਕਤੂਬਰ ਤੋਂ ਪੰਚਾਇਤੀ ਚੋਣਾਂ ਕਰਵਾਈਆਂ ਜਾਣਗੀਆਂ। ਤਿੰਨ ਗੇੜਾਂ ਵਿਚ ਹੋਣ ਵਾਲੀਆਂ ਇਨ੍ਹਾਂ ਚੋਣਾਂ ਵਿਚ ਇਕ ਕਰੋੜ ਦਸ ਲੱਖ ਨੌਂ ਹਜ਼ਾਰ ਛੇ ਸੌ ਸਤਾਰਾਂ ਵੋਟਰ ਭਾਗ ਲੈਣਗੇ। ਹਰਿਆਣਾ ਦੇ ਚੋਣ ਕਮਿਸ਼ਨਰ ਰਾਜੀਵ ਸ਼ਰਮਾ ਨੇ ਸਪਸ਼ਟ ਕੀਤਾ ਕਿ ਰਾਈ, ਸੋਨੀਪਤ ਤੇ ਮੁਰਥਲ ਵਿਚ ਪੰਚਾਇਤੀ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ ਕਿਉਂਕਿ ਹਾਲੇ ਇਨ੍ਹਾਂ ਕਸਬਿਆਂ ਵਿਚ ਪੰਚਾਇਤੀ ਚੋਣਾਂ ਦੀ ਮਿਆਦ ਰਹਿੰਦੀ ਹੈ। ਕੁਝ ਜ਼ਿਲ੍ਹਿਆਂ ਵਿਚ ਚਾਰ ਅਕਤੂਬਰ ਨੂੰ ਵੋਟਾਂ ਪੈਣਗੀਆਂ ਹੋਣਗੀਆਂ, ਜਦੋਂ ਕਿ ਦੂਜੇ ਗੇੜ ਦੀਆਂ ਵੋਟਾਂ 11 ਅਤੇ ਤੀਜੇ ਗੇੜ ਦੀਆਂ 18 ਅਕਤੂਬਰ ਨੂੰ ਪੈਣਗੀਆਂ।



*ਪੰਜਾਬੀ ਦੇ ਨਾਮਵਰ ਗਾਇਕ ਕੰਵਰ ਗਰੇਵਾਲ ਅੱਜ ਕੱਲ੍ਹ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਸ਼ੋਅ ਕਰ ਰਹੇ ਹਨ। ਗਲੋਬਲ ਪੰਜਾਬ ਟੀ ਵੀ ਲਈ ਐਸ. ਅਸ਼ੋਕ ਭੌਰਾ ਵਲੋਂ ਜਗਦੇਵ ਭੰਡਾਲ ਦੇ ਨਿਰਦੇਸ਼ਨ ਹੇਠ ਕੀਤੀ ਇਕ ਮੁਲਾਕਾਤ ਦਾ ਪ੍ਰਸਾਰਣ 9 ਸਤੰਬਰ ਬੁੱਧਵਾਰ ਨੂੰ ਸ਼ਾਮੀ 4 ਵਜੇ (ਪੀ ਟੀ) ਅਤੇ 7 ਵਜੇ (ਈ ਟੀ) ਗਲੋਬਲ ਪੰਜਾਬ ਟੀ ਵੀ ਅਤੇ ਡਿਸ਼ ਵਰਲਡ ਚੈਨਲ 739 'ਤੇ ਕੀਤਾ ਜਾਵੇਗਾ।*


**Imperial Truck Driving School**
3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !
ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ
ਰਹਿਣ ਵਾਸਤੇ ਖਾਸ ਪ੍ਰਬੰਧ
Ph: 559-266-4000, Cell: 916-470-5520



**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*
Medicare & Most Private Insurances Accepted



*Contact:* **Dr. Baljit Jammu**
*Doctor of Chiropractic*
Ph: 510-940-8236
1090 La Playa Dr., Hayward CA 94545

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

**ਸੈਨ ਫਰਾਂਸਿਸਕੋ (ਬਿਊਰੋ):** ਸ਼ਹੀਦ ਊਧਮ ਸਿੰਘ ਦਾ 75ਵਾਂ ਸ਼ਹੀਦੀ ਦਿਵਸ ਲੰਘੇ ਐਤਵਾਰ ਇਥੇ ਗਦਰ ਮੈਮੋਰੀਅਲ ਹਾਲ ਵਿਖੇ ਮਨਾਇਆ ਗਿਆ। ਸਮਾਗਮ ਵਿਚ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਸਭ ਤੋਂ ਪਹਿਲਾਂ ਦਾਨਿਸ਼ਵਰਾਂ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੀ ਗਈ। ਜਨਕ ਰਾਜ ਸਿਧਰਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਚਰਨ ਸਿੰਘ ਜੱਜ ਦੀ ਅਗਵਾਈ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ 2001 ਤੋਂ ਹੁਣ ਕੀਤੇ ਗਏ ਸਮਾਗਮਾਂ, ਕੰਮਾਂ ਅਤੇ ਪ੍ਰਾਪਤੀਆਂ ਦਾ ਵੇਰਵਾ ਦਿਤਾ। ਇਨ੍ਹਾਂ ਵਿਚ ਮੁੱਖ ਮੌਲਵੀ ਮੁਹੰਮਦ ਬਰਕਤ ਉਲਾ ਦੀ ਕਬਰ ਲੱਭ ਕੇ ਮੇਲਾ ਕਰਵਾਉਣਾ ਅਤੇ ਰਾਜ ਸਭਾ ਮੈਂਬਰ ਸੀਤਾ ਰਾਮ ਯੇਚੁਰੀ ਰਾਹੀਂ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਗਦਰ ਹਾਲ ਸੈਨ ਫਰਾਂਸਿਸਕੋ ਦੀ ਇਮਾਰਤ ਨੂੰ ਚਾਰ ਮੰਜ਼ਿਲਾਂ ਬਣਾਉਣ ਲਈ ਫੰਡਾਂ ਦੀ ਮਨਜ਼ੂਰੀ ਕਰਵਾਉਣਾ ਆਦਿ ਸ਼ਾਮਲ ਹਨ।

ਇਸ ਤੋਂ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ਼ ਅਮੈਰਿਕਾ ਦੇ ਪ੍ਰਧਾਨ ਗੁਲਿੰਦਰ ਗਿੱਲ ਨੇ ਜਥੇਬੰਦੀ ਵਲੋਂ ਉਲੀਕੇ ਗਏ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਗਦਰੀ ਬਾਬਿਆਂ ਦੇ ਨਾਮ 'ਤੇ ਤਿੰਨ ਸਕਾਲਰਸ਼ਿਪ ਸ਼ੁਰੂ ਕਰਨ, ਹਰ ਸਾਲ ਸ਼ਹੀਦ ਊਧਮ ਸਿੰਘ ਦੇ ਨਾਮ 'ਤੇ ਪ੍ਰੋਗਰਾਮ ਕਰਨ, ਗਦਰ ਹਾਲ ਦੀ ਨਵੀਂ ਉਸਾਰੀ ਜਲਦੀ ਕਰਵਾਉਣ ਵਾਸਤੇ ਕੌਂਸਲੇਟ ਜਨਰਲ ਨੂੰ ਲੋੜੀਂਦਾ ਸਹਿਯੋਗ ਦੇਣ, ਸ਼ਹੀਦਾਂ ਬਾਰੇ ਤੇ ਸੁਚੱਜੇ ਜੀਵਨ ਨੂੰ ਸੇਧ ਦੇਣ ਵਾਲੀਆਂ ਕਿਤਾਬਾਂ ਉਪਲਬਧ ਕਰਵਾਉਣ ਦੀਆਂ ਮੰਗਾਂ ਸ਼ਾਮਲ ਸਨ। ਉਨ੍ਹਾਂ ਸਿਆਸੀ ਸ਼ਰਨਾਰਥੀਆਂ ਨੂੰ ਭਾਰਤੀ ਵੀਜ਼ਾ ਤੇ ਭਾਰਤੀ ਪਾਸਪੋਰਟ ਮੁਹੱਈਆ ਕਰਵਾਉਣ ਦਾ ਮਾਮਲਾ ਵੀ ਉਠਾਇਆ।







ਸਮਾਗਮ ਨੂੰ ਸੰਬੋਧਨ ਕਰਦਿਆਂ ਸੈਨ ਫਰਾਂਸਿਸਕੋ ਵਿਚ ਕੌਂਸਲ ਜਨਰਲ ਵੈਂਕਟੇਸ਼ਨ ਅਸ਼ੋਕ ਨੇ ਕਿਹਾ ਕਿ ਆਜ਼ਾਦੀ ਦੇ ਪਰਵਾਨੇ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਪੁੱਜ ਕੇ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਸੰਸਥਾ ਦੇ ਆਗੂਆਂ ਅਤੇ ਹਾਜ਼ਰੀਨ ਨਾਲ ਕੁਝ ਮਸਲੇ ਸਾਂਝੇ ਕੀਤੇ। ਉਨ੍ਹਾਂ ਆਖਿਆ ਕਿ ਇਸ ਗਦਰ ਹਾਲ ਵਿਚ ਹਰ ਸਾਲ ਮਿੱਥੀ ਤਾਰੀਖ 'ਤੇ ਗਦਰ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਭਾਰਤ ਸਰਕਾਰ ਨੂੰ ਕੌਮਾਂਤਰੀ ਪੱਧਰ 'ਤੇ ਗਦਰ ਦਿਵਸ ਐਲਾਨ ਕਰਨ ਅਤੇ ਮਨਾਉਣ ਬਾਰੇ ਵੀ ਭਰੋਸਾ ਦਿੱਤਾ। ਗਦਰ ਹਾਲ ਦੀ ਨਵੀਂ 4 ਮੰਜ਼ਲੀ ਬਿਲਡਿੰਗ ਦੀ ਉਸਾਰੀ ਲਗਭਗ ਦੋ ਸਾਲ ਵਿਚ ਪੂਰੀ ਕਰਵਾਉਣ ਅਤੇ ਰਾਜਸੀ ਸ਼ਰਨਾਰਥੀਆਂ ਨੂੰ ਪਾਸਪੋਰਟ ਅਤੇ ਵੀਜ਼ਾ ਮੁਹੱਈਆ ਕਰਨ ਦੀ ਵਿਧੀ ਸਰਲ ਕਰਵਾਉਣ ਦਾ ਵੀ ਭਰੋਸਾ ਦਿੱਤਾ।

ਸਮਾਗਮ ਦੇ ਮੁੱਖ ਆਯੋਜਕ ਚਰਨ ਸਿੰਘ ਜੱਜ ਨੇ ਸ਼ਹੀਦਾਂ ਦੀ ਸ਼ਹਾਦਤ ਦੇ ਮਹੱਤਵ ਦੀ ਚਰਚਾ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ ਹੋਈ ਆਜ਼ਾਦੀ ਦਾ ਸਾਨੂੰ ਮੁੱਲ ਪਾਉਣਾ ਚਾਹੀਦਾ ਹੈ ਅਤੇ ਗਦਰ ਲਹਿਰ ਦੇ ਪਰਵਾਨਿਆਂ ਤੇ ਹੋਰ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਹਰ ਯਤਨ ਕਰਨਾ ਚਾਹੀਦਾ ਹੈ।

ਇਸ ਮੌਕੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ਼ ਅਮੈਰਿਕਾ ਦੇ ਅਹੁਦੇਦਾਰਾਂ ਦਾ ਕੌਂਸਲ ਜਨਰਲ ਨੇ ਸਨਮਾਨ ਕੀਤਾ। ਸੰਸਥਾ ਦੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ, ਚੇਅਰਮੈਨ ਮਦਨ ਲਾਲ ਸ਼ਰਮਾ, ਸਕੱਤਰ ਜਨਕ ਰਾਜ ਸਿਧਰਾ, ਵਾਈਸ ਚੇਅਰਮੈਨ ਸੰਤੋਖ ਸਿੰਘ ਜੱਜ, ਖਜ਼ਾਨਚੀ ਬਲਵਿੰਦਰ ਸਿੰਘ ਡੂਲਕੂ, ਮੀਤ ਪ੍ਰਧਾਨ ਤੇਜਪਾਲ ਸਿੰਘ, ਡਾ. ਗੁਰੂਮੇਲ ਸਿੰਘ ਨੇ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਘਟਨਾ ਤੋਂ 21 ਸਾਲ ਬਾਅਦ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਜੱਲ੍ਹਿਆਂਵਾਲਾ ਬਾਗ ਸਾਕੇ ਲਈ ਜ਼ਿੰਮੇਵਾਰ ਅੰਗਰੇਜ਼ ਅਫਸਰ ਮਾਈਕਲ ਓਡਵਾਇਰ ਨੂੰ ਮਾਰਨਾ ਆਜ਼ਾਦੀ ਲਈ ਤਾਂਘ ਦੀ ਮਿਸਾਲ ਹੈ।

ਗਦਰ ਲਹਿਰ ਬਾਰੇ ਕਈ ਲੇਖ ਅਤੇ ਪੁਸਤਕਾਂ ਲਿਖਣ ਵਾਲੇ ਵਿਦਵਾਨ ਪ੍ਰੋ. ਐਚ.ਐਲ. ਕਪੂਰ ਨੇ ਗਦਰ ਲਹਿਰ ਬਾਰੇ ਇਕ ਪੇਪਰ ਪੇਸ਼ ਕੀਤਾ। ਡਾ. ਹਰਦਮ ਸਿੰਘ ਨੇ ਆਪਣੇ ਜੋਸ਼ੀਲੇ ਭਾਸ਼ਣ ਵਿਚ ਆਖਿਆ ਕਿ ਸ਼ਹੀਦ ਊਧਮ ਸਿੰਘ ਨੇ ਸਾਨੂੰ ਅਣਖ, ਗੈਰਤ ਤੇ ਸਿਰ ਉਚਾ ਚੁੱਕ ਕੇ ਜੀਣਾ ਸਿਖਾਇਆ। ਸਮਾਗਮ ਵਿਚ ਪ੍ਰਭਦਿਆਲ ਸਿੰਘ ਰੰਧਾਵਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗਦਰ ਚੇਅਰ ਸਥਾਪਤ ਕਰਵਾਉਣ ਬਾਰੇ ਦੱਸਿਆ। ਸੁਖਦੇਵ ਗਿੱਲ, ਡਾ. ਓਂਕਾਰ ਸਿੰਘ ਬਿੰਦਰਾ, ਅਸ਼ੋਕ ਭੌਰਾ, ਕੁਲਦੀਪ ਸਿੰਘ ਧਾਲੀਵਾਲ ਨੇ ਵੀ ਆਪੋ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਹੋਏ ਇਕ ਕਵੀ ਦਰਬਾਰ ਵਿਚ ਦਿਲਬੀਰ ਨਿੱਝਰ, ਹਰਬੰਸ ਜਗਿਆਸੂ, ਰਮੇਸ਼ ਬੰਗੜ, ਤਾਰਾ ਸਾਗਰ, ਸੁਖਵਿੰਦਰ ਕੰਬੋਜ ਅਤੇ ਗੁਰਮੇਲ ਕੌਰ ਨੇ ਕਵਿਤਾਵਾਂ ਪੜ੍ਹੀਆਂ। ਜੀਵਨ ਰੱਤੂ, ਅਨੂਪ ਸਿੰਘ ਚੀਮਾ, ਪੰਮੀ ਮਾਨ, ਸੁਲਤਾਨ ਅਖਤਰ ਨੇ ਸ਼ਹੀਦਾਂ ਦੀ ਕੁਰਬਾਨੀ ਬਾਰੇ ਗੀਤ ਗਾਏ। ਸੰਜੇ ਕੁਮਾਰ, ਸਰਪੰਚ ਮਹਿੰਗਾ ਸਿੰਘ ਮਾਨ, ਗੁਰਦੀਪ ਸਿੰਘ ਅਣਖੀ, ਗੁਰਦੀਪ ਸਿੰਘ ਗਿੱਲ, ਸੁਖਵਿੰਦਰ ਕੰਬੋਜ, ਦਿਲਬੀਰ ਨਿੱਝਰ, ਦੇਵ ਸ਼ਰਮਾ (ਫੇਅਰਫੀਲਡ ਟੈਂਪਲ), ਰਾਜ ਭਨੋਟ (ਸੰਨੀਵੇਲ ਹਿੰਦੂ ਟੈਂਪਲ), ਅਵਤਾਰ ਸਿੰਘ ਫਰੀਮਾਂਟ, ਜਸਵੰਤ ਸਿੰਘ ਜੱਸਾ, ਰੌਜਰ ਸੈਣੀ, ਸੁਰਿੰਦਰ ਸਿੰਘ ਸੈਣੀ ਅਤੇ ਸੈਕਰਾਮੈਂਟੋ ਤੋਂ 21 ਵਿਅਕਤੀਆਂ ਦਾ ਜਥਾ ਸਮਾਗਮ ਵਿਚ ਸ਼ਾਮਲ ਹੋਇਆ।

## ਕਾਲਾ ਧਨ: ਡਿਫਾਲਟਰਾਂ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਇਨਾਮ

**ਨਵੀਂ ਦਿੱਲੀ:** ਟੈਕਸ ਚੋਰਾਂ ਦੀ ਪੈੜ ਨੱਪਣ ਲਈ ਆਮਦਨ ਕਰ ਵਿਭਾਗ ਨੇ ਨਾ ਲੱਭਣਯੋਗ ਅਸਾਮਿਆਂ ਬਾਰੇ ਗੁਪਤ ਜਾਣਕਾਰੀ ਦੇਣ ਬਦਲੇ ਸੂਹੀਆਂ ਨੂੰ ਇਨਾਮ ਦੇਣ ਲਈ ਨਵਾਂ ਦਿਸ਼ਾ ਨਿਰਦੇਸ਼ ਬਣਾਏ ਹਨ। ਨਵੀਆਂ ਹਦਾਇਤਾਂ ਵਿਚ ਕਿਹਾ ਗਿਆ ਕਿ ਜੇ ਕੋਈ ਟੈਕਸ ਡਿਫਾਲਟਰ ਬਾਰੇ ਭਰੋਸੇਯੋਗ ਜਾਣਕਾਰੀ ਮੁਹੱਈਆ ਕਰਵਾਏਗਾ ਤਾਂ ਉਸ ਨੂੰ ਅਜਿਹੇ ਅਦਾਰੇ ਜਾਂ ਵਿਅਕਤੀ ਵੱਲ ਬਣਦੇ ਕਰ ਦਾ 10 ਫੀਸਦੀ ਹਿੱਸਾ ਇਨਾਮ ਵਿਚ ਦਿੱਤਾ ਜਾਵੇਗਾ ਪਰ ਇਹ ਰਕਮ ਕਿਸੇ ਵੀ ਹਾਲਤ ਵਿਚ 15 ਲੱਖ ਤੋਂ ਵੱਧ ਨਹੀਂ ਹੋਵੇਗੀ।

## ਸੁਰੱਖਿਆ ਬਲਾਂ ਹੱਥੋਂ ਬਲੋਚ ਆਗੂ ਅੱਲ੍ਹਾ ਨਜ਼ਰ ਹਲਾਕ

**ਕਰਾਚੀ:** ਬਲੋਚਿਸਤਾਨ ਲਿਬਰੇਸ਼ਨ ਫਰੰਟ (ਬੀ.ਐਲ.ਐਫ.) ਦੇ ਆਗੂ ਅੱਲ੍ਹਾ ਨਜ਼ਰ ਬਲੋਚ ਨੂੰ ਸੁਰੱਖਿਆ ਬਲਾਂ ਵੱਲੋਂ ਬਲੋਚਿਸਤਾਨ ਸੂਬੇ ਦੇ ਅਵਾਰਨ ਜ਼ਿਲ੍ਹੇ ਵਿਚ ਮਾਰ ਦਿੱਤਾ ਗਿਆ ਹੈ।

ਬਲੋਚਿਸਤਾਨ ਦੇ ਗ੍ਰਹਿ ਮੰਤਰੀ ਸਰਫਰਾਜ਼ ਬੁਗਤੀ ਨੇ ਸੂਬੇ ਦੀ ਰਾਜਧਾਨੀ ਕੁਇਟਾ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੁਫੀਆ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਫੌਜੀ ਮੁਹਿੰਮ ਦੌਰਾਨ ਬੀ.ਐਲ.ਐਫ. ਮੁਖੀ ਅੱਲ੍ਹਾ ਨਜ਼ਰ ਬਲੋਚ ਮਾਰਿਆ ਗਿਆ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਇਸ 46 ਸਾਲਾ ਕਬਾਇਲੀ ਆਗੂ ਦੀ ਮੌਤ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ। ਅਜੇ ਅੱਲ੍ਹਾ ਨਜ਼ਰ ਦੀ ਲਾਸ਼ ਨਹੀਂ ਮਿਲੀ ਹੈ, ਪਰ ਅਜਿਹਾ ਵੀ ਕੋਈ ਸਬੂਤ ਨਹੀਂ ਹੈ ਕਿ ਉਹ ਜਿਉਂਦਾ ਹੈ। ਯਾਦ ਰਹੇ ਕਿ ਜੁਲਾਈ ਤੋਂ ਅੱਲ੍ਹਾ ਨਜ਼ਰ ਦੇ ਮਾਰੇ ਜਾਣ ਬਾਰੇ ਅਫ਼ਵਾਹਾਂ ਫੈਲੀਆਂ ਹੋਈਆਂ ਹਨ। ਉਦੋਂ ਸੁਰੱਖਿਆ ਬਲਾਂ ਨੇ ਅਵਾਰਨ ਜ਼ਿਲ੍ਹੇ ਵਿਚ ਵੱਖਵਾਦੀਆਂ ਖ਼ਿਲਾਫ਼ ਮੁਹਿੰਮ ਚਲਾਈ ਸੀ, ਪਰ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਮੰਤਰੀ ਨੇ ਇਸ ਦੀ ਪੁਸ਼ਟੀ ਕੀਤੀ ਹੋਵੇ। ਬੀ.ਐਲ.ਐਫ. ਦੇ ਬੁਲਾਰੇ ਨੇ ਇਸ ਨੂੰ ਅਫਵਾਹ ਹੀ ਦੱਸਿਆ ਹੈ।

# ਭਾਈ ਜਸਵੰਤ ਸਿੰਘ ਖਾਲੜਾ ਤੇ ਭਾਈ ਦਿਲਾਵਰ ਸਿੰਘ ਦੀ ਯਾਦ ਵਿਚ ਸਮਾਗਮ

**ਫਰੀਮਾਂਟ (ਬਿਊਰੋ):** ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਅਤੇ ਸਿੱਖ ਕੌਮ ਦੇ ਸ਼ਹੀਦ ਭਾਈ ਦਿਲਾਵਰ ਸਿੰਘ, ਜਿਨ੍ਹਾਂ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਦੀ ਯਾਦ ਵਿਚ ਇਕ ਸ਼ਹੀਦੀ ਸਮਾਗਮ ਲੰਘੇ ਐਤਵਾਰ ਸਥਾਨਕ ਗੁਰਦੁਆਰਾ ਫਰੀਮਾਂਟ ਵਿਖੇ ਹੋਇਆ। ਇਸ ਸਮਾਗਮ ਦੌਰਾਨ 1980ਵਿਆਂ ਅਤੇ 1990ਵਿਆਂ ਦੇ ਸਿੱਖ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਵਾਰ ਗਏ ਸਮੂਹ ਸਿੱਖ ਸ਼ਹੀਦਾਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਕਥਾਕਾਰ ਭਾਈ ਗੁਰਬਖਸ਼ ਸਿੰਘ ਖੰਨੇ ਵਾਲਿਆਂ ਨੇ ਸ਼ਹੀਦਾਂ ਦੇ ਬਿਰਤਾਂਤ ਸੰਗਤਾਂ ਨੂੰ ਸੁਣਾਏ। ਭਾਈ ਹਰਵਿੰਦਰ ਸਿੰਘ ਦਮਦਮੀ ਟਕਸਾਲ ਦੇ ਕੀਰਤਨੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।











ਮਨੁੱਖੀ ਅਧਿਕਾਰਾਂ ਖਾਤਿਰ ਜਾਨ ਕੁਰਬਾਨ ਕਰ ਗਏ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਨੇ ਆਪਣੇ ਮਹਾਨ ਪਿਤਾ ਅਤੇ ਭਾਈ ਦਿਲਾਵਰ ਸਿੰਘ ਦੀਆਂ ਕੁਰਬਾਨੀਆਂ ਦੇ ਵਖ ਵਖ ਪਹਿਲੂਆਂ ਬਾਰੇ ਦੱਸਦਿਆ ਦੋਹਾਂ ਸ਼ਹੀਦਾਂ ਦੀ ਮਹਾਨ ਕੁਰਬਾਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਤੇ ਪੁਲਿਸ ਦੇ ਬੁੱਚੜਾਂ ਬਾਰੇ ਵੀ ਵਾਰਤਾ ਦੱਸੀ, ਜਿਨ੍ਹਾਂ ਭਾਈ ਖਾਲੜਾ ਨੂੰ ਸ਼ਹੀਦ ਕੀਤਾ। ਉਨ੍ਹਾਂ ਇਸ ਕਾਰੇ ਲਈ ਮੁਖ ਦੋਸ਼ੀ ਸਰਕਾਰ, ਤਤਕਾਲੀ ਪੁਲਿਸ ਮੁਖੀ ਕੇ ਪੀ ਐਸ ਗਿੱਲ ਅਤੇ ਅਜੀਤ ਸਿੰਘ ਸੰਧੂ ਨੂੰ ਜ਼ਿੰਮੇਵਾਰ ਠਹਿਰਾਇਆ।

ਬੀਬੀ ਨਵਕਿਰਨ ਕੌਰ ਖਾਲੜਾ ਨੇ ਕਿਹਾ ਕਿ ਹੁਣ ਇਹ ਕੌਮ ਨੇ ਸੋਚਣਾ ਹੈ ਕਿ ਉਸ ਨੇ ਭਾਈ ਖਾਲੜਾ ਦੀ ਵਿਰਾਸਤ ਨੂੰ ਕਿਵੇਂ ਸੰਭਾਲਣਾ ਹੈ ਤੇ ਉਨ੍ਹਾਂ ਦੀ ਕੁਰਬਾਨੀ ਤੋਂ ਆਉਣ ਵਾਲੀਆਂ ਪੀੜੀਆਂ ਨੂੰ ਕਿਵੇਂ ਜਾਣੂੰ ਕਰਵਾਉਣਾ ਹੈ।

ਵਾਸ਼ਿੰਗਟਨ ਤੋਂ ਪਹੁੰਚੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਸ਼ਹੀਦਾਂ ਦੇ ਵਿਰਸੇ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ ਤੇ ਕਾਂਗਰਸੀ ਮੁਖ ਮੰਤਰੀ ਬੇਅੰਤ ਸਿੰਘ ਦੇ ਜ਼ੁਲਮਾਂ ਦੀ ਗੱਲ ਕਰਦਿਆਂ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਨੂੰ ਸਜਦਾ ਕੀਤਾ। ਉਨ੍ਹਾਂ ਕਿਹਾ ਕਿ ਭਾਈ ਦਿਲਵਾਰ ਸਿੰਘ ਨੇ ਆਪਣੀ ਕੁਰਬਾਨੀ ਦੇ ਕੇ ਹਜ਼ਾਰਾਂ ਹੋਰ ਸਿੱਖ ਨੌਜਵਾਨਾਂ ਦੀ ਜਾਨ ਬਚਾਈ ਜਿਨ੍ਹਾਂ ਨੂੰ ਹਕੂਮਤ ਮਾਰ ਮੁਕਾਉਣਾ ਚਾਹੁੰਦੀ ਸੀ। ਭਾਈ ਖਾਲੜਾ ਦੀ ਕੁਰਬਾਨੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਬੇਟੀ ਖਾਲੜਾ ਆਪਣੇ ਪਿਤਾ ਦੇ ਸ਼ਾਨਦਾਰ ਵਿਰਸੇ ਦਾ ਝੰਡਾ ਝੁਲਾ ਕੇ ਉਨ੍ਹਾਂ ਦੀ ਕੁਰਬਾਨੀ ਦੇ ਗਿਆਨ ਦਾ ਚਾਨਣ ਵੰਡ ਰਹੀ ਹੈ। ਇਸ ਮੌਕੇ ਬੱਦੋਵਾਲ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੰਚਾਲਨ ਦੀ ਸੇਵਾ ਭਾਈ ਗੁਰਿੰਦਰ ਸਿੰਘ ਨੇ ਕੀਤੀ।

ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸ਼ਹੀਦੀ ਸਮਾਗਮ ਵਿਚ ਪੰਥਕ ਜਥੇਬੰਦੀਆਂ ਤੇ ਸੰਗਤਾਂ ਨੇ ਭਾਰੀ ਸਹਿਯੋਗ ਦਿੱਤਾ।

# ਗਾਖਲ ਭਰਾਵਾਂ ਦੀਆਂ ਦੋ ਪੰਜਾਬੀ ਫਿਲਮਾਂ ਸੈਟ ’ਤੇ ਜਾਣ ਲਈ ਤਿਆਰ

**ਸੈਨ ਹੋਜ਼ੇ (ਬਿਊਰੋ):** ਟਰੱਕਿੰਗ, ਜਿਮ ਅਤੇ ਮੋਟਲ ਕਾਰੋਬਾਰ ਵਿਚ ਕਾਮਯਾਬੀ ਤੋਂ ਬਾਅਦ ਵੱਡੇ ਪਰਦੇ ਲਈ ਸਰਗਰਮ ਹੋਏ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਹਿੰਦੀ ਫਿਲਮ ‘ਸੈਕੰਡ ਹੈਂਡ ਹਸਬੈਂਡ’ ਤੋਂ ਬਾਅਦ ਪੰਜਾਬੀ ਫਿਲਮ ਇੰਡਸਟਰੀ ਵਿਚ ਇੱਕੋ ਵੇਲੇ ਬੂਹੇ ਬਾਰੀਆਂ ‘ਕੱਠੇ ਖੋਲ੍ਹਣ ਲੱਗੇ ਹਨ ਯਾਨਿ ਜੀ ਬੀ ਐਂਟਰਟੇਨਮੈਂਟ ਦੇ ਬੈਨਰ ਹੇਠ ਦੋ ਪੰਜਾਬੀ ਫਿਲਮਾਂ ਦਾ ਨਿਰਮਾਣ ਨਵੰਬਰ ਮਹੀਨੇ ਸ਼ੁਰੂ ਹੋ ਰਿਹਾ ਹੈ।

ਵਾਟਸਨਵਿਲ (ਕੈਲੀਫੋਰਨੀਆ) ਵਸਦੇ ਗਾਖਲ ਭਰਾਵਾਂ ਦਾ ਪੰਜਾਬੀ ਭਾਈਚਾਰੇ ਵਿਚ ਸਤਿਕਾਰ ਬਹੁਤ ਵੱਡਾ ਹੈ। ਅਮੋਲਕ ਸਿੰਘ ਗਾਖਲ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਹਨ ਤੇ ਪਿਛਲੇ ਤਿੰਨ ਦਹਾਕਿਆਂ ਤੋਂ ਕਬੱਡੀ ਦੀ ਪ੍ਰੋਮੋਸ਼ਨ ਲਈ ਸਰਗਰਮ ਰਹੇ ਹਨ। ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਉਹ ਹੋਰ ਖੇਡ ਕਲੱਬਾਂ ਨੂੰ ਵੀ ਆਰਥਿਕ ਮਦਦ ਦਿੰਦੇ ਆਏ ਹਨ। ਗੋਲਡ ਜਿਮ ਦੇ ਰੂਪ ਵਿਚ ਉਨ੍ਹਾਂ ਦਾ ਇਕ ਹੋਰ ਵੱਖਰਾ ਕਾਰੋਬਾਰ ਭਾਰਤ ਤੱਕ ਫੈਲਿਆ ਹੋਇਆ ਹੈ।

ਅਮੋਲਕ ਸਿੰਘ ਗਾਖਲ ਨੇ ਕਿਹਾ ਹੈ ਕਿ ਉਹ ‘ਸੈਕੰਡ ਹੈਂਡ ਹਸਬੈਂਡ’ ਫਿਲਮ ਨੂੰ ਇਕ ਤਜਰਬਾ ਮੰਨਦੇ ਹਨ ਕਿਉਂਕਿ ਕਿਸੇ ਵੀ ਖੇਤਰ ਵਿਚ ਤਜਰਬਾ ਹਾਸਲ ਕਰਨ ਲਈ ਕੁਝ ਨਾ ਕੁਝ ਅਦਾ ਵੀ ਕਰਨਾ ਪੈਂਦਾ ਹੈ। ਉਹ ਬਾਲੀਵੁਡ ਵਿਚ ਪੱਕੇ ਪੈਰੀਂ ਗਏ ਹਨ ਅਤੇ ਹਿੰਦੀ ਸਿਨਮੇ ਦੇ ਨਾਲ ਨਾਲ ਪੰਜਾਬੀ ਫਿਲਮ ਜਗਤ ਨੂੰ ਵੀ ਨਵੀਆਂ ਰਾਹਾਂ ਦੇਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਇਸੇ ਲਈ ਉਨ੍ਹਾਂ ਨੇ ਅਗਲੀਆਂ ਦੋ ਪੰਜਾਬੀ ਫਿਲਮਾਂ ਦਾ ਨਿਰਮਾਣ ਕਾਰਜ ਪਿਛਲੇ ਤਿੰਨ ਮਹੀਨਿਆਂ ਤੋਂ ਅਰੰਭ ਕੀਤਾ ਹੋਇਆ ਹੈ। ਇਨ੍ਹਾਂ ਦੋਹਾਂ ਹੀ ਫਿਲਮਾਂ ਦਾ ਲਿਖਤੀ ਕੰਮ ਕਾਜ ਮੁਕੰਮਲ ਹੋਣ ਤੋਂ ਬਾਅਦ ਇਨ੍ਹਾਂ ’ਚੋਂ ਪਹਿਲੀ ਪੰਜਾਬੀ ਫਿਲਮ ਜਿਸ ਵਿਚ ਜਿੰਮੀ ਸ਼ੇਰਗਿੱਲ ਅਤੇ ਬੱਬੂ ਮਾਨ ਦੀ ਪ੍ਰਮੁੱਖ ਭੂਮਿਕਾ ਹੋਵੇਗੀ, ਨਵੰਬਰ ਮਹੀਨੇ ਕਿਸੇ ਵੇਲੇ ਵੀ ਸੈਟ ‘ਤੇ ਜਾ ਸਕਦੀ ਹੈ।



ਅਮੋਲਕ ਸਿੰਘ ਗਾਖਲ


ਸ. ਗਾਖਲ ਨੇ ਕਿਹਾ ਕਿ ਪੰਜਾਬੀ ਦੀ ਵਿਰਾਸਤ ਨੂੰ ਜਿਉਂਦਿਆਂ ਰੱਖਣ ਲਈ ਜਿਥੇ ਇਸ ਫਿਲਮ ਦੀ ਕਹਾਣੀ ਨੂੰ ਉਨ੍ਹਾਂ ਨੇ ਆਪਣੀਆਂ ਨਜ਼ਰਾਂ ਨਾਲ ਘੋਖ ਕੇ ਅੱਗੇ ਤੋਰਿਆ ਹੈ, ਉਥੇ ਉਹ ਇਸ ਫਿਲਮ ਨੂੰ ਨੌਜਵਾਨ ਵਰਗ ਲਈ ਮਨੋਰੰਜਕ ਬਣਾਉਣ ਲਈ ਵੀ ਪੂਰੀ ਵਾਹ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਫਿਲਮ ਵਿਚ ਹਾਸਰਸ ਕਲਾਕਾਰ ਗੁਰਪ੍ਰੀਤ ਘੁੱਗੀ, ਜਸਵਿੰਦਰ ਭੱਲਾ ਅਤੇ ਬੀਨੂ ਢਿੱਲੋਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਸ. ਗਾਖਲ ਅਨੁਸਾਰ ‘ਜੱਟ ਜੇਮਜ਼ ਬਾਂਡ’ ਅਤੇ ‘ਕੈਰੀ ਆਨ ਜੱਟਾ’ ਵਰਗੀਆਂ ਹਿੱਟ ਫਿਲਮਾਂ ਦੇਣ ਵਾਲੇ ਸਮੀਪ ਕੰਗ ਨੂੰ ਇਕ ਫਿਲਮ ਦੇ ਨਿਰਦੇਸ਼ਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਜਦੋਂਕਿ ਦੂਜੀ ਫਿਲਮ ਦੇ ਨਿਰਦੇਸ਼ਨ ਵਾਲਾ ਰਹੱਸ ਅਜੇ ਉਹ ਬਣਾਈ ਰੱਖਣਗੇ। ਸ. ਅਮੋਲਕ ਸਿੰਘ ਗਾਖਲ ਨੇ ਸਵੀਕਾਰ ਕੀਤਾ ਕਿ ਭਾਵੇਂ ‘ਸੈਕੰਡ ਹੈਂਡ ਹਸਬੈਂਡ’ ਫਿਲਮ ਨੂੰ ਆਸ ਜਿੰਨਾ ਹੁੰਗਾਰਾ ਨਹੀਂ ਮਿਲਿਆ ਪਰ ਉਹ ਇਸ ਖੇਤਰ ਦੀਆਂ ਸਾਰੀਆਂ ਬਾਰੀਕੀਆਂ ਸਿੱਖਣ ਲਈ ਇਸੇ ਫਿਲਮ ਨੂੰ ਸਿਹਰਾ ਦਿੰਦੇ ਰਹਿਣਗੇ। ਇਸੇ ਕਰਕੇ ਅਗਲੀਆਂ ਪੰਜਾਬੀ ਫਿਲਮਾਂ ਵਿਚ ਗਿੱਪੀ ਗਰੇਵਾਲ ਵੀ ਉਨ੍ਹਾਂ ਦਾ ਹੀਰੋ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਪੰਜਾਬੀ ਫਿਲਮ ਦੇ ਕੁਝ ਗੀਤ ਐਸ ਅਸ਼ੋਕ ਭੌਰਾ ਨੇ ਲਿਖੇ ਹਨ।

# ਕਾਮਯਾਬ ਰਿਹਾ ਮਸਤਾਨਾ ਜੋਗੀ ਦਾ ਬੇਅ ਏਰੀਆ ਵਿਚ ਸ਼ੋਅ

**ਆਲਟੋਸ ਹਿਲਜ, ਕੈਲੀਫੋਰਨੀਆ (ਬਿਊਰੋ):** ਬੇਅ ਏਰੀਆ ਦੇ ਇਸ ਸ਼ਹਿਰ ਵਿਚ ਮਧਾਰ ਪ੍ਰੋਡਕਸ਼ਨ ਵਲੋਂ ਲੰਘੇ ਸਨਿਚਰਵਾਰ ਕਰਵਾਇਆ ਗਿਆ ਮਸਤਾਨਾ ਜੋਗੀ ਕੰਵਰ ਗਰੇਵਾਲ ਦਾ ਸ਼ੋਅ ਪੂਰੀ ਤਰ੍ਹਾਂ ਕਾਮਯਾਬ ਰਿਹਾ। ਹਾਲ ਪੂਰੀ ਤਰ੍ਹਾਂ ਸਰੋਤਿਆਂ ਨਾਲ ਭਰਿਆ ਹੋਇਆ ਸੀ।



ਭੰਗਵੇਂ ਪਹਿਰਾਵੇ, ਸਿਰ ‘ਤੇ ਫੱਕਰਾਂ ਵਾਲਾ ਸਿੱਧਾ ਸਾਦਾ ਲਪੇਟਿਆ ਮੜਾਸਾ, ਕੋਈ ਛੇ ਕੁ ਫੁੱਟ ਉਚਾ, ਕਾਲੀ ਕੰਬਲੀ ਦਾ ਘੁੰਡ ਕੱਢ ਕੇ ਬੀਨ ‘ਤੇ ਨੱਚਦਾ ਮਸਤਾਨਾ ਜੋਗੀ ਕੰਵਰ ਗਰੇਵਾਲ ਸਟੇਜ ‘ਤੇ ਆਇਆ ਤਾਂ ਹਾਲ ਸਰੋਤਿਆਂ ਦੀਆਂ ਚੀਕਾਂ, ਚਾਂਗਰਾਂ ਤੇ ਤਾੜੀਆਂ ਨਾਲ ਗੂੰਜ ਉਠਿਆ। ਸਰੋਤਿਆਂ ਨੂੰ ਮੁਖਾਤਿਬ ਹੁੰਦਿਆਂ ਮਸਤਾਨੇ ਜੋਗੀ ਨੇ ਕਿਹਾ ਕਿ ਮੈਂ ਉਹ ਕੁਝ ਗਾਊਂਗਾ, ਜੋ ਹਰ ਕੋਈ ਆਪਣੀ ਫੈਮਿਲੀ ਨਾਲ ਵੇਖ/ਸੁਣ ਸਕੇ।



ਉਸ ਨੇ ਤੇਰਾ ਇਸ਼ਕ ਨਚਾਉਂਦਾ ਹੈ, ਮੈਂ ਨਹੀਂ ਨੱਚਦੀ ਤੋਂ ਸ਼ੁਰੂ ਕਰਕੇ ਨਾ ਜਾਈਂ ਮਸਤਾਂ ਦੇ ਵਿਹੜੇ; ਬੀਨ ਵਜਾ ਜੋਗੀਆ; ਕਿਸੇ ਜੋਗੀ ਨਾ ਛੱਡੀ ਵੇ ਜੋਗੀਆ ਕਰ ਗਿਐਂ ਹੇਰਾ ਫੇਰੀ; ਭੈਣ ਹੋਵੇ ਜਵਾਨ ਬਹੁਤੇ ਯਾਰ ਬਣਾਈਏ ਨਾ, ਸੱਸ ਹੋਵੇ ਚੰਗੀ ਨਹੀਂ ਤੇ ਕੰਧ ਤੇ ਹੋਵੇ ਟੰਗੀ; ਤੂੰਬਾ ਵੱਜਦਾ ਨਾ ਤਾਰ ਬਿਨਾਂ; ਚਰਖਾ ਬਹੁਤ ਪੁਰਾਣਾ ਜਿੰਦੜੀਏ ਕੱਤ ਲੈ ਨੀ; ਗੱਲ ਸੁਣ ਛੱਲਿਆ ਅਤੇ ਹੋਰ ਬਹੁਤ ਕੁਝ ਸੁਣਾ ਕੇ ਸਰੋਤੇ ਨਿਹਾਲ ਕਰ ਦਿੱਤੇ। ਉਨ੍ਹਾਂ ਵੀ ਨੋਟਾਂ ਦਾ ਮੀਂਹ ਵਰ੍ਹਾ ਦਿੱਤਾ। ਕਿਸੇ ਸਰੋਤੇ ਦਾ ਵੀਹ ਦਾ ਨੋਟ ਚੁੱਕ ਕੇ ਉਸ ਨੇ ਵੀਹ ਦੀ ਕਹਾਣੀ ਸੁਣਾ ਦਿੱਤੀ ਕਿ ਇਸ ਵੀਹ ਦੇ ਨੋਟ ਨਾਲ ਬਾਬੇ ਨਾਨਕ ਨੇ ਆਪਣੀ ਕਾਰਗੁਜ਼ਾਰੀ ਸ਼ੁਰੂ ਕੀਤੀ ਸੀ।

ਇਕ ਜਾਣਕਾਰ ਨੇ ਛੋਟਾ ਬੱਚਾ ਉਸ ਵਲ ਵਧਾਇਆ, ਉਸ ਨੇ ਗਾਇਕ ਗੁਰਦਾਸ ਮਾਨ ਸਟਾਈਲ ਵਿਚ ਬੱਚੇ ਨੂੰ ਕੁੱਛੜ ਚੁੱਕ ਲਿਆ। ਉਸ ਨੂੰ ਵੇਖ ਹੋਰ ਬੱਚੇ ਵੀ ਸਟੇਜ ਵੱਲ ਉਮੜੇ। ਦਸ-ਪੰਦਰਾਂ ਬੱਚਿਆਂ ਨੂੰ ਉਸ ਨੇ ਪਿਆਰ ਕੀਤਾ ਤੇ ਰੇਲ ਗੱਡੀ ਬਣਾ ਲਈ। ਛੁੱਕ ਛੁੱਕ ਰੇਲ ਗੱਡੀ ਚਲਾ ਕੇ ਬੱਚੇ ਪਿੱਛੇ ਤੋਰ ਲਏ। ‘ਆ ਜੋ ਬੱਚਿਓ ਰੇਲ ਗੱਡੀ ਆਈ ਆ।’ ਫਿਰ ਉਨ੍ਹਾਂ ਨੂੰ ਕੰਜਕਾਂ ਵਾਂਗ ਲਾਈਨ ਵਿਚ ਬਿਠਾ ਕੇ ਸਟੇਜ ’ਤੇ ਪਏ ਸਾਰੇ ਦਸ, ਵੀਹ, ਪੰਜਾਹ ਦੇ ਨੋਟ ਵੰਡ ਦਿੱਤੇ।

ਗੁਰੂ ਸ਼ਬਦ ਨਾਲ ਜੋੜਨ ਤੇ ਡੇਰਿਆਂ ਤੋਂ ਤੋੜਨ ਦੀ ਕੰਵਰ ਗਰੇਵਾਲ ਦੀ ਸਿੱਖਿਆ ਤੋਂ ਦਰਸ਼ਕ ਖੁਸ਼ ਹੁੰਦੇ ਜਾਪੇ। ਧਾਰਮਿਕ ਤੇ ਬਹੁਤ ਮੱਧਮ ਕੰਨ-ਪਾੜਵੇਂ ਸ਼ੋਰ ਤੋਂ ਰਹਿਤ ਸੰਗੀਤ ਨੇ ਵੀ ਉਸ ਦੀ ਕਹੀ ਤੇ ਕਥਨੀ ਤੇ ਫੁਲ ਚੜ੍ਹਾ ਦਿੱਤੇ। ਸੰਗੀਤ ਉਸ ਤੋਂ ਪਿਆਰਾ ਸੀ ਤੇ ਉਹ ਸੰਗੀਤ ਤੋਂ ਪਿਆਰਾ ਸੀ।

ਵਿਚ ਵਿਚ ਪੰਜਾਬੀ ਵੀਰਾਂ ਨੇ ਦਾਰੂ ਦੇ ਲੋਰ ਵਿਚ ਖੂਬ ਮਹਿਫਿਲ ਲਗਾਈ ਤੇ ਉਸ ਨਾਲ ਨੱਚਦੇ ਟੱਪਦੇ ਭੰਗੜਾ ਪਾਉਂਦੇ ਰਹੇ। ਸਿਕਿਉਰਿਟੀ ਵਾਲੇ ਆਏ ਤਾਂ ਕੰਵਰ ਨੇ ਉਨ੍ਹਾਂ ਨੂੰ ਰੋਕ ਦਿੱਤਾ। ਇਕ ਦੋ ਸ਼ਰਾਬੀਆਂ ਨੂੰ ਪੁਲਿਸ ਨਾਲ ਗੁੱਥਮਗੁੱਥਾ ਹੁੰਦੇ ਵੀ ਵੇਖਿਆ ਗਿਆ।

ਕੰਵਰ ਗਰੇਵਾਲ ਨੇ ਇਕੱਲਿਆਂ ਤਿੰਨ ਘੰਟੇ ਤੋਂ ਵੱਧ ਸਮਾਂ ਸਟੇਜ ਨੂੰ ਆਪਣੀ ਸੂਫੀਆਨਾ ਗਾਇਕੀ ਦੇ ਰੰਗ ਵਿਚ ਰੰਗੀ ਰੱਖਿਆ। ‘ਮੇਰੇ ਪ੍ਰੋਗਰਾਮ ਬਾਰੇ ਜੇ ਕਿਸੇ ਦੇ ਮਨ ਵਿਚ ਕੋਈ ਸ਼ੱਕ ਸ਼ੁਬ੍ਹਾ ਜਾਂ ਕੋਈ ਸਵਾਲ ਹੋਵੇ, ਮੈਂ ਉਸ ਦਾ ਜੁਆਬ ਦੇਵਾਂਗਾ,’ ਉਸ ਨੇ ਐਲਾਨ ਕੀਤਾ। ਮਸਤਾਨਾ ਜੋਗੀ ਨੇ ਕੁਝ ਅਜਿਹਾ ਰੰਗ ਧੂੜਿਆ ਕਿ ਸਰੋਤੇ ਸਾਰਾ ਸਮਾਂ ਆਪਣੀਆਂ ਸੀਟਾਂ ਤੋਂ ਹਿਲ ਨਾ ਸਕੇ। ਇਹ ਸ਼ੋਅ ਭੀੜ-ਭੜੱਕੇ ਅਤੇ ਸੰਗੀਤ ਦੇ ਰੌਲੇ ਰੱਪੇ ਵਾਲੇ ਅਖਾੜੇ ਤੋਂ ਹੱਟ ਕੇ ਸੀ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Northwest Truck Driving School
3241 Industrial Drive, Yuba City, CA 95993
ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ
- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ ‘ਤੇ ਜੌਬ ਦੀ ਗਾਰੰਟੀ
Northwest Freightway ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737

# .ਗ਼ਜ਼ਲਾਂ ਵਾਲਾ ਗੁਰਤੇਜ



ਗੁਰਤੇਜ ਕੋਹਾਰਵਾਲਾ ਦਾ ਪਲੇਠਾ .ਗ਼ਜ਼ਲ ਸੰਗ੍ਰਿਹ 'ਪਾਣੀ ਦਾ ਹਾਸ਼ੀਆ'

*ਗੁਰਤੇਜ ਕੋਹਾਰਵਾਲਾ ਪੰਜਾਬੀ ਦਾ ਅਜਿਹਾ ਗਜ਼ਲਗੋ ਹੈ ਜਿਸ ਦੀ ਇਕ ਇਕ ਗਜ਼ਲ ਬਾਰੇ ਇਕ ਇਕ ਕਿਤਾਬ ਜਿੰਨੀ ਚਰਚਾ ਹੁੰਦੀ ਰਹੀ ਹੈ। ਗੁਰਤੇਜ ਨੇ ਬਹੁਤ ਘੱਟ ਲਿਖਿਆ, ਪਰ ਜੋ ਲਿਖਿਆ ਹੈ, ਉਹ ਖਰੇ ਸੋਨੇ ਵਰਗਾ ਭਾਸਦਾ ਹੈ। ਉਹ ਕਦੀ ਜ਼ੋਰ ਲਾ ਕੇ ਗਜ਼ਲ ਬਣਾਉਣ ਲਈ ਨਹੀਂ ਭੱਜਿਆ, ਨਾ ਹੀ ਉਸ ਨੇ ਕਿਤਾਬਾਂ ਛਪਾਉਣ ਲਈ ਕੋਈ ਦੌੜ ਲਾਈ ਹੈ। ਦਹਾਕਿਆਂ ਬੱਧੀ ਗਜ਼ਲਕਾਰੀ ਤੋਂ ਬਾਅਦ ਉਸ ਦੀ ਪਲੇਠੀ ਪੋਥੀ 'ਪਾਣੀ ਦਾ ਹਾਸ਼ੀਆ' ਹੁਣ ਆ ਕੇ ਛਪੀ ਹੈ। ਇਸ ਪੋਥੀ ਵਿਚ ਕੁੱਲ 50 ਗਜ਼ਲਾਂ ਹਨ। ਉਸ ਨੇ ਤਾਂ ਇਨ੍ਹਾਂ ਗਜ਼ਲਾਂ ਦੀ ਗਿਣਤੀ 51 ਕਰਨ ਲਈ ਵੀ 'ਇਕ ਹੋਰ ਗਜ਼ਲ' ਨਹੀਂ ਲਿਖੀ। ਉਸ ਦਾ ਅਜਿਹਾ ਸਬਰ ਕਮਾਲ ਹੈ, ਸ਼ਾਇਦ ਇਸੇ ਕਰ ਕੇ ਉਸ ਦੀ ਗਜ਼ਲ ਵੀ ਕਮਾਲ ਹੈ। ਇਥੇ ਅਸੀਂ ਆਪਣੇ ਪਾਠਕਾਂ ਨਾਲ ਇਸ ਪੋਥੀ ਦੇ ਆਰੰਭ ਵਿਚ ਗੁਰਤੇਜ ਕੋਹਾਰਵਾਲਾ ਦੇ ਲਿਖੇ ਸ਼ਬਦ ਸਾਂਝੇ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

## ਕਲਾ ਪਰਿਕਰਮਾ

ਕਵਿਤਾ ਦੀ ਦੁਨੀਆਂ ਬਹੁਤ ਅਸਚਰਜ ਦੁਨੀਆਂ ਹੈ। ਕਵਿਤਾ ਭਾਵੇਂ ਸ਼ਬਦ ਰਾਹੀਂ ਪ੍ਰਗਟ ਹੁੰਦੀ ਹੈ ਪਰ ਇਹ 'ਸ਼ਬਦ' ਦੀ ਗ਼ੁਲਾਮ ਨਹੀਂ ਹੁੰਦੀ। ਕਵੀ ਦੀ ਮਰਜ਼ੀ ਦੀ ਮੁਥਾਜ ਤਾਂ ਬਿਲਕੁਲ ਵੀ ਨਹੀਂ। ਜੇ ਇਲਹਾਮ ਨਾ ਵੀ ਸਮਝੀਏ, ਤਾਂ ਮੈਨੂੰ ਲਗਦਾ ਹੈ ਕਵਿਤਾ ਦੇ ਵਜੂਦ ਵਿਚ ਆਉਣ ਦਾ ਖਾਸ ਵਕਤ ਹੁੰਦਾ ਹੈ। ਜਿਵੇਂ ਫੋਟੋਕਾਰੀ ਦੀ ਭਾਸ਼ਾ ਵਿਚ ਕਹਿੰਦੇ ਹਨ ਕਿ ਫੋਟੋ ਕਿਸੇ ਥਾਂ 'ਤੇ ਹਰ ਵੇਲੇ ਮੌਜੂਦ ਹੁੰਦੀ ਹੈ, ਪਰ ਨਜ਼ਰ ਸਿਰਫ਼ ਉਦੋਂ ਆਉਂਦੀ ਹੈ ਜਦੋਂ ਉਥੇ ਧੁੱਪ-ਛਾਂ ਦਾ ਸਹੀ ਅਨੁਪਾਤ ਬਣ ਜਾਵੇ। ਇਵੇਂ ਹੀ ਕਵਿਤਾ ਵੀ ਸ਼ਾਇਦ ਕਵੀ ਦੀ ਤਾਂਘ ਵਿਚ ਤਾਂ ਹਮੇਸ਼ਾ ਹੀ ਬੈਠੀ ਹੁੰਦੀ ਹੈ। ਭਾਸ਼ਾ ਦੇ ਸੰਸਾਰ ਵਿਚ ਉਸ ਦੀਆਂ ਸਤਰਾਂ ਵੀ ਪਈਆਂ ਹੁੰਦੀਆਂ ਨੇ। ਉਹ ਭਾਵਾਂ, ਘਟਨਾਵਾਂ ਤੇ ਦ੍ਰਿਸ਼ਾਂ ਦੀ ਛੋਹ ਨੂੰ ਵੀ ਉਡੀਕ ਰਹੀ ਹੁੰਦੀ ਹੈ, ਪਰ ਜ਼ਾਹਰਾ ਰੂਪ ਵਿਚ ਪ੍ਰਗਟ ਹੋਣ ਦਾ ਕਵਿਤਾ ਦਾ ਆਪਣਾ ਰਹੱਸ ਹੈ। ਕਵਿਤਾ ਦੇ ਉਦੈ ਹੁੰਦਿਆਂ ਹੀ ਕਵੀ ਵੀ ਪੈਦਾ ਹੋ ਜਾਂਦਾ ਹੈ।


ਕਵਿਤਾ ਨਾਲ ਮੇਰਾ ਰਿਸ਼ਤਾ ਬੇਪਰਵਾਹੀ ਵਾਲਾ ਰਿਹਾ ਹੈ। ਮੈਂ ਬਹੁਤ ਥੋੜ੍ਹਾ ਲਿਖਿਆ ਹੈ। ਮਿਥ ਕੇ ਤਾਂ ਬਿਲਕੁਲ ਨਹੀਂ ਲਿਖ ਸਕਿਆ। ਪੰਝੀ-ਤੀਹ ਸਾਲ ਲੰਮੇ ਕਾਵਿ ਸਫ਼ਰ ਦੌਰਾਨ, ਵਿਚ ਵਿਚ ਇਉਂ ਵੀ ਹੋਇਆ ਕਿ ਦੋ ਦੋ ਚਾਰ ਚਾਰ ਸਾਲ ਤਾਂ ਉਕਾ ਹੀ ਬਾਰਿਸ਼ ਨਾ ਹੋਈ। ਸਫ਼ਿਆਂ ਦੀ ਜ਼ਮੀਨ ਬੰਜਰ ਹੋ ਗਈ ਲਗਦੀ ਰਹੀ, ਪਰ ਹਰ ਵਾਰ ਕੁਝ ਵਕਫੇ ਬਾਅਦ, ਸ਼ਾਇਰੀ ਮੈਨੂੰ ਦੁਬਾਰਾ ਲੱਭ ਲੈਂਦੀ ਰਹੀ ਹੈ।

'ਗਜ਼ਲ' ਦਾ ਰੂਪਾਕਾਰ ਬਹੁਤ ਸਾਰੇ ਸਵਾਲਾਂ ਦੇ ਸਨਮੁਖ ਰਿਹਾ ਹੈ। ਬਹੁਤ ਸਰਲ ਅਤੇ ਸਿੱਧੜ ਆਲੋਚਨਾ, .ਗਜ਼ਲ ਨੂੰ ਕਾਫ਼ੀਏ/ਰਦੀਫ਼ ਦੀ ਸਹੂਲਤ ਵਾਲੇ ਪੂਰਨਿਆਂ ਤੇ ਉਸਰਦੀ ਮੰਨ ਕੇ, ਇਸ ਨੂੰ ਬਹੁਤ ਘਟਾ ਕੇ ਵੇਖਦੀ ਹੈ, ਪਰ ਅਸਲ ਵਿਚ ਇਹ ਕਵਿਤਾ ਦੇ ਉਨ੍ਹਾਂ ਰੂਪਾਕਾਰਾਂ ਵਿਚੋਂ ਬੇਹੱਦ ਖਾਸ ਹੈ, ਜਿਹੜੇ ਸ਼ਿਲਪ ਦੇ ਕਠਿਨ ਬੰਧੇਜ ਵਿਚੋਂ ਹੀ ਫੈਲਾਓ ਹਾਸਲ ਕਰਦੇ ਹਨ। ਇਹ ਬਹੁਤ ਸੰਖੇਪ ਤੇ ਸੰਕੇਤਕ ਤਾਂ ਹੈ ਹੀ, ਬਹੁਤ ਸੁਬਕ ਤੇ ਸੂਖਮ ਵੀ ਹੈ। ਮੈਨੂੰ .ਗਜ਼ਲ ਦੀ ਖੂਬਸੂਰਤੀ, ਇਸ ਦੇ ਭਾਸ਼ਿਕ-ਸੁਹਜ ਦੇ ਨਾਲ ਨਾਲ ਇਸ ਗੱਲ ਵਿਚੋਂ ਵੀ ਦਿਸਦੀ ਹੈ ਕਿ ਇਹ ਅੱਜ ਦੀਆਂ ਮਾਨਵੀ ਅਸੰਗਤੀਆਂ, ਦੁਚਿੱਤੀਆਂ ਤੇ ਵਿਰੋਧਾਭਾਸ਼ਾਂ ਨੂੰ ਬੜੇ ਸਹਿਜ ਢੰਗ ਨਾਲ ਪੇਸ਼ ਕਰ ਲੈਂਦੀ ਹੈ।

ਆਪਣੇ ਲਿਖੇ ਪੰਨਿਆਂ ਨੂੰ ਇਕ ਥਾਂ 'ਤੇ ਇਕੱਠਾ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਕਿ ਮੇਰਾ ਬਿਆਨ ਬਹੁਤਾ ਕਰ ਕੇ 'ਮੈਂ' ਮੂਲਕ ਬਣਿਆ ਦਿਸਦਾ ਹੈ, ਪਰ ਇਹ ਸਿਰਫ਼ ਇਕੱਲੇ ਮੇਰੇ ਆਤਮ ਦਾ ਪ੍ਰਕਾਸ਼ ਨਹੀਂ ਹੈ। ਇਹ 'ਮੈਂ' ਫੈਲੀ ਹੋਈ 'ਮੈਂ' ਹੈ ਜੋ ਮੇਰੇ ਸਮੇਤ ਬਾਕੀ ਸਭ ਕੁਝ ਨੂੰ ਰਲਾ-ਮਿਲਾ ਕੇ ਬਣਦੀ ਹੈ।

ਇਸ ਕਿਤਾਬ ਨੂੰ ਬਣਦਿਆਂ ਵੀਹ ਵਰ੍ਹਿਆਂ ਤੋਂ ਉਤੇ ਦਾ ਅਰਸਾ ਹੋ ਗਿਆ ਹੈ। ਮੈਂ ਕਿਤਾਬ ਨੂੰ ਕਿਸੇ ਪ੍ਰੋਜੈਕਟ ਵਾਂਗ ਨਹੀਂ ਲੈ ਸਕਿਆ, ਇਸੇ ਕਰ ਕੇ ਇਸ ਦੇ ਛਪਣ ਦਾ ਕੋਈ ਸਾਲ, ਮਹੀਨਾ ਵੀ ਤੈਅ ਨਾ ਹੋ ਸਕਿਆ। ਹੁਣ ਪਿਛਲੇ ਦੋ ਕੁ ਸਾਲ ਤੋਂ ਮੈਂ ਰਚਨਾਕਾਰੀ ਦੀ ਗਹਿਰੀ ਪਕੜ ਵਿਚ ਹਾਂ। ਮਨ ਸ਼ਬਦਾਂ ਦੇ ਤਲਿੱਸਮ ਨਾਲ ਭਰਿਆ ਰਹਿੰਦਾ ਹੈ। ਇਸ ਥੋੜ੍ਹੇ ਜਿਹੇ ਸਮੇਂ ਦੌਰਾਨ ਮੈਂ ਦਸ-ਬਾਰਾਂ ਨਵੀਆਂ .ਗਜ਼ਲਾਂ ਲਿਖੀਆਂ ਨੇ ਜੋ ਮੇਰੀ ਔਸਤ ਤੋਂ ਬਹੁਤ ਵੱਧ ਨੇ। ਇਸ ਕਿਤਾਬ ਦੇ ਬਣਨ ਲਈ ਸ਼ਾਇਦ ਕਿਸੇ ਐਸੇ ਹੀ ਹੁਲਾਰ ਦੀ ਲੋੜ ਹੈ।

***-ਗੁਰਤੇਜ ਕੋਹਾਰਵਾਲਾ***



*'ਪਾਣੀ ਦਾ ਹਾਸ਼ੀਆ' ਦਾ ਮੁਖੜਾ।*

## ਸ਼ਿਅਰਾਂ ਦੀ ਸੰਗਤ

ਹੋਰਾਂ ਵਾਂਗੂੰ ਨ੍ਹੇਰਾ ਢੋਂਦੇ, ਰਾਤ-ਬ-ਰਾਤੇ ਜੀਅ ਲੈਣਾ ਸੀ।
ਦਿਲ ਨੂੰ ਜੇਕਰ ਅੱਗ ਨਾ ਲਗਦੀ, ਮੈਂ ਚਾਨਣ ਤੋਂ ਕੀ ਲੈਣਾ ਸੀ?

ਕਿਸੇ ਰੁੱਖ ਜਾਂ ਬਨੇਰੇ 'ਤੇ ਕਦੇ ਬੈਠੇ ਤਾਂ ਵੇਖਾਂਗੇ,
ਕਿ ਕਿੰਨੇ ਜ਼ਖਮ ਟੰਗੇ ਨੇ ਹਨੇਰੀ ਨੇ ਪਰਾਂ ਅੰਦਰ।

ਘਰ ਦੇ ਘੜਿਆਂ ਅੰਦਰ ਪੈ ਕੇ ਸਿਆਣਾ ਪਾਣੀ ਸੋਚੇ ਅਕਸਰ,
ਮੈਨੂੰ ਨਦੀਏਂ ਵਗਦੇ ਨੂੰ ਵੀ ਰੇਤਾ ਨੇ ਹੀ ਪੀ ਲੈਣਾ ਸੀ।

ਨਹੀਂ ਹੁਣ ਕਿਸ਼ਤੀਆਂ ਡੁੱਬਣ ਦਾ ਕੋਈ ਖੌਫ਼ ਮਨ ਅੰਦਰ
ਵਸੇ ਹੀ ਓਸ ਥਾਂ ਹਾਂ, ਜਿਸ ਜਗ੍ਹਾ ਹੜ੍ਹ ਆਮ ਆਉਂਦਾ ਹੈ।

ਕਿਤੇ ਇਕ ਤੀਰ ਵੀ ਉਡਦਾ ਪਿਆ ਸੀ ਨਾਲ ਹੀ ਮੇਰੇ,
ਮੇਰਾ ਅਸਮਾਨ ਦੇ ਅੰਦਰ ਨਿਸ਼ਾਨਾ ਹੋਣ ਵਾਲਾ ਸੀ।

ਬੜਾ ਲਿਖਿਆ ਮੈਂ, ਤੈਥੋਂ ਦੂਰੀਆਂ ਤੇ ਦਰਦ ਨੂੰ ਮੁੜ ਮੁੜ,
ਕਿਤੇ ਜੋ ਨੇੜਤਾ ਸੀ, ਉਸ ਨੂੰ ਅੱਖਰ ਹੋਣ ਨਾ ਦਿੱਤਾ।

ਖਰੀਦਣ-ਵਿਕਣ ਦਾ ਇਹ ਸਿਲਸਿਲਾ ਚਲਦਾ ਹੀ ਰਹਿੰਦਾ ਹੈ,
ਕਦੇ ਕੀਮਤ ਪਵੇ ਹੌਲੀ, ਕਦੇ ਔਕਾਤ ਪੈਂਦੀ ਹੈ।

ਸਿਆਸੀ ਮੌਨਸੂਨਾਂ ਪੱਥਰਾਂ ਨੂੰ ਧੋਂਦੀਆਂ ਲੰਘਣ,
ਕਦੋਂ ਸੁੱਕਦੇ ਬਰੂਟਾਂ ਵਾਸਤੇ ਬਰਸਾਤ ਪੈਂਦੀ ਹੈ।

ਵਕਤ ਨੇ ਮੈਨੂੰ ਹੁਣ ਤੱਕ ਏਥੋਂ ਦੀ ਹੀ ਲਾਂਘਾ ਦਿੱਤਾ ਸੀ,
ਮੇਰਾ ਸੂਲਾਂ 'ਤੇ ਤੁਰ ਲੈਣਾ, ਕੋਲਈ ਕਲਾ-ਕਮਾਲ ਨਹੀਂ।

ਗੁਆਈ ਜਾ ਰਹੇ ਹਾਂ ਉਮਰ, ਮਿੱਟੀ ਗੁੰਨ੍ਹਦਿਆਂ ਅਪਣੀ,
ਜੇ ਕੁਝ ਬਣਨੈ, ਕਿਸੇ ਦੇ ਚੱਕ 'ਤੇ ਚੜ੍ਹਨਾ ਵੀ ਬਣਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਸਤੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-186



*ਚਿੱਠੀਆਂ ਵੀ ਕਦੇ ਵੰਡਦਾ ਰਿਹਾ ਏ ਬੜਾ ਸਿਆਣਾ ਮਿੱਤਰੋ।*
*ਵਕਤ ਦੇ ਨਾਲ ਹੀ ਮੰਨਣਾ ਪੈ ਗਿਆ ਇਹਨੂੰ ਵੀ ਤਾਂ ਭਾਣਾ ਮਿੱਤਰੋ।*
*ਤਲੀਆਂ ਉਤੇ ਚੋਗ ਚੁਗਣ ਦੀ ਆਦਤ ਬੜੀ ਪੁਰਾਣੀ,*
*ਕਬੂਤਰ ਦੀ ਕਦੇ ਭੁੱਲ ਨਹੀਂ ਸਕਦੀ ਵਿਰਸੇ ਜਿਹੀ ਕਹਾਣੀ।*

## ਕੈਪਸ਼ਨ ਮੁਕਾਬਲਾ-184



ਪਾ ਪਤੀਲੇ ਸਾਗ ਸਰ੍ਹੋਂ ਦਾ
ਚੁੱਲ੍ਹੇ ਉਪਰ ਧਰਿਆ।
ਨਾਲ ਪਾਥੀਆਂ ਲਾ ਕੇ ਲੱਕੜ
ਮੱਠਾ ਮੱਠਾ ਸੇਕ ਹੈ ਕਰਿਆ।
ਗੱਦ ਗੱਦ ਕਰਕੇ ਰਿੱਝ ਗਿਆ ਜਦ
ਆਲਣ ਫੇਰ ਰਲਾਵਾਂਗੇ।
ਨਾਲ ਘੋਟਣੀ ਘੋਟ ਘੋਟ ਕੇ
ਮੱਖਣ ਪਾ ਕੇ ਖਾਵਾਂਗੇ।

***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਸਾਗ ਸਰੋਂ ਦਾ ਚੁੱਲ੍ਹੇ ਉਤੇ
ਚਾੜ੍ਹਿਆ ਮਿਰਚਾਂ ਪਾ ਕੇ।
ਲਾ ਲਸਣ-ਅਦਰਕ ਦਾ ਤੁੜਕਾ
ਘੋਟਿਆ ਅੱਲ੍ਹਣ ਪਾ ਕੇ।
ਵੱਡੀ ਬੇਬੇ ਨੇ ਵਰਤਾਇਆ ਸਭ ਨੂੰ
ਵਿਚ ਮੱਖਣ ਦਾ ਪੇੜਾ ਪਾ ਕੇ।
ਮੱਕੀ ਦੀ ਰੋਟੀ ਨਾਲ ਲੱਸੀ ਦੇ
ਮੀਟ ਭੁੱਲ ਗਏ ਸਭ ਖਾ ਕੇ।
ਲੈ ਰਜਾਈਆਂ ਧੁੱਪੇ ਸੌਂ ਜਾਓ
ਵਿਹੜੇ ਵਿਚ ਮੰਜੇ ਡਾਹ ਕੇ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਪਤੀਲੇ ਨਾਲੋਂ ਤੌੜੀ ਚੰਗੀ
ਰਿੱਝਦਾ ਜਿਸ ਵਿਚ ਸਾਗ ਸਰੋਂ ਦਾ।
ਸਾਗ ਸਾਡਾ ਮਨ ਭਾਉਂਦਾ ਖਾਜ਼ਾ
ਚਲਦਾ ਆ ਰਿਹਾ, ਚਲਦਾ ਰਹੇਗਾ।
ਦੇਸੀ ਸੌਦਾ, ਬਾਲੋ ਲੱਕੜਾਂ
ਚਾੜ੍ਹ ਦਿਓ ਭਾਂਡਾ ਭੜੋਲੀ ਉਪਰ।
ਰਿੱਝ ਰਿੱਝ ਬਣ ਜਾਊ ਸਾਗ ਮਲਾਈ
ਚੱਖੋਗੇ ਜਦ ਇਸ ਦਾ ਸੁਆਦ
ਉਂਗਲਾ ਚੱਟਦੇ ਰਹਿ ਜਾਓਗੇ।

***-ਦਰਸ਼ਨ ਪਾਲ ਦੋਸਾਂਝ***

---

ਸਾਗ ਨਾ ਕਦੇ ਬਣਾਇਆ
ਨਾ ਬਣਾ ਕੇ ਕਦੇ ਦਿਖਾਇਆ।
ਅੱਜ ਵਧੀਆ ਸਾਗ ਬਣਾ
ਸਾਡੀ ਫਰਮਾਇਸ਼ 'ਤੇ।
ਸਾਗ ਕੱਟ ਕੇ ਦੇ ਰਲਾ
ਸਾਗ ਤੌੜੀ ਦੇ ਵਿਚ ਪਾ
ਥੱਲੇ ਅੱਗ ਨੂੰ ਜਰਾ ਮਚਾ।
ਇਹਨੂੰ ਹੌਲੀ ਹੌਲੀ ਰਿਝਾ
ਸਾਡੀ ਫਰਮਾਇਸ਼ 'ਤੇ।
ਗਰਮ ਗਰਮ ਨੂੰ ਥੱਲੇ ਲਾਹ
ਘੋਟਣੇ ਨਾਲ ਘੋਟਾ ਲਾ।
ਅਦਰਕ ਦਾ ਤੜਕਾ ਲਾ
ਸਾਡੀ ਫਰਮਾਇਸ਼ 'ਤੇ।
ਇਹਨੂੰ ਕੌਲੇ ਦੇ ਵਿਚ ਪਾ
ਥੋੜ੍ਹੀ ਮਖਣੀ ਦੇ ਰਲਾ।
ਹੁਣ ਸਾਨੂੰ ਦੇ ਫੜਾ
ਸਾਡੀ ਫਰਮਾਇਸ਼ 'ਤੇ।
ਜਰਾ ਖੁੱਲ੍ਹੇ ਹੱਥ ਨਾਲ ਪਾ
ਨਾਲ ਮੱਕੀ ਦੀ ਰੋਟੀ ਪਕਾ।
ਸਾਨੂੰ ਪਿਆਰ ਦੇ ਨਾਲ ਛਕਾ
ਸਾਡੀ ਫਰਮਾਇਸ਼ 'ਤੇ।

***-ਰਾਮ ਕੁਮਾਰ ਐਸ਼ ਜਾਜਾ***

---

ਸਰੋਂ ਦੀ ਕੰਦਲਾਂ ਕੌਣ ਬਣਾਵੇ
ਜਦੋਂ ਸਾਗ ਚੁੱਲ੍ਹੇ ਉਪਰ ਚੜ੍ਹਾਉਣਾ।
ਕਦੋਂ ਬਣੇਗਾ ਸਾਗ ਰੱਬਾ
ਮੂੰਹ ਵਿਚ ਪਾਣੀ ਆਈ ਜਾਣਾ।
ਮੱਕੀਆਂ ਦੀਆਂ ਰੋਟੀਆਂ ਨਾਲ
ਭਰ ਜਾਣਾ ਜਦੋਂ ਛਾਬਾ।
ਵਿਚ ਸਾਗ ਦੇ ਪੈ ਜਾਵੇ ਮਖਣੀ
ਇਹ ਤਾਂ ਸੋਨੇ 'ਤੇ ਸੁਹਾਗਾ।
ਟਾਂਵੇਂ ਟਾਂਵੇਂ ਘਰਾਂ ਵਿਚ ਹੁਣ
ਮਿਲਦੀ ਮਿੱਟੀ ਦੀ ਤੌੜੀ।
ਇਹ ਸੱਚਾਈ ਹੈ ਮਿੱਤਰੋ
ਭਾਵੇਂ ਲੱਗੇ ਕੌੜੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ ਅਤੇ ਸਮੂਹ ਪਰਿਵਾਰ

*Grewal Enterprises*

**San Jose, CA Ph:408-406-0703**

# ਪੱਤਾਂ ਦਾ ਰਾਖਾ ਕਹਾਉਣ ਵਾਲਾ ਪੰਜਾਬ ਹੋਇਆ ਹਾਲੋਂ ਬੇਹਾਲ

**ਚੰਡੀਗੜ੍ਹ:** ਅੰਮ੍ਰਿਤਸਰ ਤੇ ਪਠਾਨਕੋਟ ਵਿਚ ਔਰਤਾਂ ਨਾਲ ਛੇੜਛਾੜ ਤੇ ਬਲਾਤਕਾਰ ਦੀਆਂ ਦਰਦਨਾਕ ਘਟਨਾਵਾਂ ਨੇ ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਤੇ ਔਰਤਾਂ ਦੀ ਸੁਰੱਖਿਆ ਉਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। 12ਵੀਂ ਵਿਚ ਪੜ੍ਹਦੀ ਵਿਦਿਆਰਥਣ ਸਕੂਲੋਂ ਪਰਤ ਰਹੀ ਸੀ ਜਦੋਂ ਕੁਝ ਲੜਕੇ ਉਸ ਨੂੰ ਅਗਵਾ ਕਰਕੇ ਲੈ ਗਏ। ਪੁਲਿਸ ਜਾਂਚ ਵਿਚ ਪਤਾ ਲੱਗਾ ਹੈ ਕਿ ਇਹ ਸ਼ਰਮਨਾਕ ਕਾਰਾ ਕਰਨ ਵਾਲਾ ਮੁਲਜ਼ਮ ਪੀੜਤ ਵਿਦਿਆਰਥਣ ਦਾ ਗੁਆਂਢੀ ਸੀ। ਕਤਲ ਤੋਂ ਪਹਿਲਾਂ ਮੁਲਜ਼ਮ ਨੇ ਵਿਦਿਆਰਥਣ ਨਾਲ ਬਲਾਤਕਾਰ ਵੀ ਕੀਤਾ ਤੇ ਲਾਸ਼ ਨੂੰ ਨਹਿਰ ਦੇ ਕਿਨਾਰੇ ਸੁੱਟ ਦਿੱਤਾ।

ਮੁਲਜ਼ਮ ਨੇ ਇਸ ਕਾਰੇ ਲਈ ਆਪਣੇ ਦੋ ਦੋਸਤਾਂ ਦਾ ਵੀ ਸਹਾਰਾ ਲਿਆ। ਇਸੇ ਤਰ੍ਹਾਂ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਤੋਂ ਇਕ 13 ਸਾਲ ਦੀ ਲੜਕੀ ਨੂੰ ਅਗਵਾ ਕੀਤਾ ਗਿਆ। ਉਸ ਨੂੰ ਲੁਧਿਆਣੇ ਲਿਆਂਦਾ ਗਿਆ ਤੇ ਉਸ ਨਾਲ ਜਬਰ ਜਨਾਹ ਕੀਤਾ ਗਿਆ। ਇਹ ਲੜਕੀ 31 ਅਗਸਤ ਨੂੰ ਸਕੂਲ ਗਈ ਸੀ ਪਰ ਵਾਪਸ ਨਹੀਂ ਆਈ। ਪਠਾਨਕੋਟ ਦੇ ਇਕ ਸਕੂਲ ਦੀ 8ਵੀਂ ਵਿਚ ਪੜ੍ਹਦੀ ਨਾਬਾਲਗ ਵਿਦਿਆਰਥਣ ਨੇ 10ਵੀਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਉਤੇ ਅਜਿਹਾ ਹੀ ਦੋਸ਼ ਲਾਇਆ ਹੈ। ਪਠਾਨਕੋਟ ਵਿਚ ਹੀ ਅਧਿਆਪਕ ਦਿਵਸ ਤੋਂ ਦੋ ਦਿਨ ਪਹਿਲਾਂ ਤਿੰਨ ਵਿਦਿਆਰਥੀਆਂ ਨੇ ਆਪਣੀ ਅਧਿਆਪਕਾ ਨਾਲ ਛੇੜਛਾੜ ਕਰਕੇ ਇਸ ਸੱਚੇ-ਸੁੱਚੇ ਰਿਸ਼ਤੇ ਨੂੰ ਕਲੰਕਿਤ ਕੀਤਾ ਹੈ।

ਪੰਜਾਬ ਵਿਚ ਔਰਤਾਂ ਉਤੇ ਵਧੀਕੀਆਂ ਦਾ ਆਲਮ ਇਹ ਹੈ ਕਿ ਇਥੇ ਜਬਰ ਜਨਾਹ ਦੇ ਰੋਜ਼ਾਨਾ ਤਿੰਨ-ਚਾਰ ਕੇਸ ਦਰਜ ਹੁੰਦੇ ਹਨ। ਸੂਬੇ ਵਿਚ ਬੀਤੇ ਚਾਰ ਸਾਲਾਂ ਦੌਰਾਨ ਔਰਤਾਂ ਨਾਲ ਛੇੜਛਾੜ ਤੇ ਬਲਾਤਕਾਰ ਦੇ 4,548 ਕੇਸ ਦਰਜ ਹੋਏ ਹਨ ਭਾਵ ਕਿ ਔਸਤ ਹਰ ਮਹੀਨੇ 94 ਔਰਤਾਂ ਵਧੀਕੀਆਂ ਦਾ ਸ਼ਿਕਾਰ ਹੋ ਰਹੀਆਂ ਹਨ। ਇਹ ਤਾਂ ਸਰਕਾਰੀ ਤੱਥ ਹਨ ਜਦੋਂਕਿ ਇਸ ਤੋਂ ਕਿਤੇ ਵੱਧ ਮਾਮਲੇ ਵੱਖ-ਵੱਖ ਕਾਰਨਾਂ ਕਰਕੇ ਪੁਲਿਸ ਕੋਲ ਦਰਜ ਹੀ ਨਹੀਂ ਕਰਵਾਏ ਜਾਂਦੇ। ਸਾਲ 2013 ਵਿਚ ਵਾਪਰੇ ਸ਼ੁਰੂਆਤੀ ਅਗਵਾ ਕੇਸ ਤੇ ਇਸੇ ਵਰ੍ਹੇ ਅਪਰੈਲ ਵਿਚ ਹੋਏ ਔਰਬਿਟ ਕਾਂਡ ਨੇ ਔਰਤਾਂ ਨਾਲ ਦੁਰਵਿਵਹਾਰ ਦੇ ਮਾਮਲਿਆਂ ਵਿਚ ਪੰਜਾਬ ਨੂੰ ਸ਼ਰਮਸਾਰ ਕਰ ਦਿੱਤਾ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਸੂਬੇ ਵਿਚ ਅਜਿਹੇ ਮਾਮਲਿਆਂ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਵੀ ਪੀੜਤ ਪਰਿਵਾਰਾਂ ਤੇ ਲੋਕਾਂ ਨੂੰ ਧਰਨਿਆਂ ਤੇ ਮੁਜ਼ਾਹਰਿਆਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਪੁਲਿਸ ਵੱਲੋਂ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਤਾਂ ਦੂਰ, ਉਹ ਤਾਂ ਕੀਤੇ ਅਜਿਹੇ ਮਾਮਲਿਆਂ ਦੀ ਰਿਪੋਰਟ ਵੀ ਨਹੀਂ ਲਿਖਦੀ। ਇਹੀ ਕਾਰਨ ਹੈ ਕਿ ਔਰਤਾਂ ਵਿਰੁੱਧ ਅਪਰਾਧ ਰੁਕਣ ਦਾ ਨਾਂ ਨਹੀਂ ਲੈ ਰਹੇ। ਦੇਸ਼ ਦੇ ਤਕਰੀਬਨ 650 ਰਸੂਖ਼ਵਾਨ ਬਲਾਤਕਾਰ ਤੇ ਛੇੜਛਾੜ ਦੇ ਦੋਸ਼ਾਂ ਵਿਚ ਘਿਰੇ ਹੋਏ ਹਨ ਜਦੋਂਕਿ ਪਿਛਲੇ ਸਾਲਾਂ ਵਿਚ ਕਈ ਧਾਰਮਿਕ ਬਾਬਿਆਂ ਦੇ ਵੀ ਅਜਿਹੇ ਘਿਨਾਉਣੇ ਕਾਰਨਾਮੇ ਜੱਗ ਜ਼ਾਹਿਰ ਹੋ ਚੁੱਕੇ ਹਨ। ਬੇਗਾਨਿਆਂ ਤੋਂ ਇਲਾਵਾ ਹੁਣ ਤਾਂ ਆਪਣੇ ਨਜ਼ਦੀਕੀਆਂ ਤੋਂ ਵੀ ਔਰਤਾਂ ਸੁਰੱਖਿਅਤ ਨਹੀਂ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਬਲਾਤਕਾਰ ਤੇ ਛੇੜਛਾੜ ਦੇ 94 ਫ਼ੀਸਦੀ ਮਾਮਲਿਆਂ ਦੇ ਦੋਸ਼ੀ ਪੀੜਤ ਦੇ ਸਕੇ ਸਬੰਧੀ, ਰਿਸ਼ਤੇਦਾਰ ਜਾਂ ਜਾਣ-ਪਛਾਣ ਵਾਲੇ ਹੀ ਹੁੰਦੇ ਹਨ।

### ਰੁਕ ਨਹੀਂ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ




### ਪੰਜਾਬ ਬਾਲ ਕਮਿਸ਼ਨ ਨੇ ਲਿਆ ਨੋਟਿਸ

**ਲੁਧਿਆਣਾ:** ਬਾਲ ਅਧਿਕਾਰਾਂ ਦੀ ਰਾਖੀ ਬਾਰੇ ਪੰਜਾਬ ਰਾਜ ਕਮਿਸ਼ਨ ਨੇ ਲੜਕੀ ਨਾਲ ਸਮੂਹਿਕ ਜਬਰ ਜਨਾਹ ਤੇ ਕਤਲ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਮੁਕੰਮਲ ਜਾਂਚ ਲਈ ਸੀਨੀਅਰ ਅਧਿਕਾਰੀ ਦੀ ਡਿਊਟੀ ਲਾਉਣ। ਕਮਿਸ਼ਨ ਦੇ ਚੇਅਰਮੈਨ ਸੁਰੇਸ਼ ਕਾਲੀਆ ਨੇ ਪੁਲਿਸ ਕਮਿਸ਼ਨਰ ਪਰਮਰਾਜ ਸਿੰਘ ਉਮਰਾਨੰਗਲ ਤੋਂ ਇਸ ਮਾਮਲੇ ਦੀ 18 ਸਤੰਬਰ ਤੱਕ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਸ਼ਹਿਰ ਵਿਚ ਬੱਚਿਆਂ ਦੀ ਸੁਰੱਖਿਆ ਲਈ ਪੁਲਿਸ ਵੱਲੋਂ ਚੁੱਕੇ ਗਏ ਕਦਮਾਂ ਦਾ ਬਿਓਰਾ ਵੀ ਮੰਗਿਆ ਹੈ।

### ਦੋਸ਼ੀਆਂ ਨੂੰ ਜੇਲ੍ਹ ਭੇਜਣ ਵਿਚ ਨਕਾਮ ਰਹੀ ਪੁਲਿਸ

ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਸਾਲ 2012 ਵਿਚ ਅਜਿਹੇ ਕੇਸਾਂ ਵਿਚੋਂ ਸਿਰਫ਼ 26.7 ਫ਼ੀਸਦੀ ਕੇਸਾਂ ਵਿਚ ਹੀ ਪੁਲਿਸ ਦੋਸ਼ੀਆਂ ਨੂੰ ਜੇਲ੍ਹ ਭੇਜ ਸਕੀ ਜਦੋਂਕਿ ਸਜ਼ਾ ਸਿਰਫ 38.2 ਫ਼ੀਸਦੀ ਮੁਲਜ਼ਮਾਂ ਨੂੰ ਹੀ ਹੋਈ। ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਦੇਸ਼ ਭਰ ਵਿਚ ਔਰਤਾਂ ਵਿਰੁੱਧ ਅਪਰਾਧ ਵਧ ਰਹੇ ਹਨ। ਮੁਲਕ ਵਿਚ ਹਰ ਮਿੰਟ ਬਾਅਦ 26 ਔਰਤਾਂ ਨਾਲ ਛੇੜਛਾੜ ਤੇ ਹਰ ਅੱਧੇ ਘੰਟੇ ਬਾਅਦ ਇਕ ਔਰਤ ਨਾਲ ਬਲਾਤਕਾਰ ਹੁੰਦਾ ਹੈ। ਹਰ 43 ਮਿੰਟਾਂ ਬਾਅਦ ਇਕ ਔਰਤ ਅਗਵਾ ਹੁੰਦੀ ਹੈ ਤੇ 90 ਮਿੰਟਾਂ ਬਾਅਦ ਇਕ ਔਰਤ ਦੀ ਹੱਤਿਆ ਹੋ ਜਾਂਦੀ ਹੈ। ਔਰਤਾਂ ਵਿਰੁੱਧ ਅਪਰਾਧਾਂ ਦੇ ਅਦਾਲਤੀ ਕੇਸਾਂ ਦੀ ਸਥਿਤੀ ਇਹ ਹੈ ਕਿ 30 ਸਤੰਬਰ 2012 ਤੱਕ ਮੁਲਕ ਦੀਆਂ 21 ਹਾਈਕੋਰਟਾਂ ਵਿਚ ਜਬਰ ਜਨਾਹ ਦੇ 23,792 ਕੇਸ ਲੰਬਿਤ ਸਨ। ਅਪਰਾਧੀਆਂ ਲਈ ਇਹ ਅੰਕੜੇ ਹੌਸਲਾ ਵਧਾਊ ਹਨ।

### ਕਾਨੂੰਨੀ ਸੋਧਾਂ ਵੀ ਅਪਰਾਧਾਂ ਨੂੰ ਠੱਲ੍ਹ ਨਾ ਪਾ ਸਕੀਆਂ

ਔਰਤਾਂ ਉਤੇ ਵਧੀਕੀਆਂ ਨੂੰ ਰੋਕਣ ਦੇ ਸਰਕਾਰਾਂ ਵੱਲੋਂ ਵਾਰ ਵਾਰ ਠੋਸ ਉਪਰਾਲੇ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਜ਼ਮੀਨੀ ਹਕੀਕਤਾਂ ਇਹ ਹਨ ਕਿ ਅਪਰਾਧ ਲਗਾਤਾਰ ਵਧਦੇ ਜਾ ਰਹੇ ਹਨ। ਮੁਲਕ ਵਿਚ ਔਰਤ ਵਿਰੁੱਧ ਅਪਰਾਧਾਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਪੰਜ ਵਾਰ ਕਾਨੂੰਨਾਂ ਵਿਚ ਸੋਧ ਕੀਤੀ ਗਈ ਹੈ। ਇਹ ਸੋਧਾਂ 1978 ਵਿਚ ਮਥਰਾ ਕੇਸ, 1979 ਵਿਚ ਸੱਤਿਆ ਰਾਣੀ ਕੇਸ, 1985 ਵਿਚ ਸ਼ਾਹਬਾਨੋ ਕੇਸ, 1992 ਵਿਚ ਭੰਵਰੀ ਦੇਵੀ ਕੇਸ ਤੇ 2012 ਵਿਚ ਦਾਮਿਨੀ ਕੇਸ ਬਾਅਦ ਹੀ ਹੋਈਆਂ। ਅਪਰਾਧੀਆਂ ਤੇ ਰਾਜਨੇਤਾਵਾਂ ਦੇ ਗੱਠਜੋੜ ਤੇ ਨਿਆਂ ਦੀ ਸੁਸਤ ਚਾਲ ਕਾਰਨ ਔਰਤਾਂ ਵਿਰੁੱਧ ਅਪਰਾਧਾਂ ਦੇ ਵਰਤਾਰੇ ਨੂੰ ਠੱਲ੍ਹ ਨਹੀਂ ਪੈ ਰਹੀ।

## ਸ਼੍ਰੋਮਣੀ ਪੁਰਸਕਾਰ: ਸਾਹਿਤ ਸਭਾਵਾਂ ਵੀ ਭੇਜ ਸਕਣਗੀਆਂ ਲੇਖਕਾਂ ਦੇ ਨਾਂ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਣ ਵਾਲੇ ਸਾਲਾਨਾ ਸ਼੍ਰੋਮਣੀ ਪੁਰਸਕਾਰਾਂ ਲਈ ਵਿਭਾਗ ਨਾਲ ਰਜਿਸਟਰਡ ਸਾਹਿਤਕ ਸਭਾਵਾਂ ਨੂੰ ਵੀ ਐਤਕੀਂ ਲੇਖਕਾਂ ਦੇ ਨਾਵਾਂ ਦੀਆਂ ਤਜਵੀਜ਼ਾਂ ਭੇਜਣ ਦੇ ਅਖ਼ਤਿਆਰ ਦਿੱਤੇ ਗਏ ਹਨ। ਲੇਖਕ ਖ਼ੁਦ ਵੀ ਆਪਣਾ ਸਾਹਿਤਕ ਬਿਓਰਾ ਭਾਸ਼ਾ ਵਿਭਾਗ ਨੂੰ ਘੱਲ ਸਕਦੇ ਹਨ। ਹੁਣ ਤੱਕ ਤਕਰੀਬਨ 300 ਨਾਵਾਂ ਦੀਆਂ ਤਜਵੀਜ਼ਾਂ ਭਾਸ਼ਾ ਵਿਭਾਗ ਕੋਲ ਪੁੱਜ ਵੀ ਚੁੱਕੀਆਂ ਹਨ। ਭਾਸ਼ਾ ਵਿਭਾਗ ਨੇ ਪਹਿਲੀ ਵਾਰ ਸ਼੍ਰੋਮਣੀ ਪੁਰਸਕਾਰਾਂ ਦੇ ਨਾਵਾਂ ਦੀਆਂ ਸਿਫਾਰਸ਼ਾਂ ਜਾਂ ਤਜਵੀਜ਼ਾਂ ਲਈ ਵਿਭਾਗ ਨਾਲ ਜੁੜੀਆਂ ਪੰਜਾਬੀ ਸਾਹਿਤਕ ਸਭਾਵਾਂ ਨੂੰ ਸਹਿਯੋਗੀ ਧਿਰ ਵਜੋਂ ਆਪਣੇ ਨਾਲ ਜੋੜਿਆ ਹੈ।

ਇਸ ਤੋਂ ਪਹਿਲਾਂ ਕੁਝ ਇੱਕਾ ਦੁੱਕਾ ਸਾਹਿਤ ਸਭਾਵਾਂ ਤੋਂ ਹੀ ਅਜਿਹੇ ਮਿਸ਼ਨ ਵਜੋਂ ਸਹਿਯੋਗ ਲਿਆ ਜਾਂਦਾ ਸੀ। ਤਿੰਨ ਦਰਜਨ ਦੇ ਕਰੀਬ ਸਾਹਿਤਕ ਸਭਾਵਾਂ ਭਾਸ਼ਾ ਵਿਭਾਗ ਕੋਲ ਰਜਿਸਟਰਡ ਹਨ। ਉਂਜ ਉਰਦੂ, ਹਿੰਦੀ ਤੇ ਸੰਸਕ੍ਰਿਤ ਦੀਆਂ ਸਾਹਿਤ ਸਭਾਵਾਂ ਵੀ ਸਹਿਯੋਗ ਦੇ ਸਕਦੀਆਂ ਹਨ। ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ. ਚੇਤਨ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਤੇ ਵਿਭਾਗ ਦੀ ਇੱਛਾ ਸੀ ਕਿ ਸ਼੍ਰੋਮਣੀ ਪੁਰਸਕਾਰਾਂ ਦੀ ਵੰਡ ਐਨੀ ਪਾਰਦਰਸ਼ੀ ਬਣੇ ਕਿ ਕਿਸੇ ਵੱਲੋਂ ਕਿੰਤੂ ਪ੍ਰੰਤੂ ਕਰਨ ਦੀ ਗੁੰਜਾਇਸ਼ ਹੀ ਬਾਕੀ ਨਾ ਰਹੇ। ਇਸੇ ਤਹਿਤ ਇਹ ਕਦਮ ਉਠਾਇਆ ਗਿਆ ਹੈ। ਸਾਹਿਤ ਸਭਾਵਾਂ ਜਾਂ ਲੇਖਕ ਨਾਵਾਂ ਦੀਆਂ ਤਜਵੀਜ਼ਾਂ ਦੇ ਬਿਓਰੇ ਭਾਸ਼ਾ ਵਿਭਾਗ ਦੇ ਮੁੱਖ ਦਫ਼ਤਰ ਜਾਂ 41 ਮੈਂਬਰੀ ਰਾਜ ਸਲਾਹਕਾਰ ਬੋਰਡ ਦੇ ਮੈਂਬਰਾਂ ਕੋਲ ਪਹੁੰਚਾ ਸਕਦੇ ਹਨ। ਵਿਭਾਗ ਵੱਲੋਂ ਖੁਦ ਵੀ ਅੰਦਰੂਨੀ ਤੌਰ ਉਤੇ ਸ਼੍ਰੋਮਣੀ ਪੁਰਸਕਾਰਾਂ ਲਈ ਲੇਖਕਾਂ ਤੇ ਚਿੰਤਕਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ।

## ਭਾਰਤੀ ਬਜ਼ੁਰਗ ਨਾਲ ਵਤੀਰੇ ਬਾਰੇ ਪੁਲਿਸ ਨੇ ਗਲਤੀ ਸਵੀਕਾਰੀ

**ਵਾਸ਼ਿੰਗਟਨ:** ਭਾਰਤੀ ਬਜ਼ੁਰਗ ਸੁਰੇਸ਼ਭਾਈ ਪਟੇਲ ਨਾਲ ਅਮਰੀਕੀ ਪੁਲਿਸ ਮੁਲਾਜ਼ਮ ਏਰਿਕ ਪਾਰਕਰ ਨੇ ਗ਼ਲਤ ਤਰੀਕਾ ਅਪਨਾਇਆ ਸੀ। ਅਮਰੀਕੀ ਅਦਾਲਤ ਵਿਚ ਚੱਲ ਰਹੇ ਕੇਸ ਦੀ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਜਿਹੋ ਜਿਹਾ ਵਤੀਰਾ ਪੁਲਿਸ ਵਾਲੇ ਨੇ ਕੀਤਾ ਸੀ, ਉਹੋ ਜਿਹਾ ਤਾਂ ਨਵੇਂ ਅਧਿਕਾਰੀਆਂ ਨੂੰ ਵੀ ਨਹੀਂ ਸਿਖਾਇਆ ਜਾਂਦਾ। ਮੈਡੀਸਨ ਪੁਲਿਸ ਕੈਪਟਨ ਜੌਹਨ ਸਟਰਿੰਗਰ ਨੇ ਹੰਟਸਵਿਲੇ ਵਿਚ ਅਲਬਾਮਾ ਸੰਘੀ ਅਦਾਲਤ ਵਿਚ ਕਿਹਾ ਕਿ ਤਾਕਤ ਦੀ ਵਰਤੋਂ ਖ਼ਤਰੇ ਤੇ ਹਾਲਾਤ ਨੂੰ ਦੇਖ ਕੇ ਕੀਤੀ ਜਾਂਦੀ ਹੈ। ਅਧਿਕਾਰੀਆਂ ਨੂੰ ਸਿਖਾਇਆ ਜਾਂਦਾ ਹੈ ਕਿ ਗੋਡੇ ਟਿਕਾਉਣ ਵੇਲੇ ਜ਼ਿਆਦਾ ਸੱਟ ਨਾ ਵੱਜੇ। ਜ਼ਿਕਰਯੋਗ ਹੈ ਕਿ ਸ੍ਰੀ ਪਟੇਲ ਨੂੰ ਹਮਲੇ ਤੋਂ ਬਾਅਦ ਅਧਰੰਗ ਹੋ ਗਿਆ ਸੀ। ਦੋਸ਼ ਸਾਬਤ ਹੋਣ 'ਤੇ ਪਾਰਕਰ ਨੂੰ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।

## ਦਿੱਲੀ ਕਮੇਟੀ ਨੂੰ ਮੁੜ ਮਿਲਿਆ ਬਾਲਾ ਸਾਹਿਬ ਹਸਪਤਾਲ ਦਾ ਕਬਜ਼ਾ

**ਨਵੀਂ ਦਿੱਲੀ:** ਇਤਿਹਾਸਕ ਗੁਰਦੁਆਰਾ ਬਾਲਾ ਸਾਹਿਬ ਦੇ ਹਸਪਤਾਲ ਦਾ ਲੰਬੇ ਸਮੇਂ ਤੋਂ ਚੱਲ ਰਿਹਾ ਕਾਨੂੰਨੀ ਵਿਵਾਦ ਦਿੱਲੀ ਉੱਚ ਅਦਾਲਤ ਦੇ ਹੁਕਮ ਤੋਂ ਬਾਅਦ ਖਤਮ ਹੋ ਗਿਆ ਤੇ ਰੈਡੀਅੰਟ ਹੈਲਥ ਕੇਅਰ ਨੂੰ 13.25 ਕਰੋੜ ਰੁਪਏ ਦੀ ਅਦਾਇਗੀ ਉਪਰੰਤ ਹਸਪਤਾਲ ਦਾ ਕਬਜ਼ਾ ਮੁੜ ਦਿੱਲੀ ਕਮੇਟੀ ਨੂੰ ਮਿਲ ਗਿਆ। ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਸ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦੇ ਹੋਏ ਸਰਨਾ ਭਰਾਵਾਂ 'ਤੇ ਤਿੱਖੇ ਹਮਲੇ ਕੀਤੇ। ਦਿੱਲੀ ਕਮੇਟੀ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਫੈਸਲੇ ਤੋਂ ਪਹਿਲਾਂ ਅਦਾਲਤ ਵੱਲੋਂ ਲਾਏ ਗਏ ਫੈਸਲਾਕਾਰ ਸੇਵਾ ਮੁਕਤ ਜੱਜ ਆਰ.ਸੀ. ਜੈਨ ਦੀ ਮੌਜੂਦਗੀ ਵਿਚ ਕਮੇਟੀ ਤੇ ਬੀ.ਐਲ.ਕਪੂਰ ਵਿਚਕਾਰ ਹੋਈਆਂ ਮੀਟਿੰਗਾਂ ਵਿਚ 13.25 ਕਰੋੜ ਰੁਪਏ ਦੇਣ ਦੀ ਸਹਿਮਤੀ ਬਣੀ ਸੀ। ਪੁਰਾਣੇ ਪ੍ਰਬੰਧਕਾਂ ਵੱਲੋਂ ਕਰਾਰ ਅਨੁਸਾਰ 12.75 ਕਰੋੜ ਰੁਪਏ ਟਰੱਸਟ ਨੂੰ ਬੀ.ਐਲ. ਕਪੂਰ ਪਾਸੋਂ ਪ੍ਰਾਪਤ ਹੋਏ ਸਨ ਪਰ ਜਿਸ ਵਿਚੋਂ ਸਰਨਾ ਭਰਾਵਾਂ ਨੇ ਕਮੇਟੀ ਨੂੰ ਬਿਨਾਂ ਕੋਈ ਹਿਸਾਬ ਦਿੱਤੇ 5.50 ਕਰੋੜ ਰੁਪਏ ਦੀ ਰਕਮ ਹੀ ਟਰੱਸਟ ਵਿਚ ਛੱਡੀ। ਹਸਪਤਾਲ ਨੂੰ ਬਚਾਉਣ ਵਾਸਤੇ 7.10 ਕਰੋੜ ਰੁਪਏ ਦਾ ਦਿੱਲੀ ਕਮੇਟੀ ਦੇ ਖ਼ਜ਼ਾਨੇ ਵਿਚੋਂ ਭੁਗਤਾਨ ਕਰਨਾ ਪਿਆ ਹੈ।

# ਬਾਦਲ ਪਰਿਵਾਰ ਦੇ ਹਲਕਿਆਂ 'ਤੇ ਵਰ੍ਹਿਆ ਫੰਡਾਂ ਦਾ ਮੀਂਹ

**ਚੰਡੀਗੜ੍ਹ:** ਪੰਜਾਬ ਦੀ ਸੱਤਾ ਉਤੇ ਕਾਬਜ਼ ਬਾਦਲ ਪਰਿਵਾਰ ਨੂੰ ਸਿਰਫ਼ ਆਪਣੇ ਹਲਕਿਆਂ ਤੋਂ ਇਲਾਵਾ ਹੋਰ ਕੁਝ ਨਜ਼ਰ ਨਹੀਂ ਆ ਰਿਹਾ। ਇਸ ਲਈ ਉਹ ਸਰਕਾਰੀ ਜ਼ਮੀਨਾਂ ਵੇਚ ਕੇ ਮਿਲਿਆ ਪੈਸਾ ਇਨ੍ਹਾਂ ਹਲਕਿਆਂ ਵਿਚ 'ਰਿਓੜੀਆਂ' ਵਾਂਗ ਵੰਡ ਰਿਹਾ ਹੈ। ਇਸ ਤੋਂ ਬਾਅਦ ਬਚਿਆ-ਖੁਚਿਆ ਸੂਬੇ ਦੇ ਹੋਰ ਹਲਕਿਆਂ ਦੀ ਝੋਲੀ ਪੈ ਰਿਹਾ ਹੈ। ਇਸ ਦੀ ਮਿਸਾਲ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਹਲਕੇ ਲੰਬੀ ਤੇ ਆਪਣੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹਲਕੇ ਜਲਾਲਾਬਾਦ ਦੇ 65 ਪਿੰਡਾਂ ਦੀਆਂ ਨਹਿਰਾਂ ਤੇ ਗਲੀਆਂ ਉਤੇ 192 ਕਰੋੜ ਰੁਪਏ ਦੇ ਫੰਡ ਵਾਰ ਦਿੱਤੇ ਹਨ।

ਸੂਬੇ ਦੇ ਹੋਰ ਹਲਕਿਆਂ ਬਾਰੇ 'ਵੱਡੀਆਂ ਤੇ ਛੋਟੀਆਂ ਸਰਕਾਰਾਂ' ਨੂੰ ਸੋਚਣ ਦੀ ਵਿਹਲ ਨਹੀਂ ਹੈ ਤੇ ਅਧਿਕਾਰੀ ਇਹ ਧਰਵਾਸਾ ਦੇ ਰਹੇ ਹਨ ਕਿ ਹੋਰ ਹਲਕੇ ਥੋੜ੍ਹਾ ਸਬਰ ਕਰਨ ਉਨ੍ਹਾਂ ਦੀ ਵਾਰੀ ਵੀ ਛੇਤੀ ਹੀ ਆਵੇਗੀ। ਮੁੱਖ ਮੰਤਰੀ ਇਕ ਤੀਰ ਨਾਲ ਦੋ ਨਿਸ਼ਾਨੇ ਲਗਾ ਰਹੇ ਹਨ। ਉਨ੍ਹਾਂ ਦੀ ਨੂੰਹ ਹਰਸਿਮਰਤ ਕੌਰ ਬਾਦਲ, ਜੋ ਬਠਿੰਡਾ ਲੋਕ ਸਭਾ ਤੋਂ ਮੈਂਬਰ ਹਨ, ਨੂੰ ਵੀ ਫਾਇਦਾ ਹੋ ਰਿਹਾ ਹੈ ਕਿਉਂਕਿ ਲੰਬੀ ਵੀ ਬਠਿੰਡਾ ਲੋਕ ਸਭਾ ਹਲਕੇ ਦਾ ਹਿੱਸਾ ਹੈ। ਬੀਬੀ ਬਾਦਲ ਨੂੰ ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ 30 ਹਜ਼ਾਰ ਵੋਟਾਂ ਦੀ ਸਭ ਤੋਂ ਵੱਧ ਲੀਡ ਲੰਬੀ ਹਲਕੇ ਵਿਚੋਂ ਹੀ ਹਾਸਲ ਹੋਈ ਸੀ ਤੇ ਇਸੇ ਲੀਡ ਨੇ ਉਨ੍ਹਾਂ ਦੀ ਜਿੱਤ ਉਤੇ ਮੋਹਰ ਲਗਾ ਦਿੱਤੀ ਸੀ।

ਪੰਜਾਬ ਸਰਕਾਰ ਖਾਲੀ ਪਈ ਸਰਕਾਰੀ ਜ਼ਮੀਨ ਦੀ ਵੱਧ ਤੋਂ ਵੱਧ ਵਰਤੋਂ ਵਾਲੀ ਸਕੀਮ (ਓਯੂਵੀਜੀਐਲ) ਤਹਿਤ ਵੇਚ ਰਹੀ ਹੈ। ਇਸ ਜ਼ਮੀਨ ਨੂੰ ਵੇਚਕੇ ਜੋ ਪੈਸਾ ਮਿਲ ਰਿਹਾ ਹੈ ਉਸ ਪੈਸੇ ਨਾਲ ਬਾਦਲਾਂ ਵੱਲੋਂ ਆਪਣੇ ਹਲਕਿਆਂ ਦੀ ਸ਼ੋਭਾ ਵਧਾਈ ਜਾ ਰਹੀ ਹੈ।

ਲੰਬੀ ਹਲਕੇ ਦੇ 29 ਤੇ ਜਲਾਲਾਬਾਦ ਹਲਕੇ ਦੇ 36 ਪਿੰਡਾਂ ਨੂੰ ਇਸ ਪੈਸੇ ਨਾਲ ਤੋਲ ਦਿੱਤਾ ਗਿਆ ਹੈ। ਲੰਬੀ ਦੇ ਮਾਨ ਪਿੰਡ 'ਤੇ ਤਾਂ ਪੈਸੇ ਦੀ ਬਰਸਾਤ ਕਰ ਦਿੱਤੀ ਗਈ ਹੈ ਤੇ ਇਕੱਲੇ ਇਸ ਪਿੰਡ ਨੂੰ 7.49 ਕਰੋੜ ਰੁਪਏ ਦੀ ਗਰਾਂਟ ਦਿੱਤੀ ਗਈ ਹੈ। ਇਸੇ ਹਲਕੇ ਦੇ ਪਿੰਡ ਚਾਨੂੰ ਨੂੰ 8.91 ਕਰੋੜ ਰੁਪਏ ਦੇ ਫੰਡਾਂ ਨਾ ਨੁਹਾ ਦਿੱਤਾ ਗਿਆ ਹੈ। ਉਪ ਮੁੱਖ ਮੰਤਰੀ ਦੇ ਜਲਾਲਾਬਾਦ ਦੇ ਪਿੰਡ ਐਸ.ਐਸ. ਅਰਨੀਵਾਲਾ ਨੂੰ 13.97 ਕਰੋੜ ਰੁਪਏ ਦੇ ਸਭ ਤੋਂ ਵੱਧ ਫੰਡ ਜਾਰੀ ਕਰਕੇ ਉਸ ਦੇ ਭਾਗ ਜਗਾ ਦਿੱਤੇ ਹਨ। ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਦੇ ਮੁੱਖ ਪ੍ਰਸ਼ਾਸਕ ਮਨਵੇਸ਼ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰੀ ਜ਼ਮੀਨਾਂ ਨੂੰ ਵੇਚਕੇ ਪੈਸਾ ਹਲਕਿਆਂ ਦੇ ਵਿਕਾਸ 'ਤੇ ਖਰਚ ਕਰਨਾ ਗਲਤ ਨਹੀਂ ਹੈ। ਉਨ੍ਹਾਂ ਇਹ ਦੋਸ਼ ਰੱਦ ਕੀਤੇ ਕਿ ਸਰਕਾਰੀ ਜ਼ਮੀਨਾਂ ਦਾ ਪੈਸਾ ਸਿਰਫ਼ ਬਾਦਲਾਂ ਦੇ ਹਲਕਿਆਂ ਤੋਂ ਵਾਰਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਿਰਫ਼ ਬੇਕਾਰ ਪਈ ਸਰਕਾਰੀ ਜ਼ਮੀਨ ਵੇਚੀ ਜਾ ਰਹੀ ਹੈ।




### ਹਾਈਕੋਰਟ 'ਚ ਮੁੜ ਉਠਿਆ ਬਾਦਲਾਂ ਦੇ ਕਾਰੋਬਾਰ ਦਾ ਮੁੱਦਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਦੇ ਨਿੱਜੀ ਕਾਰੋਬਾਰ ਦਾ ਮਾਮਲਾ ਮੁੜ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਗੂੰਜਿਆ ਹੈ। ਕੇਸ ਦੀ ਸੁਣਵਾਈ ਸ਼ੁਰੂ ਹੋਣ 'ਤੇ ਐਡਵੋਕੇਟ ਐਚ.ਸੀ. ਅਰੋੜਾ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਅਦਾਲਤੀ ਮਿੱਤਰ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਕਿਉਂਕਿ ਅਸਲ ਵਿਚ ਇਹ ਹਿੱਤਾਂ ਦੇ ਟਕਰਾਅ ਦਾ ਮਾਮਲਾ ਹੈ। ਉਨ੍ਹਾਂ ਹਾਈਕੋਰਟ ਦੇ ਬੈਂਚ ਨੂੰ ਦੱਸਿਆ ਕਿ ਪੰਜਾਬ ਵਿਚ ਸਰਕਾਰੀ ਬੱਸ ਸੇਵਾ ਬਿਹਤਰ ਨਹੀਂ ਹੋ ਸਕਦੀ ਕਿਉਂਕਿ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਔਰਬਿਟ ਏਵੀਏਸ਼ਨ ਤੇ ਹੋਰ ਨਿੱਜੀ ਟਰਾਂਸਪੋਰਟ ਕੰਪਨੀਆਂ ਵਿਚ ਹਿੱਸੇਦਾਰੀ ਹੈ। ਇਸ ਹਾਲਤ ਵਿਚ ਉਹ ਸਰਕਾਰੀ ਬੱਸ ਸੇਵਾ ਨੂੰ ਬਿਹਤਰ ਬਣਾ ਕੇ ਆਪਣੇ ਪੈਰੀਂ ਆਪ ਕੁਹਾੜਾ ਨਹੀਂ ਮਾਰਨਗੇ। ਛੇ ਮਹੀਨੇ ਪਹਿਲਾਂ ਔਰਬਿਟ ਬੱਸ ਵਿਚ ਇਕ 13 ਸਾਲਾ ਲੜਕੀ ਨਾਲ ਛੇੜਖਾਨੀ ਤੋਂ ਬਾਅਦ ਬਾਹਰ ਸੁੱਟਣ ਕਾਰਨ ਉਸ ਦੀ ਮੌਤ ਹੋਣ ਸਬੰਧੀ ਜਦੋਂ ਬੈਂਚ ਨੇ ਕਿਹਾ ਕਿ ਇਸ ਮਾਮਲੇ ਵਿਚ ਜਨਹਿੱਤ ਪਟੀਸ਼ਨ ਦੀ ਲੋੜ ਹੈ ਤਾਂ ਜੋ ਹਾਦਸੇ ਦੇ ਕਾਰਨਾਂ ਦਾ ਸਹੀ ਪਤਾ ਲਾਇਆ ਜਾ ਸਕੇ ਤੇ ਪੀੜਤਾਂ ਨੂੰ ਮੁਆਵਜ਼ੇ ਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨਾ ਹੋਣ ਬਾਰੇ ਕਦਮ ਚੁੱਕੇ ਜਾ ਸਕਣ।

# ਬਾਬਾ ਵਡਭਾਗ ਸਿੰਘ ਦਾ ਜਨਮ ਦਿਹਾੜਾ ਮਨਾਉਣ ਦਾ ਮਾਮਲਾ ਭਖਿਆ

**ਸ੍ਰੀ ਆਨੰਦਪੁਰ ਸਾਹਿਬ:** ਵਡਭਾਗ ਸਿੰਘ ਸੰਪਰਦਾ ਸਬੰਧੀ ਛਿੜਿਆ ਵਿਵਾਦ ਭਖਦਾ ਜਾ ਰਿਹਾ ਹੈ। ਬਾਬਾ ਵਡਭਾਗ ਸਿੰਘ ਦਾ ਜਨਮ ਦਿਹਾੜਾ ਮਨਾਉਣ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ।

ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਤੇ ਹੁਣ ਪੰਥਕ ਤਾਲਮੇਲ ਸੰਗਠਨ ਨੇ ਵਡਭਾਗ ਸਿੰਘ ਸੰਪਰਦਾ ਬਾਰੇ ਛਿੜੇ ਵਿਵਾਦ ਬਾਰੇ ਸਖ਼ਤ ਪ੍ਰਤੀਕਰਮ ਕਰਦਿਆਂ ਕਿਹਾ ਹੈ ਕਿ ਸਿੱਖ ਪੰਥ ਦੀ ਕਰੜੀ ਘਾਲਣਾ ਨਾਲ 1936 ਵਿਚ ਸਿੱਖ ਰਹਿਤ ਮਰਿਆਦਾ ਦਾ ਦਸਤਾਵੇਜ਼ ਤਿਆਰ ਕੀਤਾ ਗਿਆ ਸੀ। ਇਸ ਵਿਚ ਪੰਥ-ਦੋਖੀ ਧੀਰ ਮੱਲੀਏ ਤੇ ਰਾਮਰਾਈਏ ਆਦਿਕ ਨਾਲ ਨਾ-ਮਿਲਵਰਤਣ ਰੱਖਣ ਦੇ ਆਦੇਸ਼ ਹਨ।

ਜੇਕਰ ਵਡਭਾਗ ਸਿੰਘ ਨੇ ਅੰਮ੍ਰਿਤ ਛਕ ਲਿਆ ਹੋਇਆ ਸੀ ਤਾਂ ਫਿਰ ਇਹ ਆਦੇਸ਼ ਕੌਮੀ ਦਸਤਾਵੇਜ਼ ਵਿਚ ਕਿਵੇਂ ਦਿੱਤੇ ਹੋਏ ਹਨ। ਸੰਗਠਨ



ਦੇ ਮੁਖੀ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਸੱਚ ਇਹ ਹੈ ਕਿ ਦਸਤਾਵੇਜ਼ ਦਰੁਸਤ ਹੈ। ਕੌਮ ਦੀ ਸੋਚ ਦਾ ਪ੍ਰਗਟਾਵਾ ਕਰਨ ਵਾਲੀ ਪ੍ਰਣਾਲੀ ਦਾ ਪ੍ਰਬੰਧ ਸਵਾਰਥੀ ਤੇ ਸ਼ਰਾਰਤੀ ਹੱਥਾਂ ਵਿਚ ਜਾ ਚੁੱਕਿਆ ਹੈ। ਵਰਤਮਾਨ ਸਥਿਤੀ ਲਈ ਸਿੱਖ ਕੌਮ ਦੀਆਂ ਸਿਰਮੌਰ ਸੰਸਥਾਵਾਂ ਤੇ ਸ਼ਖ਼ਸੀਅਤਾਂ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਆਪਣਾ ਫਰਜ਼ ਨਿਭਾਉਣ ਵਿਚ ਕੁਤਾਹੀ ਕੀਤੀ ਹੈ ਅਤੇ ਜਥੇਦਾਰਾਂ ਦੀਆਂ ਲਗਾਮਾਂ ਖੁੱਲ੍ਹੀਆਂ ਛੱਡੀਆਂ ਹੋਈਆਂ ਹਨ। ਜਥੇਦਾਰ ਨੂੰ ਕੋਈ ਹੱਕ ਨਹੀਂ ਕਿ ਉਹ ਵਿਸ਼ਵ ਭਰ ਵਿਚ ਵਸਦੀ ਕੌਮ ਦੀਆਂ ਭਾਵਨਾਵਾਂ ਸੁਣਨ ਤੋਂ ਬਿਨਾਂ ਕਿਸੇ ਵੀ ਮੁੱਦੇ ਉੱਪਰ ਕੋਈ ਪ੍ਰਗਟਾਵਾ ਕਰਨ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ (ਸਾਬਕਾ ਜਥੇਦਾਰ ਤਖ਼ਤ ਦਮਦਮਾ ਸਾਹਿਬ) ਨੇ ਕਿਹਾ ਕਿ ਅੱਜ ਸੁਭਵਾਨ ਸਿੱਖ ਸੰਸਥਾਵਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਤਖ਼ਤਾਂ ਦੇ ਜਥੇਦਾਰਾਂ ਤੋਂ ਕੋਈ ਉਮੀਦ ਨਹੀਂ ਹੈ। ਕੌਮ ਦੇ ਸਿੱਖੀ ਸਿਧਾਂਤਾਂ ਤੇ ਨਿਆਰੇਪਨ ਨੂੰ ਜੀਵਤ ਰੱਖਣ ਲਈ ਕੇਵਲ ਕੌਮ ਦੀਆਂ ਨੁਮਾਇੰਦਾ ਸੰਸਥਾਵਾਂ, ਸੰਪਰਦਾਵਾਂ ਤੇ ਸੰਗਤ ਤੋਂ ਹੀ ਉਮੀਦ ਹੈ। ਇਸ ਲਈ ਸਾਂਝੇ ਮਾਣ-ਮੱਤੇ ਨਕਸ਼ੇ ਕਦਮਾਂ ਉਪਰ ਕੇਂਦਰਿਤ ਹੋਣਾ ਅੱਜ ਦੀ ਲੋੜ ਹੈ। ।ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਇਸ ਮਾਮਲੇ ਵਿਚ ਸਿੱਖ ਰਹਿਤ ਮਰਿਆਦਾ ਨੂੰ ਸਾਹਮਣੇ ਰੱਖ ਕੇ ਅਗਾਂਹ ਤੁਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਕੋਲ ਰੱਖਿਆ ਜਾਵੇਗਾ ਤੇ ਉਨ੍ਹਾਂ ਦੀ ਸਹਿਮਤੀ ਮਿਲਣ ਮਗਰੋਂ ਹੀ ਅਗਲੀ ਕੋਈ ਕਾਰਵਾਈ ਹੋਵੇਗੀ।

### ਆਖਰ ਮਾਮਲਾ ਕੀ ਬਣਿਆ?


ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹਾਲ ਹੀ ਵਿਚ ਆਖਿਆ ਸੀ ਕਿ ਵਡਭਾਗ ਸਿੰਘ ਦਾ ਜਨਮ ਦਿਹਾੜਾ ਮਨਾਉਣ ਵਿਚ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਉਸ ਨੇ ਅੰਮ੍ਰਿਤ ਛਕ ਲਿਆ ਸੀ। ਉਸ ਤੋਂ ਬਾਅਦ ਉਸ ਦੇ ਜਾਨਸ਼ੀਨ ਬਾਬਾ ਸਵਰਨਜੀਤ ਸਿੰਘ ਵੀ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਸਪਸ਼ਟੀਕਰਨ ਦੇ ਚੁੱਕੇ ਹਨ। ਜਥੇਦਾਰ ਵੱਲੋਂ ਬਾਬਾ ਵਡਭਾਗ ਸਿੰਘ ਦਾ ਜਨਮ ਦਿਹਾੜਾ ਮਨਾਏ ਜਾਣ ਨੂੰ ਸਹਿਮਤੀ ਦਿੱਤੇ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਵਡਭਾਗ ਸਿੰਘ ਦਾ ਜਨਮ ਦਿਹਾੜਾ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਸੀ ਪਰ ਸੰਗਤ ਦੇ ਵਿਰੋਧ ਕਾਰਨ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ। ਸਿੱਖ ਜਥੇਬੰਦੀਆਂ ਨੇ ਸਵਾਲ ਕੀਤਾ ਸੀ ਕਿ ਜੇਕਰ ਬਾਬਾ ਵਡਭਾਗ ਸਿੰਘ ਅੰਮ੍ਰਿਤ ਛਕ ਕੇ ਪੰਥ ਵਿਚ ਸ਼ਾਮਲ ਹੋ ਗਏ ਹੁੰਦੇ ਤਾਂ ਇਸ ਦਾ ਇਤਿਹਾਸ ਵਿਚ ਹਵਾਲਾ ਜ਼ਰੂਰ ਹੁੰਦਾ। ਉਨ੍ਹਾਂ ਆਖਿਆ ਕਿ 1936-37 ਵਿਚ ਬਣੀ ਸਿੱਖ ਰਹਿਤ ਮਰਿਆਦਾ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ ਹੈ ਤੇ ਇਸੇ ਕਾਰਨ ਹੀ ਧੀਰ ਮੱਲੀਏ ਤੇ ਰਾਮ ਰਈਏ ਆਦਿ ਨਾਲ ਨਾਤਾ ਨਾ ਰੱਖਣ ਦੀ ਹਦਾਇਤ ਕੀਤੀ ਗਈ ਹੈ।

# ਸਾਬਕਾ ਫੌਜੀਆਂ ਨੇ ਸਰਕਾਰ ਖਿਲਾਫ 'ਜੰਗ' ਜਿੱਤੀ

**ਨਵੀਂ ਦਿੱਲੀ:** ਤਕਰੀਬਨ ਚਾਰ ਦਹਾਕਿਆਂ ਤੋਂ ਚਲੀ ਆ ਰਹੀ 'ਇਕ ਰੈਂਕ-ਇਕ ਪੈਨਸ਼ਨ' ਦੀ ਸਾਬਕਾ ਫ਼ੌਜੀਆਂ ਦੀ ਮੰਗ ਆਖ਼ਰ ਪ੍ਰਵਾਨ ਹੋ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਰੋਸੇ ਪਿੱਛੋਂ ਸਾਬਕਾ ਫ਼ੌਜੀਆਂ ਨੇ ਭਾਵੇਂ ਪਿਛਲੇ 84 ਦਿਨਾਂ ਤੋਂ ਜੰਤਰ-ਮੰਤਰ 'ਤੇ ਚਲਾਇਆ ਜਾ ਰਿਹਾ ਧਰਨਾ ਖ਼ਤਮ ਕਰ ਦਿੱਤਾ ਹੈ ਪਰ ਹਾਲੇ ਵੀ ਉਹ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਜਾਪਦੇ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਿਰਫ ਉਨ੍ਹਾਂ ਦੀ ਇਕ ਮੰਗ ਹੀ ਮੰਨੀ ਹੈ ਜਦੋਂ ਕਿ ਬਾਕੀ ਛੇ ਬਾਰੇ ਚੁੱਪ ਸਾਧੀ ਹੋਈ ਹੈ।

ਇਕ ਰੈਂਕ ਇਕ ਪੈਨਸ਼ਨ ਦਾ ਘੇਰਾ ਵਧਾਉਣ ਬਾਰੇ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਸਪਸ਼ਟੀਕਰਨ ਦਾ ਸਾਬਕਾ ਫੌਜੀਆਂ ਨੇ ਸਵਾਗਤ ਕੀਤਾ। ਇਸ ਮੁੱਦੇ 'ਤੇ ਦੋਵੇਂ ਧਿਰਾਂ ਅੜ੍ਹੀਆਂ ਹੋਈਆਂ ਹਨ। ਸੰਘਰਸ਼ਸ਼ੀਲ ਸਾਬਕਾ ਫੌਜੀਆਂ ਦੇ ਆਗੂ ਮੇਜਰ ਜਨਰਲ (ਸੇਵਾਮੁਕਤ) ਸਤਬੀਰ ਸਿੰਘ ਨੇ ਕਿਹਾ ਕਿ ਇਸ ਐਲਾਨ ਮੁਤਾਬਕ ਪੰਜ ਸਾਲ ਬਾਅਦ ਪੈਨਸ਼ਨ ਦੀ ਸਮੀਖਿਆ ਮਨਜ਼ੂਰ ਨਹੀਂ ਹੈ। ਉਨ੍ਹਾਂ ਪੈਨਸ਼ਨ ਸਮੀਖਿਆ ਸਾਲਾਨਾ ਕਰਨ 'ਤੇ ਜ਼ੋਰ ਦਿੱਤਾ। ਸ੍ਰੀ ਸਤਬੀਰ ਸਿੰਘ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਲਟਕਦੇ ਮੁੱਦਿਆਂ ਦਾ ਕੋਈ ਤਸੱਲੀਬਖ਼ਸ਼ ਹੱਲ ਨਾ ਕੀਤਾ ਤਾਂ ਉਹ ਮਰਨ ਵਰਤ ਦੁਬਾਰਾ ਸ਼ੁਰੂ ਕਰਨ ਲਈ ਮਜਬੂਰ ਹੋਣਗੇ। ਸਰਕਾਰ ਵੱਲੋਂ ਇਕ ਰੈਂਕ ਇਕ ਪੈਨਸ਼ਨ ਦੇ ਵੱਖ-ਵੱਖ ਪਹਿਲੂਆਂ ਦੀ ਘੋਖ ਲਈ ਇਕ ਮੈਂਬਰੀ ਨਿਆਂਇਕ ਕਮਿਸ਼ਨ ਨਿਯੁਕਤ ਕਰਨ ਦੇ ਫੈਸਲੇ ਨੂੰ ਵੀ ਸੰਘਰਸ਼ਕਾਰੀਆਂ ਨੇ ਰੱਦ ਕੀਤਾ ਕਿਉਂਕਿ ਉਹ ਇਸ ਬਾਰੇ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਮੰਗ ਕਰ ਰਹੇ ਹਨ, ਜਿਸ ਵਿਚ ਤਿੰਨ ਮੈਂਬਰ ਸਾਬਕਾ ਫੌਜੀਆਂ ਦੇ, ਹਥਿਆਰਬੰਦ ਦਸਤਿਆਂ ਵਿਚੋਂ ਇਕ ਮੌਜੂਦਾ ਮੈਂਬਰ ਤੇ ਇਕ ਰੱਖਿਆ ਮੰਤਰਾਲੇ ਦਾ ਨੁਮਾਇੰਦਾ ਹੋਵੇ।

ਸ੍ਰੀ ਸਤਬੀਰ ਸਿੰਘ ਨੇ ਕਿਹਾ ਕਿ ਇਹ ਕਮੇਟੀ ਸਿੱਧੇ ਰੱਖਿਆ ਮੰਤਰਾਲੇ ਅਧੀਨ ਕੰਮ ਕਰੇ ਤੇ ਇਕ ਮਹੀਨੇ ਵਿਚ ਆਪਣੀ ਰਿਪੋਰਟ ਦੇਵੇ। ਉਨ੍ਹਾਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਪੈਨਸ਼ਨ ਦੇ ਅਨੁਮਾਨ ਲਈ 2013-14 ਵਿੱਤੀ ਵਰ੍ਹੇ ਨੂੰ ਆਧਾਰ ਸਾਲ ਮੰਨਿਆ ਜਾਵੇ, ਨਾ ਕਿ 2013 ਦੇ ਕੈਲੰਡਰ ਸਾਲ ਨੂੰ। ਉਨ੍ਹਾਂ 31 ਮਾਰਚ 2014 ਨੂੰ ਆਧਾਰ ਮਿਤੀ ਮੰਨਣ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਜੇ ਸਰਕਾਰ ਕੈਲੰਡਰ ਸਾਲ 'ਤੇ ਕਾਇਮ ਰਹਿੰਦੀ ਹੈ ਤਾਂ ਸਾਰੇ ਲਾਭ ਤੈਅ ਕਰਨ ਲਈ 31 ਦਸੰਬਰ ਆਧਾਰ ਹੋਣਾ ਚਾਹੀਦਾ ਹੈ। ਸ੍ਰੀ ਸਤਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਭੁੱਖ ਹੜਤਾਲ ਵਾਪਸ ਲੈ ਲਈ ਹੈ ਪਰ ਮੁੱਖ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰਹੇਗਾ।




# ਆਸਟਰੇਲੀਆ ਵਿਚ ਭਾਰਤੀ ਲੋਕ ਹਨ ਸਭ ਤੋਂ ਵਧ ਖਰਚੀਲੇ ਸੈਲਾਨੀ

**ਮੁੰਬਈ:** ਪਿਛਲੇ ਸਾਲ ਆਸਟਰੇਲੀਆ ਜਾਣ ਵਾਲੇ ਸੈਲਾਨੀਆਂ ਵਿਚ ਭਾਰਤੀ ਕੁੱਲ ਗਿਣਤੀ 2.2 ਲੱਖ ਤੋਂ ਵਧ ਸਨ। ਭਾਰਤੀ ਸੈਲਾਨੀ ਬਾਕੀ ਦੇਸ਼ਾਂ ਨਾਲੋਂ ਸਭ ਤੋਂ ਜ਼ਿਆਦਾ ਖਰਚਾ (ਪ੍ਰਤੀ ਵਿਅਕਤੀ) ਕਰਨ ਵਾਲੇ ਸਨ। ਇਨ੍ਹਾਂ ਨੇ ਸਾਲ 2014 ਦੌਰਾਨ ਇਕ ਅਰਬ ਆਸਟਰੇਲੀਆਈ ਡਾਲਰ ਖਰਚ ਕੀਤੇ ਹਨ। ਇਕ ਅਨੁਮਾਨ ਮੁਤਾਬਕ ਹਰ ਭਾਰਤੀ ਨੇ ਆਸਟਰੇਲੀਆ ਘੁੰਮਣ ਦੌਰਾਨ 4,750 ਡਾਲਰ ਖਰਚ ਕੀਤੇ ਹਨ, ਜੋ ਕਿ ਦੁਨੀਆਂ ਦੇ ਬਾਕੀ ਸੈਲਾਨੀਆਂ ਦੇ ਖਰਚੇ ਤੋਂ ਵਧ ਹਨ।

ਆਸਟਰੇਲੀਆ ਸੈਰ ਸਪਾਟੇ ਦੇ ਕੰਟਰੀ ਮੈਨੇਜਰ (ਭਾਰਤ ਤੇ ਖਾੜੀ) ਨਿਸ਼ਾਂਤ ਕਸ਼ੀਕਰ ਨੇ ਦੱਸਿਆ ਕਿ ਜੂਨ ਤੱਕ ਲੰਘੇ ਪਿਛਲੇ ਛੇ ਮਹੀਨਿਆਂ ਦੌਰਾਨ 1,22,900 ਭਾਰਤੀ ਆਸਟਰੇਲੀਆ ਗਏ, ਜੋ ਕਿ ਪਿਛਲੇ ਸਾਲ ਦੇ ਇਸੇ ਸਮੇਂ ਦੀ ਆਮਦ ਨਾਲੋਂ 24 ਫੀਸਦੀ ਵੱਧ ਹੈ। ਆਸਟਰੇਲੀਆ ਨੂੰ ਅਗਲੇ ਸਾਲ ਸੈਲਾਨੀਆਂ ਦੀ ਗਿਣਤੀ 2.35 ਲੱਖ ਦੇ ਨੇੜੇ ਪਹੁੰਚਣ ਦੀ ਆਸ ਹੈ। ਉਨ੍ਹਾਂ ਨਾਲ ਹੀ ਦੱਸਿਆ ਕਿ ਭਾਰਤੀਆਂ ਲਈ ਇਲੈਕਟ੍ਰੋਨਿਕਸ ਵੀਜ਼ਾ ਐਪਲੀਕੇਸ਼ਨ (ਈ-600 ਸਹੂਲਤ) ਲਾਂਚ ਕਰਨ ਨਾਲ ਭਾਰਤੀ ਸੈਲਾਨੀਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਸ੍ਰੀ ਕਸ਼ੀਕਰ ਨੇ ਦੱਸਿਆ ਕਿ ਇਸ ਸਮੇਂ ਈ-600 ਸਹੂਲਤ 80 ਟੂਰ ਅਪਰੇਟਰਾਂ ਕੋਲ ਹੀ ਮੁਹੱਈਆ ਹੈ, ਜਿਨ੍ਹਾਂ ਨੇ ਸਭ ਤੋਂ ਵੱਧ ਕਾਰੋਬਾਰ ਦਰਜ ਕਰਾਇਆ ਹੈ। ਉਨ੍ਹਾਂ ਦੀ ਯੋਜਨਾ ਅਗਲੇ 12 ਮਹੀਨਿਆਂ ਦੌਰਾਨ ਸਾਰੇ ਭਾਰਤ ਵਿਚ ਇਹ ਸਹੂਲਤ ਦੇਣ ਦੀ ਹੈ। ਪਿਛਲੇ ਸਾਲ ਇਥੇ ਭਾਰਤੀਆਂ ਨੇ ਇਕ ਅਰਬ ਆਸਟਰੇਲੀਆਈ ਡਾਲਰ ਖਰਚ ਕੀਤੇ ਸਨ, ਜੋ ਕਿ ਸਾਲ 2013 ਨਾਲੋਂ 39 ਫੀਸਦੀ ਜ਼ਿਆਦਾ ਸਨ। ਕ੍ਰਿਕਟ ਵਿਸ਼ਵ ਕੱਪ ਦੌਰਾਨ ਪਹਿਲੀ ਤਿਮਾਹੀ ਵਿਚ ਤਕਰੀਬਨ 15 ਹਜ਼ਾਰ ਭਾਰਤੀਆਂ ਨੇ ਮੈਚ ਦੇਖੇ ਸਨ। ਉਨ੍ਹਾਂ ਕਿਹਾ ਕਿ ਆਸਟਰੇਲੀਆ ਦਾ ਟੀਚਾ ਸਾਲ 2020 ਤੱਕ ਭਾਰਤੀ ਸੈਲਾਨੀਆਂ ਦੀ ਆਮਦ ਤਿੰਨ ਲੱਖ ਤੱਕ ਲਿਜਾ ਕੇ 1.9 ਅਰਬ ਆਸਟਰੇਲੀਆਈ ਡਾਲਰ ਦਾ ਕਾਰੋਬਾਰ ਕਰਨ ਦਾ ਹੈ। ਭਾਰਤ ਆਸਟਰੇਲੀਆ ਲਈ ਅੱਠਵੀਂ ਸਭ ਤੋਂ ਵੱਡੀ ਸੈਰ ਸਪਾਟਾ ਮੰਡੀ ਬਣ ਕੇ ਉਭਰਿਆ ਹੈ। ਪਿਛਲੇ ਸਾਲ ਭਾਰਤ ਦਾ ਸਥਾਨ 11ਵਾਂ ਸੀ। ਉਨ੍ਹਾਂ ਨਾਲ ਹੀ ਕਿਹਾ ਕਿ ਆਸਟਰੇਲੀਆ ਦਾ ਟੀਚਾ ਤਦ ਤੱਕ ਪੂਰਾ ਨਹੀਂ ਹੋ ਸਕਦਾ ਜਦ ਤੱਕ ਏਅਰਲਾਈਨਜ਼ ਸਹਿਯੋਗ ਨਹੀਂ ਕਰਦੀ। ਇਸ ਸਮੇਂ ਕੋਈ ਵੀ ਆਸਟਰੇਲੀਆਈ ਉਡਾਨ ਸਿੱਧੀ ਭਾਰਤ ਨੂੰ ਨਹੀਂ ਜਾਂਦੀ, ਜਦਕਿ ਸਿਰਫ ਭਾਰਤੀ ਉਡਾਨ ਹੀ ਸਿੱਧਾ ਆਸਟਰੇਲੀਆ ਜਾਂਦੀ ਹੈ।



### ਗਿਆਰਾਂ ਹਜ਼ਾਰ ਵਿਦਿਆਰਥੀਆਂ ਦੇ ਵੀਜ਼ੇ ਰੱਦ

**ਸਿਡਨੀ:** ਆਸਟਰੇਲੀਆ ਦੇ ਇਮੀਗਰੇਸ਼ਨ ਵਿਭਾਗ ਨੇ ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਤਕਰੀਬਨ 11 ਹਜ਼ਾਰ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਇਹ ਵਿਦਿਆਰਥੀ ਉਚੇਰੀ ਸਿੱਖਿਆ ਲਈ ਭਾਰਤ ਸਮੇਤ ਹੋਰ ਮੁਲਕਾਂ ਤੋਂ ਆਏ ਸਨ। ਇਨ੍ਹਾਂ ਵਿਚੋਂ ਵਧੇਰੇ ਇਸ ਆਸ ਨਾਲ ਆਏ ਸਨ ਕਿ ਪੜ੍ਹਾਈ ਖ਼ਤਮ ਹੋਣ ਬਾਅਦ ਪੱਕੇ ਤੌਰ 'ਤੇ ਆਸਟਰੇਲੀਆ ਵੱਸਣ ਦਾ ਸੁਪਨਾ ਪੂਰਾ ਹੋ ਸਕੇ। ਆਸਟਰੇਲੀਆ ਸਰਕਾਰ ਵੱਲੋਂ ਵੀਜ਼ੇ ਰੱਦ ਕਰਨ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਵੀਜ਼ਾ ਸ਼ਰਤਾਂ ਪੂਰੀਆਂ ਨਾ ਕਰਨਾ ਦੱਸਿਆ ਗਿਆ ਹੈ। ਸਰਕਾਰ, ਇਨ੍ਹਾਂ ਨੂੰ ਸਿੱਖਿਆ ਦੇ ਰਹੇ ਕਾਲਜਾਂ ਦਾ ਵੀ ਮੁਕੰਮਲ ਮੁਲਾਂਕਣ ਕਰਨਾ ਚਾਹੁੰਦੀ ਹੈ। ਸਰਕਾਰ ਕੋਲ ਇਹ ਸੂਚਨਾਵਾਂ ਵੀ ਪੁੱਜੀਆਂ ਹਨ ਕਿ ਕਈ ਵਿੱਦਿਅਕ ਅਦਾਰੇ ਵਿਦਿਆਰਥੀਆਂ ਨੂੰ ਸਿਰਫ ਪੜ੍ਹਨ ਦੇ ਨਾਂ ਉੱਤੇ ਹੀ ਦਾਖ਼ਲਾ ਦਿੰਦੇ ਹਨ ਪਰ ਅਸਲ ਵਿਚ ਉਥੇ ਪੜ੍ਹਾਈ ਨੂੰ ਖਾਨਾਪੂਰਤੀ ਵਜੋਂ ਲਿਆ ਜਾਂਦਾ ਹੈ। ਅਜਿਹੇ ਅਦਾਰੇ ਜ਼ਿਆਦਾ ਫੀਸ ਲੈ ਕੇ ਵਿਦਿਆਰਥੀਆਂ ਦਾ ਸ਼ੋਸ਼ਣ ਵੀ ਕਰ ਰਹੇ ਹਨ। ਆਸਟਰੇਲੀਆ ਦੇ ਇੰਟਰਨੈਸ਼ਨਲ ਐਜੂਕੇਸ਼ਨ ਐਸੋਸੀਏਸ਼ਨ ਦੇ ਮੁੱਖ ਕਾਰਜਕਾਰੀ ਫਿਲ ਹਨੀਵੁੱਡ ਨੇ ਦੱਸਿਆ ਕਿ 10,949 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਹੋਏ ਹਨ। ਇਨ੍ਹਾਂ ਵਿਚੋਂ ਵਧੇਰੇ ਚੀਨ, ਦੱਖਣੀ ਕੋਰੀਆ, ਭਾਰਤ, ਵੀਅਤਨਾਮ ਤੇ ਥਾਈਲੈਂਡ ਆਦਿ ਮੁਲਕਾਂ ਨਾਲ ਸਬੰਧਤ ਹਨ। ਪਿਛਲੇ ਸਾਲ ਤਕਰੀਬਨ ਤਿੰਨ ਲੱਖ ਵਿਦਿਆਰਥੀ ਵੀਜ਼ੇ ਜਾਰੀ ਹੋਏ ਸਨ।

# ਗੰਨਾ ਉਤਪਾਦਕਾਂ ਨੂੰ ਰਾਹ ਨਹੀਂ ਦੇ ਰਹੇ ਪ੍ਰਾਈਵੇਟ ਮਿੱਲਾਂ ਦੇ ਮਾਲਕ

**ਗੁਰਦਾਸਪੁਰ:** ਪੰਜਾਬ ਦੀਆਂ ਪ੍ਰਾਈਵੇਟ ਖੰਡ ਮਿੱਲਾਂ ਵੱਲੋਂ ਅਦਾਲਤੀ ਹਦਾਇਤਾਂ ਦੇ ਬਾਵਜੂਦ ਗੰਨਾ ਉਤਪਾਦਕਾਂ ਦੇ 200 ਕਰੋੜ ਰੁਪਏ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਆਖ਼ਰ ਪੀੜਤ ਕਿਸਾਨਾਂ ਨੂੰ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ ਹੈ। ਭਾਵੇਂ ਪੰਜਾਬ ਸਰਕਾਰ ਨੇ ਸਹਿਕਾਰੀ ਖੇਤਰ ਦੀਆਂ ਖੰਡ ਮਿੱਲਾਂ ਵੱਲ ਖੜ੍ਹੇ ਕਿਸਾਨਾਂ ਦੇ ਤਕਰੀਬਨ 220 ਕਰੋੜ ਰੁਪਏ ਦੇ ਬਕਾਏ ਲਈ ਲੋੜੀਂਦੇ ਫੰਡ ਤਾਂ ਜਾਰੀ ਕਰ ਦਿੱਤੇ ਪਰ ਪ੍ਰਾਈਵੇਟ ਖੰਡ ਮਿੱਲਾਂ ਦੇ ਮਾਲਕ ਨਾ ਸਿਰਫ ਕਿਸਾਨਾਂ ਨੂੰ ਅਦਾਇਗੀ ਕਰਨ ਤੋਂ ਹੀ ਟਾਲਮਟੋਲ ਕਰਦੇ ਆ ਰਹੇ ਹਨ ਬਲਕਿ ਖੰਡ ਮਿੱਲਾਂ ਬੰਦ ਕਰਨ ਦੀਆਂ ਧਮਕੀਆਂ ਵੀ ਦੇ ਰਹੇ ਹਨ। ਗੰਨਾ ਉਤਪਾਦਕ ਇਕ ਪਾਸੇ ਆਪਣੀ ਫਸਲ ਦਾ ਭੁਗਤਾਨ ਨਾ ਹੋਣ ਕਾਰਨ ਦੁਖੀ ਹਨ, ਉਤੋਂ ਉਨ੍ਹਾਂ ਨੂੰ ਖੜ੍ਹੀ ਫਸਲ ਨਾ ਖਰੀਦੇ ਜਾਣ ਦਾ ਡਰ ਸਤਾ ਰਿਹਾ ਹੈ। ਕੇਂਦਰ ਸਰਕਾਰ ਨੇ ਮੁਲਕ ਦੀਆਂ ਖੰਡ ਮਿੱਲਾਂ ਲਈ 6,000 ਕਰੋੜ ਰੁਪਏ ਦਾ ਪੈਕੇਜ ਵੀ ਜਾਰੀ ਕੀਤਾ ਹੈ ਜਿਸ ਵਿਚੋਂ ਪੰਜਾਬ ਦੀਆਂ ਖੰਡ ਮਿੱਲਾਂ ਨੂੰ 125 ਕਰੋੜ ਰੁਪਏ ਮਿਲਣ ਦੀ ਸੰਭਾਵਨਾ ਹੈ।



### ਬਕਾਏ 'ਤੇ ਵਿਆਜ ਨਾਲ ਲੈਣ ਦਾ ਹੱਕਦਾਰ ਹੈ ਕਿਸਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੜਕਾਂ ਰੋਕ ਰਹੇ ਕਿਸਾਨਾਂ ਨੂੰ ਗੰਨੇ ਦਾ ਬਕਾਇਆ ਦੇਣ ਦੇ ਕੀਤੇ ਲਿਖਤੀ ਵਾਅਦੇ ਦੌਰਾਨ ਵੀ ਸ਼ੂਗਰ ਕੰਟਰੋਲ ਆਰਡਰ 1966 ਦੀ ਅਣਦੇਖੀ ਕੀਤੀ ਗਈ ਹੈ। ਚਾਰ ਸੌ ਕਰੋੜ ਤੋਂ ਵੱਧ ਰਕਮ ਤੇ ਤਕਰੀਬਨ ਛੇ ਮਹੀਨੇ ਤੋਂ ਨਹੀਂ ਮਿਲੀ ਹੈ। ਸ਼ੂਗਰ ਕੰਟਰੋਲ ਆਰਡਰ 1966 ਦੀ ਧਾਰਾ 3 (ਏ) ਵਿਚ ਸਪਸ਼ਟ ਕੀਤਾ ਗਿਆ ਹੈ ਕਿ ਖੰਡ ਉਤਪਾਦਕ ਜਾਂ ਉਸ ਦਾ ਏਜੰਟ ਜੇਕਰ 14 ਦਿਨਾਂ ਅੰਦਰ ਗੰਨੇ ਦਾ ਭੁਗਤਾਨ ਕਰਨ ਤੋਂ ਅਸਮਰੱਥ ਰਹਿੰਦਾ ਹੈ ਤਾਂ ਇਸ ਤੋਂ ਬਾਅਦ ਦੇ ਦਿਨਾਂ ਲਈ 15 ਫੀਸਦੀ ਸਾਲਾਨਾ ਵਿਆਜ ਦਰ 'ਤੇ ਭੁਗਤਾਨ ਕਰਨਾ ਪਵੇਗਾ।

### ਪੰਜਾਬ ਦਾ ਕਿਸਾਨ ਸੰਕਟ ਵਿਚ ਘਿਰਿਆ: ਬਾਦਲ

**ਗੁਰਦਾਸਪੁਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੇ ਮੰਨਿਆ ਹੈ ਕਿ ਪੰਜਾਬ ਦੀ ਕਿਸਾਨੀ ਮੰਦਹਾਲੀ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਕਿਸਾਨ ਮਸਲਿਆਂ ਨੂੰ ਲੈ ਕੇ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਿਲੇ ਸਨ ਤੇ ਉਨ੍ਹਾਂ ਕੋਲ ਪੰਜਾਬ ਦੀਆਂ ਮੰਗਾਂ ਰੱਖੀਆਂ ਹਨ। ਪ੍ਰਧਾਨ ਮੰਤਰੀ ਨੇ ਇਨ੍ਹਾਂ ਮੁੱਦਿਆਂ ਦੇ ਹੱਲ ਦਾ ਭਰੋਸਾ ਦਵਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਮੁਸੀਬਤਾਂ ਵਿਚ ਘਿਰਿਆ ਹੋਇਆ ਹੈ। ਇਸ ਮਸਲੇ ਦੇ ਹੱਲ ਲਈ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ। ਕੇਂਦਰ ਨੇ ਪੰਜਾਬ ਨੂੰ ਪਹਿਲਾਂ ਨਾਲੋਂ ਵੱਧ ਫੰਡ ਦਿੱਤੇ ਹਨ।

# 'ਹੱਕਾਂ' ਦੀ ਲੜਾਈ 'ਚ ਉਲਝੀਆਂ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ

**ਨਵੀਂ ਦਿੱਲੀ:** ਹਿੰਦੀ ਫਿਲਮ 'ਸਿੰਘ ਇਜ਼ ਬਲਿੰਗ' ਤੇ ਹੋਰ ਪੰਥਕ ਮੁੱਦਿਆਂ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਕਮੇਟੀ ਵਿਚ ਤਕਰਾਰ ਖੜ੍ਹਾ ਹੋ ਗਿਆ ਹੈ। ਦਿੱਲੀ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਮੀਡੀਆ ਨੂੰ ਦਿੱਤੇ ਗਏ ਬਿਆਨ ਉਤੇ ਸਖਤ ਨਰਾਜ਼ਗੀ ਜ਼ਾਹਰ ਕਰਦੇ ਹੋਏ ਦਿੱਲੀ ਕਮੇਟੀ 'ਤੇ ਧੌਸ ਨਾ ਜਮਾਉਣ ਦੀ ਨਸੀਹਤ ਦਿੱਤੀ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਕਿਹਾ ਕਿ ਉਨ੍ਹਾਂ ਫਿਲਮ ਨੂੰ ਕੋਈ ਕਲੀਨ ਚਿੱਟ ਨਹੀਂ ਦਿੱਤੀ ਹੈ ਤੇ ਮਾਮਲਾ ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਕੋਲ ਵਿਚਾਰ ਅਧੀਨ ਹੈ।

ਦੱਸਣਯੋਗ ਹੈ ਕਿ ਫਿਲਮ 'ਸਿੰਘ ਇਜ਼ ਬਲਿੰਗ' ਦੇ ਕੁਝ ਦ੍ਰਿਸ਼ਾਂ 'ਤੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਇਤਰਾਜ਼ ਪ੍ਰਗਟ ਕੀਤਾ ਗਿਆ ਸੀ ਤੇ ਇਹ ਦ੍ਰਿਸ਼ ਹਟਾਉਣ ਲਈ ਆਖਿਆ ਸੀ। ਇਸ ਤੋਂ ਤੁਰੰਤ ਬਾਅਦ ਦਿੱਲੀ ਕਮੇਟੀ ਦਾ ਵਫਦ ਫਿਲਮ ਦੇ ਕਲਾਕਾਰ ਤੇ ਨਿਰਮਾਤਾ ਅਕਸ਼ੈ ਕੁਮਾਰ ਨੂੰ ਮਿਲਿਆ ਤੇ ਫਿਲਮ ਵਿਚਲੇ ਕੁਝ ਦ੍ਰਿਸ਼ਾਂ 'ਤੇ ਇਤਰਾਜ਼ ਪ੍ਰਗਟਾਇਆ।

ਇਸ ਮਗਰੋਂ ਦਿੱਲੀ ਕਮੇਟੀ ਨੇ ਐਲਾਨ ਕੀਤਾ ਕਿ ਫਿਲਮ ਪ੍ਰਬੰਧਕਾਂ ਨੇ ਇਤਰਾਜ਼ਯੋਗ ਦ੍ਰਿਸ਼ ਹਟਾਉਣ ਲਈ ਸਹਿਮਤੀ ਦੇ ਦਿੱਤੀ ਹੈ। ਦਿੱਲੀ ਕਮੇਟੀ ਦੀ ਇਸ ਕਾਹਲ ਕਦਮੀ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਤਰਾਜ਼ ਦਾ ਪ੍ਰਗਟ ਕਰਦਿਆਂ ਆਖਿਆ ਸੀ ਕਿ ਦਿੱਲੀ ਕਮੇਟੀ ਨੂੰ ਵਿਵਾਦਤ ਫਿਲਮ ਨੂੰ ਹਰੀ ਝੰਡੀ ਦੇਣ ਦਾ ਕੋਈ ਹੱਕ ਨਹੀਂ ਹੈ। ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਨਾਲ ਜੁੜੇ ਮਾਮਲਿਆਂ 'ਤੇ ਸਿਰਫ ਸ਼੍ਰੋਮਣੀ ਕਮੇਟੀ ਹੀ ਅਜਿਹਾ ਫ਼ੈਸਲਾ ਲੈ ਸਕਦੀ ਹੈ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਫਿਲਮ ਨਿਰਮਾਤਾ ਨੇ ਪ੍ਰਵਾਨਗੀ ਲਏ ਬਿਨਾਂ ਫਿਲਮ ਰਿਲੀਜ਼ ਕੀਤੀ ਤਾਂ ਉਸ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ।

ਸ. ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਦਿੱਲੀ ਕਮੇਟੀ ਵੱਲੋਂ ਇਸ ਫਿਲਮ ਨੂੰ ਕੋਈ ਹਰੀ ਝੰਡੀ ਜਾਂ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਇਹ ਮਾਮਲਾ ਅਕਾਲ ਤਖ਼ਤ ਦੇ ਵਿਚਾਰ ਅਧੀਨ ਹੈ ਤੇ ਇਸ ਬਾਰੇ ਅੰਤਿਮ ਫੈਸਲਾ ਵੀ ਅਕਾਲ ਤਖ਼ਤ ਵੱਲੋਂ ਹੀ ਹੋਵੇਗਾ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਫਿਲਮ ਨਿਰਮਾਤਾ ਨੇ ਭਰੋਸਾ ਦਿੱਤਾ ਕਿ ਇਤਰਾਜ਼ਯੋਗ ਦ੍ਰਿਸ਼ ਹਟਾ ਦਿੱਤੇ ਜਾਣਗੇ ਤੇ ਫਿਲਮ ਰਿਲੀਜ਼ ਕਰਨ ਤੋਂ ਪਹਿਲਾਂ ਅਕਾਲ ਤਖ਼ਤ ਤੋਂ ਪ੍ਰਵਾਨਗੀ ਲਈ ਜਾਵੇਗੀ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਆਖਿਆ ਕਿ ਦਿੱਲੀ ਕਮੇਟੀ ਸਿਰਫ ਦਿੱਲੀ ਦੇ ਕੁਝ ਗੁਰਦੁਆਰਿਆਂ ਨਾਲ ਸਬੰਧਤ ਹੈ ਜਦੋਂਕਿ ਸ਼੍ਰੋਮਣੀ ਕਮੇਟੀ ਸਮੁੱਚੇ ਦੇਸ਼ ਵਿਦੇਸ਼ ਦੇ ਸਿੱਖਾਂ ਨਾਲ ਜੁੜੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਸਦਨ ਦੇ 15 ਮੈਂਬਰਾਂ ਵਿਚੋਂ ਦੇਸ਼ ਭਰ ਤੋਂ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਸ ਲਈ ਦੇਸ਼ ਭਰ ਦੀਆਂ ਸਿੱਖ ਸਮੱਸਿਆਵਾਂ ਬਾਰੇ ਫੈਸਲਾ ਲੈਣ ਦਾ ਹੱਕ ਸਿਰਫ ਸ਼੍ਰੋਮਣੀ ਕਮੇਟੀ ਕੋਲ ਹੀ ਹੈ। ਉਧਰ, ਜੀ.ਕੇ. ਨੇ ਕਿਹਾ ਕਿ ਦਿੱਲੀ ਕਮੇਟੀ ਹਰ ਪੰਥਕ ਮਸਲੇ ਉਤੇ ਬੋਲਣ ਵਾਸਤੇ ਖ਼ੁਦ ਮੁਖ਼ਤਿਆਰੀ ਰੱਖਦੀ ਹੈ। ਇਸ ਲਈ ਭਵਿੱਖ ਵਿਚ ਵੀ ਦਿੱਲੀ ਕਮੇਟੀ ਦੀ ਇਹੀ ਕਾਰਜਸ਼ੈਲੀ ਜਾਰੀ ਰਹੇਗੀ।

## 'ਸਿੰਘ ਇਜ਼ ਬਲਿੰਗ' ਫਿਲਮ ਨੂੰ ਮਨਜ਼ੂਰੀ ਉਤੇ ਤਕਰਾਰ

### ਬੇਲੋੜੀ ਬਿਆਨਬਾਜ਼ੀ ਨਾ ਕਰਨ ਜਥੇਦਾਰ: ਜੀ.ਕੇ.

**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸ਼੍ਰੋਮਣੀ ਕਮੇਟੀ ਨੂੰ



ਬਿਨਾਂ ਕਿਸੇ ਜਾਇਜ਼ ਕਾਰਨ ਦੇ ਬੇਲੋੜੀ ਤੇ ਨਾ-ਪੱਖੀ ਬਿਆਨਬਾਜ਼ੀ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਵਤਾਰ ਸਿੰਘ ਦੇ ਦਾਅਵਿਆਂ ਦੇ ਉਲਟ ਉਨ੍ਹਾਂ ਫਿਲਮ ਨੂੰ ਕੋਈ ਕਲੀਨ ਚਿੱਟ ਨਹੀਂ ਦਿੱਤੀ ਅਤੇ ਮਾਮਲਾ ਹਾਲੇ ਅਕਾਲ ਤਖ਼ਤ ਕੋਲ ਵਿਚਾਰ ਅਧੀਨ ਹੈ। ਦਿੱਲੀ ਕਮੇਟੀ ਵਫਦ ਨੇ ਨਿਸ਼ਾਨਦੇਹੀ ਕਰਕੇ ਫਿਲਮ ਵਿਚ ਸ਼ਾਮਲ ਇਤਰਾਜ਼ਯੋਗ ਦ੍ਰਿਸ਼ਾਂ ਨੂੰ ਹਟਾਉਣ ਦੀ ਅਪੀਲ ਤੇ ਨਾਲ ਹੀ ਅਕਾਲ ਤਖ਼ਤ ਪਾਸੋਂ ਮਨਜ਼ੂਰੀ ਲਈ ਗਿਆਨੀ ਗੁਰਬਚਨ ਨਾਲ ਮੁਲਾਕਾਤ ਦੀ ਸਲਾਹ ਫਿਲਮ ਦੇ ਨਿਰਮਾਤਾ ਨੂੰ ਦਿੱਤੀ ਸੀ।

### ਸਿੱਖ ਸੰਸਥਾਵਾਂ 'ਚ ਪਾੜਾ ਵਧਾਉਣ ਦਾ ਯਤਨ: ਬੇਦੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਕਿਹਾ ਹੈ ਕਿ ਦਿੱਲੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਤੀ ਕੀਤੀ ਬਿਆਨਬਾਜ਼ੀ ਬਹੁਤ ਹੀ ਮੰਦਭਾਗੀ ਤੇ ਬੇਸਮਝੀ ਦਾ ਸਬੂਤ ਦਿੰਦੀ ਹੈ। ਉਨ੍ਹਾਂ ਕਿਹਾ ਕਿ ਜੀ.ਕੇ. ਵੱਲੋਂ ਸ਼੍ਰੋਮਣੀ ਕਮੇਟੀ ਵਿਰੁੱਧ ਵਰਤੀ ਗਈ ਸ਼ਬਦਾਵਲੀ ਉਚਿਤ



ਨਹੀਂ ਹੈ, ਉਹ ਸਿੱਖ ਸੰਸਥਾਵਾਂ ਵਿਚ ਪਾੜਾ ਪਾਉਣ ਦੀ ਕੋਸ਼ਿਸ਼ ਨਾ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਸਾਂਝੇ ਉੱਦਮ ਸਦਕਾ ਹੀ ਦਿੱਲੀ ਕਮੇਟੀ ਦੀ ਚੋਣ ਜਿੱਤੀ ਗਈ ਸੀ। ਪ੍ਰਾਪਤੀਆਂ ਗਿਣਾਉਣ ਦੀ ਥਾਂ ਜੀ.ਕੇ. ਆਪਣੀਆਂ ਜ਼ਿੰਮੇਵਾਰੀਆਂ ਨੂੰ ਸੁਹਿਰਦਤਾ ਨਾਲ ਨਿਭਾਉਣ ਦਾ ਯਤਨ ਕਰਨ।

## ਫਿਲਮ 'ਸਿੰਘ ਇਜ਼ ਬਲਿੰਗ' ਉਤੇ ਇਹ ਇਤਰਾਜ਼...

**ਅੰਮ੍ਰਿਤਸਰ:** ਇਸ ਫਿਲਮ ਦੇ ਟਰੇਲਰ ਵਿਚ ਦਿਖਾਏ ਗਏ ਕੁਝ ਦ੍ਰਿਸ਼ਾਂ ਨੂੰ ਲੈ ਕੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਤਰਾਜ਼ ਦਾ ਪ੍ਰਗਟਾਵਾ ਕੀਤਾ ਗਿਆ ਸੀ। ਉਨ੍ਹਾਂ ਨੂੰ ਇਸ ਬਾਰੇ ਸਿੱਖ ਸੰਗਤ ਨੇ ਸ਼ਿਕਾਇਤ ਕੀਤੀ ਸੀ। ਫਿਲਮ ਦੇ ਟਰੇਲਰ ਵਿਚ ਸਿੱਖ ਕਕਾਰ ਕੜੇ ਵਿਚੋਂ ਨੰਗੇਜ਼ ਦੇ ਦ੍ਰਿਸ਼ ਦਿਖਾਏ ਗਏ ਹਨ ਤੇ ਕੜੇ ਉਪਰ ਗੁਰਬਾਣੀ ਦੀ ਤੁਕ ਉਕਰੀ ਹੋਈ ਹੈ। ਪੰਜਾਬ ਦੀਆਂ ਪ੍ਰਮੁੱਖ ਚੀਜ਼ਾਂ ਦਾ ਵਰਨਣ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਨਾਲ ਮੀਟ ਤੇ ਸ਼ਰਾਬ ਦਾ ਨਾਮ ਲਿਆ ਗਿਆ ਹੈ।

# ਵਲੈਤੋਂ ਆਈ ਸਿੱਖਾਂ ਲਈ ਖ਼ੁਸ਼ ਖ਼ਬਰ

**ਲੰਡਨ:** ਇੰਗਲੈਂਡ ਦੇ ਸ਼ਹਿਰ ਡਰਬੀ ਵਿਚ ਪਹਿਲਾ ਸਿੱਖ ਸਕੂਲ ਖੁੱਲ੍ਹ ਗਿਆ ਹੈ। ਸਕੂਲ ਵਿਚ 120 ਵਿਦਿਆਰਥੀਆਂ ਨੇ ਦਾਖਲਾ ਵੀ ਲੈ ਲਿਆ ਹੈ। ਅਕਾਲ ਪ੍ਰਾਇਮਰੀ ਸਕੂਲ ਨੂੰ ਬਰਤਾਨੀਆ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਸਕੂਲ ਦਾ ਪ੍ਰਬੰਧ ਅਕਾਲ ਟਰਸਟ ਵੱਲੋਂ ਕੀਤਾ ਜਾ ਰਿਹਾ ਹੈ।




ਬਰਤਾਨੀਆ ਵਿਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਸਿੱਖਿਆ ਵਿਭਾਗ ਨੇ ਸਕੂਲ ਨੂੰ ਖੋਲ੍ਹਣ ਦਾ ਐਲਾਨ ਕੀਤਾ ਸੀ। ਫ਼ਿਲਹਾਲ ਸਕੂਲ ਨੂੰ ਕਿਰਾਏ ਦੀ ਇਮਾਰਤ ਵਿਚ ਚਲਾਇਆ ਜਾਵੇਗਾ ਪਰ ਬਾਅਦ ਵਿਚ ਇਸ ਨੂੰ ਸਰਕਾਰੀ ਬਿਲਡਿੰਗ ਵਿਚ ਤਬਦੀਲ ਕਰ ਦਿੱਤਾ ਜਾਵੇਗਾ।

ਸਿੱਖ ਸਕੂਲ ਨੂੰ ਲੈ ਕੇ ਡਰਬੀ ਵਿਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਵਿਚ ਖ਼ੁਸ਼ੀ ਦਾ ਮਾਹੌਲ ਹੈ। ਕੈਮਰੋਨ ਸਰਕਾਰ ਦੇਸ਼ ਵਿਚ 2020 ਤੱਕ 500 ਨਵੇਂ ਸਕੂਲ ਖੋਲ੍ਹਣ ਜਾ ਰਹੀ ਹੈ।

ਅਕਾਲ ਟਰਸਟ ਦੇ ਚੇਅਰਮੈਨ ਡਾਕਟਰ ਦਲਜੀਤ ਸਿੰਘ ਵਿਰਕ ਅਨੁਸਾਰ ਸਕੂਲ ਵਿਚ ਸਿੱਖਿਆ ਦਾ ਮਿਆਰ ਉੱਚਾ ਰੱਖਿਆ ਜਾਵੇਗਾ। ਮੁਫ਼ਤ ਸਿੱਖਿਆ ਵਾਲੇ ਸਕੂਲ ਵਿਚ ਸਿੱਖ ਬੱਚਿਆਂ ਤੋਂ ਇਲਾਵਾ ਦੂਜੇ ਧਰਮਾਂ ਦੇ ਬੱਚੇ ਵੀ ਸਿੱਖਿਆ ਲੈ ਸਕਦੇ ਹਨ।

## ਉਬੇਰ ਕੈਬ ਦੇ ਚਾਲਕ ਖ਼ਿਲਾਫ਼ ਦਰਜ ਕੇਸ ਵਾਪਸ

**ਨਿਊ ਯਾਰਕ:** ਭਾਰਤੀ ਮਹਿਲਾ ਵੱਲੋਂ ਅਮਰੀਕੀ ਅਦਾਲਤ ਵਿਚ ਟੈਕਸੀ ਕੰਪਨੀ ਉਬੇਰ ਦੇ ਚਾਲਕ ਖ਼ਿਲਾਫ਼ ਦਰਜ ਕਰਾਇਆ ਜਬਰ ਜਨਾਹ ਦਾ ਕੇਸ ਵਾਪਸ ਲੈ ਲਿਆ ਗਿਆ ਹੈ। ਉਬੇਰ ਕੈਬ ਦੇ ਚਾਲਕ ਨੇ ਨਵੀਂ ਦਿੱਲੀ ਵਿਚ ਮਹਿਲਾ ਨਾਲ ਜਬਰ ਜਨਾਹ ਕੀਤਾ ਸੀ। ਮਹਿਲਾ ਦੇ ਵਕੀਲਾਂ ਨੇ ਨਾਰਦਨ ਡਿਸਟਰਿਕਟ ਆਫ਼ ਕੈਲੇਫੋਰਨੀਆ ਦੀ ਅਮਰੀਕੀ ਡਿਸਟਰਿਕਟ ਕੋਰਟ ਵਿਚ ਦਾਇਰ ਇਕ ਨੋਟਿਸ ਵਿਚ ਕਿਹਾ ਕਿ ਪੀੜਤ ਨੇ ਉਬੇਰ ਟੈਕਨਾਲੋਜੀਜ਼ ਖ਼ਿਲਾਫ਼ ਦਾਇਰ ਮੁਕੱਦਮਾ ਵਾਪਸ ਲੈ ਲਿਆ ਹੈ। ਦੋਵੇਂ ਧਿਰਾਂ ਆਪਣਾ ਆਪਣਾ ਖ਼ਰਚ ਤੇ ਵਕੀਲਾਂ ਦੀ ਫ਼ੀਸ ਆਪ ਅਦਾ ਕਰਨਗੀਆਂ। ਨੋਟਿਸ ਵਿਚ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਇਹ ਕੇਸ ਕਿਹੜੀ ਵਜ੍ਹਾ ਕਰਕੇ ਵਾਪਸ ਲਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਮਹਿਲਾ ਨੇ ਇਸ ਵਰ੍ਹੇ ਜਨਵਰੀ ਵਿਚ ਉਬੇਰ ਖ਼ਿਲਾਫ਼ ਕੇਸ ਦਰਜ ਕਰਾਉਂਦੇ ਹੋਏ ਦੋਸ਼ ਲਾਇਆ ਸੀ ਕਿ ਉਬੇਰ ਆਪਣੇ ਚਾਲਕਾਂ ਬਾਰੇ ਪੂਰੀ ਪੜਤਾਲ ਨਹੀਂ ਕਰਦੀ ਤੇ ਕੰਪਨੀ ਦੀ ਇਸੇ ਲਾਪਰਵਾਹੀ ਦੀ ਨਤੀਜਾ ਉਸ ਨੂੰ ਭੁਗਤਣਾ ਪਿਆ। ਇਸੇ ਤਹਿਤ ਟੈਕਸੀ ਚਾਲਕ ਖ਼ਿਲਾਫ਼ ਕੇਸ ਦਰਜ ਹੋਇਆ ਸੀ।

# ਕੇਸਗੜ੍ਹ ਸਾਹਿਬ ਵਿਖੇ ਸਫਲ ਰਿਹਾ ਬੈਟਰੀ ਵਾਲੀਆਂ ਕਾਰਾਂ ਦਾ ਤਜਰਬਾ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼ਰਧਾਲੂਆਂ ਲਈ ਚਲਾਈਆਂ ਜਾ ਰਹੀਆਂ ਪ੍ਰਦੂਸ਼ਣ ਮੁਕਤ ਬੈਟਰੀ ਵਾਲੀਆਂ ਕਾਰਾਂ ਵਰਦਾਨ ਸਿੱਧ ਹੋ ਰਹੀਆਂ ਹਨ। ਵਿਦੇਸ਼ ਤੋਂ ਮੰਗਵਾਈਆਂ ਨਵੀਂ ਤਕਨੀਕ ਵਾਲੀਆਂ ਕਾਰਾਂ ਸ਼ਰਧਾਲੂਆਂ ਲਈ ਤਿੱਖੀ ਚੜ੍ਹਾਈ ਚੜ੍ਹਨ ਵਿਚ ਮਦਦਗਾਰ ਸਾਬਤ ਹੋ ਰਹੀਆਂ ਹਨ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜਾਣ ਵਾਲਾ ਚੜ੍ਹਾਈ ਵਾਲਾ ਰਸਤਾ ਆਮ ਵਾਹਨਾਂ ਲਈ ਬੰਦ ਕਰ ਦੇਣ ਕਾਰਨ ਸ਼ਰਧਾਲੂਆਂ ਨੂੰ ਦਿੱਕਤ ਆਉਂਦੀ ਸੀ। ਬਜ਼ੁਰਗ ਤੇ ਬਿਮਾਰ ਸ਼ਰਧਾਲੂ ਬਹੁਤ ਮੁਸ਼ਕਲ ਨਾਲ ਤਖ਼ਤ ਸਾਹਿਬ ਤੱਕ ਪੁੱਜਦੇ ਸਨ। ਇਸੇ ਸਮੱਸਿਆ ਦੇ ਹੱਲ ਲਈ ਕਮੇਟੀ ਨੇ ਵਿਸ਼ੇਸ਼ ਪਹਿਲਕਦਮੀ ਕਰਦੇ ਹੋਏ ਬੈਟਰੀ ਵਾਲੀਆਂ ਪ੍ਰਦੂਸ਼ਣ ਮੁਕਤ ਕਾਰਾਂ ਸ਼ੁਰੂ ਕੀਤੀਆਂ ਸਨ। ਕੁਝ ਸਮੇਂ ਬਾਅਦ ਇਹ ਕਾਰਾਂ ਖ਼ਰਾਬ ਹੋ ਗਈਆਂ, ਜਿਸ ਤੋਂ ਬਾਅਦ ਕਾਫੀ ਸਮੇਂ ਤੱਕ ਇਹ ਸਹੂਲਤ ਬੰਦ ਵੀ ਰਹੀ। ਬਾਅਦ ਵਿਚ ਨੀਲਧਾਰੀ ਸੰਪਰਦਾ ਵਾਲੇ ਮਹਾਂਪੁਰਸ਼ਾਂ ਵੱਲੋਂ ਤਖ਼ਤ ਸਾਹਿਬ ਵਿਖੇ ਇਸ ਸਹੂਲਤ ਨੂੰ ਜਾਰੀ ਰੱਖਣ ਲਈ ਵਿਦੇਸ਼ ਤੋਂ ਵਿਸ਼ੇਸ਼ ਤੌਰ 'ਤੇ ਤਿਆਰ ਇਹ ਕਾਰਾਂ ਭੇਜੀਆਂ ਗਈਆਂ, ਜੋ ਕਈ ਮਹੀਨਿਆਂ ਤੋਂ ਸਫਲਤਾਪੂਰਵਕ ਚੱਲ ਰਹੀਆਂ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਤਕਰੀਬਨ 7-7 ਲੱਖ ਰੁਪਏ ਦੀ ਕੀਮਤ ਵਾਲੀਆਂ ਤਿੰਨ ਕਾਰਾਂ ਲਿਆਂਦੀਆਂ ਗਈਆਂ ਹਨ। ਇਨ੍ਹਾਂ ਵਿਚੋਂ ਦੋ ਕਾਰਾਂ ਫਿਲਹਾਲ ਸ਼ਰਧਾਲੂਆਂ ਲਈ ਚਲਾਈਆਂ ਜਾ ਰਹੀਆਂ ਹਨ ਜਦਕਿ ਇਕ ਕਾਰ ਨੂੰ ਰਾਖਵੇਂ ਪ੍ਰਬੰਧ ਵਜੋਂ ਰੱਖਿਆ ਗਿਆ ਹੈ।

## ਤੇਲੰਗਾਨਾ ਦੇ ਸਿੱਖਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਚਾਰਾਜੋਈ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤੇਲੰਗਾਨਾ ਵਿਚ ਰਹਿੰਦੇ ਘੁਮੰਤਰੂ, ਵਣਜਾਰਾ, ਲੁਬਾਣਾ ਤੇ ਸਿਕਲੀਗਰ ਸਮਾਜ ਦੇ ਸਿੱਖਾਂ ਨੂੰ ਬੁਨਿਆਦੀ ਧਾਰਮਿਕ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਕਮੇਟੀ ਦੇ ਸੀਨੀਅਰ ਮੈਂਬਰ ਇੰਦਰਜੀਤ ਸਿੰਘ ਮੌਂਟੀ ਤੇ ਕਮੇਟੀ ਦੇ ਘੁੰਮਤਰੂ ਸਿੱਖ ਸਮਾਜ ਸੈੱਲ ਦੇ ਕੋਆਰਡੀਨੇਟਰ ਬਬੇਕ ਸਿੰਘ ਵੱਲੋਂ ਇਕ ਹਫਤੇ ਦੀ ਤੇਲੰਗਾਨਾ ਫੇਰੀ ਤੋਂ ਬਾਅਦ ਕਮੇਟੀ ਨੂੰ ਕੀਤੀ ਗਈ ਸਿਫ਼ਾਰਸ਼ ਦੇ ਅਧਾਰ 'ਤੇ ਉਕਤ ਫੈਸਲਾ ਲਿਆ ਗਿਆ ਹੈ।

ਵਫ਼ਦ ਨੇ ਹੈਦਰਾਬਾਦ, ਮਰਿਆਲਗੁਡਾ, ਨਾਗਾਅਰਜੁਨ ਸਾਗਰ, ਸੂਰਿਆਪੇਟ, ਐਲਨਪੇਟ, ਗੁਰੂਟਾਂਡਾ, ਕਰੀਮ ਨਗਰ, ਵਰੰਗਲ, ਸੁਭਾਸ਼ ਨਗਰ, ਕੁੱਕਟਪੱਲੀ ਤੇ ਸਿੱਖ ਛਾਉਣੀ ਵਿਖੇ ਰਹਿੰਦੇ ਸਿੱਖ ਸਮਾਜ ਦੇ ਲੋਕਾਂ ਤੇ ਉਨ੍ਹਾਂ ਦੇ ਗੁਰਧਾਮਾਂ ਦੀਆਂ ਬੁਨੀਆਦੀ ਪ੍ਰੇਸ਼ਾਨੀਆਂ ਦੀ ਜਾਣਕਾਰੀ ਪ੍ਰਾਪਤ ਕੀਤੀ। ਇਨ੍ਹਾਂ ਦੇ ਹੱਲ ਲਈ ਕਰੀਮ ਨਗਰ ਦੇ ਮੇਅਰ ਰਵਿੰਦਰ ਸਿੰਘ ਤੱਕ ਪਹੁੰਚ ਕਰਕੇ ਬਿਜਲੀ ਤੇ ਪਾਣੀ ਦੀ ਘਾਟ ਨੂੰ ਦੂਰ ਕਰਨ ਵਾਸਤੇ ਬੇਨਤੀ ਕੀਤੀ ਗਈ। ਮੇਅਰ ਨੇ ਗੁਰਧਾਮਾਂ ਵਿਚ ਬਿਜਲੀ ਤੇ ਪਾਣੀ ਦੀ ਘਾਟ ਨੂੰ ਦੂਰ ਕਰਨ ਦਾ ਭਰੋਸਾ ਦਿੱਤਾ।

# ਹੋਂਦ ਚਿੱਲੜ: ਕਿਸੇ ਵੀ ਦੋਸ਼ੀ ਦੀ ਨਿਸ਼ਾਨਦੇਹੀ ਨਾ ਕਰ ਸਕਿਆ ਕਮਿਸ਼ਨ

**ਚੰਡੀਗੜ੍ਹ:** ਹੋਂਦ ਚਿੱਲੜ ਪਿੰਡ ਵਿਚ ਮਾਰੇ ਗਏ 32 ਸਿੱਖਾਂ ਦੇ ਮਾਮਲੇ ਦੀ ਜਾਂਚ ਲਈ ਕਾਇਮ ਕੀਤੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ. ਗਰਗ ਆਪਣੀ ਚਾਰ ਸਾਲਾਂ ਦੀ ਜਾਂਚ ਵਿਚ ਕਿਸੇ ਦੋਸ਼ੀ ਦੀ ਨਿਸ਼ਾਨਦੇਹੀ ਨਹੀਂ ਕਰ ਸਕੇ। ਉਨ੍ਹਾਂ ਆਪਣੀ ਰਿਪੋਰਟ ਵਿਚ ਸਿਰਫ਼ ਦੋ ਪੁਲਿਸ ਮੁਲਾਜ਼ਮਾਂ ਦੀ ਭੂਮਿਕਾ ਦੀ ਸਖਤ ਨਿਖੇਧੀ ਕਰਨ ਤੋਂ ਇਲਾਵਾ ਕਿਸੇ ਨੂੰ ਸਜ਼ਾ ਦੇਣ ਦੀ ਸਿਫਾਰਸ਼ ਨਹੀਂ ਕੀਤੀ।

ਹੋਂਦ ਚਿੱਲੜ ਪਿੰਡ ਵਿਚ ਨਵੰਬਰ 1984 ਵਿਚ ਮਾਰੇ ਗਏ 32 ਸਿੱਖਾਂ ਦੇ ਮਾਮਲੇ ਦੀ ਜਾਂਚ ਲਈ ਮਾਰਚ 2011 ਵਿਚ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਸੇਵਾਮੁਕਤ ਜੱਜ ਗਰਗ ਦੀ ਅਗਵਾਈ ਹੇਠ ਇਕ ਮੈਂਬਰੀ ਕਮਿਸ਼ਨ ਕਾਇਮ ਕੀਤਾ ਸੀ ਤੇ ਬਾਅਦ ਵਿਚ ਕਮਿਸ਼ਨ ਨੂੰ ਗੁੜਗਾਉਂ ਸ਼ਹਿਰ ਤੇ ਪਟੌਦੀ ਕਸਬੇ ਦੇ ਮਾਮਲੇ ਵੀ ਸੌਂਪ ਦਿੱਤੇ ਸਨ। ਕਮਿਸ਼ਨ ਨੇ ਹੋਂਦ ਚਿੱਲੜ ਕਾਂਡ ਬਾਰੇ ਆਪਣੀ ਰਿਪੋਰਟ ਇਸ ਸਾਲ ਮਾਰਚ ਮਹੀਨੇ ਹਰਿਆਣਾ ਸਰਕਾਰ ਨੂੰ ਸੌਂਪ ਦਿੱਤੀ ਸੀ। ਸਰਕਾਰ ਨੇ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕੀਤੀ ਹੈ।

ਕਮਿਸ਼ਨ ਦੇ ਜੱਜ ਨੇ ਰਿਪੋਰਟ ਵਿਚ ਦੱਸਿਆ ਕਿ ਮਾਰੇ ਗਏ 32 ਸਿੱਖਾਂ ਵਿਚੋਂ ਸਿਰਫ਼ ਛੇ ਦੀਆਂ




ਸੜੀਆਂ ਲਾਸ਼ਾਂ ਦਾ ਹੀ ਪੋਸਟਮਾਰਟਮ ਕਰਵਾਇਆ ਗਿਆ ਤੇ ਪੰਜ ਸਾਲ ਬੀਤਣ ਮਗਰੋਂ ਪੁਲਿਸ ਨੇ ਕੇਸ ਨੂੰ ਅਣਟਰੇਸ ਕਰਾਰ ਦੇ ਕੇ ਬੰਦ ਕਰ ਦਿੱਤਾ। ਕਾਤਲਾਂ ਦਾ ਪਤਾ ਲਾਉਣ ਲਈ 42 ਵਿਅਕਤੀਆਂ ਦੀ ਪੁੱਛ ਪੜਤਾਲ ਕੀਤੀ ਗਈ ਪਰ ਇਸ ਵਿਚੋਂ ਵੀ ਕੁਝ ਨਹੀਂ ਨਿਕਲਿਆ। ਪੁਲਿਸ ਦੇ ਐਸ.ਆਈ. ਰਾਮ ਕਿਸ਼ੋਰ ਤੇ ਡੀ.ਐਸ.ਪੀ. ਰਾਮ ਭੱਜ ਦੀ ਭੂਮਿਕਾ ਦੀ ਸਖਤ ਨਿਖੇਧੀ ਕੀਤੀ ਗਈ ਹੈ ਪਰ ਉਨ੍ਹਾਂ ਨੂੰ ਕੋਈ ਸਜ਼ਾ ਦੇਣ ਦੀ ਸਿਫਾਰਸ਼ ਨਹੀਂ ਕੀਤੀ ਗਈ ਤੇ ਨਾ ਜ਼ਿਲ੍ਹਾ ਪੁਲਿਸ ਮੁਖੀ ਤੇ ਡਿਪਟੀ ਕਮਿਸ਼ਨਰ ਖ਼ਿਲਾਫ਼ ਕੋਈ ਟਿੱਪਣੀ ਕੀਤੀ ਗਈ ਹੈ। ਜੱਜ ਨੇ ਸਿਫਾਰਸ਼ ਕੀਤੀ ਹੈ ਕਿ ਅਜਿਹੀ ਪੁਲਿਸ ਫੋਰਸ ਬਣਾਉਣੀ ਚਾਹੀਦੀ ਹੈ ਜੋ ਸਿਆਸੀ ਦਬਾਅ ਤੋਂ ਮੁਕਤ ਹੋਵੇ।

### ਕਮਿਸ਼ਨ ਦੀ ਮੁਆਵਜ਼ੇ ਬਾਰੇ ਸਿਫਾਰਸ਼

ਕਮਿਸ਼ਨ ਨੇ ਫੈਸਲਾ ਦਿੱਤਾ ਹੈ ਕਿ 31 ਸਿੱਖਾਂ ਦੇ ਵਾਰਸ ਜਿਨ੍ਹਾਂ ਨੂੰ ਪਹਿਲਾਂ ਸੱਤ-ਸੱਤ ਲੱਖ ਰੁਪਏ ਮਿਲ ਚੁੱਕੇ ਹਨ, ਨੂੰ ਵੀਹ-ਵੀਹ ਲੱਖ ਰੁਪਏ ਹੋਰ ਦੇਣੇ ਚਾਹੀਦੇ ਹਨ। ਗੁਰਦਾਸਪੁਰ ਜ਼ਿਲ੍ਹੇ ਦੇ ਫੌਜੀ ਇੰਦਰਜੀਤ ਸਿੰਘ ਦੀ ਪਤਨੀ ਕੰਵਲਜੀਤ ਕੌਰ ਨੂੰ 25 ਲੱਖ ਰੁਪਏ ਦਿੱਤੇ ਜਾਣ। ਇਕ ਹੋਰ ਵਿਅਕਤੀ ਜਿਹੜਾ ਸਿਰ ਵਿਚ ਸੱਟਾਂ ਮਾਰੇ ਜਾਣ ਕਰਕੇ 90 ਫੀਸਦੀ ਅਪਾਹਜ ਹੋ ਗਿਆ ਸੀ, ਉਸ ਨੂੰ 50 ਲੱਖ ਰੁਪਏ ਦਿੱਤੇ ਜਾਣ।

ਪਟੀਸ਼ਨਰਾਂ ਨੇ ਪੰਜਾਹ ਲੱਖ ਤੋਂ ਇਕ ਕਰੋੜ ਦੇਣ ਦੀ ਮੰਗ ਕੀਤੀ ਸੀ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਤੇ 36 ਪਟੀਸ਼ਨਰਾਂ ਨੂੰ ਜਾਇਦਾਦ ਦੇ ਨੁਕਸਾਨ ਬਦਲੇ ਪੰਜ-ਪੰਜ ਲੱਖ ਰੁਪਏ ਦੇਣ ਦੀ ਸਿਫਾਰਸ਼ ਕੀਤੀ ਹੈ। ਜ਼ਖ਼ਮੀ ਹੋਏ ਪਟੀਸ਼ਨਰਾਂ ਵਿਚੋਂ ਪੰਜ ਨੂੰ ਇਕ-ਇਕ ਲੱਖ ਰੁਪਏ ਦੇਣ ਦੀ ਸਿਫਾਰਸ਼ ਕੀਤੀ ਹੈ। ਇਨ੍ਹਾਂ ਵਿਚ ਸਰੂਪ ਸਿੰਘ, ਮਾਲਨ ਬਾਈ, ਮਹਿੰਦਰ ਕੌਰ, ਸੁੰਦਰ ਸਿੰਘ ਤੇ ਬੇਸਰ ਬਾਈ ਸ਼ਾਮਲ ਹਨ।

# ਐਵੇਂ ਬੋਕ ਦੇ ਸਿੰਗਾਂ ਨੂੰ ਹੱਥ ਲਾ ਕੇ...




ਐਸ. ਅਸ਼ੋਕ ਭੌਰਾ
ਫੋਨ: 510-415-3315

ਕਈ ਗਲੀਆਂ ਵੇਖਣ ਨੂੰ ਤਾਂ ਸੁੰਨੀਆਂ ਲੱਗਦੀਆਂ ਨੇ ਪਰ ਰੌਲੇ ਗੌਲੇ ਦੀਆਂ ਆਵਾਜ਼ਾਂ ਅਕਸਰ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਨੇ, ਕਿਉਂਕਿ ਇਹ ਜ਼ਰੂਰੀ ਨਹੀਂ ਜਦੋਂ ਬੁੱਲ੍ਹ ਚੁੱਪ ਹੋਣ ਤਾਂ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ?

ਮੈਂ ਜ਼ਿੰਦਗੀ ਵਿਚ ਕਈ ਉਹ ਕੰਮ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ, ਜਿਨ੍ਹਾਂ ਦੇ ਮੈਂ ਹਾਣ ਦਾ ਨਹੀਂ ਸੀ। ਅੱਡੀਆਂ ਚੁੱਕ ਕੇ ਫਾਹਾ ਮੈਂ ਬਹੁਤ ਥਾਂ ਲੈਂਦਾ ਰਿਹਾ ਹਾਂ, ਇਹ ਸੋਚ ਕੇ ਕਿ ਜੇ ਹਾਰ ਗਿਆ ਤਾਂ ਲੋਕਾਂ ਨੇ ਇਕੋ ਗੱਲ ਕਹਿਣੀ ਹੈ ਕਿ ਚੱਲ ਨਿਆਣਾ ਸੀ ਤੇ ਜੇ ਜਿੱਤ ਗਿਆ ਤਾਂ ਕਹਿਣਗੇ ਕਿ ਵੇਖ ਲਓ ਮੁੰਡੇ ਨੇ ਛੋਟੀ ਉਮਰੇ ਕਿੰਨੇ ਵੱਡੇ ਕੰਮ ਕਰ ਦਿੱਤੇ। ਸੱਚ ਇਹ ਹੈ ਕਿ ਮੈਂ ਕਈ ਉਨ੍ਹਾਂ ਲਾਰੀਆਂ ਵਿਚ ਚੜ੍ਹਦਾ ਰਿਹਾ ਹਾਂ ਜਿਨ੍ਹਾਂ ਦੇ ਅੱਗੇ ਸਾਈਨ ਬੋਰਡ ਵੀ ਨਹੀਂ ਲੱਗਾ ਹੁੰਦਾ ਸੀ ਕਿ ਉਹ ਜਾਣੀਆਂ ਕਿਥੇ ਹਨ?

ਪੰਜ ਕੁ ਸਾਲ ਜਦੋਂ ਸ਼ੌਂਕੀ ਮੇਲੇ ਦੀ ਸ਼ਿਖਰ ਨੇ ਪੰਜਾਬ ਦੇ ਗਾਇਕੀ ਹਲਕਿਆਂ 'ਚ ਉਥਲ-ਪੁਥਲ ਕੀਤੀ ਤਾਂ ਮੇਰਾ ਉਤਸ਼ਾਹ ਵੀ ਵੱਧ ਗਿਆ। ਸੀ ਤਾਂ ਮੈਂ ਅਧਿਆਪਕ ਹੀ ਪਰ ਹਾਲਾਤ ਨੇ ਹੱਥ ਅਫਸਰਾਂ ਨਾਲ ਜੋੜਨ ਦੇ ਸਮਰੱਥ ਬਣਾ ਦਿੱਤਾ। 1994 ਵਿਚ ਜਦੋਂ ਪੰਜਾਬੀਆਂ ਨੂੰ ਲੱਗਾ ਕਿ ਸ਼ੌਂਕੀ ਮੇਲੇ ਤੋਂ ਵੱਡਾ ਕੋਈ ਹੋਰ ਮੇਲਾ ਨਹੀਂ ਹੋ ਸਕਦਾ ਤਾਂ ਭਰੇ ਮੇਲੇ ਵਿਚ ਮੈਂ ਇਹ ਐਲਾਨ ਕਰ ਬੈਠਾ ਕਿ 'ਅਗਲੇ ਵਰ੍ਹੇ ਅਸੀਂ ਲਹਿੰਦੇ ਪੰਜਾਬ ਦੇ ਗਾਇਕਾਂ ਨੂੰ ਵੀ ਇਸ ਮੇਲੇ ਵਿਚ ਸ਼ਾਮਿਲ ਕਰਾਂਗੇ ਇਹ ਮੇਰਾ ਵਾਅਦਾ ਹੈ।' ਕਹਿ ਤਾਂ ਮੈਂ ਬੈਠਾ ਪਰ ਮੇਰੀ ਸਥਿਤੀ ਉਹ ਬਣ ਗਈ ਜਿਵੇਂ ਕਿਸੇ ਦਾ ਕੰਨ ਵਿੰਨ੍ਹਣ ਤੋਂ ਪਹਿਲਾਂ ਨੱਥ ਪਾ ਦਿੱਤੀ ਗਈ ਹੋਵੇ।

ਉਨ੍ਹਾਂ ਦਿਨਾਂ ਵਿਚ ਲਹਿੰਦੇ ਪੰਜਾਬ ਦੀ ਪੰਜਾਬੀ ਗਾਇਕੀ ਦੇ ਤਿੰਨ ਨਾਂ ਬੜੇ ਵੱਡੇ ਸਨ। ਇਹ ਗਾਇਕੀ ਦੀ ਆਪੋ ਆਪਣੀ ਸਿਨਫ ਵਿਚ ਮੁਕੰਮਲ ਵੀ ਸਨ-ਨੁਸਰਤ ਫਤਿਹ ਅਲੀ ਖਾਨ, ਅਕਰਮ ਰਾਹੀ ਅਤੇ ਆਰਿਫ ਲੋਹਾਰ। ਆਰਿਫ ਲੋਹਾਰ ਨੂੰ ਮੈਂ ਸ਼ੌਂਕੀ ਮੇਲੇ ਵਿਚ ਇਸ ਕਰਕੇ ਸ਼ਾਮਿਲ ਕਰਨਾ ਚਾਹੁੰਦਾ ਸੀ ਕਿ ਕਿਸੇ ਵੇਲੇ ਮੇਰੇ ਯਾਰ ਕੁਲਦੀਪ ਮਾਣਕ ਨਾਲ ਉਹਦੇ ਬਾਪੂ ਆਲਮ ਲੋਹਾਰ ਦਾ ਲੰਡਨ ਵਿਚ ਸਿਤਮੰਦ ਸੰਗੀਤਕ ਭੇੜ ਹੋਇਆ ਸੀ, ਅਕਰਮ ਰਾਹੀ ਉਨ੍ਹਾਂ ਦਿਨਾਂ ਵਿਚ 'ਲੁਕ ਲੁਕ ਦੁਨੀਆਂ ਤੋਂ ਅਸੀਂ ਰੋਂਦੇ ਰਹੇ' ਅਤੇ 'ਤੇਰੀ ਗਲੀ ਵਿਚੋਂ ਲੰਘੇਗਾ ਜਨਾਜਾ ਜਦੋਂ ਮੇਰਾ, ਤੇਰੇ ਦਿਲ ਦੇ ਮੁਹੱਲੇ ਵਿਚ ਵੈਣ ਪੈਣਗੇ' ਆਦਿ ਗੀਤਾਂ ਨਾਲ ਮੁੰਡਿਆਂ-ਕੁੜੀਆਂ ਵਿਚ ਪੂਰੀ ਪੈਂਠ ਬਣਾਈ ਬੈਠਾ ਸੀ ਤੇ ਨੁਸਰਤ ਸਾਹਿਬ ਤਾਂ ਆਪਣੇ ਆਪ ਵਿਚ ਹੀ ਸੰਗੀਤ ਦਾ ਇਕ ਨਾ ਬੁਝਣ ਵਾਲਾ ਚਿਰਾਗ ਸਨ। ਕਾਨਾਫੂਸੀ ਇਹ ਹੋ ਰਹੀ ਸੀ, ਸਰਦੂਲ ਕਹਿਣ ਲੱਗਾ, ਜੇ ਤੂੰ ਇਨ੍ਹਾਂ ਤਿੰਨਾਂ ਨੂੰ ਸ਼ੌਂਕੀ ਮੇਲੇ ਵਿਚ ਸ਼ਾਮਿਲ ਕਰ ਲਵੇਂ, ਤਦ ਇਨ੍ਹਾਂ ਤੋਂ ਵੀ ਵੱਡਾ ਸਤਿਕਾਰ ਪੰਜਾਬ ਦੇ ਲੋਕ ਤੈਨੂੰ ਦੇਣਗੇ। ਜੱਸੋਵਾਲ ਕਹਿਣ ਲੱਗਾ ਗੁਰਦਾਸ ਮਾਨ ਆਪੇ ਨੱਠਾ ਆਉਂਦਾ ਵੇਖੀਂ। ਤੇ ਢਾਡੀ ਦਇਆ ਸਿੰਘ ਦਿਲਬਰ ਨੇ ਕਿਹਾ ਸੀ, ਅਸ਼ੋਕ ਤੇਰੀ ਸੋਚ ਤੋਂ ਲੋਕ ਤਾਂ ਬਲਿਹਾਰੇ ਜਾਣਗੇ ਹੀ ਸਗੋਂ ਇਹ ਵੀ ਕਹਿਣਗੇ, ਢਾਡੀਆਂ ਬਾਰੇ ਲਿਖਣ ਵਾਲੇ ਮੁੰਡੇ ਨੇ ਆਹ ਵੀ ਕਮਾਲ ਕਰ ਦਿੱਤੀ।

ਉਮਰ ਮੇਰੀ ਸਿਰਫ 30 ਵਰ੍ਹੇ, ਹੁਸ਼ਿਆਰਪੁਰ ਦਾ ਤਤਕਾਲੀ ਡਿਪਟੀ ਕਮਿਸ਼ਨਰ ਸੀ ਰਾਊਲ, ਕਮਿਸ਼ਨਰ ਜਲੰਧਰ ਡਿਵੀਜ਼ਨ ਆਰ ਪੀ ਐਫ ਪਵਾਰ, ਐਸ ਡੀ ਐਮ ਗੜ੍ਹਸ਼ੰਕਰ ਸਤਵੰਤ ਸਿੰਘ ਜੌਹਲ-ਤਿੰਨੇ ਹੀ ਅਫਸਰ ਮੇਰੇ ਨੇੜਲੇ ਸੰਪਰਕ ਵਿਚ ਸਨ। '94 ਦੇ ਸ਼ੌਂਕੀ ਮੇਲੇ 'ਤੇ ਡਿਪਟੀ ਕਮਿਸ਼ਨਰ ਵਲੋਂ ਮੇਲੇ ਵਾਲੇ ਦਿਨ 29 ਜਨਵਰੀ ਨੂੰ ਪੂਰੇ ਜ਼ਿਲ੍ਹੇ ਵਿਚ ਛੁੱਟੀ ਦਾ ਐਲਾਨ ਕੀਤਾ ਗਿਆ ਸੀ। ਮੇਲਾ ਵੇਖ ਕੇ ਇਕ ਉੜੀਸਾ ਵਿਚ ਜੰਮੇ ਪਲੇ ਇਸ ਅਧਿਕਾਰੀ ਦਾ ਮੇਰੇ ਪ੍ਰਤੀ ਪੂਰਾ ਵਿਸ਼ਵਾਸ ਬਣਿਆ ਹੋਇਆ ਸੀ। ਦੋ ਦਸੰਬਰ ਨੂੰ ਮੈਂ ਡੀ ਸੀ ਰਾਊਲ ਦੇ ਘਰ ਗਿਆ ਤੇ ਦੱਸਿਆ ਕਿ ਇਸ ਵਾਰ ਸ਼ੌਂਕੀ ਮੇਲੇ 'ਤੇ ਨੁਸਰਤ ਫਤਿਹ ਅਲੀ ਖਾਨ, ਅਕਰਮ ਰਾਹੀ ਅਤੇ ਆਰਿਫ ਲੋਹਾਰ ਨੂੰ ਬੁਲਾਉਣ ਦਾ ਮੇਰਾ ਇਰਾਦਾ ਹੈ। ਕਮਾਲ ਦੇਖੋ ਕਿ ਇਸ ਅਧਿਕਾਰੀ ਨੇ ਕੁਝ ਵੀ ਟਾਲਾ ਵੱਟਣ ਨਾਲੋਂ ਕਿਹਾ ਕਿ ਅਸ਼ੋਕ ਦੱਸ ਮੈਨੂੰ ਕਿ ਮੈਂ ਕੀ ਕਰ ਸਕਦਾ ਹਾਂ? ਮੇਰੀ ਬੇਨਤੀ 'ਤੇ ਉਸ ਨੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਦਿੱਲੀ ਵਿਚ ਮੈਨੂੰ ਵੀਜ਼ਾ ਦੇਣ ਲਈ ਦਫਤਰੀ ਖਤੋ-ਖਿਤਾਬਤ ਕਰ ਦਿੱਤੀ। ਦਿਲਚਸਪ ਗੱਲ ਇਹ ਕਿ ਇਸ ਨੇਕ ਦਿਲ ਅਧਿਕਾਰੀ ਨੂੰ ਇਹ ਵੀ ਇਲਮ ਨਹੀਂ ਸੀ ਕਿ ਏਦਾਂ ਕਰਨਾ ਸਿਰਫ ਵਿਦੇਸ਼ ਮੰਤਰਾਲੇ ਦੇ ਅਧਿਕਾਰ ਵਿਚ ਹੈ, ਉਹਦੇ ਅਧਿਕਾਰ ਖੇਤਰ ਵਿਚ ਨਹੀਂ।

ਏਥੇ ਮੈਂ ਇਕ ਹੋਰ ਜ਼ਿਕਰ ਕਰਨਾ ਵੀ ਚਾਹਾਂਗਾ ਕਿ ਪਾਕਿਸਤਾਨ ਤਾਂ ਮੈਂ ਇਸ ਤੋਂ ਪਹਿਲਾਂ ਜਾ ਆਇਆ ਸਾਂ ਪਰ 1994 ਦੇ ਇਹ ਦਿਨ ਅਤਿ ਦੀ ਖਿੱਚੋਤਾਣ ਵਾਲੇ ਸਨ। ਇਸ ਖਤ ਵਿਚ ਸ਼ੌਂਕੀ ਟਰੱਸਟ ਦਾ ਘੱਟ ਤੇ ਲੋਕ ਸਭਿਆਚਾਰ ਦਾ ਜ਼ਿਕਰ ਇਸ ਕਰਕੇ ਮੈਂ ਵੱਧ ਕਰ ਦਿੱਤਾ ਸੀ ਕਿ ਮੈਨੂੰ ਪਤਾ ਸੀ ਕਿ ਮੇਲਾ ਆਉਣ ਵਾਲੇ ਸਮੇਂ ਵਿਚ ਧੜੇਬੰਦੀ ਦਾ ਸ਼ਿਕਾਰ ਹੋਵੇਗਾ। ਇਹਦੇ ਲਈ ਸ਼ੌਂਕੀ ਦਾ ਪਰਿਵਾਰ ਤੇ ਖਾਸ ਕਰ ਉਹਦੇ ਛੋਟੇ ਪੁੱਤਰ ਦੀ ਬੇਲੋੜੀ ਦਖਲ ਅੰਦਾਜ਼ੀ ਜਿੰਮੇਵਾਰ ਸੀ।

ਮੈਨੂੰ ਚਾਅ ਸੀ ਇਸ ਵਾਰ 'ਕੱਲ੍ਹਾ ਪਾਕਿਸਤਾਨ ਜਾਵਾਂਗਾ ਤੇ ਮਨਮਰਜ਼ੀ ਨਾਲ ਗਾਇਕਾਂ ਅਤੇ ਹੋਰ ਕਲਾਕਾਰਾਂ ਨੂੰ ਮਿਲਾਂਗਾ। ਵਿਚਾਲਾ ਭੇਦ ਇਹ ਸੀ ਕਿ ਪਾਕਿਸਤਾਨ ਹਾਈ ਕਮਿਸ਼ਨਰ ਵਲੋਂ ਡਿਪਟੀ ਕਮਿਸ਼ਨਰ ਨੂੰ ਇਹ ਜਵਾਬ ਭੇਜਿਆ ਗਿਆ ਸੀ ਕਿ ਅਸ਼ੋਕ ਭੌਰਾ ਨੂੰ ਜਿਸ ਕਾਰਜ ਲਈ ਤੁਸੀਂ ਪਾਕਿਸਤਾਨ ਭੇਜਣਾ ਚਾਹੁੰਦੇ ਹੋ, ਉਹਦੇ ਪ੍ਰਤੀ ਭਾਰਤ ਸਰਕਾਰ ਸਾਡੀ ਸਰਕਾਰ ਨੂੰ ਲਿਖੇ ਤੇ ਉਥੋਂ ਮਨਜ਼ੂਰ ਹੋਣ ਪਿਛੋਂ ਵੀਜ਼ਾ ਦਿੱਤਾ ਜਾ ਸਕਦਾ ਹੈ। ਅੱਜ 21 ਸਾਲ ਬਾਅਦ ਇਹ ਖੁਲਾਸਾ ਕਰਦਿਆਂ ਆਪਣਾ ਢਿੱਡ ਤਾਂ ਨੰਗਾ ਕਰਨ ਲੱਗਿਆ ਹਾਂ ਕਿ ਮੁਕਲਾਵੇ ਵਰਗੇ ਇਸ ਚਾਅ ਨੇ ਜਿਹੜੇ ਗੱਡੀ ਚੜ੍ਹਦੇ ਦੇ ਮੇਰੇ ਗੋਡੇ ਭੰਨ੍ਹੇ ਸਨ, ਉਹਦੇ ਬਾਰੇ ਆਮ ਲੋਕਾਂ ਨੂੰ ਸ਼ਾਇਦ ਅਜੇ ਤੱਕ ਕੁਝ ਪਤਾ ਨਾ ਹੋਵੇ। ਇਥੋਂ ਤੱਕ ਸਾਡੇ ਟਰੱਸਟ ਵਿਚ ਵੀ ਇਹਦੇ ਬਾਰੇ ਕਿਸੇ ਨੂੰ ਸੂਹ ਤੱਕ ਨਹੀਂ ਸੀ।

ਹਾਲਾਂਕਿ ਮੈਂ ਬਹੁਤ ਸਾਰੇ ਦੇਸ਼ਾਂ ਵਿਚ ਉਦੋਂ ਤੱਕ ਜਾ ਚੁੱਕਾ ਸੀ ਤੇ ਪਾਕਿਸਤਾਨ ਹਾਈ ਕਮਿਸ਼ਨਰ ਦੀ ਇਸ ਇਬਾਰਤ ਵਾਲੀ ਚਿੱਠੀ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਸੀ ਪਰ ਫਿਰ ਵੀ ਆਪਣੀ ਫਾਈਲ ਅਤੇ ਪਾਸਪੋਰਟ ਲੈ ਕੇ ਉਸੇ ਹੀ ਚਿੱਠੀ ਨੂੰ ਨਾਲ ਲਾਇਆ ਤੇ ਦਿੱਲੀ ਆਪਣੇ ਇਕ ਮਿੱਤਰ ਇੰਦਰਜੀਤ ਨੂੰ ਨਾਲ ਲੈ ਕੇ ਵੀਜ਼ਾ ਕਤਾਰ ਵਿਚ ਜਾ ਲੱਗਾ।

ਕੋਈ ਤਿੰਨ ਕੁ ਘੰਟੇ ਬਾਅਦ ਮੀਡੀਏ ਨਾਲ ਸਬੰਧਿਤ ਹੋਣ ਕਰਕੇ ਮੈਨੂੰ ਪ੍ਰੈਸ ਅਟੈਚੀ ਦੇ ਦਫਤਰ ਵਿਚ ਬੁਲਾਇਆ ਗਿਆ। ਇਕ ਘੰਟੇ ਦੀ ਇੰਟਰਵਿਊ ਦੌਰਾਨ ਕਈ ਵਾਰ ਮੇਰਾ ਉਤਲਾ ਸਾਹ ਥੱਲੇ ਇਸ ਕਰਕੇ ਨਾ ਆਇਆ ਕਿ ਅਫਸਰ ਦੇ ਸਵਾਲਾਂ ਦੀ ਬੁਛਾੜ ਦੱਸ ਰਹੀ ਸੀ ਕਿ ਮੇਰੀ ਸਥਿਤੀ ਉਸ ਸਹੇ ਵਰਗੀ ਬਣ ਗਈ ਹੈ ਜਿਸ ਨੂੰ ਚੌਹਾਂ ਪਾਸਿਆਂ ਤੋਂ ਸ਼ਿਕਾਰੀ ਕੁੱਤਿਆਂ ਨੇ ਘੇਰ ਲਿਆ ਹੋਵੇ। ਮੇਰੀ ਸਰਕਾਰੀ ਨੌਕਰੀ ਬਾਰੇ ਸਵਾਲ, ਮੇਰੇ ਮੇਲੇ ਬਾਰੇ ਵਿੰਗੇ ਟੇਡੇ ਪ੍ਰਸ਼ਨ, ਪਾਕਿਸਤਾਨ ਜਾਣ ਦਾ ਮਿਸ਼ਨ, ਖੁਫੀਆ ਏਜੰਸੀਆਂ ਨਾਲ ਸਬੰਧ, ਇਥੋਂ ਤੱਕ ਕਿ ਮੇਰੇ ਕੋਲੋਂ ਭਾਰਤ ਦੀ ਇਕ ਵੱਡੀ ਖੁਫੀਆ ਏਜੰਸੀ ਬਾਰੇ ਵੀ ਕਈ ਤਰ੍ਹਾਂ ਦੇ ਸਵਾਲ ਪੁੱਛੇ ਗਏ। ਹਾਲਾਤ ਇੰਦਾਂ ਦੇ ਬਣ ਗਏ ਕਿ ਲੱਗਦਾ ਸੀ ਕਿ ਇਹ ਅਧਿਕਾਰੀ ਮੈਨੂੰ ਬਿਲਕੁਲ ਹੀ ਸ਼ੱਕੀ ਸਮਝਣ ਲੱਗ ਪਿਆ ਸੀ। ਮੈਂ ਚਾਹੁੰਦਾ ਸੀ ਕਿ ਮੈਨੂੰ ਕਿਹੜੀ ਘੜੀ ਇਹ ਬਾਹਰ ਕੱਢੇ ਪਰ ਮੇਰੇ ਲਈ ਆਪਣੀ ਮਰਜ਼ੀ ਨਾਲ ਬਾਹਰ ਨਿਕਲਣਾ ਔਖਾ ਹੋ ਗਿਆ ਸੀ। ਮੇਰਾ ਉਸ ਵਕਤ ਦਾ ਅਨੁਭਵ ਸੀ ਕਿ ਹਾਈ ਕਮਿਸ਼ਨਰ ਸੋਚਣ ਲੱਗ ਪਿਆ ਕਿ ਜਵਾਬ ਦੇਣ ਦੇ ਬਾਵਜੂਦ ਵੀ ਇਹ ਬੰਦਾ ਵੀਜ਼ਾ ਲੈਣ ਲਈ ਕਿਉਂ ਆਇਆ ਹੈ? 'ਨਿੱਕੀ ਉਮਰ ਤੇ ਵੱਡੇ ਮਾਮਲੇ', ਮੈਂ ਦਰਜਨਾਂ ਦੇਸ਼ਾਂ ਦੇ ਦੂਤਘਰਾਂ 'ਚ ਇੰਟਰਵਿਊ ਦੇਣ ਲਈ ਜਾਂਦਾ ਰਿਹਾ ਹਾਂ ਪਰ ਇਕੋ ਹੀ ਹਾਈ ਕਮਿਸ਼ਨਰ ਸੀ ਜਿਥੇ ਮੈਨੂੰ ਦੋ ਵਾਰ ਘਬਰਾਏ ਹੋਏ ਨੂੰ ਮੰਗ ਕੇ ਪਾਣੀ ਪੀਣਾ ਪਿਆ ਸੀ। ਡਰਿਆ ਮੈਂ ਇਸ ਕਰਕੇ ਵੀ ਸਾਂ ਕਿ ਭਾਰਤ ਸਰਕਾਰ ਨੂੰ ਮੇਰੇ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ। ਖੈਰ! ਦਰਵਾਜ਼ਾ ਖੁੱਲ੍ਹਿਆ ਤੇ ਉਸ ਅਫਸਰ ਨੇ ਮੈਨੂੰ ਬਾਹਰ ਜਾਣ ਲੱਗਿਆਂ ਬੜੇ ਰੁੱਖੇ ਅੰਦਾਜ਼ ਵਿਚ ਕਿਹਾ ਕਿ ਐਵੇਂ ਮੂੰਹ ਚੁੱਕ ਕੇ ਪਾਕਿਸਤਾਨ ਦਾਖਲ ਹੋਣਾ ਸੁਖਾਲਾ ਨਹੀਂ। ਅਸੀਂ ਤੇਰੇ ਬਾਰੇ ਸਾਰੀ ਜਾਣਕਾਰੀ ਇਕੱਤਰ ਕਰਾਂਗੇ।

ਜਿਸ ਰਸਤੇ ਮੈਂ ਬਾਹਰ ਨਿਕਲਿਆ ਉਥੇ ਅਫਸਰੀ ਦਿੱਖ ਵਾਲੇ ਦੋ ਵਿਅਕਤੀ ਖੜੇ ਸਨ। ਉਨ੍ਹਾਂ ਵਿਚੋਂ ਇਕ ਦਾ ਪਹਿਲਾ ਸਵਾਲ ਸੀ, 'ਭੌਰਾ ਸਾਹਿਬ ਅਸੀਂ ਤੁਹਾਨੂੰ ਬਹੁਤ ਚਿਰ ਦੇ ਅਜੀਤ ਅਖਬਾਰ ਵਿਚ ਪੜ੍ਹ ਰਹੇ ਹਾਂ। ਕੀ ਅਸੀਂ ਇਥੇ ਤੁਹਾਡੀ ਵੀਜ਼ਾ ਲਗਵਾਉਣ ਵਿਚ ਕੋਈ ਮਦਦ ਕਰ ਸਕਦੇ ਹਾਂ' ਤੇ ਨਾਲ ਹੀ ਦੂਜਾ ਕਹਿਣ ਲੱਗਾ, ਮੈਨੂੰ ਲੱਗਦਾ ਹੈ ਕਿ ਤੁਹਾਨੂੰ ਵੀਜ਼ਾ ਨਹੀਂ ਮਿਲਿਆ ਹੋਣਾ। ਉਨ੍ਹਾਂ ਦਾ ਅੰਦਾਜ਼ ਪਾਕਿਸਤਾਨੀ ਲੱਗਦਾ ਸੀ ਪਰ ਉਹ ਆਪਣੇ ਆਪ ਨੂੰ ਇਹ ਦੱਸ ਰਹੇ ਸਨ ਕਿ ਅਸੀਂ ਭਾਰਤੀ ਵਿਦੇਸ਼ ਮੰਤਰਾਲੇ ਵਿਚ ਹਾਂ ਅਤੇ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਤਕਰੀਬਨ ਇਕ ਕਿਲੋਮੀਟਰ ਤੱਕ ਉਹ ਮੇਰੇ ਨਾਲ ਪੈਦਲ ਚੱਲ ਕੇ ਆਏ ਹੋਣਗੇ ਤੇ ਇਸ ਦੌਰਾਨ ਉਨ੍ਹਾਂ ਨੇ ਮੇਰੇ ਅੰਦਰੋਂ ਸਾਰੀ ਦੀ ਸਾਰੀ ਜਾਣਕਾਰੀ ਹਾਸਲ ਕਰ ਲਈ ਸੀ। ਉਹ ਪਿਛਾਂਹ ਮੁੜੇ ਤਾਂ ਮੇਰਾ ਦੋਸਤ ਇੰਦਰਜੀਤ ਮਿਲ ਗਿਆ। ਕਹਿਣ ਲੱਗਾ, ਮੈਂ ਪੂਰੇ ਤਿੰਨ ਘੰਟੇ ਤੋਂ ਇਥੇ ਬੈਠਾ ਹਾਂ ਤੇ ਘੱਟੋ ਘੱਟ 10 ਬੰਦੇ ਮੈਨੂੰ ਮੇਰੇ ਬਾਰੇ ਅਤੇ ਤੁਹਾਡੇ ਬਾਰੇ ਪੁੱਛ ਕੇ ਗਏ ਨੇ। ਮੈਨੂੰ ਲੱਗਣ ਲੱਗ ਪਿਆ ਕਿ ਇਹ ਸਾਰਾ ਖੁਫੀਆ ਤੰਤਰ ਮੇਰੇ ਦੁਆਲੇ ਉਣ ਦਿੱਤਾ ਗਿਆ ਹੈ। ਮਨ ਵਹਿਮਾਂ ਭਰਮਾਂ ਵਿਚ ਫਸ ਗਿਆ ਕਿ ਹੁਣ ਕੀ ਹੋਵੇਗਾ, ਹੁਣ ਕੀ ਹੋਵੇਗਾ? ਇਸੇ ਖਿੱਚੋਤਾਣ ਵਿਚ ਕਈ ਮਹੀਨੇ ਨਿਕਲ ਗਏ। ਫਿਰ ਮੈਨੂੰ ਇਕ ਉਚ ਪੁਲਿਸ ਅਧਿਕਾਰੀ ਦੇ ਦਫਤਰ ਵਿਚ ਬੁਲਾਇਆ ਗਿਆ। ਪਰ ਲਿਖਤੀ ਰੂਪ ਵਿਚ ਕੁਝ ਵੀ ਨਾ ਦਿੱਤਾ ਗਿਆ। ਮੈਨੂੰ ਉਸ ਪੁਲਿਸ ਅਧਿਕਾਰੀ ਦਾ ਸਭ ਤੋਂ ਪਹਿਲਾ ਸਵਾਲ ਕਦੇ ਵੀ ਨਹੀਂ ਭੁੱਲੇਗਾ, 'ਤੂੰ ਹੈਂ ਕੀ ਆ ਓਏ, ਤੂੰ ਪਾਕਿਸਤਾਨ ਛੁਣਛੁਣਾ ਫੜਨ ਜਾਣਾ ਸੀ।' ਸਮਾਂ ਬੀਤਣ ਕਰਕੇ ਇਹ ਏਦਾਂ ਲੱਗਿਆ ਜਿਵੇਂ ਜੰਗਾਲ ਖਾਧੀ ਬੰਦੂਕ ਵਿਚੋਂ ਬੜੀ ਤੇਜ਼ੀ ਨਾਲ ਗੋਲੀ ਨਿਕਲੀ ਹੋਵੇ। ਮੇਰਾ ਉਤਰ ਸੁਣੇ ਬਿਨਾਂ ਹੀ ਉਸ ਦਾ ਅਗਲਾ ਸਵਾਲ ਸੀ, 'ਸਰਕਾਰੀ ਨੌਕਰੀ ਕਰਦੈਂ ਤੇ ਸਰਕਾਰ ਦੇ ਭੇਦ ਦੁਸ਼ਮਣ ਨੂੰ ਦਏਂਗਾ? ਅੱਜ ਸੱਚ ਸੱਚ ਦੱਸ। ਪੁੱਠਾ ਟੰਗਣਾ ਤਾਂ ਛੋਟੀ ਜਿਹੀ ਗੱਲ ਹੈ, ਲੱਭਣ ਹੀ ਨਹੀਂ ਦਿਆਂਗੇ।' ਅੱਖਾਂ ਮੂਹਰੇ ਨ੍ਹੇਰ ਛਾਇਆ ਤੇ ਇਸ ਨ੍ਹੇਰੇ ਵਿਚ ਮੈਨੂੰ ਲੱਗਾ ਕਿ ਬਾਪ ਤਾਂ ਛੋਟੇ ਹੁੰਦੇ ਦਾ ਮਰ ਹੀ ਗਿਆ ਸੀ ਪਰ ਮੈਨੂੰ ਵੀ ਛੋਟੇ ਹੁੰਦੇ ਨੂੰ ਮਰ ਜਾਣਾ ਚਾਹੀਦਾ ਸੀ। ਕਿਉਂਕਿ ਘਰ ਦੇ ਹਾਲਾਤ ਏਦਾਂ ਦੀਆਂ ਸਮੱਸਿਆਵਾਂ ਨੂੰ ਸੰਭਾਲਣ ਦੇ ਯੋਗ ਹੈ ਹੀ ਨਹੀਂ ਸਨ। ਫਿਰ ਮੈਨੂੰ ਇਕ ਵਾਰ ਦਿੱਲੀ ਵੀ ਏਦਾਂ ਦੀ ਹੀ ਕੁੱਤੇਖਾਣੀ ਦਾ ਸਾਹਮਣਾ ਕਰਨਾ ਪਿਆ।

ਸੱਚ ਇਹ ਸੀ ਕਿ ਸੁਣਦੇ ਸਾਂ ਕਿ ਬੰਦਾ ਚੱਕੀ ਦੇ ਦੋ ਪੁੜਾਂ ਵਿਚ ਪਿਸਦਾ ਪਰ ਮੈਂ ਪਿਸ ਨਹੀਂ ਰਿਹਾ ਸਾਂ, ਮਰ ਰਿਹਾ ਸਾਂ। ਮੈਨੂੰ ਪਤਾ ਹੀ ਨਹੀਂ ਲੱਗਦਾ ਸੀ ਕਿ ਮੇਰੇ ਮਗਰ ਖੁਫੀਆ ਤੰਤਰ ਪਾਕਿਸਤਾਨੀ ਹੈ ਜਾਂ ਹਿੰਦੋਸਤਾਨੀ। ਹੈਰਾਨੀ ਦੀ ਗੱਲ ਇਹ ਵੀ ਸੀ ਕਿ ਇਸ ਵਰ੍ਹੇ ਤੱਕ ਮੈਂ ਪੰਜਾਬ ਸਰਕਾਰ ਦੇ ਅੰਕੜਿਆਂ ਵਿਚ ਰੈਗੂਲਰ ਅਧਿਆਪਕ ਵੀ ਨਹੀਂ ਸਾਂ। ਮੈਨੂੰ ਇਹ ਲੱਗਣ ਲੱਗ ਪਿਆ ਸੀ ਕਿ ਹੁਣ ਜਦੋਂ ਪੁਲਿਸ ਇਨਕੁਆਰੀ ਹੋਈ ਤਾਂ ਮੇਰੀ ਨੌਕਰੀ ਹੀ ਨਹੀਂ ਜਾਂਦੀ ਲੱਗੇਗੀ, ਮੇਰੇ ਮੂੰਹੋਂ ਬੁਰਕੀ ਦਾ ਟੁੱਕ ਵੀ ਨਿਕਲ ਜਾਵੇਗਾ ਅਤੇ ਮੇਰੀ ਅਗਲੀ ਜ਼ਿੰਦਗੀ ਪੂਰੀ ਤਰ੍ਹਾਂ ਹਰਾਮ ਹੋ ਜਾਵੇਗੀ। ਅੱਜ ਮੈਂ ਇਸ ਗੱਲ ਦਾ ਭੇਦ ਵੀ ਦੱਸ ਦੇਣਾ ਮੁਨਾਸਿਬ ਹੀ ਸਮਝਦਾ ਹਾਂ ਕਿ ਸ਼ੌਂਕੀ ਮੇਲੇ ਨੂੰ ਛੱਡਣ ਦੇ ਕਈ ਕਾਰਨਾਂ ਵਿਚੋਂ ਇਕ ਕਾਰਨ ਇਹ ਵੀ ਸੀ, ਜਿਸ ਸ਼ੌਂਕੀ ਨੂੰ ਸਿਵਿਆਂ ਚੋਂ ਕੱਢ ਕੇ ਮੁੜ ਅਮਰ ਕੀਤਾ ਸੀ, ਉਸ ਦਾ ਪਰਿਵਾਰ ਵੀ ਕੁਝ ਨਹੀਂ ਕਰ ਸਕਿਆ ਤੇ ਮੇਰਾ ਆਪਣਾ ਪਰਿਵਾਰ ਦੁੱਖਾਂ ਦੀਆਂ ਪਗਡੰਡੀਆਂ ਤੇ ਕਿਤੇ ਤੁਰਨ ਦੀ ਅਵਸਥਾ ਵਿਚ ਨਾ ਆ ਜਾਵੇ।


ਕਈ ਗੱਲਾਂ ਮੈਂ ਇਸ ਕਰਕੇ ਨਹੀਂ ਖੋਲ੍ਹ ਸਕਦਾ ਕਿ ਖੁਫੀਆ ਤੰਤਰ ਕਿਤੇ ਪੁਰਾਣੀਆਂ ਤੰਦਾਂ ਨੂੰ ਫੇਰ ਨਾ ਉਧੇੜ ਦੇਵੇ।

ਇਹ ਵੀ ਸੱਚ ਹੈ ਕਿ ਸਾਲ 1995 ਦਾ ਸ਼ੌਂਕੀ ਮੇਲਾ ਉਖੜਿਆ ਉਖੜਿਆ ਸੀ ਤੇ ਪਹਿਲੇ ਮੇਲਿਆਂ ਵਾਲੀ ਰੂਹ ਉਸ ਵਿਚੋਂ ਗਾਇਬ ਸੀ।

ਪੰਜਾਬ ਦਾ ਇਕ ਤੇਜ਼ ਤਰਾਰ ਨੇਤਾ ਜਿਹਦੀ ਪਹਿਲਾਂ ਆਪਣੀ ਪਾਰਟੀ ਸੀ ਫਿਰ ਉਹ ਕਿਸੇ ਨਵੀਂ ਪਾਰਟੀ ਵਿਚ ਆਪਣੇ ਲਾਮ ਲਸ਼ਕਰ ਸਮੇਤ ਸ਼ਾਮਿਲ ਹੋ ਗਿਆ ਸੀ, ਉਸ ਨੇਤਾ ਨੇ ਮੇਰੇ ਇਸ ਤੰਦੂਆ ਜਾਲ 'ਚੋਂ ਮੈਨੂੰ ਅਭਿਮੰਨਿਊ ਦੇ ਚੱਕਰਵਿਊ ਵਿਚੋਂ ਨਿਕਲਣ ਵਾਲਾ ਰਾਹ ਬਣਾ ਕੇ ਦਿੱਤਾ ਕਿਉਂਕਿ ਮੇਰੀ ਪੁੱਛ ਪੜਤਾਲ ਦੇ ਹਾਲਾਤ ਅਗਲੇ ਕਈ ਸਾਲਾਂ ਤੱਕ ਬਣੇ ਰਹੇ ਸਨ। ਫਿਰ ਕਈ ਸਾਲ ਗੁਜ਼ਰ ਗਏ।

ਫਿਰੋਜ਼ਪੁਰ ਭਾਈ ਮਰਦਾਨਾ ਯਾਦਗਾਰੀ ਟਰੱਸਟ ਦੇ ਹਰਪਾਲ ਸਿੰਘ ਭੁੱਲਰ ਕੋਲ ਜਥੇ ਨਾਲ ਪਾਕਿਸਤਾਨ ਜਾਣ ਲਈ ਆਪਣਾ ਪਾਸਪੋਰਟ ਭੇਜ ਦਿੱਤਾ। ਜਿਸ ਅਫਸਰ ਨੂੰ ਮੇਰੀ ਉਪਰੋਕਤ ਸਥਿਤੀ ਬਾਰੇ ਪਤਾ ਸੀ, ਇਹ ਗੱਲ ਮੈਂ ਉਹਦੇ ਨਾਲ ਸਾਂਝੀ ਕੀਤੀ ਕਿ ਮੈਂ ਫਿਰ ਪਾਕਿਸਤਾਨ ਜਾ ਰਿਹਾ ਹਾਂ ਤਾਂ ਉਹਦਾ ਜਵਾਬ ਸੀ, 'ਮੈਂ ਤੈਨੂੰ ਮੀਡੀਆ ਨਾਲ ਜੁੜਿਆ ਹੋਣ ਕਰਕੇ ਸਿਆਣਾ ਸਮਝਦਾ ਸੀ ਪਰ ਤੂੰ ਮੂਰਖ ਤੇ ਉਹ ਵੀ ਸਿਰੇ ਦਾ, ਕਿਉਂਕਿ ਲੋਕ ਤਾਂ ਵੇਲਣੇ ਵਿਚ ਬਾਂਹ ਫਸਾ ਲੈਂਦੇ ਨੇ, ਉਹ ਨਹੀਂ ਨਿਕਲਦੀ। ਤੂੰ ਆਪਣਾ ਸਿਰ ਫਸਾਉਣ ਲੱਗਾ ਹੈਂ?' 'ਤੇ ਸੱਚ ਮੰਨਿਓ ਕਿ ਮੈਂ ਫਿਰੋਜ਼ਪੁਰੋਂ ਭੁੱਲਰ ਤੋਂ ਇਕ ਮਹੀਨੇ ਬਾਅਦ ਆਪਣਾ ਪਾਸਪੋਰਟ ਵਾਪਿਸ ਮੰਗਵਾ ਲਿਆ ਸੀ। ਪਾਕਿਸਤਾਨ ਜਾਣ ਦਾ ਚਾਅ ਮੁਲਤਵੀ ਕਰੀ ਰੱਖਿਆ। ਹੁਣ ਵੀ ਮੈਂ ਜਦੋਂ ਕਿਤੇ ਦਿੱਲੀ ਜਾਂਦਾ ਹਾਂ ਤਾਂ ਪਾਕਿਸਤਾਨ ਹਾਈ ਕਮਿਸ਼ਨਰ ਦੇ ਆਲੇ ਦੁਆਲੇ ਦੇ ਦੋ ਕਿਲੋਮੀਟਰ ਘੇਰੇ ਵਿਚ ਕਦੇ ਪੈਰ ਨਹੀਂ ਧਰਦਾ। ਸੱਚਾਈ ਕੀ ਸੀ, ਇਹ ਤਾਂ ਜਾਣਨ ਵਾਲੇ ਜਾਣਨ ਪਰ ਜਿਸ ਨੇਤਾ ਨੇ ਤਲਾਕ ਤੇ ਪ੍ਰਵਾਸੀ ਲਾੜਿਆਂ ਤੋਂ ਦੁਖੀ ਧੀਆਂ ਦੇ ਦੁੱਖ ਤਾਂ ਪਤਾ ਨਹੀਂ ਕਿੰਨੇ ਕੁ ਸੁਣੇ ਨੇ, ਉਹਨੇ ਮੇਰੇ ਦੁੱਖ ਦਾ ਪੱਕੇ ਤੌਰ ਤੇ ਇਲਾਜ ਕਰਵਾ ਦਿੱਤਾ ਸੀ।

ਜਵਾਨੀ ਦੀ ਉਮਰ ਵਿਚ ਅਜ਼ਾਦ ਵਿਚਾਰ ਵੀ ਕਈ ਵਾਰ ਕਤਲ ਹੋ ਜਾਂਦੇ ਨੇ। ਮੈਂ ਬੋਕ ਨਾ ਪਾਲਿਆ ਹੈ, ਨਾ ਰੱਖਿਆ ਹੈ, ਦੂਰੋਂ ਜ਼ਰੂਰ ਦੇਖਿਆ ਹੈ। ਪਰ ਮੈਨੂੰ ਇਹ ਗੱਲ ਦਾ ਗਿਆਨ ਜ਼ਰੂਰ ਹੋ ਗਿਆ ਹੈ ਕਿ ਬੋਕ ਨੂੰ ਸਿੰਗਾਂ ਤੋਂ ਹੱਥ ਨਹੀਂ ਪਾਉਣਾ ਚਾਹੀਦਾ।



From

The Deputy Commissioner,
Hoshiarpur.

To

The High Commissioner,
Pakistan,
Chanakya Puri,
New Delhi.

No. 442 /LPA, dated 1st December,1994.

Memorandum

I, Deputy Commissioner, Hoshiarpur (Punjab) request you to grant a Visitor Visa to Mr. S. Ashok Bhaura, President of Vishav Punjabi Sabhayachar Academy, resident of village & P.O. Bhaura, District Jalandhar (Pb.) as he wants to personnaly contact Punjabi folk singers of Pakistan for participation in a State level Cultural Mela held every year at Mahilpur, district Hoshiarpur on January 27, 28 & 29 1995 for three days in the memory of late Dhadi Amar Singh Shounki.

2. Mr. S. Ashok Bhaura is the Chief Organiser of this Mela. I shall be much obliged to you for fulfilling my request.

SD: - - - -
( C. Roul )IAS,
Deputy Commissioner,
Hoshiarpur.

A copy is forwarded to Mr. S.Ashok Bhaura, V & P.O., Bhaura, district Jalandhar,for information.

BY HAND

Deputy Commissioner,
Hoshiarpur.

**ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਪਾਕਿਸਤਾਨ ਦੇ ਦਿੱਲੀ ਸਥਿਤ ਹਾਈ ਕਮਿਸ਼ਨਰ ਨੂੰ ਲਿਖੀ ਗਈ ਉਹ ਚਿੱਠੀ ਜਿਹਨੂੰ ਪੜ੍ਹ ਕੇ ਮੈਂ ਹੁਣ ਵੀ ਕਈ ਵਾਰ ਤ੍ਰਭਕ ਜਾਂਦਾ ਹਾਂ।**

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ..ਕਹਿੰਦੇ!

ਹੋਵੇ ਫੁੱਲਾਂ ਤੋਂ ਵੀ ਹੌਲਾ, ਉਹਨੂੰ ਭਾਰ ਨਹੀਂ ਕਹਿੰਦੇ।
ਹਰ ਥਾਂ ਅੱਕ ਜੜ੍ਹਾਂ ਵਿਚ ਦੇਵੇ, ਉਹਨੂੰ ਯਾਰ ਨਹੀਂ ਕਹਿੰਦੇ।
ਜਿਹੜਾ ਨਾਲ ਚਲਾਕੀ ਰੋਜ਼ ਹੀ, ਜੁੱਤੀਆਂ ਖਾ ਕੇ ਆ ਜਾਵੇ,
ਉਹ ਮੂਰਖ ਹਊ ਸਿਰੇ ਦਾ, ਉਹ ਹੁਸ਼ਿਆਰ ਨਹੀਂ ਕਹਿੰਦੇ।
ਕੋਲ ਸੀ ਬੜਾ ਲਸੰਸੀ ਅਸਲਾ, ਫਿਰ ਵੀ ਧੌਣ ਭਨ੍ਹਾ ਬੈਠਾ,
ਜਿਹੜਾ ਵੇਲੇ ਸਿਰ ਨਹੀਂ ਚੱਲਦਾ, ਉਹ ਹਥਿਆਰ ਨਹੀਂ ਕਹਿੰਦੇ।
ਜਿਹਦੀ ਵੇਸਵਾ ਵਾਂਗੂੰ ਅੱਖ, ਆਫਰੀ ਰਹਿੰਦੀ ਦਿਨ ਰਾਤੀਂ,
ਲਿਪ ਕੇ ਬੂਥਾ ਚੜ੍ਹੇ ਚੁਬਾਰੇ, ਉਹ ਸ਼ਿੰਗਾਰ ਨਹੀਂ ਕਹਿੰਦੇ।
ਜਿਹੜਾ ਰੋਜ਼ ਤੜਾਵੇ ਚੂਲਾ, ਡਿਗ ਕੇ ਗਧੀ ਪੁਰਾਣੀ ਤੋਂ,
ਉਹ ਐਵੇਂ ਹੀ ਕੋਈ ਹੋਣਾ, ਫਿਰ ਉਹ ... ਨਹੀਂ ਕਹਿੰਦੇ।
ਨਿਰ੍ਹਾ ਜ਼ੋਰ ਮੁੱਛਾਂ ਤੇ ਦੇਵੇ, ਅੰਦਰ ਗੈਰਤ ਨਾ ਹੋਵੇ,
ਜਿਹੜਾ ਖਾਣ ਤੋਂ ਪਹਿਲਾਂ ਮਾਰੇ, ਉਹ ਡਕਾਰ ਨਹੀਂ ਕਹਿੰਦੇ।
ਜਿਹੜਾ ਦੂਜੇ ਦਾ ਹੀ ਮਾਰਿਆ, ਖਾਣ ਦਾ ਆਦੀ ਹੋ ਜਾਵੇ,
ਨਿਰੀ ਜੂਠ ਕਿਸੇ ਦੀ ਹਊ, 'ਭੌਰੇ' ਸ਼ਿਕਾਰ ਨਹੀਂ ਕਹਿੰਦੇ।

ਗੁਰਮਤਿ ਵਿਚਾਰ

# ਗੁਰੂ ਨਾਨਕ: ਇਕ ਦ੍ਰਿਸ਼ਟੀਕੋਣ

ਗੁਰੂ ਨਾਨਕ ਸਾਹਿਬ ਗੁਰਮਤਿ ਵਿਚਾਰਧਾਰਾ ਦੇ ਬਾਨੀ ਹਨ। ਉਨ੍ਹਾਂ ਦੀ ਬਾਣੀ ਵਿਚ ਗੁਰਮਤਿ ਸਿਧਾਂਤ ਬਹੁਤ ਸਪਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ। ਦੂਜੇ ਗੁਰੂ ਸਾਹਿਬਾਨ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਦੀ ਹੀ ਆਪਣੀ ਬਾਣੀ ਵਿਚ ਵਿਸਤਾਰ ਪੂਰਬਕ ਵਿਆਖਿਆ ਕਰਦੇ ਹਨ। ਇਸੇ ਲਈ ਦੂਜੇ ਸਾਰੇ ਗੁਰੂ ਸਾਹਿਬਾਨ ਆਪਣੀ ਬਾਣੀ ਨੂੰ ਨਾਨਕ ਬਾਣੀ ਆਖ ਕੇ ਗੁਰੂ ਨਾਨਕ ਸਾਹਿਬ ਨੂੰ ਸਮਰਪਣ ਕਰਦੇ ਹਨ। ਗੁਰੂ ਨਾਨਕ ਸਾਹਿਬ ਦਾ ਆਤਮਕ ਸਰੂਪ ਸਾਰੇ ਗੁਰੂ ਸਾਹਿਬਾਨ ਦੀਆਂ ਸ਼ਖਸੀਅਤਾਂ ਵਿਚ ਅਭੇਦ ਹੈ।

**ਹਾਕਮ ਸਿੰਘ**
**ਫੋਨ: 916-682-3317**

ਗੁਰਬਾਣੀ ਵਿਚ ਸੱਤੇ ਅਤੇ ਬਲਵੰਡ ਦੀ ਵਾਰ ਨੇ ਇਸ ਤੱਥ ਦੀ ਹੀ ਇਹ ਕਹਿ ਕੇ ਪ੍ਰੋੜਤਾ ਕੀਤੀ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" (ਪੰਨਾ 966)

ਜਿਨ੍ਹਾਂ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਵੀ ਬਾਬੇ ਨਾਨਕ ਦੀ ਹੀ ਇਕੱਤਰ ਕੀਤੀ ਮੰਨੀ ਜਾਂਦੀ ਹੈ ਅਤੇ ਉਸ ਵਿਚ ਵੀ ਗੁਰਮਤਿ ਸਿਧਾਂਤ ਦਾ ਹੀ ਪ੍ਰਗਟਾਵਾ ਹੈ। ਗੁਰੂ ਨਾਨਕ ਸਾਹਿਬ ਦੇ ਸਿਰਜੇ ਮੰਗਲਾਚਰਣ ਦੀ ਵਿਭਿੰਨ ਰੂਪਾਂ ਵਿਚ ਵਰਤੋਂ ਗੁਰਬਾਣੀ ਦੀ ਵਿਚਾਰਧਾਰਕ ਏਕਤਾ ਅਤੇ ਉਨ੍ਹਾਂ ਪ੍ਰਤੀ ਸਿਦਕ ਦਾ ਵੀ ਪ੍ਰਤੀਕ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਵਲ ਨਾਨਕ ਵਿਚਾਰਧਾਰਾ ਦੀ ਹੀ ਵਿਆਖਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾਨਕ ਬਾਣੀ ਨੂੰ ਹੀ ਗੁਰੂ ਗੋਬਿੰਦ ਸਿੰਘ ਨੇ ਗੁਰੂ ਐਲਾਨ ਕੇ ਅਗੋਂ ਵਿਅਕਤੀ ਗੁਰੂ ਦੇ ਰਿਸ਼ਤੇ ਅਤੇ ਗੁਰਗੱਦੀ ਦੀ ਪ੍ਰਥਾ ਨੂੰ ਖਤਮ ਕਰ ਦਿੱਤਾ ਸੀ।

ਸਿੱਖ ਜਗਤ ਵਿਚ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਪ੍ਰਤੀ ਸੰਜੀਦਗੀ ਦੀ ਘਾਟ ਰਹੀ ਹੈ। ਨਾਨਕ ਵਿਚਾਧਾਰਾ ਦੇ ਵਿਰੋਧੀ ਗੁਰੂ ਸਾਹਿਬ ਦੀ ਵਿਚਾਰਧਾਰਕ ਪਧਰ 'ਤੇ ਆਲੋਚਨਾ ਕਰਨ ਦੇ ਤਾਂ ਸਮਰਥ ਨਹੀਂ ਸਨ, ਇਸ ਲਈ ਉਨ੍ਹਾਂ ਗੁਰੂ ਸਾਹਿਬ ਦੇ ਜੀਵਨ ਬਾਰੇ ਗ਼ਲਤ ਫਹਿਮੀਆਂ ਫੈਲਾਉਣ ਦਾ ਸੌਖਾ ਰਾਹ ਅਪਨਾ ਲਿਆ। ਗੁਰੂ ਸਾਹਿਬ ਬਾਰੇ ਸ਼ੁਰੂ ਕੀਤਾ ਗਲਤ ਪ੍ਰਚਾਰ ਪਰੰਪਰਾ ਦੇ ਨਾਂ ਹੇਠ ਅੱਜ ਵੀ ਉਸੇ ਸ਼ਿੱਦਤ ਨਾਲ ਹੋ ਰਿਹਾ ਹੈ। ਦੁਨੀਆਂ ਦੇ ਪੰਜਵੇਂ ਵਡੇ ਧਰਮ ਦੇ ਉਪਾਸ਼ਕਾਂ ਵਲੋਂ ਆਪਣੇ ਧਰਮ ਦੇ ਬਾਨੀ ਦੇ ਜੀਵਨ ਬਾਰੇ ਗ਼ਲਤ ਫਹਿਮੀਆਂ ਨੂੰ ਨਜ਼ਰ ਅੰਦਾਜ਼ ਕਰਨਾ ਮੰਦਭਾਗਾ ਹੀ ਆਖਿਆ ਜਾ ਸਕਦਾ ਹੈ। ਗੁਰੂ ਸਾਹਿਬ ਦੇ ਜੀਵਨ ਬਾਰੇ ਸਿੱਖ ਜਗਤ ਵਿਚ ਦੋ ਝੂਠ ਪ੍ਰਵਾਨਤ ਹਨ। ਇਕ, ਗੁਰੂ ਨਾਨਕ ਸਾਹਿਬ ਦਾ ਜਨਮ ਵਿਸਾਖ ਦੀ ਥਾਂ ਕੱਤਕ ਵਿਚ ਹੋਇਆ ਸੀ, ਅਤੇ ਦੂਜਾ, ਬਾਲੇ ਵਾਲੀ ਜਨਮਸਾਖੀ ਇਕ ਕਲਪਿਤ ਰਚਨਾ ਹੁੰਦੇ ਹੋਏ ਵੀ ਸਿੱਖ ਜਗਤ ਵਿਚ ਸ਼ਰਧਾ ਨਾਲ ਪੜ੍ਹੀ ਜਾਂਦੀ ਹੈ। ਗੁਰੂ ਸਾਹਿਬ ਦਾ ਜਨਮ ਅਸਥਾਨ ਧਾਰਮਕ ਪਖੋਂ ਯੇਰੂਸ਼ਲਮ, ਮੱਕਾ, ਅਯੁੱਧਿਆ ਜਾਂ ਮਥੁਰਾ ਦੇ ਸਮਰੂਪ ਹੈ ਪਰ 'ਸਿੱਖ ਰਹਿਤ ਮਰਯਾਦਾ' ਨੇ ਅਕਾਲ ਪੁਰਖ ਤੋਂ "ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ" ਦੀ ਮੰਗ ਦਾ ਫੁਰਮਾਨ ਜਾਰੀ ਕਰਕੇ ਨਨਕਾਣਾ ਸਾਹਿਬ ਨੂੰ ਸਿਆਸਤ ਦਾ ਮੋਹਰਾ ਬਣਾ ਦਿੱਤਾ ਅਤੇ ਸਿੱਖ ਜਗਤ ਤੋਂ ਪਰਾਇਆ ਕਰ ਛਡਿੱਆ।

ਗੁਰ ਇਤਹਾਸ ਦੇ ਪੁਰਾਤਨ ਸਰੋਤਾਂ ਵਿਚ ਕੇਵਲ ਗੁਰੂ ਨਾਨਕ ਸਾਹਿਬ ਦੀਆਂ ਹੀ ਜਨਮਸਾਖੀਆਂ ਮਿਲਦੀਆਂ ਹਨ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਿਰਤਾਂਤਾਂ ਨੂੰ ਗੁਰ ਬਿਲਾਸ ਆਖਿਆ ਗਿਆ ਹੈ। ਦੂਜੇ ਗੁਰੂ ਸਾਹਿਬਾਨ ਦੀਆਂ ਪੁਰਾਤਨ ਸਮੇਂ ਵਿਚ ਸਵੈਧੀਨ ਜੀਵਨੀਆਂ ਨਹੀਂ ਲਿਖੀਆਂ ਗਈਆਂ ਸਨ। ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਚਾਰ ਜਨਮਸਾਖੀਆਂ ਹਨ-ਪੁਰਾਤਨ, ਵਲਾਇਤ ਵਾਲੀ, ਕੋਲਬਰੁਕ ਜਾਂ ਇੰਡੀਆਂ ਆਫਿਸ ਵਾਲੀ ਜਨਮਸਾਖੀ ਜੋ 1634 ਈਸਵੀ ਵਿਚ ਲਿਖੀ ਗਈ ਮੰਨੀ ਜਾਂਦੀ ਹੈ। ਇਸ ਜਨਮਸਾਖੀ ਨੂੰ ਹਾਫਿਜ਼ਾਬਾਦ ਜਾਂ ਮੈਕਾਲਿਫ ਵਾਲੀ ਜਨਮਸਾਖੀ ਵੀ ਆਖਿਆ ਜਾਂਦਾ ਹੈ। ਦੂਜੀ, ਮਿਹਰਬਾਨ ਵਾਲੀ ਜਨਮਸਾਖੀ, ਜੋ ਪ੍ਰਿਥੀ ਚੰਦ ਦੇ ਪੁਤਰ ਮਨੋਹਰ ਦਾਸ ਮਿਹਰਬਾਨ (1581-1640 ਈਸਵੀ) ਨੇ ਲਿਖੀ ਸੀ। ਤੀਜੀ, ਬਾਲੇ ਵਾਲੀ ਜਨਮਸਾਖੀ, ਜੋ 1658 ਈਸਵੀ ਵਿਚ ਹੰਦਾਲ ਦੇ ਕਿਸੇ ਸ਼ਰਧਾਲੂ ਨੇ ਲਿਖੀ ਸੀ। ਅਤੇ ਚੌਥੀ ਹੈ, ਗਿਆਨ ਰਤਨਾਵਲੀ ਜਿਸ ਨੂੰ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵੀ ਆਖਿਆ ਜਾਂਦਾ ਹੈ। ਇਨ੍ਹਾਂ ਜਨਮਸਾਖੀਆਂ ਵਿਚੋਂ ਤਿੰਨਾਂ ਵਿਚ ਗੁਰੂ ਨਾਨਕ ਸਾਹਿਬ ਦਾ ਜਨਮ 1526 ਵੈਸਾਖ, ਤ੍ਰਿਤੀਆ ਚਾਨਣੀ ਰਾਤ (15 ਅਪਰੈਲ 1469) ਨੂੰ ਹੋਇਆ ਲਿਖਿਆ ਹੈ ਪਰ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਉਨ੍ਹਾਂ ਦਾ ਜਨਮ ਕਤਕ ਸੁਦੀ ਪੂਰਨਮਾਸੀ 1526 ਨੂੰ ਹੋਇਆ ਦੱਸਿਆ ਗਿਆ ਹੈ। ਇਸ ਜਨਮ ਮਿਤੀ ਨੂੰ ਕਰਮ ਸਿੰਘ ਨੇ ਡੂੰਘੀ ਖੋਜ ਉਪਰੰਤ ਆਪਣੀ ਪੁਸਤਕ, "ਕਤਕ ਕਿ ਵਿਸਾਖ" ਵਿਚ ਗ਼ਲਤ ਸਿੱਧ ਕਰ ਦਿੱਤਾ ਸੀ। ਲਗਭਗ ਸਾਰੇ ਸਿੱਖ ਵਿਦਵਾਨ ਸਹਿਮਤ ਹਨ ਕਿ ਗੁਰੂ ਨਾਨਕ ਸਾਹਿਬ ਦਾ ਜਨਮ 15 ਅਪ੍ਰੈਲ, 1469 ਨੂੰ ਹੋਇਆ ਸੀ ਪਰ ਸਾਰੀ ਦੁਨੀਆਂ ਵਿਚ ਇਹ ਕਤਕ ਵਿਚ ਮਨਾਇਆ ਜਾਂਦਾ ਹੈ, ਜਿਸ ਵਿਚ ਬਹੁਤ ਥਾਂਵਾਂ ਤੇ ਸਿੱਖ ਵਿਦਵਾਨ ਗੁਰੂ ਸਾਹਿਬ ਦੇ ਜੀਵਨ ਬਾਰੇ ਤਕਰੀਰਾਂ ਕਰਦੇ ਹਨ ਪਰ ਸਹੀ ਜਨਮ ਦਿਨ ਦਾ ਜ਼ਿਕਰ ਨਹੀਂ ਕਰਦੇ। ਹੁਣ ਤੇ ਕਤਕ ਦਾ ਦਿਨ ਨਿਸ਼ਚਤ ਕਰਨ ਵਿਚ ਵੀ ਸਿੱਖ ਜਗਤ ਵਿਚ ਦੁਚਿੱਤੀ ਉਤਪੰਨ ਹੋ ਗਈ ਹੈ।

ਗੁਰੂ ਸਾਹਿਬ ਦਾ ਜਨਮ ਦਿਨ ਵੈਸਾਖ ਤੋਂ ਕਤਕ ਵਿਚ ਬਦਲਣ ਵਿਚ ਹੰਦਾਲੀਆਂ ਦਾ ਕੀ ਮਨੋਰਥ ਸੀ? ਇਸ ਬਾਰੇ ਤੇ ਹੰਦਾਲੀਏ ਜਾਂ ਜੋਤਿਸ਼ ਵਿਦਿਆ ਦੇ ਮਾਹਰ ਹੀ ਜਾਣਦੇ ਹੋਣਗੇ ਪਰ ਗੁਰਬਾਣੀ ਕਿਸੇ ਦਿਨ ਨੂੰ ਵਿਸ਼ੇਸ਼ਤਾ ਨਹੀਂ ਦਿੰਦੀ। ਸਿੱਖ ਧਰਮ ਵਿਚ ਜਨਮ ਦਿਨ ਮਨਾਉਣ ਦੀ ਰੀਤ ਸ਼ਾਇਦ ਪੱਛਮੀ ਪ੍ਰਭਾਵ ਦੀ ਦੇਣ ਹੈ। ਪੱਛਮੀ ਸਭਿਆਚਾਰ ਵਿਚ ਜਨਮ ਦਿਨ ਭੁਲਣ ਜਾਂ ਛੇ ਮਹੀਨੇ ਬਾਅਦ ਮਨਾਉਣ ਦੀ ਪ੍ਰਥਾ ਨਹੀਂ ਹੈ।

ਉਪਰ ਦੱਸੀਆਂ ਚਾਰ ਜਨਮਸਾਖੀਆਂ ਵਿਚੋਂ ਕੇਵਲ ਬਾਲੇ ਵਾਲੀ ਜਨਮਸਾਖੀ ਹੀ ਮਾਰਕਿਟ ਵਿਚ ਉਪਲਬਧ ਹੈ। ਵਲਾਇਤ ਵਾਲੀ ਜਨਮਸਾਖੀ ਭਾਈ ਵੀਰ ਸਿੰਘ ਨੇ ਸੰਪਾਦਤ ਕਰ ਕੇ ਛਾਪੀ ਸੀ ਅਤੇ ਮੈਕਾਲਿਫ ਨੇ ਵੀ ਛਪਵਾਈ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਹ ਸਾਰੀਆਂ ਜਨਮਸਾਖੀਆਂ ਪ੍ਰਕਾਸ਼ਤ ਕੀਤੀਆਂ ਹਨ। ਕੇਵਲ ਬਾਲੇ ਵਾਲੀ ਜਨਮਸਾਖੀ ਨੂੰ ਹੀ ਵਪਾਰੀ ਪ੍ਰਕਾਸ਼ਕ ਪ੍ਰਕਾਸ਼ਤ ਕਰਦੇ ਆ ਰਹੇ ਹਨ। ਦੂਜੀਆਂ ਤਿੰਨੋ ਜਨਮਸਾਖੀਆਂ ਜ਼ਿਆਦਾ ਤਰ ਸਿੱਖ ਸੰਸਥਾਵਾਂ, ਲਾਇਬ੍ਰੇਰੀਆਂ ਅਤੇ ਸਿੱਖ ਵਿਦਵਾਨਾਂ ਦੀਆਂ ਅਲਮਾਰੀਆਂ ਦਾ ਸ਼ਿੰਗਾਰ ਹਨ, ਆਮ ਲੋਕਾਂ ਨੂੰ ਉਨ੍ਹਾਂ ਬਾਰੇ ਬਹੁਤਾ ਪਤਾ ਨਹੀਂ। ਹੈਰਾਨੀ ਇਸ ਗੱਲ ਦੀ ਹੈ ਕਿ ਬਾਲੇ ਵਾਲੀ ਜਨਮਸਾਖੀ ਕਲਪਿਤ ਅਤੇ ਗੁਰੂ ਨਾਨਕ ਸਾਹਿਬ ਪ੍ਰਤੀ ਨਿਰਾਦਰ ਭਰੀ ਹੋਣ ਦੇ ਬਾਵਜੂਦ ਸਿੱਖ ਜਗਤ ਵਿਚ ਪ੍ਰਸਿੱਧ ਅਤੇ ਪ੍ਰਵਾਨਤ ਹੈ। ਕੇਵਲ ਅਜੋਕੇ ਸਿੱਖ ਵਿਦਵਾਨ ਹੀ ਆਪਣੀਆਂ ਲਿਖਤਾਂ ਵਿਚ ਇਸ ਦੀ ਆਲੋਚਨਾ ਕਰਦੇ ਹਨ ਜਦੋਂ ਕਿ ਸਾਧਾਰਣ ਸਿੱਖ ਸ਼ਰਧਾਲੂ ਇਸ ਨੂੰ ਪਵਿਤਰ ਗ੍ਰੰਥ ਸਮਝ ਕੇ ਪੜ੍ਹਦੇ ਅਤੇ ਇਸ ਵਿਚਲੀਆਂ ਸਾਖੀਆਂ ਨੂੰ ਸੱਚ ਮੰਨਦੇ ਹਨ। ਇਸ ਜਨਮਸਾਖੀ ਦੇ ਪਿਛੋਕੜ ਤੋਂ ਸੰਕੇਤ ਮਿਲਦਾ ਹੈ ਕਿ ਇਹ ਗੁਰੂ ਨਾਨਕ ਸਾਹਿਬ ਦੇ ਮੂੰਹੋਂ ਬਾਬਾ ਹੰਦਾਲ ਦੀ ਵਡਿਆਈ ਕਰਵਾਉਣ ਲਈ ਲਿਖੀ ਗਈ ਸੀ। 1856 ਈਸਵੀ ਵਿਚ ਲਿੱਖੀ ਬਾਲੇ ਵਾਲੀ ਜਨਮਸਾਖੀ ਵਿਚ ਪੰਜ ਸਾਖੀਆਂ ਹਨ ਜਿਨ੍ਹਾਂ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਪਿਛੋਂ ਹੰਦਾਲ ਪੈਦਾ ਹੋਵੇਗਾ ਜੋ ਉਨ੍ਹਾਂ ਨਾਲੋਂ ਵਧੇਰੇ ਤੇਜ ਪ੍ਰਤਾਪ ਵਾਲਾ ਹੋਵੇਗਾ। ਇਸ ਦੇ ਅਰੰਭ ਵਿਚ ਲਿਖਿਆ ਹੈ ਕਿ ਗੁਰੂ ਅੰਗਦ ਸਾਹਿਬ ਦੇ ਕਹਿਣ ਤੇ ਬਾਲੇ ਸੰਧੂ ਨੇ ਸੁਲਤਾਨਪੁਰ ਦੇ ਖੱਤਰੀ ਪੈੜੈ ਮੋਖੇ ਤੋਂ ਇਹ ਜਨਮਸਾਖੀ ਲਿਖਵਾਈ ਸੀ। ਇਹ ਕਥਨ ਸਹੀ ਨਹੀਂ ਹੈ ਕਿਉਂਕੇ ਬਾਲਾ ਸੰਧੂ ਨਾਂ ਦਾ ਵਿਅਕਤੀ, ਜਿਸ ਨੂੰ ਕਈ ਪੁਰਾਣੀਆਂ ਤਸਵੀਰਾਂ ਵਿਚ ਗੁਰੂ ਨਾਨਕ ਸਾਹਿਬ 'ਤੇ ਚੌਰ ਕਰਦੇ ਦਿਖਾਇਆ ਜਾਂਦਾ ਹੈ, ਇਕ ਕਲਪਿਤ ਵਿਅਕਤੀ ਹੈ ਜੋ ਇਸ ਜਨਮਸਾਖੀ ਵਿਚ ਆਪਣੇ ਆਪ ਨੂੰ ਭਾਈ ਮਰਦਾਨੇ ਦਾ ਸਾਥੀ ਦੱਸਦਾ ਹੈ। ਇਹ ਜਨਮਸਾਖੀ ਗੁਰੂ ਸਾਹਿਬ ਬਾਰੇ ਪ੍ਰਚਲਤ ਦੰਦ ਕਥਾਵਾਂ ਨਾਲ ਮਨ ਘੜਤ ਸਾਖੀਆਂ ਜੋੜ ਕੇ ਗੁਰੂ ਸਾਹਿਬ ਦਾ ਨਿਰਾਦਰ ਕਰਨ ਅਤੇ ਉਨ੍ਹਾਂ ਨੂੰ ਛੁਟਿਆਉਣ ਦੇ ਮਨੋਰਥ ਨਾਲ ਲਿੱਖੀ ਗਈ ਸੀ। ਇਸ ਵਿਚ ਦੋ ਸਾਖੀਆਂ, "ਮਝੌਤ ਵਾਲੀ ਸਾਖੀ" ਅਤੇ "ਸਹਿਜ ਕੁਸਹਿਜ ਵਾਲੀ ਸਾਖੀ", ਗੁਰੂ ਸਾਹਿਬ ਦਾ ਨਿਰਾਦਰ ਕਰਨ ਲਈ ਹੀ ਘੜੀਆਂ ਗਈਆਂ ਸਨ। ਸੁਭਾਵਕ ਹੈ ਕਿ ਹੰਦਾਲੀਆਂ ਨੇ ਇਸ ਨੂੰ ਸਿੱਖ ਜਗਤ ਵਿਚ ਮਕਬੂਲ ਕਰਨ ਲਈ ਪੂਰਾ ਜ਼ੋਰ ਲਾਇਆ ਹੋਵੇਗਾ।

ਆਮ ਲੋਕਾਂ ਨੂੰ ਵਲਾਇਤ ਵਾਲੀ ਜਨਮਸਾਖੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਦਰਬਾਰ ਸਾਹਿਬ 'ਤੇ ਮੀਣਿਆਂ ਅਤੇ ਹੋਰ ਗੁਰ ਅਸਥਾਨਾਂ ਤੇ ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਕਾਬਜ਼ ਹੋਣ ਕਰਕੇ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਨਜ਼ਰ ਅੰਦਾਜ਼ ਕਰਨ ਦੀ ਪ੍ਰਥਾ ਬਣ ਗਈ ਸੀ। ਇਸੇ ਪਰੰਪਰਾ ਨੂੰ ਅਗੇ ਤੋਰਦਿਆਂ ਭਾਈ ਸੰਤੋਖ ਸਿੰਘ ਅਤੇ ਹੋਰ ਵਿਦਵਾਨ ਕਵੀਆਂ ਨੇ ਬਾਲੇ ਵਾਲੀ ਜਨਮਸਾਖੀ ਨੂੰ ਗੁਰੂ ਸਾਹਿਬ ਦੇ ਜੀਵਨ ਬਾਰੇ ਆਪਣੀਆਂ ਰਚਨਾਵਾਂ ਦਾ ਆਧਾਰ ਬਣਾ ਲਿਆ ਅਤੇ ਉਸ ਵਿਚੋਂ ਆਪਣੀ ਮਰਜ਼ੀ ਨਾਲ ਗੁਰੂ ਸਾਹਿਬ ਬਾਰੇ ਇਤਰਾਜ਼ਯੋਗ ਸਾਖੀਆਂ ਕੱਢ ਦਿੱਤੀਆਂ। ਉਨ੍ਹਾਂ ਦੀਆਂ ਲਿਖਤਾਂ ਨੇ ਬਾਲੇ ਵਾਲੀ ਜਨਮਸਾਖੀ ਨੂੰ ਸਿੱਖ ਜਗਤ ਵਿਚ ਆਦਰਸ਼ਕ ਅਤੇ ਪ੍ਰਸਿੱਧ ਬਣਾ ਛਡਿਆ। ਪਹਿਲਾਂ ਇਹ ਜਨਮਸਾਖੀ ਚਰਾਗਦੀਨ ਕੁਤਬਫਰੋਸ਼, ਲਾਹੌਰ ਨੇ 1874 ਈਸਵੀ ਵਿਚ ਛਾਪੀ, ਫਿਰ ਰਾਏ ਸਾਹਿਬ ਗੁਲਾਬ ਸਿੰਘ ਅਤੇ ਫਿਰ ਕਈ ਹੋਰ ਪ੍ਰਕਾਸ਼ਕਾਂ ਨੇ। ਆਪਣੇ ਖਰੀਦਾਰਾਂ ਨੂੰ ਖੁੱਸ਼ ਰਖਣ ਅਤੇ ਉਨ੍ਹਾਂ ਵਿਚ ਇਸ ਜਨਮਸਾਖੀ ਪ੍ਰਤੀ ਸ਼ਰਧਾ ਪੈਦਾ ਕਰਨ ਲਈ ਇਹ ਵਪਾਰੀ ਜਨਮਸਾਖੀ ਦੀਆਂ ਨਵੀਂਆਂ ਛਾਪਾਂ ਵਿਚ ਹੋਰ ਭਾਵਕ ਕਰਨ ਵਾਲੀਆਂ ਸਾਖੀਆਂ ਘੜ ਕੇ ਜੋੜੀ ਜਾਂਦੇ ਸਨ। ਪ੍ਰਕਾਸ਼ਕਾਂ ਨੇ ਪਾਠਕਾਂ ਦੇ ਇਤਰਾਜ਼ ਕਰਨ 'ਤੇ ਇਸ ਵਿਚੋਂ ਬਾਬਾ ਹੰਦਾਲ ਦੀ ਉਸਤਤ ਕਰਨ ਵਾਲੀਆਂ ਪੰਜ ਸਾਖੀਆਂ, "ਮਝੌਤ ਵਾਲੀ ਸਾਖੀ", "ਸਹਿਜ ਕੁਸਹਿਜ ਵਾਲ਼ ਸਾਖੀ" ਅਤੇ ਹੋਰ ਕਈ ਕੁੱਝ ਕੱਢ ਦਿੱਤਾ ਸੀ। ਇਹ ਕਲਪਿਤ ਜਨਮਸਾਖੀ ਪ੍ਰਕਾਸ਼ਕਾਂ ਵਲੋਂ ਸ਼ਰਧਾਲੂਆਂ ਨੂੰ ਖੁਸ਼ ਰਖਣ ਲਈ ਪੂਰੀ ਤਰ੍ਹਾਂ ਤਰਾਸ਼ੀ ਅਤੇ ਘੜੀ ਹੋਈ ਹੈ। ਜਿਥੇ ਇਹ ਸਿੱਖ ਜਗਤ ਵਿਚ ਮਕਬੂਲ ਹੈ ਉਥੇ ਅਕਾਦਮਿਕ ਅਦਾਰਿਆਂ ਵਿਚ ਇਸ ਦੀ ਪ੍ਰਸਿੱਧੀ ਸਿੱਖ ਵਿਦਵਾਨਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ।



*ਲੋਕ ਵਿਸ਼ਵਾਸ ਅਨੁਸਾਰ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਤੇ ਭਾਈ ਬਾਲਾ ਨਾਲ*

ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਸਿੱਖ ਜਗਤ ਵਲੋਂ ਬਣਦਾ ਸਨਮਾਨ ਨਹੀਂ ਦਿੱਤਾ ਜਾਂਦਾ। ਸਿੱਖ ਰਹਿਤ ਮਰਯਾਦਾ ਨੇ ਤੇ ਸਿੱਖ ਸ਼ਰਧਾਲੂਆਂ ਦਾ ਨਨਕਾਣਾ ਸਾਹਿਬ ਨਾਲੋਂ ਰਿਸ਼ਤਾ ਹੀ ਤੋੜ ਕੇ ਰੱਖ ਦਿੱਤਾ ਹੈ। ਦਰ ਅਸਲ ਇਹ ਉਦਾਸੀਨਤਾ ਸਿੱਖ ਜਗਤ ਵਿਚ ਗੁਰੂ ਨਾਨਕ ਬਾਣੀ ਪ੍ਰਤੀ ਚਲੀ ਆ ਰਹੀ ਸੰਜੀਦਗੀ ਦੀ ਘਾਟ ਦਾ ਪ੍ਰਤੀਕ ਹੈ।

ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਉਹ ਪਵਿਤਰ ਸਥਾਨ ਹੈ, ਜਿਥੇ ਗੁਰੂ ਅਰਜਨ ਦੇਵ ਨੇ ਗੁਰਬਾਣੀ ਦੀ ਪੋਥੀ ਸਾਹਿਬ ਦਾ ਸੰਕਲਨ ਕੀਤਾ ਸੀ। ਉਸੇ ਪੋਥੀ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਿਚ ਸੰਪੂਰਨ ਕੀਤਾ ਜੋ ਸਿੱਖ ਜਗਤ ਵਿਚ ਦਮਦਮੀ ਬੀੜ ਵਜੋਂ ਜਾਣੀ ਗਈ। ਇਸੇ ਦਮਦਮੀ ਬੀੜ ਵਿਚ ਅੰਕਤ ਗੁਰਬਾਣੀ ਨੂੰ ਗੁਰੂ ਗੋਬਿੰਦ ਸਿੰਘ ਨੇ ਸਦੀਵੀ ਗੁਰੂ ਹੋਣ ਦਾ ਐਲਾਨ ਕੀਤਾ ਸੀ। ਜਿਵੇਂ ਦਰਬਾਰ ਸਾਹਿਬ ਨੂੰ ਸਿੱਖ ਜਗਤ ਵਿਚ ਕੇਂਦਰੀ ਪਵਿਤਰ ਸਥਾਨ ਵਜੋਂ ਸਨਮਾਨਤ ਕੀਤਾ ਜਾਂਦਾ ਹੈ ਉਵੇਂ ਹੀ ਨਨਕਾਣਾ ਸਾਹਿਬ ਨੂੰ ਵੀ ਸਿੱਖ ਧਰਮ ਦਾ ਪਹਿਲਾ ਪਵਿਤਰ ਅਸਥਾਨ ਹੋਣ ਦਾ ਸਨਮਾਨ ਮਿਲਣਾ ਚਾਹੀਦਾ ਹੈ। ਖਬਰ ਹੈ ਕਿ ਪਾਕਿਸਤਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਨਕਾਣਾ ਸਾਹਿਬ ਵਿਚ ਕਾਰ ਸੇਵਾ ਕਰਨ ਲਈ ਬੇਨਤੀ ਕੀਤੀ ਹੈ। ਸ਼੍ਰੋਮਣੀ ਕਮੇਟੀ ਵਲੋਂ ਨਿਯੁਕਤ ਕਾਰ ਸੇਵਾ ਵਾਲੇ ਬਾਬਿਆਂ ਨੇ ਪੰਜਾਬ ਅਤੇ ਭਾਰਤ ਦੇ ਗੁਰਦੁਅਰਿਆਂ 'ਚੋਂ ਚਿੱਟੇ ਪਥਰ ਅਤੇ ਸੋਨੇ ਚਾਂਦੀ ਨਾਲ ਇਤਿਹਾਸਕ ਚਿੰਨ੍ਹ ਮਿਟਾ ਦਿੱਤੇ ਹਨ। ਪੁਰਾਣੇ ਭਵਨ ਇਤਿਹਾਸ ਦੇ ਗਵਾਹ ਹੁੰਦੇ ਹਨ, ਉਨ੍ਹਾਂ ਦੀ ਤਬਾਹੀ ਕੌਮੀ ਇਤਿਹਾਸ ਨੂੰ ਨਿੱਜੀ ਬਿਆਨਾਂ, ਅਨੁਮਾਨਾਂ ਜਾਂ ਮਿਥਿਹਾਸ ਤਕ ਸੀਮਤ ਕਰ ਦਿੰਦੀ ਹੈ। ਪਾਕਿਸਤਾਨ ਗੁਰਦੁਆਰਾ ਕਮੇਟੀ ਨੂੰ ਚੌਕੰਨੇ ਰਹਿ ਕੇ ਨਨਕਾਣਾ ਸਾਹਿਬ ਦੀ ਇਤਿਹਾਸਕ ਮਹਤੱਤਾ ਨੂੰ ਬਰਕਰਾਰ ਰਖਣ ਲਈ ਹਰ ਸੰਭਵ ਯਤਨ ਕਰਨ ਦੀ ਲੋੜ ਹੈ। ਵੈਸੇ ਤੇ ਪਾਕਿਸਤਾਨ ਗੁਰਦੁਆਰਾ ਕਮੇਟੀ ਦੀ ਜ਼ਿਮੇਵਾਰੀ ਬਣਦੀ ਹੈ ਕਿ ਉਹ ਨਨਕਾਣਾ ਸਾਹਿਬ ਨੂੰ ਸਿੱਖ ਜਗਤ ਤੋਂ ਅਲਗ ਕਰਨ ਦੀ ਕਵਾਇਦ ਨੂੰ ਠੱਲ੍ਹ ਪਾ ਕੇ ਉਸ ਦੀ ਸਿੱਖ ਜਗਤ ਵਿਚ ਅਸਲੀ ਅਤੇ ਵਾਜਬ ਕੇਂਦਰਤ ਅਸਥਾਨ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਹੋਵੇ। ਇਸ ਮਹਾਨ ਕਾਰਜ ਵਿਚ ਪਾਕਿਸਤਾਨੀ ਸਿੱਖ ਭਾਈਚਾਰਾ ਵਿਦੇਸ਼ੀ ਸ਼ਰਧਾਲੂਆਂ, ਵਿਦਵਾਨਾਂ ਅਤੇ ਮਾਹਰਾਂ ਦੀ ਸਲਾਹ ਅਤੇ ਸਹਾਇਤਾ ਲੈ ਸਕਦਾ ਹੈ। ਜੇਕਰ ਕਿਸੇ ਕੌਮਾਂਤਰੀ ਸਲਾਹਕਾਰ ਕਮੇਟੀ ਦਾ ਗਠਨ ਹੋ ਜਾਵੇ ਤਾਂ ਹੋਰ ਵੀ ਬਿਹਤਰ ਹੋਵੇਗਾ ਅਤੇ ਨਨਕਾਣਾ ਸਾਹਿਬ ਨੂੰ ਵੀ ਸਿੱਖ ਧਰਮ ਦੀ ਅਧਿਆਮਕ ਵਿਚਾਰਧਾਰਾ ਦੇ ਸੰਚਾਰ ਦਾ ਕੇਂਦਰ ਬਣਾਇਆ ਜਾ ਸਕਦਾ ਹੈ।

ਪਾਕਿਸਤਾਨ ਸਰਕਾਰ ਅਤੇ ਸੁਪਰੀਮ ਕੋਰਟ ਨਨਕਾਣਾ ਸਾਹਿਬ ਦੀ ਧਾਰਮਕ ਅਹਿਮੀਅਤ ਨੂੰ ਮਾਨਤਾ ਦਿੰਦੇ ਆ ਰਹੇ ਹਨ। ਉਹ ਇਸ ਤੱਥ ਤੋਂ ਵੀ ਜਾਣੂ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਆਪਣੇ ਸਮੇਂ ਦੇ ਮੁਸਲਮਾਨਾਂ ਵਿਚ ਪੀਰ ਦਾ ਰੁਤਬਾ ਪ੍ਰਾਪਤ ਸੀ ਅਤੇ ਉਹ ਇਸਲਾਮ ਧਰਮ ਦੇ ਉਪਾਸ਼ਕਾਂ ਨੂੰ ਅੱਛੇ ਮੁਸਲਮਾਨ ਬਨਣ ਲਈ ਪ੍ਰੇਰਤ ਕਰਦੇ ਰਹਿੰਦੇ ਸਨ। ਇਸ ਪ੍ਰਥਾਏ ਉਨ੍ਹਾਂ ਦੇ ਫੁਰਮਾਨ ਹਨ: "ਮਿਹਰ ਮਸੀਤ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁਨੰਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸ ਭਾਵਸੀ ਨਾਨਕ ਰਖੈ ਲਾਜ॥" (ਪੰਨਾ 477); "ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮਸਾਵੈ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥ (ਪੰਨਾ 477); "ਮੁਸਲਮਾਣੁ ਸੋਈ ਮਲੁ ਖੋਵੈ॥" (ਪੰਨਾ 662) ਅਤੇ "ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੈ ਨਾਉ॥ ਪਹਿਲਾ ਸਚੁ ਹਲਾਲੁ ਦੁਇ ਤੀਜੀ ਖੈਰ ਖੁਦਾਇ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥ (ਪੰਨਾ 141)

ਗੁਰੂ ਨਾਨਕ ਸਾਹਿਬ ਦੇ ਮਾਨਵਵਾਦੀ ਅਧਿਆਤਮਕ ਉਪਦੇਸ਼ ਦੇ ਮੱਦੇ ਨਜ਼ਰ ਪਾਕਿਸਤਾਨੀ ਸਰਕਾਰ ਤੋਂ ਨਨਕਾਣਾ ਸਾਹਿਬ ਦੇ ਵਿਕਾਸ ਵਿਚ ਬਣਦਾ ਯੋਗਦਾਨ ਪਾਉਣ ਦੀ ਆਸ ਰੱਖੀ ਜਾ ਸਕਦੀ ਹੈ।

ਗੁਰੂ ਨਾਨਕ ਦੇ ਉਪਦੇਸ਼ ਨੇ ਭਾਰਤੀ ਧਾਰਮਕ ਵਿਚਾਰਧਾਰਾ ਵਿਚ ਕਾਫੀ ਹਲਚਲ ਪੈਦਾ ਕਰ ਦਿੱਤੀ ਸੀ। ਉਨ੍ਹਾਂ ਸਾਰੇ ਭਾਰਤ, ਸ੍ਰੀ ਲੰਕਾ, ਤਿੱਬਤ ਅਤੇ ਮੱਧ ਏਸ਼ੀਆ ਦੇ ਦੇਸ਼ਾਂ ਵਿਚ ਆਪ ਜਾ ਕੇ ਉਥੋਂ ਦੇ ਭਗਤਾਂ, ਸਾਧੂਆਂ, ਧਾਰਮਕ ਆਗੂਆਂ, ਵਿਦਵਾਨਾਂ, ਪੰਡਤਾਂ, ਮੌਲਾਣਿਆਂ, ਸੂਫੀਆਂ, ਜੋਗੀਆਂ, ਰਾਜਿਆਂ ਅਤੇ ਸਮਾਜ ਵਿਰੋਧੀਆਂ ਨਾਲ ਵਿਚਾਰ ਵਟਾਂਦਰੇ ਕੀਤੇ। ਧਾਰਮਕ ਵਿਚਾਰਾਂ ਦੇ ਏਨੇ ਵਿਸ਼ਾਲ ਆਦਾਨ ਪਰਦਾਨ ਨੇ ਭਾਰਤ ਦੀ ਧਾਰਮਕ ਵਿਚਾਰਧਾਰਾ ਦੇ ਇਤਿਹਾਸ ਦੀ ਦਿਸ਼ਾ ਬਦਲ ਦਿੱਤੀ। ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੀ ਭਾਰਤ ਅਤੇ ਕੁੱਝ ਪੜੌਸੀ ਦੇਸ਼ਾਂ ਦੀ ਲੋਕਾਈ ਨੂੰ ਸੰਸਾਰ ਦੀ ਅਸਲੀਅਤ ਅਤੇ ਮਨੁੱਖੀ ਜੀਵਨ ਦੇ ਮਨੋਰਥ ਬਾਰੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾ ਕੇ ਮਨੁੱਖੀ ਸੁਤੰਤਰਤਾ, ਬਰਾਬਰੀ, ਪਿਆਰ, ਸ਼ਾਂਤੀ, ਹਲੀਮੀ ਅਤੇ ਭਾਈਵਾਲਤਾ ਦੇ ਸੰਦੇਸ਼ ਰਾਹੀਂ ਮਨੁੱਖ ਦੀ ਸੁੱਤੀ ਹੋਈ ਜ਼ਮੀਰ ਨੂੰ ਜਗਾਉਣ ਦਾ ਯਤਨ ਕੀਤਾ।

ਗੁਰਬਾਣੀ ਨੇ ਪੰਜਾਬ ਦੇ ਲੋਕਾਂ ਵਿਚ ਅਤਿ ਉਤਮ ਅਧਿਆਤਮਕ ਵਿਚਾਰਧਾਰਾ ਦੇ ਵਾਰਸ ਅਤੇ ਇਕ ਵਿਕਸਤ ਕੌਮ ਦੇ ਮੈਂਬਰ ਹੋਣ ਦਾ ਅਹਿਸਾਸ ਪੈਦਾ ਕਰ ਦਿੱਤਾ। ਉਸ ਪੰਜਾਬ ਨੂੰ ਜੋ ਸਦੀਆਂ ਤੋਂ ਪੱਛਮ ਤੋਂ ਆਉਣ ਵਾਲੇ ਧਾੜਵੀਆਂ ਦਾ ਰਾਹ ਹੋਣ ਕਾਰਨ ਆਮ ਲੋਕਾਂ ਲਈ ਸਰਾਪ ਬਣ ਗਿਆ ਸੀ, ਗੁਰੂ ਨਾਨਕ ਬਾਣੀ ਨੇ ਪੰਜਾਬ ਵਿਚ ਸਿਰਜੇ ਵੇਦਾਂ, ਪੌਰਾਨਿਕ ਗਾਥਾਵਾਂ, ਯੋਗੀਆਂ ਅਤੇ ਬੁੱਧ ਧਰਮ ਦੇ ਉਪਦੇਸ਼ਾਂ ਅਤੇ ਸੂਫੀਆਂ ਦੇ ਕਲਾਮ ਦੀਆਂ ਮਿਸਾਲਾਂ ਰਾਹੀਂ ਲੋਕਾਈ ਨੂੰ ਗੁਰਬਾਣੀ ਦੀ ਉਤਮ ਅਧਿਆਤਮਕ ਵਿਚਾਰਧਾਰਾ ਨਾਲ ਜੋੜਿਆ। ਆਪਣੀ ਬਾਣੀ ਵਿਚ ਸਾਧ ਭਾਸ਼ਾ ਜਾਂ ਸਧੂਕੜੀ ਦੇ ਨਾਲ ਪੰਜਾਬ ਦੀਆਂ ਉਪ-ਭਾਸ਼ਾਵਾਂ, ਬ੍ਰਜ ਭਾਸ਼ਾ, ਪ੍ਰਾਕ੍ਰਿਤ, ਅਪਭ੍ਰੰਸ਼, ਸਹਿਸਕ੍ਰਿਤੀ ਅਤੇ ਰੇਖਤਾ (ਫਾਰਸੀ) ਦੀ ਵਰਤੋਂ ਕਰਕੇ ਪੰਜਾਬ ਦੇ ਲੋਕਾਂ ਨੂੰ ਭਾਰਤ ਅਤੇ ਨੇੜਲੇ ਪੱਛਮ ਦੀ ਅਧਿਆਤਮਕ ਵਿਚਾਰਧਾਰਾ ਅਤੇ ਸਭਿਆਚਾਰ ਨਾਲ ਏਕਤਾ ਦਾ ਅਹਿਸਾਸ ਕਰਾਇਆ।

ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਦਾ ਧਾਰਮਕ ਅਤੇ ਸਮਾਜਕ ਸ਼ਕਤੀਆਂ ਵਲੋਂ ਵਿਰੋਧ ਹੋਣਾ ਸੁਭਾਵਕ ਸੀ। ਨਾਨਕ ਵਿਚਾਰਧਾਰਾ ਦਾ ਵਿਰੋਧ ਚਾਰ ਸ਼ਕਤੀਆਂ ਵਲੋਂ ਹੋਇਆ। ਪਹਿਲਾਂ, ਗੁਰ ਪਰਿਵਾਰਾਂ ਦੇ ਗੱਦੀ ਅਤੇ ਪੋਥੀ ਦੇ ਚਾਹਵਾਨਾਂ ਵਲੋਂ। ਸੱਤੇ ਅਤੇ ਬਲਵੰਡ ਦੀ ਵਾਰ ਵਿਚ "ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥ ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥" (ਪੰਨਾ 967) ਵਾਲਾ ਕਥਨ ਇਸ ਬਿਰਤੀ ਦਾ ਪ੍ਰਗਟਾਵਾ ਕਰਦਾ ਹੈ। ਦੂਜਾ, ਘਰ ਬਾਰ ਛੱਡ ਕੇ ਜੰਗਲਾਂ ਵਿਚ ਬੈਠੇ ਤਿਆਗੀ ਸਾਧੂਆਂ ਅਤੇ ਵਿਦਵਾਨਾਂ ਵਲੋਂ। ਤੀਜਾ, ਪੁਜਾਰੀਆਂ, ਪੰਡਿਤਾਂ, ਮੌਲਾਣਿਆਂ ਅਤੇ ਪਖੰਡੀ ਧਾਰਮਕ ਆਗੂਆਂ ਵਲੋਂ ਅਤੇ ਚੌਥਾ, ਸਰਕਾਰੀ ਪ੍ਰਬੰਧਕਾਂ ਅਤੇ ਸਮਾਜਕ ਜੀਵਨ ਵਿਚ ਵਡਿਆਈ, ਸ਼ਕਤੀ ਅਤੇ ਐਸ਼ ਕਰਨ ਦੇ ਚਾਹਵਾਨਾਂ ਵਲੋਂ।

ਰਾਬਿੰਦਰ ਨਾਥ ਟੈਗੋਰ ਗੁਰੂ ਨਾਨਕ ਸਾਹਿਬ ਦੀ ਧਨਾਸਰੀ ਰਾਗ ਵਿਚ ਉਚਾਰੀ ਪ੍ਰਭੂ ਦੀ ਆਰਤੀ, "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ॥ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਿਆਨਲੋ ਪਵਣੁ ਚਵਰੋ ਕਰੇ॥ ਸਗਲ ਬਨਰਾਇ ਫੂਲੰਤ ਜੋਤੀ॥" (ਪੰਨਾ 663) ਅਤੇ ਨਾਨਕ ਬਾਣੀ ਦੇ ਅਧਿਆਤਮਕ ਉਪਦੇਸ਼ ਦਾ ਉਪਾਸ਼ਕ ਸੀ। ਮੁਹੱਮਦ ਇਕਬਾਲ ਗੁਰੂ ਨਾਨਕ ਨੂੰ ਮਰਦ-ਏ-ਕਾਮਲ ਆਖਦਾ ਹੈ। ਉਨ੍ਹਾਂ ਦੀ ਆਸਾ ਰਾਗ ਵਿਚ ਉਚਾਰੀ 'ਸੋ ਦਰੁ' ਬਾਣੀ ਪ੍ਰਭੂ ਦੀ ਬੇਅੰਤਤਾ ਦੇ ਰਾਗ ਨਾਦ ਨਾਲ ਹੋ ਰਹੇ ਜਸ਼ਨ ਦਾ ਲਾਜਵਾਬ ਵਰਣਨ ਹੈ। ਸ੍ਰਿਸ਼ਟੀ ਰਚਨਾ ਬਾਰੇ ਮਨੁੱਖ ਸਦਾ ਤੋਂ ਹੀ ਉਤਸੁਕ ਰਿਹਾ ਹੈ। ਰਿੱਗ ਵੇਦ ਵਿਚ ਸ੍ਰਿਸ਼ਟੀ ਰਚਨਾ ਦਾ ਅਨੂਠਾ ਵਰਣਨ ਹੈ। ਗੁਰੂ ਨਾਨਕ ਸਾਹਿਬ ਨੇ ਵੀ ਰਾਗ ਮਾਰੂ ਸੋਹਿਲੇ ਵਿਚ "ਸੁਨਿ ਸਮਾਧਿ" ਤੋਂ "ਜਾ ਤਿਸੁ ਭਾਣਾ ਤਾ ਜਗਤੁ ਉਪਾਇਆ" ਅਤੇ "ਗੁਪਤਹੁ ਪਰਗਟੀ ਆਇਦਾ" ਰਾਹੀਂ ਸ੍ਰਿਸਟੀ ਰਚਨਾ ਦੇ ਵਰਣਨ ਵਿਚ ਵਿਸਮਾਦ ਦੇ ਆਤਮਕ ਅਨੰਦ ਦਾ ਮਾਹੌਲ ਸਿਰਜ ਦਿੱਤਾ ਹੈ। ਐਸੇ ਮਹਾਨ ਗੁਰੂ ਦੀ ਉਤਮ ਅਧਿਆਤਮਕ ਵਿਚਾਰਧਾਰਾ ਦੀ ਸਿੱਖ ਜਗਤ ਵਿਚ ਲੰਮੇ ਸਮੇਂ ਤੋਂ ਸੰਜੀਦਗੀ ਦੀ ਘਾਟ ਕਾਰਨ ਅਣਗਹਿਲੀ ਹੋ ਰਹੀ ਹੈ। ਭਾਵੇਂ ਪੰਜਾਬ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਹੋਈ ਪਰ ਗੁਰੂ ਨਾਨਕ ਬਾਣੀ ਬਾਰੇ ਲਿਖਤਾਂ ਅਤੇ ਵਿਚਾਰ ਰਸਮੀ ਪੱਧਰ ਤੋਂ ਉਪਰ ਨਾ ਉਠ ਸਕੇ।

# ਗਦਰ ਦਾ ਸੁਫਨਾ ਲੈਣ ਵਾਲੇ ਫੌਜੀ ਯੋਧੇ

*ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਗਦਰ ਲਹਿਰ ਦਾ ਵੱਡਾ ਯੋਗਦਾਨ ਹੈ। ਇਸ ਗਦਰੀ ਸੰਗਰਾਮ ਵਿਚ ਫੌਜੀਆਂ ਦੀ ਭੂਮਿਕਾ ਬੜੀ ਅਹਿਮ ਰਹੀ ਹੈ। ਜਿਹੜੇ ਫੌਜੀ ਇਸ ਲਹਿਰ ਵਿਚ ਸ਼ਾਮਲ ਹੋਏ, ਉਨ੍ਹਾਂ ਵਿਚੋਂ ਸੈਂਕੜੇ ਕੋਰਟ ਮਾਰਸ਼ਲ ਕਰ ਕੇ ਗੋਲੀ ਨਾਲ ਉਡਾ ਦਿੱਤੇ ਗਏ, 60 ਨੂੰ ਫਾਂਸੀ ਦਿੱਤੀ ਗਈ ਅਤੇ 190 ਤੋਂ ਵੱਧ ਨੂੰ ਉਮਰ ਕੈਦ, ਜਲਾਵਤਨੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਕਈਆਂ ਨੂੰ ਫੌਜ ਵਿਚੋਂ ਕੱਢ ਦਿੱਤਾ ਗਿਆ। ਕੰਵਲਬੀਰ ਸਿੰਘ ਪੰਨੂੰ ਨੇ ਆਪਣੇ ਇਸ ਲੇਖ ਵਿਚ ਲਾਹੌਰ ਦੀ ਮੀਆਂ ਮੀਰ ਛਾਉਣੀ ਵਿਚ 23ਵੇਂ ਰਸਾਲੇ ਦੇ ਫੌਜੀ ਯੋਧਿਆਂ ਦੀ ਵੀਰ ਗਾਥਾ ਬਿਆਨ ਕੀਤੀ ਹੈ। -ਸੰਪਾਦਕ*



1912-13 ਵਿਚ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਜਿਨ੍ਹਾਂ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਸੀ, ਨੇ ਭਾਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਦੀ ਸਥਾਪਨਾ ਕੀਤੀ। ਪਹਿਲਾ ਸੰਸਾਰ ਯੁੱਧ ਜੁਲਾਈ 1914 ਵਿਚ ਸ਼ੁਰੂ ਹੋਇਆ ਤਾਂ ਗਦਰ ਪਾਰਟੀ ਦੇ ਨੇਤਾਵਾਂ ਨੇ ਇਹ ਮੌਕਾ ਭਾਰਤ ਵਿਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਢੁਕਵਾਂ ਜਾਣਿਆ। ਗਦਰ ਪਾਰਟੀ ਦੇ ਮੈਂਬਰ ਵੱਖ ਵੱਖ ਸਮੁੰਦਰੀ ਜਹਾਜ਼ਾਂ ਰਾਹੀਂ ਭਾਰਤ ਪੁੱਜਣੇ ਸ਼ੁਰੂ ਹੋਏ ਜਿਨ੍ਹਾਂ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਕਰਤਾਰ ਸਿੰਘ ਸਰਾਭਾ, ਬਾਬਾ ਵਸਾਖਾ ਸਿੰਘ ਦਦੇਹਰ, ਬਾਬਾ ਕੇਸਰ ਸਿੰਘ, ਕਰਤਾਰ ਸਿੰਘ ਠੱਠਗੜ੍ਹ, ਬਾਬਾ ਜਿੰਦਰ ਸਿੰਘ ਚੌਧਰੀ ਵਾਲਾ ਆਦਿ ਸੈਂਕੜੇ ਇਨਕਲਾਬੀ ਸ਼ਾਮਲ ਸਨ। 20 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ ਹੇਠ ਕਲਕੱਤੇ ਪੁੱਜਾ ਤਾਂ ਅੰਗਰੇਜ਼ ਹਕੂਮਤ ਨੇ ਗੋਲੀ ਚਲਾ ਕੇ 18 ਮੁਸਾਫਿਰ ਮਾਰ

**ਕੰਵਲਬੀਰ ਸਿੰਘ ਪੰਨੂੰ**
ਫੋਨ: +91-98766-98068

ਦਿੱਤੇ। ਬਾਹਰੋਂ ਆਏ ਬਹੁਤ ਸਾਰੇ ਇਨਕਲਾਬੀਆਂ ਨੂੰ ਜੇਲ੍ਹਾਂ ਜਾਂ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ। ਬਾਕੀ ਬਚੇ ਗਦਰੀ ਯੋਧਿਆਂ ਨੇ ਲਹਿਰ ਨੂੰ ਜਥੇਬੰਦ ਕਰ ਕੇ ਵੱਖ ਵੱਖ ਥਾਂਵਾਂ 'ਤੇ ਗਦਰ ਅੱਡੇ ਸਥਾਪਿਤ ਕੀਤੇ। ਪੰਜਾਬ ਦੇ ਮਾਝਾ ਖੇਤਰ ਵਿਚ ਦਦੇਹਰ ਸਾਹਿਬ, ਝਾੜ ਸਾਹਿਬ, ਸਰਹਾਲੀ, ਸੁਰਸਿੰਘ ਮੁੱਖ ਗਦਰੀ ਅੱਡੇ ਸਨ।

ਇਸ ਸਮੇਂ ਦੌਰਾਨ ਲਾਹੌਰ ਦੀ ਮੀਆਂਮੀਰ ਛਾਉਣੀ ਦੀ ਰੈਜੀਮੈਂਟ ਦੇ 23ਵੇਂ ਰਸਾਲੇ ਦੇ ਫੌਜੀਆਂ ਦਾ ਸੰਪਰਕ ਗਦਰ ਪਾਰਟੀ ਨਾਲ ਬਣ ਗਿਆ। ਇਸ ਰਸਾਲੇ ਵਿਚ ਬਹੁ-ਗਿਣਤੀ ਮਾਝੇ ਦੇ ਸਵਾਰਾਂ ਦੀ ਸੀ। ਨਵੰਬਰ 1914 ਦੇ ਸ਼ੁਰੂ ਵਿਚ ਇਸ ਰਸਾਲੇ ਦਾ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ ਕੁਝ ਦਿਨ ਦੀ ਛੁੱਟੀ ਕੱਟ ਕੇ ਵਾਪਸ ਆਇਆ ਤਾਂ ਉਸ ਨੇ ਸਾਥੀਆਂ ਨੂੰ ਬਾਹਰੋਂ ਆਏ ਗਦਰੀ ਇਨਕਲਾਬੀਆਂ ਬਾਰੇ ਦੱਸਿਆ ਕਿ ਉਹ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਦੀਆਂ ਸਕੀਮਾਂ ਬਣਾ ਰਹੇ ਹਨ ਅਤੇ ਇੱਕ ਯੋਜਨਾ ਲਾਹੌਰ 'ਤੇ ਕਬਜ਼ਾ ਕਰਨ ਦੀ ਹੈ। ਇਸ ਕੰਮ ਲਈ ਉਹ ਸਿੱਖ ਰੈਜੀਮੈਂਟ ਦੀ ਮਦਦ ਚਾਹੁੰਦੇ ਹਨ। ਲਾਂਸ ਦਫੇਦਾਰ ਲ਼ਛਮਣ ਸਿੰਘ ਚੂਸਲੇਵੜ, ਮਹਿਰਾਜ ਸਿੰਘ ਕਸੇਲ ਅਤੇ ਸੁਰੈਣ ਸਿੰਘ, ਗਦਰੀਆਂ ਦੀ ਸਹਾਇਤਾ ਲਈ ਸਹਿਮਤ ਹੋ ਗਏ। ਦੋ ਦਿਨਾਂ ਬਾਅਦ ਲਛਮਣ ਸਿੰਘ ਚੂਸਲੇਵੜ ਦੀ ਅਗਵਾਈ ਹੇਠ ਇਨ੍ਹਾਂ ਫੌਜੀਆਂ ਦੀ ਮੀਟਿੰਗ ਹੋਈ ਜਿਸ ਵਿਚ ਗੰਡਾ ਸਿੰਘ ਦਫੇਦਾਰ (ਟਰੂਪ-1) ਵੀ ਸ਼ਾਮਲ ਹੋਏ। ਫੈਸਲਾ ਹੋਇਆ ਕਿ ਗੰਡਾ ਸਿੰਘ ਦਫੇਦਾਰ ਜੋ ਦੋ ਦਿਨ ਦੀ ਛੁੱਟੀ ਜਾ ਰਿਹਾ ਹੈ, ਬਾਹਰੋਂ ਆਏ ਗਦਰੀਆਂ ਨਾਲ ਸੰਪਰਕ ਕਰ ਕੇ ਆਪਸੀ ਮਿਲਵਰਤਣ ਬਾਰੇ ਗੱਲਬਾਤ ਕਰ ਕੇ ਆਵੇਗਾ।

ਗੰਡਾ ਸਿੰਘ ਦਫੇਦਾਰ ਦੀ ਵਾਪਸੀ ਤੋਂ ਕੁੱਝ ਦਿਨਾਂ ਬਾਅਦ ਦੁਪਹਿਰ ਸਮੇਂ ਇੱਕ ਵਜੇ ਸ਼ਮਸ਼ਾਨ ਘਾਟ ਵਿਚ ਇਨ੍ਹਾਂ ਫੌਜੀਆਂ ਨੇ ਦੁਬਾਰਾ ਮੀਟਿੰਗ ਕੀਤੀ ਜਿਸ ਵਿਚ ਕੇਸਰ ਸਿੰਘ ਅਤੇ ਇੰਦਰ ਸਿੰਘ ਸ਼ਬਾਜਪੁਰ ਵੀ ਸ਼ਾਮਲ ਹੋਏ। ਗੰਡਾ ਸਿੰਘ ਦਫੇਦਾਰ ਨੇ ਦੱਸਿਆ ਕਿ ਸੰਪਰਕ ਲਈ ਛੇਤੀ ਹੀ ਗਦਰ ਪਾਰਟੀ ਦਾ ਨੁਮਾਇੰਦਾ ਆਵੇਗਾ। ਸੁੱਚਾ ਸਿੰਘ ਚੋਹਲਾ ਸਾਹਿਬ ਛੁੱਟੀ ਗਿਆ ਤੇ ਖਬਰ ਲਿਆਇਆ ਕਿ 17 ਨਵੰਬਰ ਨੂੰ ਗਦਰ ਹੋਵੇਗਾ। ਛੇਤੀ ਹੀ ਗਦਰੀ ਪ੍ਰੇਮ ਸਿੰਘ ਸੁਰਸਿੰਘ ਛਾਉਣੀ ਆਇਆ ਅਤੇ ਇਨ੍ਹਾਂ ਇਨਕਲਾਬੀਆਂ ਨੂੰ ਦਸਿਆ ਕਿ ਛੇਤੀ ਬਾਹਰੋਂ ਆਏ ਬਹੁਤ ਸਾਰੇ ਗਦਰੀ ਝਾੜ ਸਾਹਿਬ ਨੇੜੇ ਸ਼ਬਾਜਪੁਰ ਇਕੱਠੇ ਹੋਣਗੇ ਅਤੇ ਦੋ ਪਾਰਟੀਆਂ ਬਣਾ ਕੇ ਲਾਹੌਰ ਤੇ ਤਰਨਤਾਰਨ ਹਮਲਾ ਕਰਨਗੇ। ਗੰਡਾ ਸਿੰਘ ਨੇ ਢੋਟੀਆਂ ਦੇ ਅਬਦੁੱਲਾ ਨਾਹਲਬੰਦ, ਬੁੱਧ ਸਿੰਘ, ਬਿਸ਼ਨ ਸਿੰਘ, ਨੱਥਾ ਸਿੰਘ, ਕੇਹਰ ਸਿੰਘ, ਪਿੰਡ ਰੂੜੀਵਾਲਾ ਦੇ ਭਾਗ ਸਿੰਘ, ਮੋਤਾ ਸਿੰਘ, ਤਾਰਾ ਸਿੰਘ ਤੇ ਦਫੇਦਾਰ ਵਧਾਵਾ ਸਿੰਘ ਆਦਿ ਨੂੰ ਵੀ ਗਦਰ ਬਾਰੇ ਸਹਿਮਤ ਕਰ ਲਿਆ।

ਪ੍ਰੇਮ ਸਿੰਘ ਦੋ ਸਾਥੀਆਂ ਨਾਲ ਦੁਬਾਰਾ ਲਾਹੌਰ ਛਾਉਣੀ ਆਇਆ ਅਤੇ ਲਾਹੌਰ ਉਤੇ ਹਮਲੇ ਦੀ ਨਵੀਂ ਤਾਰੀਖ 23 ਨਵੰਬਰ ਦੱਸੀ। ਦਫੇਦਾਰ ਲਛਮਣ ਸਿੰਘ ਨੇ ਗਦਰ ਦੀ ਤਿਆਰੀ ਬਾਰੇ ਰਾਈਫਲ ਰੇਂਜ ਵਿਚ ਸਾਥੀਆਂ ਨਾਲ ਮੀਟਿੰਗ ਕਰ ਕੇ ਸਲਾਹ ਕੀਤੀ। 23 ਨਵੰਬਰ ਨੂੰ ਦੁਪਹਿਰ ਵੇਲੇ ਸੁੱਚਾ ਸਿੰਘ ਚੋਹਲਾ ਸਾਹਿਬ ਪਿੰਡੋਂ ਛੁੱਟੀ ਕੱਟ ਕੇ ਛਾਉਣੀ ਆਇਆ ਤਾਂ ਉਸ ਨੇ ਦੱਸਿਆ ਕਿ ਗਦਰੀ ਹਮਲੇ ਦੀ ਮਿਤੀ ਬਦਲ ਕੇ 27 ਨਵੰਬਰ ਹੋ ਗਈ ਹੈ। 27 ਨਵੰਬਰ 1914 ਨੂੰ ਰਾਤ 10 ਵਜੇ ਗੰਡਾ ਸਿੰਘ ਦੇ ਕੁਆਰਟਰ ਵਿਚ ਇਨਕਲਾਬੀ ਫੌਜੀ ਇਕੱਠੇ ਹੋਏ। ਉਹ ਝਾੜ ਸਾਹਿਬ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ, ਅਚਾਨਕ ਮੂਲ ਸਿੰਘ ਗ੍ਰੰਥੀ ਨੇ ਆ ਕੇ ਫੌਜੀ ਸਵਾਰਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ "ਗਦਰ ਦੀ ਕਾਮਯਾਬੀ ਦੀ ਆਸ ਤਾਂ ਕੋਈ ਵੀ ਨਹੀਂ, ਐਵੇਂ ਬਦੋ-ਬਦੀ ਖਤਰਾ ਮੁੱਲ ਕਿਉਂ ਲੈਂਦੇ ਹੋ", ਫਿਰ ਵੀ ਸੁੱਚਾ ਸਿੰਘ, ਸੁਰੈਣ ਸਿੰਘ, ਮਹਿਰਾਜ ਸਿੰਘ ਅਤੇ ਚੰਨਣ ਸਿੰਘ, ਗ੍ਰੰਥੀ ਦੀ ਗੱਲ ਨੂੰ ਅਣਸੁਣੀ ਕਰ ਕੇ ਛਾਉਣੀ ਛੱਡ ਗਏ। ਉਨ੍ਹਾਂ ਸਰਹਾਲੀ,



*ਗਦਰ ਵਾਲੇ ਦਿਨਾਂ ਦੌਰਾਨ 1915 ਵਿਚ ਲਾਹੌਰ ਕੈਨਾਲ ਦੀ ਖਿੱਚੀ ਦੁਰਲੱਭ*

ਦਦੇਹਰ, ਤਰਨ ਤਾਰਨ ਆਦਿ ਗਦਰੀ ਕੇਂਦਰਾਂ 'ਤੇ ਗਦਰੀਆਂ ਦੀ ਤਲਾਸ਼ ਕੀਤੀ ਅਤੇ ਅੰਤ ਉਹ ਝਾੜ ਸਾਹਿਬ ਪੁੱਜ ਗਏ ਜਿੱਥੋਂ ਚੰਨਣ ਸਿੰਘ ਅਗਲੀ ਸਵੇਰ ਵਾਪਿਸ ਲਾਹੌਰ ਆ ਕੇ ਰਸਾਲੇ ਵਿਚ ਹਾਜ਼ਿਰ ਹੋ ਗਿਆ।

ਬਾਕੀ ਤਿੰਨਾਂ ਨੂੰ ਪਹਿਲੀ ਦਸੰਬਰ ਨੂੰ ਗਸ਼ਤ ਕਰਦੀ ਪੁਲਿਸ ਨੇ ਫੜ ਕੇ ਫੌਜੀ ਅਫਸਰਾਂ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਦਾ ਕੋਰਟ ਮਾਰਸ਼ਲ ਕੀਤਾ ਅਤੇ ਪੁੱਛ-ਗਿੱਛ ਕੀਤੀ ਪਰ ਉਨ੍ਹਾਂ ਕੁੱਝ ਨਹੀਂ ਦੱਸਿਆ। ਸੰਸਾਰ ਜੰਗ ਦੌਰਾਨ ਉਨ੍ਹਾਂ ਨੂੰ ਗੈਰ-ਹਾਜ਼ਿਰ ਰਹਿਣ ਕਾਰਨ 2-2 ਸਾਲ ਦੀ ਸਜ਼ਾ ਦਿੱਤੀ ਗਈ।

ਦਸੰਬਰ 1914 ਤੋਂ ਲੈ ਕੇ ਅਪਰੈਲ 1915 ਤੱਕ 23ਵੇਂ ਰਸਾਲੇ ਦੇ ਇਹ ਫੌਜੀ ਗਦਰ ਬਾਰੇ ਸਲਾਹਾਂ ਕਰਦੇ ਰਹੇ। ਉਨ੍ਹਾਂ ਦਾ ਸੰਪਰਕ ਗਦਰ ਲੀਡਰਸ਼ਿਪ ਨਾਲ ਬਣਿਆ ਰਿਹਾ। 19 ਨਵੰਬਰ ਦੇ ਗਦਰ ਵਿਚ ਵੀ ਉਨ੍ਹਾਂ ਨੇ ਪੂਰੀ ਭੂਮਿਕਾ ਨਿਭਾਉਣੀ ਸੀ, ਜੇ ਇਹ ਗੱਦਾਰਾਂ ਕਾਰਨ ਫੇਲ੍ਹ ਨਾ ਹੁੰਦਾ। ਪ੍ਰੇਮ ਸਿੰਘ ਸੁਰਸਿੰਘ ਰਾਹੀਂ ਹੀਰਾ ਸਿੰਘ ਚਰੜ ਕੋਲੋਂ ਉਨ੍ਹਾਂ ਦੇਸੀ ਬੰਬ ਬਣਾਉਣੇ ਸਿੱਖ ਲਏ। ਉਨ੍ਹਾਂ 19 ਫਰਵਰੀ ਦੇ ਗਦਰ ਨੂੰ ਫੇਲ੍ਹ ਕਰਨ ਵਾਲੇ ਕਿਰਪਾਲ ਸਿੰਘ ਤੇ ਬੇਲਾ ਸਿੰਘ ਜ਼ੈਲਦਾਰ ਨੂੰ ਮਾਰਨ ਦੀ ਕੋਸ਼ਿਸ ਕੀਤੀ। ਰੈਜੀਮੈਂਟ ਦੇ ਅੰਗਰੇਜ਼ ਅਫਸਰਾਂ ਨੂੰ ਬੰਬ ਨਾਲ ਉਡਾਉਣ ਦੀ ਸਕੀਮ ਵੀ ਬਣਾਈ, ਪਰ ਉਹ ਕਾਮਯਾਬ ਨਾ ਹੋ ਸਕੇ। ਫਰਵਰੀ 14 ਉਨ੍ਹਾਂ ਨੇ ਟੈਲੀਗਰਾਮ ਤਾਰਾਂ ਕੱਟ ਕੇ ਅੰਗਰੇਜ਼ੀ ਸੰਚਾਰ ਪ੍ਰਬੰਧ ਨਾਕਸ ਕਰ ਦਿੱਤਾ। ਸੰਸਾਰ ਯੁੱਧ ਚਲਦਾ ਹੋਣ ਕਾਰਨ ਸਰਕਾਰ ਨੇ ਅਪਰੈਲ ਮਹੀਨੇ 23ਵੇਂ ਰਸਾਲੇ ਦੇ ਜਵਾਨਾਂ ਨੂੰ ਬਸਰੇ ਦੀ ਜੰਗ ਦੇ ਮੋਰਚੇ ਵਿਚ ਭੇਜ ਦਿੱਤਾ। ਡੀਪੂ ਵਿਚ ਪਿਛੇ ਰਸਾਲੇ ਦੇ ਦੋ ਸਵਾਰ ਪੂਰਨ ਸਿੰਘ ਅਤੇ ਵਸਾਵਾ ਸਿੰਘ ਰਹਿ ਗਏ। ਉਨ੍ਹਾਂ ਦੀ ਰੈਜੀਮੈਂਟ ਡੀਪੂ ਨੂੰ ਵੀ ਨੌਗਾਉਂ (ਯੂ.ਪੀ.) ਛਾਉਣੀ ਬਦਲ ਦਿੱਤਾ ਜੋ ਹਰਪਾਲਪੁਰ ਦੇ ਰੇਲਵੇ ਸਟੇਸ਼ਨ ਤੋਂ ਕੁਝ ਦੂਰ ਸੀ। 13 ਮਈ 1915 ਨੂੰ ਹਰਪਾਲਪੁਰ ਸਟੇਸ਼ਨ 'ਤੇ ਮੀਆਂ ਮੀਰ ਛਾਉਣੀ ਦੇ ਫੌਜੀਆਂ ਦਾ ਸਮਾਨ ਉਤਾਰਿਆ ਜਾ ਰਿਹਾ ਸੀ ਤਾਂ ਪੂਰਨ ਸਿੰਘ ਦੀ ਪੇਟੀ ਵਿਚ ਪਿਆ ਦੇਸੀ ਬੰਬ ਫਟ ਗਿਆ। ਇੰਚਾਰਜ ਜਮਾਂਦਾਰ ਨੇ ਜਦੋਂ ਬਾਕੀ ਸਮਾਨ ਦੀ ਤਲਾਸ਼ੀ ਲਈ ਤਾਂ ਪੂਰਨ ਸਿੰਘ ਦੇ ਦੂਜੇ ਬਕਸੇ 'ਚੋਂ ਇੱਕ ਹੋਰ ਬੰਬ ਨਿਕਲਿਆ। ਪੂਰਨ ਸਿੰਘ ਤੇ ਵਸਾਵਾ ਸਿੰਘ ਨੂੰ ਫੜ ਕੇ ਪੁੱਛ-ਗਿੱਛ ਕੀਤੀ। ਦੋਹਾਂ ਨੇ ਆਪਣੇ ਬਚਾਓ ਲਈ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ ਅਤੇ ਝਾੜ ਸਾਹਿਬ ਤੋਂ ਫੜੇ ਤਿੰਨਾਂ ਸਵਾਰਾਂ ਬਾਰੇ ਭੇਤ ਖੋਲ੍ਹ ਦਿੱਤਾ।

ਪੂਰਨ ਸਿੰਘ ਕ੍ਰਿਪਾਲ ਸਿੰਘ ਦਾ ਰਿਸ਼ਤੇਦਾਰ ਸੀ। ਪੁਲਿਸ ਦੇ ਡਰਾਉਣ ਧਮਾਕਾਉਣ 'ਤੇ ਇਨ੍ਹਾਂ ਨੇ ਮੂਲ ਸਿੰਘ ਗ੍ਰੰਥੀ ਅਤੇ ਗੰਡਾ ਸਿੰਘ ਦੇ ਨਾਮ ਵੀ ਲੈ ਦਿੱਤੇ। ਉਹ ਵੀ ਫੜੇ ਗਏ। ਪੂਰਨ ਸਿੰਘ ਅਤੇ ਵਸਾਵਾ ਸਿੰਘ ਨੇ ਵਾਅਦਾ-ਮੁਆਫ ਗਵਾਹ ਬਣ ਕੇ ਕਈ ਹੋਰਾਂ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ ਅਤੇ ਬਸਰੇ ਜਾ ਚੁੱਕੇ ਫੌਜੀਆਂ ਦੇ ਨਾਮ ਵੀ ਦੱਸ ਦਿੱਤੇ। ਸਰਕਾਰ ਵੱਲੋਂ ਬਸਰੇ ਦੇ ਫੌਜੀ ਕਮਾਂਡਰ ਨੂੰ ਉਨ੍ਹਾਂ ਦੇ ਨਾਂ ਅਤੇ ਨੰਬਰ ਲਿਖ ਕੇ ਭੇਜ ਦਿੱਤੇ ਗਏ। ਕਮਾਂਡਰ ਨੇ ਨਾਸਰੀ ਸ਼ਹਿਰ ਵਿਚ ਸਾਰੀ ਰੈਜੀਮੈਂਟ ਦੀ ਬਿਨਾਂ ਹਥਿਆਰਾਂ ਤੋਂ ਪਰੇਡ ਕਰਵਾ ਕੇ 19 ਫੌਜੀਆਂ ਨੂੰ ਵੱਖ ਕੱਢ ਲਿਆ ਅਤੇ ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਜਹਾਜ਼ੇ ਚੜ੍ਹਾ ਦਿੱਤਾ।

ਬੰਬੇ (ਹੁਣ ਮੁੰਬਈ) ਤੋਂ ਇਨ੍ਹਾਂ ਨੂੰ ਡਗਸ਼ਈ ਛਾਉਣੀ (ਜ਼ਿਲ੍ਹਾ ਸ਼ਿਮਲਾ) ਪਹੁੰਚਾ ਦਿੱਤਾ ਗਿਆ। 11 ਅਗਸਤ 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡਗਸ਼ਈ ਪਹੁੰਚਾਏ ਗਏ। 15 ਅਗਸਤ 1915 ਨੂੰ ਇਨ੍ਹਾਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ ਅਤੇ 26 ਅਗਸਤ 1915 ਨੂੰ ਫੈਸਲਾ ਸੁਣਾ ਕੇ ਇਨ੍ਹਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਪਿਛੋਂ ਇਨ੍ਹਾਂ ਵਿਚੋਂ 6 ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨ ਕਰ ਦਿੱਤੀ ਗਈ। 30 ਅਗਸਤ 1915 ਨੂੰ ਫਾਂਸੀ ਵਾਲੇ 12 ਫੌਜੀਆਂ ਨੂੰ ਅੰਬਾਲਾ ਜੇਲ੍ਹ ਲਿਆਂਦਾ ਗਿਆ ਜਿਥੇ 3 ਸਤੰਬਰ 1915 ਨੂੰ ਉਨ੍ਹਾਂ ਸਾਰਿਆਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ: ਦਫੇਦਾਰ ਲਛਮਣ ਸਿੰਘ ਚੂਸਲੇਵੜ (ਤਰਨ ਤਾਰਨ), ਸਵਾਰ ਬੂਟਾ ਸਿੰਘ ਕਸੇਲ (ਅੰਮ੍ਰਿਤਸਰ), ਬੁੱਧ ਸਿੰਘ ਢੋਟੀਆਂ (ਤਰਨ ਤਾਰਨ), ਅਬਦੁੱਲਾ ਨਾਹਲਬੰਦ ਢੋਟੀਆਂ (ਤਰਨ ਤਾਰਨ), ਭਾਗ ਸਿੰਘ ਰੂੜ੍ਹੀਵਾਲ (ਤਰਨ ਤਾਰਨ), ਮੋਤਾ ਸਿੰਘ ਰੂੜ੍ਹੀਵਾਲ, ਤਾਰਾ ਸਿੰਘ ਰੂੜ੍ਹੀਵਾਲ ਅਤੇ ਦਫੇਦਾਰ ਵਧਾਵਾ ਸਿੰਘ ਰੂੜ੍ਹੀਵਾਲ, ਇੰਦਰ ਸਿੰਘ ਜੀਉਬਾਲਾ (ਤਰਨ ਤਾਰਨ), ਇੰਦਰ ਸਿੰਘ (ਦੂਜਾ) ਜੀਉਬਾਲਾ, ਗੁੱਜਰ ਸਿੰਘ ਲੌਹਕਾ ਅਤੇ ਜੇਠਾ ਸਿੰਘ ਲੌਹਕਾ (ਤਰਨ ਤਾਰਨ)।

ਉਮਰ ਕੈਦ ਜਲਾਵਤਨੀ ਦੀ ਸਜ਼ਾ ਵਾਲੇ ਫੌਜੀਆਂ ਦਾ ਵੇਰਵਾ ਇਸ ਤਰ੍ਹਾਂ ਹੈ: ਪਿੰਡ ਢੋਟੀਆਂ, ਤਰਨ ਤਾਰਨ ਦੇ ਬਿਸ਼ਨ ਸਿੰਘ, ਬਿਸ਼ਨ ਸਿੰਘ (ਦੂਜਾ), ਨੱਥਾ ਸਿੰਘ ਅਤੇ ਕਿਹਰ ਸਿੰਘ; ਨੰਦ ਸਿੰਘ, ਰਾਏ ਕਾ ਬੁਰਜ (ਤਰਨ ਤਾਰਨ) ਅਤੇ ਚੰਨਣ ਸਿੰਘ ਢੰਡ ਕਸੇਲ (ਅੰਮ੍ਰਿਤਸਰ)।

ਝਾੜ ਸਾਹਿਬ ਤੋਂ ਗ੍ਰਿਫਤਾਰ ਕੀਤੇ ਗਏ ਫੌਜੀ, ਜਿਨ੍ਹਾਂ ਨੂੰ ਉਮਰ ਕੈਦ ਜਲਾਵਤਨੀ ਦੀ ਸਜ਼ਾ ਹੋਈ, ਸਨ: ਭਾਈ ਮਹਿਰਾਜ ਸਿੰਘ ਕਸੇਲ (ਅੰਮ੍ਰਿਤਸਰ), ਭਾਈ ਸੁੱਚਾ ਸਿੰਘ ਚੋਹਲਾ ਸਾਹਿਬ (ਤਰਨ ਤਾਰਨ)।

3 ਸਤੰਬਰ 1915 ਨੂੰ ਫਾਂਸੀ ਲੱਗੇ ਫੌਜੀਆਂ ਵਿਚ ਦਫੇਦਾਰ ਲਛਮਣ ਸਿੰਘ ਤੇ ਅਬਦੁੱਲਾ ਨਾਹਲਬੰਦ ਵੀ ਸ਼ਾਮਲ ਸਨ। ਲਛਮਣ ਸਿੰਘ ਦੂਰਦ੍ਰਿਸ਼ਟੀ ਵਾਲਾ ਸੀ, ਸਿਪਾਹੀਆਂ ਉਪਰ ਉਸ ਦਾ ਚੰਗਾ ਪ੍ਰਭਾਵ ਸੀ। ਸਚਿੰਦਰਨਾਥ ਸਨਿਆਲ ਉਸ ਬਾਰੇ ਲਿਖਦਾ ਹੈ, "ਲਛਮਣ ਸਿੰਘ ਨੇ ਰੈਜੀਮੈਂਟ ਵਿਚ ਇਨਕਲਾਬੀ ਗਰੁਪ ਬਣਾਇਆ ਹੋਇਆ ਸੀ ਜਿਸ ਵਿਚ ਸਿੱਖ ਧਰਮ ਬਾਰੇ ਪੁਸਤਕਾਂ ਪੜ੍ਹੀਆਂ ਜਾਂਦੀਆਂ ਸਨ ਅਤੇ ਉਸ ਉਪਰ ਵਿਚਾਰ-ਚਰਚਾ ਹੁੰਦੀ ਰਹਿੰਦੀ ਸੀ। ਰੈਜੀਮੈਂਟ ਦੇ ਸਾਰੇ ਸਿਪਾਹੀ ਲਛਮਣ ਸਿੰਘ ਨੂੰ ਧਰਮਾਤਮਾ ਅਤੇ ਉਚਾ-ਸੁੱਚਾ ਸਮਝ ਕੇ ਸਤਿਕਾਰ ਕਰਦੇ ਸਨ।" ਫਾਂਸੀ ਦੇ ਹੁਕਮ ਮਗਰੋਂ ਉਸ ਦੇ ਸਾਥੀ ਅਬਦੁੱਲਾ ਨਾਹਲਬੰਧ ਨੂੰ ਜਾਨ ਬਖਸ਼ੀ ਲਈ ਲਾਲਚ ਦੇ ਕੇ ਹੋਰ ਭੇਤ ਕੱਢਣ ਵਿਚ ਅਧਿਕਾਰੀ ਸਫਲ ਨਾ ਹੋਏ ਤਾਂ ਇੱਕ ਦਿਨ ਲਛਮਣ ਸਿੰਘ ਨੇ ਉਸ ਨੂੰ ਕਿਹਾ, "ਮੌਲਵੀ ਜੀ, ਆਪਾਂ ਸਾਰਿਆਂ ਨੂੰ ਸ਼ਹੀਦ ਕੀਤਾ ਜਾਣਾ ਨਿਸ਼ਚਿਤ ਹੈ, ਕਿਉਂ ਨਾ ਤੁਸੀਂ ਵਾਅਦਾ ਮੁਆਫ ਗਵਾਹ ਬਣ ਕੇ ਆਪਣੀ ਜਾਨ ਬਚਾ ਲਉ।"

ਅਬਦੁੱਲਾ ਨੇ ਉਤਰ ਦਿੱਤਾ, "ਮੈਂ ਧੰਨਭਾਗ ਸਮਝਦਾ ਹਾਂ ਕਿ 8 ਕਰੋੜ ਮੁਸਲਮਾਨਾਂ ਵਿਚੋਂ ਮੈਂ ਇਕੱਲਾ ਹਾਂ ਤੇ ਕੁਝ ਲੱਖ ਸਿੱਖਾਂ ਵਿਚੋਂ ਤੁਸੀਂ 11 ਜਣੇ ਹੋ ਜੋ ਦੇਸ ਖਾਤਿਰ ਕੁਰਬਾਨ ਹੋ ਰਹੇ ਹੋ। ਮੈਂ ਤੁਹਾਨੂੰ ਸਾਰਿਆਂ ਨੂੰ ਛੱਡ ਕੇ ਆਪਣੀ ਜਾਨ ਬਚਾ ਕੇ ਕਲੰਕਿਤ ਨਹੀਂ ਹੋਣਾ।" ਉਸ ਨੇ ਫਾਂਸੀ ਦੇ ਤਖਤੇ ਉਪਰ ਜਾਣ ਵੇਲੇ ਜੇਲ੍ਹਰ ਨੂੰ ਕਿਹਾ, "ਸਾਡੀ ਮੌਤ ਤੋਂ ਬਾਅਦ ਸਾਨੂੰ 12 ਜਣਿਆਂ ਨੂੰ ਵੱਖ ਨਾ ਕੀਤਾ ਜਾਵੇ, ਚਾਹੇ ਸਸਕਾਰ ਕਰ ਦਿੱਤਾ ਜਾਵੇ ਜਾਂ ਦਫਨਾ ਦਿੱਤਾ ਜਾਵੇ।" 100 ਸਾਲ ਬੀਤ ਗਏ ਹਨ, 11 ਸਿੱਖਾਂ ਦੇ ਫੁੱਲ ਅਤੇ ਅਬਦੁੱਲਾ ਦੀ ਦੇਹ ਅੰਬਾਲਾ ਜੇਲ੍ਹ ਦੇ ਕੋਨੇ ਵਿਚ ਦੱਬੇ ਪਏ ਹਨ।

# ਲੋੜ ਹੈ ਅੰਤਰ ਝਾਤ ਮਾਰਨ ਦੀ

ਜਦੋਂ ਦੀ ਕੇਂਦਰ ਵਿਚ ਭਾਜਪਾ ਸਰਕਾਰ ਬਣੀ ਹੈ, ਉਦੋਂ ਤੋਂ ਹੀ ਧਾਰਮਕ ਕੁੜਿੱਤਣ ਪੈਦਾ ਹੋਣੀ ਸ਼ੁਰੂ ਹੋ ਗਈ ਹੈ ਕਿਉਂਕਿ ਸਰਕਾਰ ਵਿਚ ਕੁੱਝ ਕੱਟੜਪੰਥੀ ਲੋਕ ਨਿਰੰਤਰ ਆਪਣੀ ਪਕੜ ਮਜ਼ਬੂਤ ਕਰੀ ਜਾ ਰਹੇ ਹਨ, ਭਾਜਪਾ ਦੇ ਮੁੱਖ ਆਗੂ ਮੂਕ-ਦਰਸ਼ਕ ਬਣੇ ਬੈਠੇ ਉਨ੍ਹਾਂ ਦਾ ਵਿਰੋਧ ਕਰਨ ਦੀ ਹਿਮਾਕਤ ਨਹੀਂ ਕਰ ਰਹੇ (ਭਾਜਪਾ ਨੇ ਧਰਮ ਦੇ ਨਾਂ 'ਤੇ ਵੋਟਾਂ ਹਾਸਿਲ ਕਰਕੇ ਹੀ ਤਾਂ ਸਰਕਾਰ ਬਣਾਈ ਹੈ, ਇਸ ਕਰਕੇ ਚੁੱਪ ਰਹਿਣਾ

**ਭੁਪਿੰਦਰ ਸਿੰਘ ਬੋਪਾਰਾਏ**
ਫੋਨ: 91-98550-91442

ਇਨ੍ਹਾਂ ਦੀ ਮਜਬੂਰੀ ਵੀ ਹੈ)। ਇਸੇ ਲਈ ਧਰਮ ਰਾਜਨੀਤੀ 'ਤੇ ਭਾਰੂ ਹੋ ਰਿਹਾ ਹੈ। ਕਈ ਵਾਰ ਤਾਂ ਇੰਜ ਵੀ ਲੱਗਦਾ ਹੈ ਕਿ ਸੰਸਦ ਦਾ ਭਗਵਾਂਕਰਨ ਹੋ ਗਿਆ ਹੈ।

ਧਰਮ ਦੀ ਖੇਡ ਕੁੱਝ ਰਾਜਾਂ ਦੀਆਂ ਖੇਤਰੀ ਪਾਰਟੀਆਂ ਆਪਣੀ ਪ੍ਰਭੁਸੱਤਾ ਕਾਇਮ ਰੱਖਣ ਲਈ ਅਕਸਰ ਖੇਡਦੀਆਂ ਹਨ ਪਰ ਦੁੱਖ ਉਦੋਂ ਹੁੰਦਾ ਹੈ ਜਦ ਕੇਂਦਰ ਦੇ ਚੁਣੇ ਨੁਮਾਇੰਦੇ ਵੀ ਇਸੇ ਸੋਚ ਦਾ ਮੁਜ਼ਾਹਰਾ ਕਰਦੇ ਹਨ।

ਤਦੇ ਹੀ ਅੱਛੇ ਦਿਨਾ ਦਾ ਨਾਅਰਾ, ਸਵੱਛ ਭਾਰਤ ਦੀ ਕਾਮਨਾ ਤੇ ਮੇਕ ਇਨ ਇੰਡੀਆ ਦਾ ਸੁਪਨਾ ਹੁਣ ਧੁੰਧਲਾ ਪੈਂਦਾ ਜਾ ਰਿਹਾ ਹੈ। ਸਰਕਾਰ ਦੀ ਢਿੱਲੀ ਪਕੜ ਕਰਕੇ ਹੀ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਤੇ ਘਪਲੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਪਿਛਲੀ ਸਰਕਾਰ ਵਾਂਗ ਫਿਰ ਬੇ-ਨਿਯਮੀਆਂ, ਘੁਟਾਲੇ ਮੁੜ ਸ਼ੁਰੂ ਹੋਣੇ ਕਈ ਗਲਤ ਸੰਕੇਤ ਦੇ ਰਹੇ ਹਨ। ਵਿਦੇਸ਼ਾਂ ਵਿਚ ਪਿਆ ਕਾਲਾ ਧਨ ਵਾਪਿਸ ਦੇਸ ਵਿਚ ਨਾ ਆਉਣ ਕਰਕੇ ਲੋਕ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਮਹਿੰਗਾਈ ਪਹਿਲਾਂ ਵਾਂਗ ਹੀ ਸੱਤਵੇਂ ਅਸਮਾਨ ਨੂੰ ਛੂਹ ਰਹੀ ਹੈ, ਇਸ ਨੂੰ ਘਟਾਉਣ ਦੇ ਕੋਈ ਠੋਸ ਉਪਰਾਲੇ ਨਹੀਂ ਕੀਤੇ ਜਾ ਰਹੇ। ਸਬਜ਼ਬਾਗ ਦਿਖਾ ਕੇ ਵੋਟ ਹਥਿਆਉਣ ਦੇ ਇਲਜ਼ਾਮ ਮੌਜੂਦਾ ਸਰਕਾਰ 'ਤੇ ਲੱਗਣੇ ਸ਼ੁਰੂ ਹੋ ਗਏ ਹਨ। ਗੱਲ ਕੀ, ਹਰ ਫਰੰਟ 'ਤੇ ਸਰਕਾਰ ਨਾਕਾਮ ਹੋਈ ਨਜ਼ਰ ਆ ਰਹੀ ਹੈ।

ਇਹ ਸਭ ਇਸ ਕਰਕੇ ਹੋ ਰਿਹਾ ਹੈ ਕਿ ਸਰਕਾਰ ਵਿਚ ਚੰਗੀ ਤੇ ਉਸਾਰੂ ਸੋਚ ਵਾਲੀ ਲੀਡਰਸ਼ਿਪ ਕਿਸੇ ਸ਼ਾਜਿਸ ਤਹਿਤ ਪਾਸੇ ਕਰ ਦਿੱਤੀ ਗਈ ਹੈ। ਧਾਰਮਕ ਕੱਟੜਵਾਦ ਦੇ ਹੱਥ ਤਾਕਤ ਦੇ ਦਿੱਤੀ ਗਈ ਹੈ। ਇਸੇ ਲਈ ਬਹੁ-ਧਰਮਾਂ ਵਾਲੇ ਭਾਰਤ ਨੂੰ ਇੱਕ ਧਰਮ ਦਾ ਦੇਸ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਘਟ-ਗਿਣਤੀਆਂ ਨੂੰ ਬੇਗਾਨਗੀ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਸਿੱਧੇ ਅਸਿੱਧੇ ਤੌਰ 'ਤੇ ਡਰਾਇਆ-ਧਮਕਾਇਆ ਜਾ



ਰਿਹਾ ਹੈ।

ਜੇ ਸੰਸਾਰ ਦੇ ਨਕਸ਼ੇ 'ਤੇ ਝਾਤ ਮਾਰੀਏ ਤਾਂ ਇਹ ਸਮਝਣ ਵਿਚ ਇੱਕ ਪਲ ਵੀ ਨਹੀਂ ਲਗਦਾ ਕਿ ਜਿਹੜੇ ਦੇਸ ਧਾਰਮਕ ਕੱਟੜ ਆਗੂਆਂ ਦੇ ਇਸ਼ਾਰਿਆਂ 'ਤੇ ਚਲਦੇ ਹਨ, ਉਥੇ ਹਮੇਸ਼ਾ ਬਦ ਅਮਨੀ, ਬੇ-ਚੈਨੀ, ਸਹਿਮ ਤੇ ਆਤੰਕਵਾਦ ਦਾ ਵਾਸਾ ਰਹਿੰਦਾ ਹੈ, ਉਹ ਦੇਸ ਨਿਘਾਰ ਵੱਲ ਜਾਣ ਲੱਗ ਜਾਂਦੇ ਹਨ, ਨੇੜੇ ਰਹਿਣ ਵਾਲੇ ਦੇਸ ਉਨ੍ਹਾਂ ਤੋਂ ਪਾਸਾ ਵੱਟਣ ਲੱਗਦੇ ਹਨ, ਤਰੱਕੀ ਕਰਨ ਦਾ ਰਾਹ ਉਨ੍ਹਾਂ ਲਈ ਰੁਕ ਜਾਂਦਾ ਹੈ, ਲੋਕ ਖਾਨਾ-ਜੰਗੀ ਵਿਚ ਉਲਝ ਜਾਂਦੇ ਹਨ, ਬੁਰਾਈਆਂ ਦੇ ਰਾਹ ਉਨ੍ਹਾਂ ਨੂੰ ਅਜਿਹੀ ਦਲ-ਦਲ ਵਿਚ ਲੈ ਜਾਂਦੇ ਹਨ ਜਿੱਥੋਂ ਬਾਹਰ ਨਿਕਲਣਾ ਨਾ-ਮੁਮਕਿਨ ਹੋ ਜਾਂਦਾ ਹੈ, ਉਨ੍ਹਾਂ ਦੀ ਆਪਣੀ ਅੰਦਰਲੀ ਇਕੱਲ ਸਮਾਜ ਲਈ ਤੇ ਸੰਸਾਰ ਲਈ ਘਾਤਕ ਸਾਬਤ ਹੁੰਦੀ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਕਿਤੇ ਸਾਡਾ ਦੇਸ ਵੀ ਉਨ੍ਹਾਂ ਦੇਸਾਂ ਵਿਚ ਹੀ ਸ਼ੁਮਾਰ ਹੋਣ ਵਾਲਾ ਨਹੀਂ ਜਿਹੜੇ ਦੇਸ ਧਾਰਮਿਕ ਕੱਟੜਵਾਦ ਦੇ ਸ਼ਿਕਾਰ ਹੋਏ ਹੋਏ ਹਨ। ਜੇ ਵਾਕਈ ਇਸ ਤਰ੍ਹਾਂ ਹੈ ਤਾਂ ਦੇਸ ਦਾ ਭਵਿੱਖ ਬਹੁਤ ਹਨੇਰੇ ਵੱਲ ਜਾ ਰਿਹਾ ਹੈ। ਫਿਰ ਇਹ ਤਾਂ ਜਾਗਦੇ ਤੇ ਜਾਣਦੇ ਹੋਏ ਵੀ ਦੇਸ ਦੇ ਬੇੜੇ ਨੂੰ ਡੋਬਣ ਵਾਲੀ ਗੱਲ ਹੋਵੇਗੀ।

ਅਫ਼ਸਾਨਾ-ਏ-ਅਫ਼ਗਾਨਿਸਤਾਨ-5


# ਤਾਲਿਬਾਨ ਦੇ ਕਾਰਿਆਂ ਨਾਲ ਮਨੁੱਖਤਾ ਸ਼ਰਮਸਾਰ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹੱਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਿਹਾਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

## ਤੁਸੀਂ ਪੜ੍ਹ ਚੁੱਕੋ ਹੋ...

**ਅਫਗਾਨਿਸਤਾਨ ਵਿਚ ਸਦੀਆਂ ਤੋਂ ਉਠਦੇ ਰਹੇ ਸਿਆਸੀ ਤੂਫਾਨਾਂ ਦੌਰਾਨ ਵੱਖ ਵੱਖ ਸ਼ਾਸਕਾਂ ਨੇ ਆਪਣੀ ਪੈਂਠ ਬਣਾਈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ। ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ। 20ਵੀਂ ਸਦੀ ਦੇ 7ਵੇਂ ਦਹਾਕੇ ਬਾਅਦ ਤਾਂ ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦੀ। ਰੂਸ ਅਤੇ ਅਮਰੀਕਾ ਨੇ ਆਪੋ-ਆਪਣੇ ਹਿਤਾਂ ਲਈ ਮੁਲਕ ਨੂੰ ਜੰਗ ਦਾ ਮੈਦਾਨ ਬਣਾ ਦਿੱਤਾ। ਇਸ ਤੋਂ ਬਾਅਦ ਮੁੱਲਾ ਉਮਰ ਦੀ ਅਗਵਾਈ ਹੇਠ ਤਾਲਿਬਾਨ ਨੇ ਸੱਤਾ ਹਾਸਲ ਕੀਤੀ। ਹੁਣ ਪੜ੍ਹੋ ਇਸ ਤੋਂ ਅੱਗੇ...**


ਬਾਮਿਆਨ ਦੁਆਲੇ ਬੈਠੀਆਂ ਤਾਲਿਬਾਨ ਫੌਜਾਂ ਨੇ ਪਿਛਲਾ ਸਮਝੌਤਾ ਤੋੜਦਿਆਂ 1998 ਦੇ ਪਹਿਲੇ ਅੱਧ ਵਿਚ ਜਨਰਲ ਰਸ਼ੀਦ ਦੋਸਤਮ ਦੇ ਇਲਾਕੇ 'ਤੇ ਹਮਲਾ ਕਰ ਦਿੱਤਾ। ਅੰਦਰੋ-ਅੰਦਰੀ ਦੋਸਤਮ ਦੇ ਕਾਫੀ ਕਮਾਂਡਰ ਤਾਲਿਬਾਨ ਦੁਆਰਾ ਖਰੀਦੇ ਜਾ ਚੁੱਕੇ ਸਨ। ਲੜਾਈ ਸ਼ੁਰੂ ਹੋਈ ਤਾਂ ਉਹ ਬਿਨਾਂ ਲੜਿਆਂ ਹੀ ਪਿੱਛੇ ਹਟ ਗਏ। ਇਸ ਨਾਲ ਫੌਜ ਦਾ ਵੀ ਮਨੋਬਲ ਟੁੱਟ ਗਿਆ। ਕਾਫੀ ਫੌਜ ਹਥਿਆਰ ਸੁੱਟ ਗਈ ਤੇ ਬਾਕੀ ਰਹਿੰਦੀ ਇੱਧਰ ਉੱਧਰ ਖਿੰਡ ਪੁੰਡ ਗਈ।



**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਜਨਰਲ ਰਸ਼ੀਦ ਦੋਸਤਮ ਖੁਦ ਵੀ, ਫਿਰ ਤੋਂ ਮੁਲਕ ਛੱਡ ਕੇ ਭੱਜ ਨਿਕਲਿਆ ਤੇ ਤੁਰਕੀ ਪਹੁੰਚ ਗਿਆ। ਫੜੇ ਗਏ ਫੌਜੀਆਂ ਦੀ ਬਹੁ-ਗਿਣਤੀ ਮਾਰ-ਮੁਕਾਈ ਗਈ। ਇੱਥੋਂ ਤਾਲਿਬਾਨ ਲਈ ਮਜ਼ਾਰ-ਏ-ਸ਼ਰੀਫ ਵੱਲ ਜਾਣ ਦਾ ਰਾਹ ਪੱਧਰਾ ਹੋ ਗਿਆ ਸੀ। ਉਨ੍ਹਾਂ ਨੇ ਕਾਫੀ ਸਾਰੇ ਕਮਾਂਡਰ ਉੱਥੇ ਵੀ ਖਰੀਦ ਲਏ। ਆਖਰ ਅਗਸਤ ਮਹੀਨੇ ਤਾਲਿਬਾਨ, ਭਿਆਨਕ ਹੱਲਾ ਬੋਲਦੇ ਹੋਏ ਹਨ੍ਹੇਰੀ ਵਾਂਗ ਅੱਗੇ ਵਧੇ ਤੇ ਬੜੀ ਛੇਤੀ ਉਨ੍ਹਾਂ ਮਜ਼ਾਰ-ਏ-ਸ਼ਰੀਫ 'ਤੇ ਕਬਜ਼ਾ ਕਰ ਲਿਆ। ਐਤਕੀਂ ਇੱਥੇ ਆਉਣ ਤੋਂ ਪਹਿਲਾਂ ਤਾਲਿਬਾਨ ਬੜੀ ਤਿਆਰੀ ਨਾਲ ਆਏ ਸਨ। ਉਨ੍ਹਾਂ ਦੇ ਦਿਲ ਵਿਚ ਪਿਛਲੇ ਵਿਦਰੋਹ ਦੇ ਬਦਲੇ ਦੀ ਚੰਗਿਆੜੀ ਭੜਕ ਰਹੀ ਸੀ। ਇੱਥੇ ਕਾਬਜ਼ ਹੁੰਦਿਆਂ ਹੀ, ਉਨ੍ਹਾਂ ਨੇ ਅੰਧਾਧੁੰਦ ਕਤਲੇਆਮ ਸ਼ੁਰੂ ਕਰ ਦਿੱਤਾ ਜੋ ਚਾਰ-ਪੰਜ ਦਿਨ ਜਾਰੀ ਰਿਹਾ। ਸਾਰੇ ਸੰਸਾਰ ਨੇ ਲੋਕਾਈ ਮਰਦੀ ਵੇਖੀ, ਪਰ ਕਿਸੇ ਕੋਲ ਕੋਈ ਰਾਹ ਨਹੀਂ ਜਿਸ ਨਾਲ ਲੋਕਾਂ ਨੂੰ ਬਚਾਇਆ ਜਾ ਸਕਦਾ। ਆਖਰ ਪੰਜ ਦਿਨਾਂ ਪਿੱਛੋਂ, ਜਦੋਂ ਸ਼ਹਿਰ ਵਿਚ ਕੋਈ ਵੀ ਬੰਦਾ ਪਰਿੰਦਾ ਨਾ ਬਚਿਆ ਤਾਂ ਤਾਲਿਬਾਨ ਨੇ ਖੰਜਰਾਂ ਦੇ ਮੂੰਹ ਪੂੰਝੇ। ਉਨ੍ਹਾਂ ਸ਼ਹਿਰ ਦੇ ਲੋਕਾਂ ਨੂੰ ਘਰਾਂ 'ਚੋਂ ਕੱਢ ਕੱਢ ਕੇ ਮਾਰ ਮੁਕਾਇਆ ਸੀ। ਮਰੇ ਮੁੱਕਿਆਂ ਦਾ ਰਸਮੋ-ਰਿਵਾਜ ਮੁਤਾਬਕ, ਸਹੀ ਢੰਗ ਨਾਲ ਅੰਤਮ ਕਿਰਿਆ ਕਰਮ ਵੀ ਨਾ ਹੋ ਸਕਿਆ। ਲਾਸ਼ਾਂ ਟਰੱਕਾਂ 'ਚ ਲੱਦ ਕੇ ਬਾਹਰ ਰੇਗਿਸਤਾਨ ਵਿਚ ਵੱਡੇ ਵੱਡੇ ਟੋਏ ਪੁੱਟ ਕੇ ਦੱਬ ਦਿੱਤੀਆਂ। ਅਫਗਾਨਿਸਤਾਨ ਦੀ ਧਰਤੀ ਨੇ ਉਸ ਵਕਤ ਭਿਆਨਕ ਕਤਲੇਆਮ ਵੇਖਿਆ, ਉਸ ਦਿਨ ਸ਼ਾਇਦ ਕੁਦਰਤ ਵੀ ਤਾਲਿਬਾਨ ਸਾਹਮਣੇ ਬੇਵਸ ਹੋ ਗਈ ਸੀ। ਉਨ੍ਹਾਂ ਚੰਗੇਜ਼ ਖਾਂ ਅਤੇ ਤੈਮੂਰ ਵਰਗਿਆਂ ਨੂੰ ਮਾਤ ਪਾ ਦਿੱਤਾ ਸੀ।

ਇਸ ਪਿੱਛੋਂ ਤਾਲਿਬਾਨ ਨੇ ਪੂਰੀ ਤਾਕਤ ਅਤੇ ਜੋਸ਼ੋ-ਖਰੋਸ਼ ਨਾਲ ਬਾਮਿਆਨ 'ਤੇ ਚੜ੍ਹਾਈ ਕਰ ਦਿੱਤੀ। ਹਮਲਾ ਇੰਨਾ ਜ਼ਬਰਦਸਤ ਸੀ ਕਿ ਸਥਾਨਕ ਫੌਜਾਂ ਇਸ ਦੀ ਮਾਰ ਸਾਹਮਣੇ ਖਲੋ ਹੀ ਨਾ ਸਕੀਆਂ। ਕਰੀਮ ਖਲੀਲੀ ਅਤੇ ਉਸ ਦੀ ਫੌਜ, ਪਿੱਛੇ ਹਟਦੇ ਪਹਾੜਾਂ ਵੱਲ ਭੱਜ ਗਏ। ਆਖਰ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਘੇਰਾ ਖਤਮ ਕਰਦਿਆਂ ਤਾਲਿਬਾਨ ਨੇ ਉਥੇ ਜਾ ਝੰਡੇ ਗੱਡੇ। ਹੁਣ ਅਫਗਾਨਿਸਤਾਨ ਦਾ ਬਹੁਤ ਜ਼ਿਆਦਾ ਹਿੱਸਾ ਤਾਲਿਬਾਨ ਦੇ ਕਬਜ਼ੇ ਹੇਠ ਸੀ। ਇਸ ਪਿੱਛੋਂ ਉਨ੍ਹਾਂ ਦੇ ਖਾਸ ਮਦਦਗਾਰਾਂ ਨੇ ਉਨ੍ਹਾਂ ਨੂੰ ਦੁਨੀਆਂ ਤੋਂ ਮਾਨਤਾ ਦਿਵਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ, ਪਰ ਰਾਜਨੀਤੀ ਤੋਂ ਅਸਲੋਂ ਕੋਰੇ ਤਾਲਿਬਾਨ ਨੇ ਇੱਥੇ ਇੱਕ ਹੋਰ ਚੰਦ ਚੜ੍ਹਾ ਦਿੱਤਾ ਜਿਸ ਨਾਲ ਉਨ੍ਹਾਂ ਨੂੰ ਮਾਨਤਾ ਮਿਲਣ ਦੀ ਪੈਦਾ ਹੋਈ ਮਾੜੀ ਮੋਟੀ ਸੰਭਾਵਨਾ ਵੀ ਖਤਮ ਹੋ ਗਈ। ਉਨ੍ਹਾਂ ਨੇ ਮਜ਼ਾਰ ਸ਼ਹਿਰ 'ਚ ਸਥਿਤ ਇਰਾਨੀ ਦੂਤਾਵਾਸ 'ਤੇ ਹਮਲਾ ਕਰ ਕੇ ਉਨ੍ਹਾਂ ਦਾ ਦਰਜਨ ਦੇ ਕਰੀਬ ਅਮਲਾ ਮਾਰ ਮੁਕਾਇਆ। ਇਸ ਘਟਨਾ ਨਾਲ ਇਰਾਨ, ਗੁੱਸੇ ਵਿਚ ਉਬਲਣ ਲੱਗਿਆ। ਅਜੇ ਇਹ ਗੱਲ ਚੱਲ ਹੀ ਰਹੀ ਸੀ ਕਿ ਉਦੋਂ ਨੂੰ ਇੱਕ ਪੰਗਾ ਹੋਰ ਪੈ ਗਿਆ। ਅਗਸਤ 1998 ਦੇ ਪਹਿਲੇ ਹਫਤੇ ਤਾਲਿਬਾਨ ਦੇ ਖਾਸ ਮਹਿਮਾਨ ਉਸਾਮਾ ਬਿਨ-ਲਾਦਿਨ ਨੇ ਕੀਨੀਆ ਅਤੇ ਤਨਜ਼ਾਨੀਆ ਵਿਚਲੇ ਮੁਲਕਾਂ ਦੀਆਂ ਅਮਰੀਕਨ ਅੰਬੈਸੀਆਂ 'ਤੇ ਹਮਲਾ ਕਰਵਾ ਦਿੱਤਾ। ਇਨ੍ਹਾਂ ਬੰਬ ਧਮਾਕਿਆਂ 'ਚ ਤਕਰੀਬਨ ਸਵਾ ਦੋ ਸੌ ਲੋਕ ਮਾਰੇ ਗਏ ਅਤੇ ਚਾਰ ਹਜ਼ਾਰ ਦੇ ਨੇੜੇ ਜ਼ਖ਼ਮੀ ਹੋ ਗਏ। ਅਮਰੀਕਾ ਨੇ ਉਸਾਮਾ ਬਿਨ-ਲਾਦਿਨ ਅਤੇ ਉਸ ਦੇ ਸਾਥੀਆਂ ਨੂੰ ਸਜ਼ਾ ਦੇਣ ਲਈ ਸਤਾਈ ਅਗਸਤ ਦੇ ਦਿਨ ਉਸ ਦੇ ਅਫਗਾਨਿਸਤਾਨ ਵਿਚਲੇ ਕੈਂਪਾਂ 'ਤੇ ਕਰੂਜ਼ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਵੀਹ ਦੇ ਲਗਭਗ ਅਤਿਵਾਦੀ ਮਾਰੇ ਗਏ ਪਰ ਲਾਦਿਨ ਬਚ ਰਿਹਾ। ਦੁਨੀਆਂ ਸੋਚ ਰਹੀ ਸੀ ਕਿ ਸ਼ਾਇਦ ਹੁਣ ਤਾਲਿਬਾਨ ਕੁਝ ਸੰਭਲਣਗੇ, ਪਰ ਉਨ੍ਹਾਂ ਦੀ ਅਗਲੀ ਕਾਰਵਾਈ ਨੇ ਦੁਨੀਆਂ ਨੂੰ ਇਕ ਵਾਰ ਫਿਰ ਤੋਂ ਚੌਂਕਾ ਦਿੱਤਾ।




*ਬਾਮਿਆਨ ਵਿਚ ਬੁੱਧ ਦੇ ਦੋ ਵਿਰਾਟ ਬੁੱਤਾਂ ਵਿਚੋਂ ਇਕ ਬੁੱਤ। ਇਹ ਬੁੱਤ ਤਾਲਿਬਾਨ ਦੇ ਬਾਰੂਦ ਨਾਲ ਉਡਾ ਦਿੱਤੇ ਸਨ।*

***ਬਾਮਿਆਨ 'ਤੇ ਕਬਜ਼ਾ ਹੋਣ ਦੇ ਦਿਨ ਤੋਂ ਹੀ ਤਾਲਿਬਾਨ ਨੇ ਉਥੇ ਪਹਾੜਾਂ 'ਚ ਖੜ੍ਹੀਆਂ ਮਹਾਤਮਾ ਬੁੱਧ ਦੀਆਂ ਦੋ ਵੱਡੀਆਂ ਮੂਰਤੀਆਂ ਢਾਹੁਣ ਦੀ ਚਿਤਾਵਨੀ ਦਿੱਤੀ ਹੋਈ ਸੀ। ਸੰਸਾਰ ਭਰ ਦੇ ਸੂਝਵਾਨ ਲੋਕ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਰਹੇ ਸਨ ਪਰ ਉਹ ਕਿਸੇ ਦੀ ਗੱਲ ਨਹੀਂ ਸੁਣ ਰਹੇ ਸਨ। ਇਹ ਮੂਰਤੀਆਂ ਤਕਰੀਬਨ ਦੋ ਹਜ਼ਾਰ ਸਾਲ ਪੁਰਾਣੀਆਂ ਸਨ ਜੋ ਪਹਾੜ ਖੋਦ ਕੇ ਬਣਾਈਆਂ ਹੋਈਆਂ ਸਨ। ਇੱਕ ਮੂਰਤੀ 165 ਫੁੱਟ ਤੇ ਦੂਜੀ 114 ਫੁੱਟ ਉਚੀ ਸੀ। ਦੂਰੋਂ ਹੀ ਨਜ਼ਰੀ ਪੈਂਦੀਆਂ ਇਹ ਮੂਰਤੀਆਂ ਅਫਗਾਨਿਸਤਾਨ ਦਾ ਮਾਣ ਸਨ। ਆਖਰ ਤਾਲਿਬਾਨ ਨੇ ਇਨ੍ਹਾਂ ਨੂੰ ਬੰਬਾਂ ਨਾਲ ਉਡਾ ਦਿੱਤਾ।***

ਦਰਅਸਲ ਬਾਮਿਆਨ 'ਤੇ ਕਬਜ਼ਾ ਹੋਣ ਦੇ ਦਿਨ ਤੋਂ ਹੀ ਉਨ੍ਹਾਂ ਨੇ ਉਥੇ ਪਹਾੜਾਂ 'ਚ ਖੜ੍ਹੀਆਂ ਮਹਾਤਮਾ ਬੁੱਧ ਦੀਆਂ ਦੋ ਵੱਡੀਆਂ ਮੂਰਤੀਆਂ ਨੂੰ ਢਾਹ ਦੇਣ ਦੀ ਚਿਤਾਵਨੀ ਦਿੱਤੀ ਹੋਈ ਸੀ। ਸੰਸਾਰ ਭਰ ਦੇ ਸੂਝਵਾਨ ਲੋਕ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਰਹੇ ਸਨ ਪਰ ਉਹ ਕਿਸੇ ਦੀ ਗੱਲ ਨਹੀਂ ਸੁਣ ਰਹੇ ਸਨ। ਇਹ ਮੂਰਤੀਆਂ ਤਕਰੀਬਨ ਦੋ ਹਜ਼ਾਰ ਸਾਲ ਪੁਰਾਣੀਆਂ ਸਨ ਜੋ ਪਹਾੜ ਖੋਦ ਕੇ ਬਣਾਈਆਂ ਹੋਈਆਂ ਸਨ। ਇੱਕ ਮੂਰਤੀ 165 ਫੁੱਟ ਤੇ ਦੂਜੀ 114 ਫੁੱਟ ਉਚੀ ਸੀ। ਦੂਰੋਂ ਹੀ ਨਜ਼ਰੀ ਪੈਂਦੀਆਂ ਇਹ ਮੂਰਤੀਆਂ ਅਫਗਾਨਿਸਤਾਨ ਦਾ ਮਾਣ ਸਨ। ਆਖਰ ਤਾਲਿਬਾਨ ਨੇ ਕਿਸੇ ਦੀ ਗੱਲ ਨਾ ਗੌਲੀ ਤੇ ਇਨ੍ਹਾਂ ਨੂੰ ਬੰਬਾਂ ਨਾਲ ਉਡਾ ਦਿੱਤਾ। ਇਸ ਨਾਲ ਮੁਲਕ ਦੇ ਮਾਣ-ਸਨਮਾਨ ਨੂੰ ਠੇਸ ਤਾਂ ਲੱਗੀ ਹੀ ਲੱਗੀ, ਪਰ ਨਾਲ ਹੀ ਤਾਲਿਬਾਨ ਨੇ ਆਪਣੀ ਅਕਲ ਦਾ ਜਨਾਜ਼ਾ ਵੀ ਕੱਢ ਲਿਆ। ਉਧਰ ਅਮਰੀਕਾ ਦੇ ਹਮਲੇ ਤੋਂ ਬਾਅਦ ਇਰਾਨ ਨੂੰ ਚੰਗਾ ਬਹਾਨਾ ਮਿਲ ਗਿਆ ਤੇ ਉਸ ਨੇ ਵੀ ਅਮਰੀਕਾ ਦੀ ਤਰਜ਼ 'ਤੇ ਹੀ ਅਫਗਾਨਿਸਤਾਨ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਲਈ। ਇਰਾਨ ਦਾ ਕਹਿਣਾ ਸੀ ਕਿ ਜੇ ਅਮਰੀਕਾ ਆਪਣੀ ਸੁਰੱਖਿਆ ਲਈ ਕਿਸੇ ਦੂਸਰੇ ਮੁਲਕ 'ਤੇ ਮਿਜ਼ਾਇਲੀ ਹਮਲਾ ਕਰ ਸਕਦਾ ਹੈ ਤਾਂ ਉਸ ਨੂੰ ਵੀ ਹੱਕ ਹੈ ਕਿ ਆਪਣੀ ਰੱਖਿਆ ਆਪ ਕਰੇ। ਅਗਲੇ ਹੀ ਦਿਨੀਂ, ਆਪਣੀ ਗੱਲ ਨੂੰ ਅਮਲੀ ਜਾਮਾ ਪਹਿਨਾਉਂਦਿਆਂ, ਇਰਾਨ ਨੇ ਲੱਖਾਂ ਦੀ ਗਿਣਤੀ 'ਚ ਫੌਜ ਅਤੇ ਟੈਂਕਾਂ ਦਾ ਕਾਫਲਾ ਅਫਗਾਨਿਸਤਾਨ ਦੀ ਸਰਹੱਦ ਵੱਲ ਰਵਾਨਾ ਕਰ ਦਿੱਤਾ। ਇਰਾਨ ਦੀ ਇਸ ਕਾਰਵਾਈ ਨਾਲ ਤਾਲਿਬਾਨ ਦੇ ਹੋਸ਼ ਉੱਡ ਗਏ ਤੇ ਉਨ੍ਹਾਂ ਨੇ ਨਰਮ ਪੈਂਦਿਆਂ ਯੂ.ਐਨ.ਓ. ਨੂੰ ਦਖਲ ਦੇਣ ਦੀ ਬੇਨਤੀ ਕੀਤੀ। ਯੂ.ਐਨ.ਓ. ਵੀ ਡਰਦੀ ਸੀ ਕਿ ਅਫਗਾਨਿਸਤਾਨ ਦੀ ਘਰੇਲੂ ਖਾਨਾਜੰਗੀ ਹੁਣ ਕਿਧਰੇ ਦੋ ਮੁਲਕਾਂ ਦੀ ਜੰਗ ਨਾ ਬਣ ਜਾਵੇ। ਉਸ ਨੇ ਵੀ ਆਪਣੇ ਨੁਮਾਇੰਦੇ ਉਧਰ ਰਵਾਨਾ ਕਰ ਦਿੱਤੇ। ਤਾਲਿਬਾਨ ਮੁਖੀ ਮੁੱਲਾ ਉਮਰ ਪਹਿਲੀ ਵਾਰ ਕਿਸੇ ਬਾਹਰ ਦੇ ਲੀਡਰ ਨੂੰ ਮਿਲਿਆ। ਉਸ ਨੇ ਯੂ.ਐਨ.ਓ. ਦੇ ਨੁਮਾਇੰਦੇ ਨਾਲ ਚੰਗੇ ਅੰਦਾਜ਼ 'ਚ ਗੱਲਬਾਤ ਕੀਤੀ ਅਤੇ ਉਹ ਮਨੁੱਖੀ ਹੱਕਾਂ ਬਾਰੇ ਬਹੁਤ ਸਾਰੀਆਂ ਸੋਧਾਂ ਕਰਨੀਆਂ ਵੀ ਮੰਨ ਗਿਆ। ਇਸ ਤੋਂ ਇਲਾਵਾ ਉਸ ਨੇ ਹੋਰ ਬਹੁਤ ਸਾਰੀਆਂ ਗੱਲਾਂ ਮੰਨਣ ਦੀ ਹਾਮੀ ਭਰ ਦਿੱਤੀ। ਯੂ.ਐਨ.ਓ. ਅਤੇ ਹੋਰ ਸੰਸਾਰਕ ਲੀਡਰਾਂ ਦੇ ਦਖਲ ਨਾਲ ਇਰਾਨ-ਅਫਗਾਨਿਸਤਾਨ ਲੜਾਈ ਦਾ ਮਸਲਾ ਟਲ ਗਿਆ, ਪਰ ਤਾਲਿਬਾਨ ਦੀ ਮੌਜੂਦਾ ਮੁਸ਼ਕਿਲ ਨੂੰ ਤਾੜਦਿਆਂ, ਦੂਰ ਉੱਤਰ ਵੱਲ ਬੈਠਾ ਅਹਿਮਦ ਸ਼ਾਹ ਮਸੂਦ ਹਰਕਤ ਵਿਚ ਆ ਗਿਆ। ਉਸ ਨੇ ਪਹਿਲਾਂ ਹੀ ਉਜ਼ਬੇਕ, ਤਾਜਿਕ ਅਤੇ ਹਜ਼ਾਰਾ ਮੂਲ ਦੇ ਅਫਗਾਨ ਫੌਜੀਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਤਾਲਿਬਾਨ ਹੱਥੋਂ ਸਤਿਆ ਹੋਇਆ ਇਰਾਨ ਵੀ ਕਿੜ ਕੱਢਣੀ ਚਾਹੁੰਦਾ ਸੀ ਤੇ ਉਹ ਮਸੂਦ ਦੀ ਦਿਲ ਖੋਲ੍ਹ ਕੇ ਮਦਦ ਕਰ ਰਿਹਾ ਸੀ। ਇਰਾਨ ਵੱਲੋਂ ਦਿਨ ਰਾਤ ਚੱਲ ਰਹੀਆਂ ਫਲਾਈਟਾਂ, ਮਸੂਦ ਲਈ ਫੌਜੀ ਸਮਾਨ ਦੀ ਢੋਆ ਢੁਆਈ 'ਚ ਮਸਰੂਫ ਸਨ। ਮੌਕੇ ਦਾ ਫਾਇਦਾ ਉਠਾਉਂਦਿਆਂ ਮਸੂਦ ਨੇ ਭਰਵਾਂ ਹੱਲਾ ਕਰ ਦਿੱਤਾ ਤੇ ਕੁਝ ਹੀ ਦਿਨਾਂ ਵਿਚ ਉਜ਼ਬੇਕਿਸਤਾਨ ਅਤੇ ਤਾਜਿਕਸਤਾਨ ਨਾਲ ਲੱਗਦੇ ਇਲਾਕੇ ਜਿੱਤ ਲਏ। ਇਸ ਵਿਚ ਇਰਾਨ ਤੋਂ ਇਲਾਵਾ ਰੂਸ ਨੇ ਵੀ ਉਸ ਦੀ ਭਰਵੀਂ ਹਿਮਾਇਤ ਕੀਤੀ। ਹਰ ਕੋਈ ਚਾਹੁੰਦਾ ਸੀ ਕਿ ਤਾਲਿਬਾਨ ਨੂੰ ਉੱਤਰ ਵੱਲ ਵਧਣ ਤੋਂ ਰੋਕਿਆ ਜਾਵੇ। ਮਸੂਦ ਨੇ ਇਸ ਇਲਾਕੇ 'ਤੇ ਫਿਰ ਤੋਂ ਕਬਜ਼ਾ ਕਰ ਕੇ ਤਾਲਿਬਾਨ ਦੇ ਇਧਰ ਹੋ ਰਿਹਾ ਵਾਧਾ ਰੋਕ ਦਿੱਤਾ। ਮਸੂਦ ਦੇ ਇਸ ਕਦਮ ਦਾ ਉਸ ਨੂੰ ਖੁਦ ਨੂੰ ਇੱਕ ਹੋਰ ਫਾਇਦਾ ਹੋਇਆ। ਉਹ ਇਹ, ਇਸ ਇਲਾਕੇ ਦੇ ਤਾਲਿਬਾਨ ਹੱਥੋਂ ਹਾਰੇ ਕਮਾਂਡਰਾਂ ਨੇ ਮਸੂਦ ਨੂੰ ਨਾਰਦਰਨ ਅਲਾਇੰਸ ਦਾ ਕਮਾਂਡਰ-ਇਨ-ਚੀਫ ਬਣਾ ਦਿੱਤਾ। ਇਸ ਇਕੱਠ ਨਾਲ ਦੁਨੀਆਂ ਨੂੰ ਥੋੜ੍ਹੀ ਰਾਹਤ ਹੋਈ ਕਿ ਸ਼ਾਇਦ ਹੁਣ ਤਾਲਿਬਾਨ ਨੂੰ ਠੱਲ੍ਹ ਪਾਈ ਜਾ ਸਕੇ। ਅਹਿਮਦ ਸ਼ਾਹ ਮਸੂਦ ਦੀ ਕਮਾਂਡ ਹੇਠ ਨਾਰਦਰਨ ਅਲਾਇੰਸ ਨੇ ਅੱਗੇ ਵਧਣਾ ਜਾਰੀ ਰੱਖਿਆ। ਇਸ ਮੌਕੇ ਤਾਲਿਬਾਨ ਨੂੰ ਇੱਕ ਝਟਕਾ ਹੋਰ ਲੱਗਿਆ। ਉਸਾਮਾ ਬਿਨ-ਲਾਦਿਨ ਹਮਲੇ ਵਿਚ ਬਚ ਰਿਹਾ ਤਾਂ ਅਮਰੀਕਾ ਨੇ ਸਾਊਦੀ ਅਰਬ ਦੀ ਮਾਰਫਤ ਤਾਲਿਬਾਨ ਨੂੰ ਕਿਹਾ ਕਿ ਉਹ ਉਸ ਨੂੰ ਫੜ ਕੇ ਅਮਰੀਕਾ ਦੇ ਹਵਾਲੇ ਕਰ ਦੇਣ, ਕਿਉਂਕਿ ਉਹ ਅਫਰੀਕੀ ਮੁਲਕਾਂ ਦੀਆਂ ਅੰਬੈਸੀਆਂ ਵਿਚ ਬੰਬ ਧਮਾਕਿਆਂ ਦਾ ਦੋਸ਼ੀ ਹੈ, ਪਰ ਤਾਲਿਬਾਨ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਉਨ੍ਹਾਂ ਦਾ ਮਹਿਮਾਨ ਹੈ, ਤੇ ਅਫਗਾਨ ਰਸਮੋ-ਰਿਵਾਜ ਇਸ ਦੀ ਇਜ਼ਾਜਤ ਨਹੀਂ ਦਿੰਦੇ ਕਿ ਮਹਿਮਾਨ ਨੂੰ ਦੁਸ਼ਮਣ ਦੇ ਹਵਾਲੇ ਕੀਤਾ ਜਾਵੇ। ਇਸ ਨਾਲ ਸਾਊਦੀ ਅਰਬ ਵੀ ਮਾਯੂਸ ਹੋ ਗਿਆ ਕਿਉਂਕਿ ਉਸ ਨੇ ਉਸਾਮਾ ਬਿਨ-ਲਾਦਿਨ ਦੀਆਂ ਮੁਲਕ ਵਿਰੋਧੀ ਕਾਰਵਾਈਆਂ ਕਰ ਕੇ ਉਸ ਨੂੰ ਦੇਸ਼ ਨਿਕਾਲਾ ਦਿੱਤਾ ਹੋਇਆ ਸੀ। ਹੁਣ ਲਾਦਿਨ ਖੁੱਲਮ-ਖੁੱਲ੍ਹਾ ਅਮਰੀਕਾ ਖਿਲਾਫ ਬੋਲਣ ਲੱਗਿਆ ਤਾਂ ਸਾਊਦੀ ਅਰਬ ਨੇ ਤਾਲਿਬਾਨ ਨਾਲੋਂ ਸਬੰਧ ਤੋੜ ਲਏ। ਇਸ ਪਿੱਛੋਂ ਦੁਨੀਆਂ ਦਾ ਇੱਕੋ ਇਕ ਮੁਲਕ, ਪਾਕਿਸਤਾਨ ਉਨ੍ਹਾਂ ਦੀ ਮੱਦਦ 'ਤੇ ਰਹਿ ਗਿਆ। ਇਸ ਨਾਲ ਤਾਲਿਬਾਨ, ਇੱਕ ਤਰ੍ਹਾਂ ਨਾਲ ਕਈ ਮੁਸ਼ਕਿਲਾਂ ਵਿਚ ਫਸ ਗਏ। 1999 ਦੇ ਸ਼ੁਰੂਆਤੀ ਦੌਰ ਵਿਚ ਹੀ ਉਨ੍ਹਾਂ 'ਤੇ ਇੱਕ ਹੋਰ ਆਫਤ ਆਣ ਪਈ। ਮੁਲਕ 'ਚ ਭੈੜਾ ਸੋਕਾ ਪੈ ਗਿਆ ਅਤੇ ਸਾਰੀ ਫਸਲ ਖੜ੍ਹੀ ਹੀ ਮੱਚ ਗਈ। ਪਹਿਲਾਂ ਤੋਂ ਹੀ ਖਾਣ-ਪੀਣ ਦੀਆਂ ਵਸਤਾਂ ਦੀ ਕਮੀ ਝੱਲ ਰਹੀ ਜਨਤਾ, ਭੁੱਖ ਨਾਲ ਵਿਆਕਲ ਹੋਣ ਲੱਗੀ। ਤਾਲਿਬਾਨ ਨੇ ਪਹਿਲੀ ਵਾਰੀ ਦੁਨੀਆਂ ਮੂਹਰੇ ਮਦਦ ਲਈ ਲਿਲਕੜੀਆਂ ਕੱਢੀਆਂ, ਪਰ ਬਹੁਤ ਥੋੜ੍ਹੀ ਮੱਦਦ ਮਿਲੀ ਕਿਉਂਕਿ ਹਰ ਇਕ ਨੇ ਇਹੀ ਕਿਹਾ ਕਿ ਪਹਿਲਾਂ ਲੋਕਾਂ 'ਤੇ ਘੋਰ ਅਤਿਆਚਾਰ ਕਰਨੇ ਬੰਦ ਕਰੋ।

ਹਰ ਪਾਸੇ ਖਰਾਬ ਹਾਲਾਤ ਦੇ ਬਾਵਜੂਦ

*(ਬਾਕੀ ਅਗਲੇ ਸਫੇ 'ਤੇ)*



*ਮਜ਼ਾਰ-ਏ-ਸ਼ਰੀਫ ਦੀ ਨੀਲੀ ਮਸੀਤ ਦਾ ਇਕ ਨਜ਼ਾਰਾ। ਮਜ਼ਾਰ-ਏ-ਸ਼ਰੀਫ ਜਿੱਤ ਪਿਛੋਂ ਤਾਲਿਬਾਨ ਨੇ ਉਥੇ ਕਤਲੇਆਮ ਮਚਾ ਦਿੱਤਾ ਸੀ।*

# ਉਹ ਲੁੱਟਣ ਪੰਜਾਬ ਨੂੰ, ਆਪਾਂ ਅਪਨਾਈਏ ਪਿੰਡਾਂ ਨੂੰ

**ਅਜੋਕੀ ਗੱਲ**

ਪੰਜਾਬ 'ਚ ਵਸਦੇ ਬਹੁਤੇ ਪੰਜਾਬੀਆਂ ਨੂੰ, ਪਰਵਾਸੀ ਪੰਜਾਬੀਆਂ ਦੇ ਅਮੀਰ ਹੋਣ ਦਾ ਭਾਵਾ ਭਰਮ ਹੈ ਜਦੋਂ ਕਿ ਹਕੀਕਤ ਇਹ ਹੈ ਕਿ ਪਰਦੇਸਾਂ 'ਚ ਡਾਲਰ ਪੱਤਿਆਂ ਵਾਂਗ ਦਰਖ਼ਤਾਂ 'ਤੋਂ ਨਹੀਂ ਡਿਗਦੇ, ਸਗੋਂ ਸਰੀਰ 'ਚੋਂ ਸਿੰਮਦੇ ਪਸੀਨੇ ਵਿਚੋਂ ਪੁੰਗਰਦੇ ਹਨ। ਪਰਵਾਸੀਆਂ ਦੀ ਕਹੀ-ਜਾਂਦੀ 'ਅਮੀਰੀ' ਬਾਰੇ ਇਹ ਭਰਮ ਪੈਦਾ ਕਰਨ ਵਿਚ ਉਨ੍ਹਾਂ ਪਰਵਾਸੀਆਂ ਦੀ ਵੱਡੀ ਭੂਮਿਕਾ ਹੈ ਜਿਹੜੇ ਪੰਜਾਬ ਫੇਰੀ ਦੌਰਾਨ, ਇੱਕ ਡਾਲਰ ਨੂੰ 55-60 ਰੁਪਏ ਨਾਲ ਗੁਣਾ ਕਰ ਕੇ ਐਸ਼ੋ-ਇਸ਼ਰਤ ਵਾਲੀ ਚਮਕ-ਦਮਕ ਦਾ ਮੁਜ਼ਾਹਰਾ ਕਰਦੇ ਹਨ। ਜ਼ਰੂਰੀ ਨਹੀਂ ਇਨ੍ਹਾਂ ਪਰਵਾਸੀਆਂ ਵਿਚੋਂ ਸਾਰੇ ਦੇ ਸਾਰੇ ਅਮੀਰ ਹਨ।



ਇਕਬਾਲ ਰਾਮੂਵਾਲੀਆ, ਕੈਨੇਡਾ
ਫੋਨ: 905-792-7357

ਪੰਜਾਬ ਵਸਦੇ ਲੋਕਾਂ ਨੂੰ ਇਸ ਗੱਲ ਦਾ ਬਹੁਤਾ ਇਲਮ ਨਹੀਂ ਕਿ ਪਰਦੇਸਾਂ ਵਿਚ ਘਰਾਂ, ਕਾਰਾਂ, ਟਰੱਕਾਂ ਅਤੇ ਕਾਰੋਬਾਰਾਂ ਲਈ ਬੈਂਕਾਂ ਤੋਂ ਕਿਸ਼ਤਾਂ 'ਤੇ ਕਰਜ਼ਾ ਆਸਾਨੀ ਨਾਲ ਪ੍ਰਾਪਤ ਹੋ ਜਾਂਦਾ ਹੈ; ਇਸ ਲਈ ਬੈਂਕ ਦੇ ਕਰਜ਼ੇ ਨਾਲ ਮਹਿਲਾਂ-ਵਰਗੇ ਘਰ, ਲਿਸ਼ਕਦਾਰ ਫਰਨੀਚਰ, ਟੀ. ਵੀ, ਵਾਸ਼ਿੰਗ ਮਸ਼ੀਨਾਂ, ਫਰਿਜ, ਤੇ ਹੋਰ ਦਿਲਕਸ਼ ਸਮਾਨ ਖਰੀਦਣਾ ਕੋਈ ਅਲੋਕਾਰ ਗੱਲ ਨਹੀਂ। ਪਰ ਅਸਲੀਅਤ ਇਹ ਹੈ ਕਿ ਵਿਦੇਸ਼ਾਂ ਵਿਚ ਗਏ ਬਹੁਗਿਣਤੀ ਪੰਜਾਬੀਆਂ ਨੂੰ ਆਪਣਾ ਜੀਵਨ ਪੱਧਰ ਲਿਸ਼ਕਦਾਰ ਰੱਖਣ ਲਈ ਸਖ਼ਤ ਮੁਸ਼ੱਕਤ ਵਿਚੋਂ ਗੁਜ਼ਰਨਾ ਪੈਂਦਾ ਹੈ।

ਵਿਦੇਸ਼ਾਂ ਵਿਚ ਸ਼ਾਨਦਾਰ ਹਕੂਮਤੀ ਢਾਂਚਿਆਂ ਦਾ ਅਤੇ ਬਾਕਾਨੂੰਨ ਜ਼ਿੰਦਗੀ ਦਾ ਸਵਾਦ ਮਾਣਦੇ ਪਰਵਾਸੀ ਪੰਜਾਬੀ ਜਾਣ ਗਏ ਹਨ ਕਿ ਹਰ ਮੁਲਕ ਵਿਚ ਹੀ, ਲੋਕਾਂ ਦੇ ਜਾਨ-ਮਾਲ ਦੀ ਹਿਫ਼ਾਜ਼ਤ, ਪਹੁੰਚਯੋਗ ਸੇਹਤ-ਸੇਵਾਵਾਂ, ਉਚ-ਪੱਧਰੀ ਵਿੱਦਿਆ, ਰੁਜ਼ਗਾਰ ਦੇ ਸਾਧਨ, ਸਾਫ਼-ਸੁਥਰਾ ਇਨਸਾਫ਼ੀਆ ਰਾਜ ਪ੍ਰਬੰਧ, ਅਤੇ ਹੋਰ ਸਹੂਲਤਾਂ ਮੁਹੱਈਆ ਕਰਨਾ ਸਰਕਾਰ ਦੀ ਬੁਨਿਆਦੀ ਜ਼ਿੰਮੇਵਾਰੀ ਹੁੰਦੀ ਹੈ, ਪ੍ਰੰਤੂ ਪੰਜਾਬ ਬਾਰੇ ਪਰਵਾਸੀ ਪੰਜਾਬੀ ਇਹ ਜਾਣ ਗਏ ਹਨ ਕਿ ਮੌਜੂਦਾ ਸਰਕਾਰ ਆਪਣੀ ਇਸ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਮੁੱਖ ਮੋੜ ਚੁੱਕੀ ਹੈ।

ਪੰਜਾਬ ਵਿਚ ਅਮਨ-ਕਾਨੂੰਨ ਗੁੰਡਿਆਂ ਦੇ ਹੱਥਾਂ ਵਿਚ ਸ਼ਹੀਦੀ ਪਾ ਗਿਆ ਹੈ; ਸਿਹਤ-ਸੇਵਾਵਾਂ ਅਪਹੁੰਚ ਹੋ ਗਈਆਂ ਹਨ; ਵਿੱਦਿਆ ਮਹਿੰਗੀ ਤੇ ਮਿਆਰਹੀਣ ਹੋ ਗਈ ਹੈ; ਅਤੇ ਰੁਜ਼ਗਾਰ, ਰਾਜ ਪ੍ਰਬੰਧ, ਪੁਲਿਸ ਅਤੇ ਅਦਾਲਤੀ ਸਿਸਟਮ ਰਿਸ਼ਵਤਖੋਰੀ ਤੇ ਸਿਫ਼ਾਰਸ਼ਵਾਦ ਦੀਆਂ ਨਹੁੰਦਰਾਂ 'ਚ ਹੈ!

ਆਪਾਂ ਵਿਦੇਸ਼ ਵਸਦੇ ਪੰਜਾਬੀ ਜਦੋਂ ਆਪਣੇ ਪਿੰਡੀਂ ਪਰਤਦੇ ਹਾਂ ਤਾਂ ਸਾਡੇ ਤੋਂ ਹਾਲੇ ਵੀ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਅਸੀਂ ਆਪਣੇ ਪਿੰਡਾਂ ਦੇ ਸਕੂਲਾਂ ਦੀਆਂ ਖਸਤਾ ਛੱਤਾਂ-ਇਮਾਰਤਾਂ, ਡੈਸਕਾਂ, ਕੰਪਿਊਟਰਾਂ ਅਤੇ ਕਿਤਾਬਾਂ ਆਦਿਕ ਲਈ ਪੈਸੇ ਦੇਣ ਦੇ ਨਾਲ-ਨਾਲ ਪਿੰਡ ਦੀਆਂ ਗਲੀਆਂ ਪੱਕੀਆਂ ਕਰਾਉਣ, ਗਲੀਆਂ 'ਚ ਰੌਸ਼ਨੀ ਦਾ ਪ੍ਰਬੰਧ ਕਰਨ, ਅਤੇ ਛੱਪੜਾਂ ਟੋਭਿਆਂ ਦੀ ਸਫ਼ਾਈ ਦੀ ਜ਼ਿੰਮੇਵਾਰੀ ਵੀ ਚੁੱਕੀਏ।

ਕਈ ਸਾਲ ਪਹਿਲਾਂ ਤੀਕਰ, ਜਦੋਂ ਇੰਟਰਨੈਟ, ਫੇਸਬੁਕ, ਵਟ੍ਸਐਪ ਅਤੇ ਸੈਟੇਲਾਈਟ ਟੀ. ਵੀ. ਦਾ ਪਾਸਾਰ ਨਿਗੂਣਾ ਹੀ ਸੀ ਤਾਂ ਪਰਵਾਸੀ-ਪੰਜਾਬੀਆਂ ਨੂੰ ਪੰਜਾਬ ਦੇ ਹਾਕਮਾਂ, ਲੀਡਰਾਂ, ਤੇ ਅਫ਼ਸਰਸ਼ਾਹੀ ਦੀ ਆਪਸੀ ਗਿਟਮਿਟ ਦਾ ਅੱਜ ਜਿੰਨਾ ਗਿਆਨ ਨਹੀਂ ਸੀ ਹੋਇਆ; ਇਸ ਲਈ ਆਪਣੀ ਜਨਮ ਭੂਮੀ ਲਈ ਜਜ਼ਬਾਤੀ ਵਹਾਅ ਅਧੀਨ ਪਰਵਾਸੀ ਪੰਜਾਬੀ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਦਿਲ ਖੋਲ੍ਹ ਕੇ ਮਾਇਕ ਮਦਦ ਦਿੰਦੇ ਰਹੇ, ਪ੍ਰੰਤੂ ਅਜੋਕੇ ਯੁਗ ਵਿਚ ਸੰਚਾਰ ਤਕਨਾਲੋਜੀ ਦੀ ਹੈਰਾਨਕੁੰਨ ਤਰੱਕੀ ਕਾਰਨ ਵਿਦੇਸ਼ੀਂ ਵਸਦੇ ਪਰਵਾਸੀਆਂ ਨੂੰ ਪੰਜਾਬ ਵਿਚ ਰਾਜਸੀ, ਸਮਾਜਕ, ਭਾਈਚਾਰਕ ਅਤੇ ਅਫ਼ਸਰੀ ਪੱਧਰ 'ਤੇ ਵਾਪਰ ਰਹੀ ਨਿੱਕੀ ਤੋਂ ਨਿੱਕੀ ਘਟਨਾ ਦੀ ਵੀ ਜਾਣਕਾਰੀ ਹੋਣ ਲੱਗ ਪਈ ਹੈ। ਵਟ੍ਸ ਅਪ ਅਤੇ ਫੇਸ ਬੁੱਕ ਤੋਂ ਅਤੇ ਹਰ ਦੇਸ਼ ਵਿਚ, ਭਾਰਤ ਤੋਂ ਪੰਜਾਬੀ ਵਿਚ, ਰੇਡੀਓ ਟੀ ਵੀ ਰਾਹੀਂ ਸਾਰਾ ਦਿਨ ਪ੍ਰਸਾਰਤ ਹੁੰਦੇ ਤਬਸਰਿਆਂ ਤੋਂ ਮਿਲਦੀ ਜਾਣਕਾਰੀ ਨੇ ਪੰਜਾਬ ਸਰਕਾਰ ਦੇ ਵਿਕਾਸ ਅਤੇ ਇਨਸਾਫ਼ ਦੇ ਫੋਕੇ ਦਾਅਵਿਆਂ ਦੀ ਫੂਕ ਪੂਰੀ ਤਰ੍ਹਾਂ ਕੱਢ ਦਿੱਤੀ ਹੈ। ਅੱਜ ਪਰਵਾਸ ਵਿਚ ਬੈਠੇ ਹਰ ਸੁਚੇਤ ਪੰਜਾਬੀ ਨੂੰ ਪੂਰੀ ਜਾਣਕਾਰੀ ਹੈ ਕਿ ਸਰਕਾਰ ਚਲਾ ਰਹੇ ਲੋਕ, ਰਾਜਨੀਤਕ ਰਸੂਖ਼ ਵਾਲਿਆਂ ਅਤੇ ਅਫ਼ਸਰਸ਼ਾਹੀ ਦਾ ਵੱਡਾ ਹਿੱਸਾ ਭ੍ਰਿਸ਼ਟਾਚਾਰ ਵਿਚ ਪੂਰੀ ਤਰ੍ਹਾਂ ਗਰਕ ਹੋ ਚੁਕਾ ਹੈ ਅਤੇ ਇਹ ਲੋਕ ਸਰਕਾਰੀ ਪੈਸੇ, ਗਰਾਂਟਾਂ ਅਤੇ ਸਕੀਮਾਂ ਵਿਚ ਘਪਲੇਬਾਜ਼ੀਆਂ ਕਰ-ਕਰ ਕੇ ਪੰਜਾਬ ਨੂੰ ਖੋਖਲਾ ਕਰ ਚੁੱਕੇ ਹਨ। ਇਹ ਗੱਲ ਵੀ ਗੁੱਝੀ ਨਹੀਂ ਕਿ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਗੁਰਦਵਾਰਾ ਕਮੇਟੀ ਦੇ ਪੈਸੇ ਨਾਲ ਖ਼ਰੀਦੀਆਂ ਸ਼ਾਹੀ ਗੱਡੀਆਂ ਅਕਾਲੀ ਲੀਡਰ ਵਰਤ ਰਹੇ ਹਨ ਜਿੰਨ੍ਹਾਂ ਲਈ ਤੇਲ, ਮੁਰੰਮਤ ਅਤੇ ਡਰਾਈਵਰਾਂ ਦੇ ਖ਼ਰਚੇ ਵੀ ਚੜ੍ਹਾਵੇ ਦੀ ਮਾਇਆ ਵਿਚੋਂ ਹੀ ਜਾਂਦੇ ਹਨ।

ਪਰਵਾਸੀ ਪੰਜਾਬੀ ਹਰ ਸਾਲ ਸਿਆਲੀ ਰੁੱਤੇ ਪੰਜਾਬ ਦੀਆਂ ਫੇਰੀਆਂ ਦੌਰਾਨ ਪਿੰਜਰ ਬਣ ਚੁੱਕੀਆਂ ਸੜਕਾਂ, ਗੰਦਗੀ ਦੇ ਢੇਰਾਂ, ਟਰੈਫ਼ਿਕ ਦੀ ਲਾਕਾਨੂੰਨੀ ਤੇ ਰਿਸ਼ਵਤਖੋਰੀ ਦੇ ਬੋਲਬਾਲੇ ਨੂੰ ਅੱਖੀਂ ਵੇਖਦੇ ਹਾਂ ਤਾਂ ਸਾਫ਼ ਪਤਾ ਲੱਗਦਾ ਹੈ ਕਿ ਇਹ ਸਭ ਕੁਝ ਸਰਕਾਰਾਂ ਅਤੇ ਲੀਡਰਾਂ ਦੀ ਨਾਲਾਇਕੀ, ਭ੍ਰਿਸ਼ਟਾਚਾਰ ਤੇ ਬੇਈਮਾਨੀ ਦਾ ਹੀ ਨਤੀਜਾ ਹੈ। ਵੀ. ਆਈ. ਪੀ. ਕਲਚਰ ਅਧੀਨ ਹਰ ਵੱਡਾ-ਛੋਟਾ ਸਿਆਸੀ ਕਾਰਕੁੰਨ ਆਪਣੇ ਨਾਲ ਦੋ-ਦੋ, ਚਾਰ-ਚਾਰ ਪੁਲਿਸ ਮੁਲਾਜ਼ਮ ਲਆਈ ਫਿਰਦਾ ਹੈ; ਤੇ ਦਫ਼ਤਰਾਂ ਵਿਚ ਅਫ਼ਸਰਾਂ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਰਿਸ਼ਵਤਖੋਰੀ ਤੇ ਸਿਫ਼ਾਰਸ਼ਵਾਦ ਦੀ ਹਨੇਰੀ ਵਗ ਰਹੀ ਹੈ।

ਪਰਵਾਸੀ ਪੰਜਾਬੀਆਂ ਨੂੰ ਇੰਜ ਮਹਿਸੂਸ ਹੋਣ ਲੱਗ ਪਿਆ ਹੈ ਕਿ ਹਾਕਮਾਂ ਵੱਲੋਂ ਸਰਕਾਰੀ ਪੈਸੇ ਦੀ ਦੁਰਵਰਤੋਂ ਕਾਰਨ, ਸਰਕਾਰੀ ਸਕੂਲਾਂ ਵਿੱਚੋਂ ਸਹੂਲਤਾਂ ਅਤੇ ਲੋੜੀਂਦਾ ਸਾਜ਼ੋ-ਸਮਾਨ ਗਾਇਬ ਹੈ, ਜਦੋਂ ਕਿ ਭ੍ਰਿਸ਼ਟ ਅਫ਼ਸਰਾਂ ਅਤੇ ਰਾਜਨੀਤਕਾਂ ਨੇ ਕਾਲੇ ਧਨ ਨੂੰ ਕੈਨੇਡਾ ਅਮਰੀਕਾ ਭੇਜ ਕੇ ਜ਼ਮੀਨਾਂ, ਫਾਰਮ, ਦੁਕਾਨਾਂ ਤੇ ਟਰੱਕਿੰਗ ਵਰਗੇ ਕਾਰੋਬਾਰ ਖੋਲ੍ਹੇ ਹੋਏ ਹਨ। ਗੁੰਡਾ ਅਨਸਰ ਅਤੇ ਭੂਮਾਫ਼ੀਆ ਨੂੰ ਅਫ਼ਸਰਾਂ, ਪੁਲਿਸ, ਰਾਜਨੀਤਕਾਂ ਅਤੇ ਰਸੂਖਦਾਰਾਂ ਵੱਲੋਂ ਮਿਲਦੀ ਪੁਸ਼ਤਪਨਾਹੀ ਵੀ ਲੁਕੀ-ਛਿਪੀ ਨਹੀਂ ਰਹਿ ਗਈ। ਪਰਵਾਸੀਆਂ ਨੂੰ ਝੂਠੇ ਕੇਸਾਂ ਵਿਚ ਫਸਾਉਣ, ਜਾਇਦਾਦਾਂ ਹੜੱਪਣ, ਅਤੇ ਜਾਨੋਂ ਮਾਰ ਦੇਣ ਦੀਆ ਵਾਰਦਾਤਾਂ ਦੀ ਪਿੱਠ ਉਪਰ ਕਿਹੜੀਆਂ ਰਸੂਖ਼ਦਾਰ ਤਾਕਤਾਂ ਦੀ ਥਾਪੀ ਹੁੰਦੀ ਹੈ, ਇਸਦਾ ਗਿਆਨ ਵੀ ਪਰਵਾਸੀਆਂ ਨੂੰ ਪੂਰੀ ਤਰ੍ਹਾਂ ਹੋ ਚੁੱਕਿਆ ਹੈ।

ਇਸ ਲਈ ਆਪਾਂ ਨੂੰ ਹੁਣ ਇਸ ਗੱਲੋਂ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਵਿਕਾਸ, ਜਾਨਮਾਲ ਦੀ ਰਾਖੀ, ਅਮਨ-ਕਾਨੂੰਨ, ਰੁਜ਼ਗਾਰ, ਮਹਿੰਗਾਈ ਆਦਿ ਦੇ ਮਾਮਲੇ ਤਾਂ ਸਰਕਾਰ ਦੀ ਜ਼ਿੰਮੇਵਾਰੀ ਹੈ, ਨਾ ਕਿ ਪਰਵਾਸੀਆਂ ਦੀ। ਜਦੋਂ ਪੰਜਾਬ ਦੇ ਹਾਕਮ ਅਤੇ ਅਫ਼ਸਰ ਤਾਂ ਭ੍ਰਿਸ਼ਟਾਚਾਰ ਰਾਹੀਂ ਮਾਲਾਮਾਲ ਹੋ ਰਹੇ ਹਨ ਤਾਂ ਇਸ ਭ੍ਰਿਸ਼ਟ ਦੇਸ਼ ਵਿੱਚ ਸਕੂਲਾਂ ਲਈ, ਪਿੰਡਾਂ ਦੀਆਂ ਗਲੀਆਂ ਪੱਕੀਆਂ ਕਰਾਉਣ ਤੇ ਹੋਰ ਵਿਕਾਸ ਕਾਰਜਾਂ ਲਈ ਬਦੇਸ਼ੀ ਪੰਜਾਬੀ ਪੈਸਾ ਕਿਉਂ ਲਾਉਣ?

ਹੁਣ ਵਕਤ ਆ ਗਿਆ ਹੈ ਕਿ ਪਰਵਾਸੀ ਪੰਜਾਬੀ ਇਹ ਵੀ ਸੋਚਣ ਕਿ ਪੰਜਾਬ ਵਿੱਚ ਬੇਈਮਾਨ-ਭ੍ਰਿਸ਼ਟ ਪਾਰਟੀਆਂ ਦੇ ਸਤਾਏ ਪੰਜਾਬੀ ਲੋਕ, ਹਰ ਪੰਜੀਂ ਸਾਲੀਂ ਜੇ ਭ੍ਰਿਸ਼ਟ ਪਾਰਟੀਆਂ ਨੂੰ ਹੀ ਵਾਰ-ਵਾਰ ਵੋਟਾਂ ਪਾਈ ਜਾਂਦੇ ਹਨ, ਅਤੇ ਭ੍ਰਿਸ਼ਟਾਂ ਦੀਆਂ ਕਾਨਫਰੰਸਾਂ ਵੱਲੀਂ ਵਹੀਰਾਂ ਘੱਤੀ ਜਾਂਦੇ ਹਨ, ਤਾਂ ਬਦੇਸ਼ੀ ਪੰਜਾਬੀ ਆਪਣੀ ਸਖ਼ਤ ਮਿਹਨਤ ਨਾਲ ਕਮਾਈ ਦੌਲਤ, ਉਨ੍ਹਾਂ ਉਜੱਡ ਲੋਕਾਂ ਦੇ ਭਲੇ ਲਈ ਕਿਉਂ ਦੇਣ?

ਬਦੇਸ਼ਾਂ 'ਚ ਵਸਦੇ ਸੂਝਵਾਨ ਪੰਜਾਬੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਜ਼ਬਾਤ ਅਧੀਨ ਆਪਣੇ ਪਿੰਡਾਂ ਦੇ ਵਿਕਾਸ ਲਈ ਪੈਸੇ ਭੇਜਣ ਨਾਲ ਅਸਲ ਵਿੱਚ ਵੱਡਾ ਨੁਕਸਾਨ ਇਹ ਹੋ ਰਿਹਾ ਹੈ ਕਿ ਪੰਜਾਬ ਦੇ ਲੋਕ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਹੋਣ ਤੋਂ ਪਿੱਛੇ ਹਟ ਗਏ ਹਨ। ਇਹ ਲੋਕ ਆਪਣੇ ਬਣਦੇ ਹੱਕਾਂ ਦੀ ਪ੍ਰਾਪਤੀ ਲਈ ਏਕਾ ਕਰਨ ਦੀ ਥਾਂ ਚੋਣਾਂ ਵੇਲੇ ਨਸ਼ੇ, ਪੈਸੇ, ਅਤੇ ਲਿਹਾਜ਼ਦਾਰੀਆਂ ਅਧੀਨ ਮੁੜ-ਮੁੜ ਉਨ੍ਹਾਂ ਹੀ ਪਾਰਟੀਆਂ ਨੂੰ ਵੋਟਾਂ ਪਾਈ ਜਾਂਦੇ ਹਨ ਜਿਨ੍ਹਾਂ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ ਉਪਰ ਲਿਆ ਖਲ੍ਹਿਆਰਿਆ ਹੈ।

ਨਾਲ ਹੀ ਪਰਵਾਸੀ ਪੰਜਾਬੀਆਂ ਨੂੰ ਇਸ ਗੱਲ ਤੋਂ ਵੀ ਬਾਖ਼ਬਰ ਹੋਣਾ ਚਾਹੀਦਾ ਹੈ ਕਿ ਆਪਣੇ ਪੈਸੇ ਨਾਲ ਹੋਣ ਵਾਲੇ ਸਾਲਾਨਾ ਟੂਰਨਾਮੈਂਟ ਤਾਂ ਕੁਝ ਦਿਨਾਂ ਲਈ ਸ਼ੁਗਲ ਬਣ ਕੇ ਹੀ ਰਹਿ ਗਏ ਹਨ ਜਿੱਥੇ ਨੌਜਵਾਨ ਖਿਡਾਰੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਵੀ ਕਰਦੇ ਹਨ, ਅਤੇ ਪਿੰਡਾਂ ਦੇ ਲੋਕ ਇਨ੍ਹਾਂ ਦਿਨਾਂ ਦੌਰਾਨ ਟੱਲੀ ਹੋ ਕੇ ਗਲੀਆਂ 'ਚ ਝੂੰਮਦੇ ਹਨ।

ਇਸ ਤੋਂ ਇਲਾਵਾ ਪੰਜਾਬੀ ਸਮਾਜ ਵਿੱਚ ਪੈਸੇ ਦੀ ਹੋੜ ਅਤੇ ਭ੍ਰਿਸ਼ਟਾਚਾਰ ਦੇ ਮਹੌਲ ਕਾਰਨ ਪਰਵਾਸੀਆਂ ਨੂੰ ਇਹ ਤੌਖ਼ਲਾ ਵੀ ਹੋਣਾ ਚਾਹੀਦਾ ਹੈ ਕਿ ਪਰਵਾਸੀਆਂ ਵੱਲੋਂ ਪਿੰਡ ਦੇ ਵਿਕਾਸ ਲਈ ਤੇ ਖੇਡਾਂ ਲਈ ਭੇਜਿਆ ਪੈਸਾ, ਪੰਚਾਇਤਿਏ ਅਤੇ ਖੇਡ-ਪ੍ਰਬੰਧਕ ਈਮਾਨਦਾਰੀ ਨਾਲ ਨਹੀਂ ਵਰਤਦੇ। ਇਹ ਗੱਲ ਵੀ ਸਮਝਣ ਵਾਲੀ ਹੈ ਕਿ ਪਿੰਡਾਂ ਦੀਆਂ ਪੰਚਾਇਤਾਂ ਲਈ ਸਰਪੰਚ-ਪੰਚ ਬਣਨ ਲਈ ਲੋਕ ਧੜੇਬੰਦੀਆਂ ਵਿੱਚ ਉਲਝ ਗਏ ਹਨ ਅਤੇ ਵੋਟਰਾਂ ਨੂੰ ਭਰਮਾਉਣ ਲਈ ਖ਼ੁਦ ਹੀ ਸ਼ਰਾਬ, ਮੀਟ, ਭੁੱਕੀ ਤੇ ਹੋਰ ਕਈ ਕਿਸਮ ਦੇ ਲੰਗਰਾਂ ਵਿੱਚ ਕਈ ਕਈ ਲੱਖ ਰੁਪੈ ਫੂਕ ਦਿੰਦੇ ਹਨ।

ਇਨ੍ਹਾਂ ਕਾਰਨਾਂ ਕਰਕੇ, ਪਰਵਾਸੀ ਪੰਜਾਬੀਆਂ ਨੂੰ ਜਜ਼ਬਾਤੀ ਹੋ ਕੇ ਵਿਕਾਸ ਕਾਰਜਾਂ 'ਚ ਪੈਸਾ ਲਾਉਣ ਦੀ ਥਾਂ, ਲੋੜਵੰਦ ਪਰਿਵਾਰਾਂ ਦੀ ਅਤੇ ਹੋਣਹਾਰ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਮਦਦ ਦੇਣ ਬਾਰੇ ਸੋਚਣਾ ਬਿਹਤਰ ਰਹੇਗਾ।

# ਤਾਲਿਬਾਨ ਦੇ ਕਾਰਿਆਂ ਨਾਲ ਮਨੁੱਖਤਾ ਸ਼ਰਮਸਾਰ

(ਪਿਛਲੇ ਸਫੇ ਦੀ ਬਾਕੀ)

ਤਾਲਿਬਾਨ ਨੇ ਨਾਰਥ ਅਲਾਇੰਸ ਖਿਲਾਫ ਲੜਨਾ ਜਾਰੀ ਰੱਖਿਆ ਹੋਇਆ ਸੀ। ਹੁਣ ਉਨ੍ਹਾਂ ਦਾ ਇੱਕੋ ਇੱਕ ਨਿਸ਼ਾਨਾ, ਅਹਿਮਦ ਸ਼ਾਹ ਮਸੂਦ ਨੂੰ ਹਰਾ ਕੇ ਸਾਰੇ ਮੁਲਕ 'ਤੇ ਮੁਕੰਮਲ ਕਬਜ਼ਾ ਕਰਨਾ ਸੀ। ਉਨ੍ਹਾਂ ਪੂਰੀ ਤਿਆਰੀ ਕੀਤੀ, ਤੇ ਜੁਲਾਈ 1999 ਵਿਚ ਵੱਡਾ ਹੱਲਾ ਬੋਲਿਆ। ਹਮਲਾ ਬਹੁਤ ਜ਼ੋਰਦਾਰ ਸੀ ਤੇ ਮਸੂਦ ਨੂੰ ਪਿੱਛੇ ਧੱਕਦੇ ਉਹ ਤਾਲਕੋਨ ਤੱਕ ਜਾ ਪਹੁੰਚੇ। ਇੱਥੇ ਅਫਗਾਨਿਸਤਾਨ ਦੀ ਤਾਜਿਕਸਤਾਨ ਨਾਲ ਹੱਦ ਲੱਗਣ ਕਰ ਕੇ ਉਧਰੋਂ ਮਸੂਦ ਨੂੰ ਭਾਰੀ ਮਦਦ ਇਸੇ ਰਸਤੇ ਆ ਰਹੀ ਸੀ। ਤਾਲਿਬਾਨ ਉਸ ਦਾ ਇਹ ਰਾਹ ਬੰਦ ਕਰਨਾ ਚਾਹੁੰਦੇ ਸਨ, ਪਰ ਸਫਲ ਨਾ ਹੋ ਸਕੇ। ਉਹ ਮਸੂਦ ਦੀ ਕਮਜ਼ੋਰੀ ਜਾਣਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਮਸੂਦ ਲੋਕ ਪੱਖੀ ਜਰਨੈਲ ਹੈ ਤੇ ਲੋਕਾਂ 'ਤੇ ਅੱਤਿਆਚਾਰ ਬਰਦਾਸ਼ਤ ਨਹੀਂ ਕਰ ਸਕਦਾ। ਉਸ ਦੀ ਇਸੇ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਉਨ੍ਹਾਂ ਨੇ ਜਨਤਾ 'ਤੇ ਬੰਬਾਰੀ ਸ਼ੁਰੂ ਕਰ ਦਿੱਤੀ। ਅੰਨ੍ਹੀ ਕਤਲੋਗਾਰਤ ਕਰਦਿਆਂ ਉਨ੍ਹਾਂ ਸਾਰਾ ਸ਼ਹਿਰ ਹੀ ਮੜ੍ਹੀਆਂ ਬਣਾ ਦਿੱਤਾ। ਇਹ ਕੰਮ ਉਨ੍ਹਾਂ ਤਿੰਨ ਹਫਤੇ ਜਾਰੀ ਰੱਖਿਆ।

ਆਖਰ ਲੋਕਾਂ ਦੀ ਜਾਨ-ਮਾਲ ਦਾ ਖਿਆਲ ਕਰਦਿਆਂ, ਮਸੂਦ ਨੇ ਆਪਣੀਆਂ ਫੌਜਾਂ ਪਿੱਛੇ ਹਟਾ ਲਈਆਂ, ਤੇ ਸ਼ਹਿਰ ਉਤੇ ਤਾਲਿਬਾਨ ਦਾ ਕਬਜ਼ਾ ਹੋ ਗਿਆ। ਉਨ੍ਹਾਂ ਸ਼ਹਿਰ ਅੰਦਰ ਦਾਖਲ ਹੁੰਦਿਆਂ ਹੀ ਆਪਣਾ ਪੁਰਾਣਾ ਹਥਿਆਰ ਕੱਢ ਲਿਆ- ਇਹ ਸੀ ਲੋਕਾਂ ਦਾ ਘਾਣ। ਉਨ੍ਹਾਂ ਅੰਨ੍ਹੇਵਾਹ ਕਤਲੇਆਮ ਸ਼ੁਰੂ ਕਰ ਦਿੱਤਾ, ਤਾਂ ਹਜ਼ਾਰਾਂ ਲੋਕ ਘਰ-ਘਾਟ ਛੱਡ ਕੇ ਤਾਜਿਕਸਤਾਨ ਭੱਜ ਗਏ। ਅਹਿਮਦ ਸ਼ਾਹ ਮਸੂਦ ਪਿੱਛੇ ਹਟਦਾ ਆਪਣੇ ਮੁੱਢ ਦੇ ਇਲਾਕੇ ਵਿਚ ਜਾ ਵੜਿਆ। ਤਾਲਿਬਾਨ ਫਿਰ ਤੋਂ ਥੋੜ੍ਹੇ ਜਿਹੇ ਇਲਾਕੇ ਨੂੰ ਛੱਡ ਕੇ ਸਾਰੇ ਅਫਗਾਨਿਸਤਾਨ ਦੇ ਮਾਲਕ ਬਣ ਗਏ ਸਨ। ਉਨ੍ਹਾਂ ਦੁਨੀਆਂ ਨੂੰ ਬਥੇਰਾ ਕਿਹਾ ਕਿ ਹੁਣ ਉਹ ਮੁਲਕ ਦੇ ਮਾਲਕ ਹਨ, ਉਨ੍ਹਾਂ ਨੂੰ ਮਾਨਤਾ ਦਿੱਤੀ ਜਾਵੇ, ਪਰ ਉਨ੍ਹਾਂ ਦੁਆਰਾ ਜਨਤਾ 'ਤੇ ਕੀਤੇ ਜਾ ਰਹੇ ਅੱਤਿਆਚਾਰਾਂ ਕਰ ਕੇ ਕਿਸੇ ਨੇ ਉਨ੍ਹਾਂ ਦੀ ਗੱਲ ਨਾ ਸੁਣੀ।

ਤਕਰੀਬਨ ਵੀਹ ਸਾਲ ਹੋ ਗਏ ਸਨ ਅਫਗਾਨਾਂ ਨੂੰ ਲੜਦਿਆਂ। ਪਹਿਲਾਂ ਦਸ ਸਾਲ ਉਹ ਰੂਸ ਖਿਲਾਫ ਲੜੇ ਤੇ ਉਸ ਪਿੱਛੋਂ ਆਪਸ ਵਿਚ ਭਿੜਨ ਲੱਗੇ। ਦਸ ਸਾਲ ਤੱਕ ਉਨ੍ਹਾਂ ਦੀ ਆਪਸੀ ਲੜਾਈ ਨਾ ਮੁੱਕੀ। ਕਦੇ ਇੱਕ ਕਮਾਂਡਰ ਦੂਜੇ ਨੂੰ ਹਰਾ ਕੇ ਉਸ ਦੇ ਇਲਾਕੇ 'ਤੇ ਕਬਜ਼ਾ ਕਰ ਲੈਂਦਾ ਸੀ ਤੇ ਕਦੇ ਦੂਜਾ ਕਮਾਂਡਰ ਆਪਣਾ ਖੋਇਆ ਇਲਾਕਾ ਫਿਰ ਜਿੱਤ ਲੈਂਦਾ ਸੀ। ਲਗਾਤਾਰ ਇਹੀ ਕਰਮ ਚੱਲਦਾ ਰਿਹਾ, ਪਰ ਕਦੇ ਇਹ ਫੈਸਲਾ ਨਾ ਹੋ ਸਕਿਆ ਕਿ ਮੁਲਕ ਦਾ ਅਸਲੀ ਹਾਕਮ ਕੌਣ ਹੈ। ਕਮਾਂਡਰਾਂ ਦੀ ਆਪਸੀ ਲੜਾਈ ਕਾਰਨ ਛਿੜੀ ਘਰੇਲੂ ਜੰਗ ਵਿਚ ਅਫਗਾਨਿਸਤਾਨ ਦਾ ਸਭ ਕੁਝ ਤਬਾਹ ਹੋ ਗਿਆ। ਪਤਾ ਨਹੀਂ ਕਿੰਨੇ ਫਿਰਕੇ ਇੱਕ ਦੂਜੇ ਨਾਲ ਲੜ ਰਹੇ ਸਨ। ਜਦੋਂ ਇੱਕ ਫਿਰਕੇ ਵਾਲੇ ਦੂਜੇ ਕੋਲੋਂ ਜਿੱਤ ਜਾਂਦੇ ਤਾਂ ਉਹ ਆਪਸ ਵਿਚ ਹੀ ਲੜਨਾ ਸ਼ੁਰੂ ਕਰ ਦਿੰਦੇ। ਓਕ-ਥੱਕ ਕੇ ਦੁਨੀਆਂ ਨੇ ਵੀ ਪਾਸਾ ਵੱਟ ਲਿਆ।

ਅਫਗਾਨਿਸਤਾਨ ਮੁਲਕ ਦੇ ਤੌਰ 'ਤੇ ਆਪਣੀ ਹੋਂਦ ਗੁਆ ਬੈਠਾ ਸੀ। ਉਥੇ ਸਿਵਲ ਸੁਸਾਇਟੀ ਜਾਂ ਬੁੱਧੀਜੀਵੀ ਵਰਗ ਦੀ ਕੋਈ ਹੋਂਦ ਨਹੀਂ ਸੀ ਰਹਿ ਗਈ। ਪਹਿਲਾਂ ਦੇ ਪੜ੍ਹੇ-ਲਿਖੇ ਲੋਕ, ਚਿਰੋਕਣੇ ਮੁਲਕ ਛੱਡ ਕੇ ਪੱਛਮੀ ਮੁਲਕਾਂ ਵਿਚ ਜਾ ਵਸੇ ਸਨ। ਨਵੀਂ ਪੀੜੀ ਬਿਨਾਂ ਸਮਾਜਕ ਜੜ੍ਹਾਂ ਦੇ ਪੈਦਾ ਹੋ ਰਹੀ ਸੀ। ਨੌਜਵਾਨਾਂ ਦੇ ਅਨਪੜ੍ਹ ਟੋਲੇ ਵਿਹਲੇ ਘੁੰਮਦੇ ਸਨ। ਉਨ੍ਹਾਂ ਨੂੰ ਲੜਨ ਤੋਂ ਬਿਨਾਂ ਹੋਰ ਕੁਝ ਸਿਖਾਇਆ ਹੀ ਨਹੀਂ ਸੀ ਗਿਆ। ਲੋਕ ਸਿਰਫ ਲੜਾਈ ਅਤੇ ਵਾਰ ਲੌਰਡਾਂ ਦੀ ਧੱਕੇਸ਼ਾਹੀ ਬਾਰੇ ਹੀ ਜਾਣਦੇ ਸਨ। ਕਿਸੇ ਕੋਲ ਕੋਈ ਉਮੀਦ, ਕੋਈ ਸੁਪਨਾ ਨਹੀਂ ਸੀ। ਕਿਸੇ ਨੂੰ ਭਵਿੱਖ 'ਚ ਕੁਝ ਨਹੀਂ ਸੀ ਦਿਸ ਰਿਹਾ। ਦੁਨੀਆਂ ਦੀ ਨਜ਼ਰ ਵਿਚ ਅਫਗਾਨਿਸਤਾਨ ਉਸ ਜ਼ਖ਼ਮ ਵਾਂਗ ਸੀ ਜਿਸ ਵਿਚ ਰਾਧ ਪੈ ਚੁੱਕੀ ਹੋਵੇ ਤੇ ਉਸ ਦੇ ਠੀਕ ਹੋਣ ਦਾ ਕੋਈ ਹੱਲ ਨਾ ਦਿਸਦਾ ਹੋਵੇ। ਲੱਖਾਂ ਲੋਕ ਘਰ-ਬਾਰ ਛੱਡ ਕੇ ਦੂਜੇ ਮੁਲਕਾਂ ਵਿਚ ਪਨਾਹਗੀਰ ਬਣੇ ਬੈਠੇ ਸਨ। 1998 ਦੇ ਅੰਕੜਿਆਂ ਮੁਤਾਬਕ ਅਫਗਾਨਿਸਤਾਨ ਅੰਦਰ ਰੂਸ ਦੇ ਦਾਖਲੇ ਉਪਰੰਤ ਸ਼ੁਰੂ ਹੋਈ ਲੜਾਈ ਤੋਂ ਬਾਅਦ, ਦੂਜੇ ਮੁਲਕਾਂ ਵਿਚ ਪਨਾਹ ਲੈਣ ਵਾਲੇ ਲੋਕਾਂ ਦੀ ਗਿਣਤੀ ਕਰੋੜਾਂ ਵਿਚ ਸੀ। ਪੰਦਰਾਂ ਲੱਖ ਦੇ ਕਰੀਬ ਲੋਕ ਮਰ ਚੁੱਕੇ ਸਨ, ਲਗਾਤਾਰ ਮਰ ਰਹੇ ਸਨ। ਉਸ ਵੇਲੇ ਅਫਗਾਨਿਸਤਾਨ ਅੰਦਰ ਸਿਰਫ ਇੱਕੋ ਹੀ ਫੈਕਟਰੀ ਸੀ, ਤੇ ਇਹ ਸੀ ਬਨਾਉਟੀ ਅੰਗ ਬਣਾਉਣ ਵਾਲੀ ਫੈਕਟਰੀ। ਲੋਕਾਂ ਦਾ ਇੱਕੋ ਇੱਕ ਧੰਦਾ- ਖੇਤੀਬਾੜੀ, ਖਤਮ ਹੋ ਚੁੱਕਿਆ ਸੀ। ਚੰਗੀਆਂ ਜ਼ਮੀਨਾਂ ਵਾਰ ਲੌਰਡਾਂ ਨੇ ਦੱਬ ਲਈਆਂ ਸਨ। ਲੋਕਾਂ ਦੇ ਘਰਾਂ ਅੰਦਰ ਫੌਜਾਂ ਨੇ ਡੇਰੇ ਲਾ ਲਏ ਸਨ। ਨਹਿਰਾਂ, ਸੂਏ ਅਤੇ ਸੜਕਾਂ ਬਗੈਰਾ ਸਭ ਕੁਝ ਖਾਨਾਜੰਗੀ ਦਰਮਿਆਨ ਢਹਿ ਗਏ ਸਨ।

ਉਥੇ ਜੋ ਵੀ ਖੇਤੀ ਹੁੰਦੀ ਸੀ, ਉਹ ਅਫੀਮ ਦੀ ਸੀ। ਅਫਗਾਨਿਸਤਾਨ ਦੁਨੀਆਂ ਦਾ ਸਭ ਤੋਂ ਵੱਧ ਅਫੀਮ ਉਗਾਉਣ ਵਾਲਾ ਮੁਲਕ ਬਣ ਚੁੱਕਿਆ ਸੀ, ਕਿਉਂਕਿ ਇਸ ਤੋਂ ਬਹੁਤ ਜ਼ਿਆਦਾ ਆਮਦਨ ਹੁੰਦੀ ਸੀ। ਇਸੇ ਕਰ ਕੇ ਵਾਰ ਲੌਰਡ ਹੋਰ ਕੋਈ ਖੇਤੀ ਕਰਨ ਹੀ ਨਹੀਂ ਸਨ ਦਿੰਦੇ। ਤਾਲਿਬਾਨ ਨੇ ਤਾਂ ਫਤਵਾ ਜਾਰੀ ਕਰ ਕੇ ਅਫੀਮ ਦੀ ਖੇਤੀ ਕਰਨ ਦਾ ਹੁਕਮ ਦਿੱਤਾ ਹੋਇਆ ਸੀ। ਅਫੀਮ ਨੂੰ ਹੈਰੋਇਨ ਵਿਚ ਤਬਦੀਲ ਕਰ ਕੇ ਇਹ ਦੁਨੀਆਂ ਭਰ ਵਿਚ ਸਪਲਾਈ ਕੀਤੀ ਜਾਂਦੀ ਸੀ। ਤਾਲਿਬਾਨ ਦੀ ਆਮਦਨ ਦਾ ਸਭ ਤੋਂ ਵੱਡਾ ਵਸੀਲਾ ਅਫੀਮ ਤੋਂ ਹੋਣ ਵਾਲੀ ਆਮਦਨ ਹੀ ਸੀ। ਅਫਗਾਨਿਸਤਾਨ ਜਿਹੜਾ ਕਦੇ ਕਬੀਲਾ ਸਭਿਆਚਾਰ ਕਰ ਕੇ ਮਸ਼ਹੂਰ ਸੀ, ਤੇ ਜਿੱਥੇ ਵੱਡਿਆਂ ਦੀ ਗੱਲ ਬੜੇ ਮਾਣ-ਸਤਿਕਾਰ ਨਾਲ ਸੁਣੀ ਜਾਂਦੀ ਸੀ, ਉਥੇ ਹੁਣ ਕੋਈ ਕਬੀਲਾ ਅਜਿਹਾ ਨਹੀਂ ਰਿਹਾ ਸੀ ਜਿਸ ਕੋਲ ਮਾੜੀ ਮੋਟੀ ਤਾਕਤ ਹੋਵੇ। ਸਿਆਣੇ ਤੇ ਪ੍ਰੌਢ-ਪ੍ਰਤੀਤ ਵਾਲੇ ਵਡੇਰੇ ਮਾਰ-ਮੁਕਾ ਦਿੱਤੇ ਗਏ ਸਨ।

ਸਰਦੇ-ਪੁੱਜਦੇ ਲੋਕ ਦੂਜੇ ਮੁਲਕਾਂ ਨੂੰ ਚਾਲੇ ਪਾ ਚੁੱਕੇ ਸਨ। ਪਿੱਛੇ ਰਹਿ ਗਏ ਸਨ ਗਰੀਬ ਜਿਹੜੇ ਤਾਲਿਬਾਨ ਦਾ ਖਾਜਾ ਬਣੇ ਹੋਏ ਸਨ। ਵੰਡੀਆਂ ਇੰਨੀਆਂ ਪੈ ਚੁੱਕੀਆਂ ਸਨ ਕਿ ਕੋਈ ਆਪਣੇ ਆਪ ਨੂੰ ਅਫਗਾਨ ਨਹੀਂ ਸੀ ਕਹਾਉਂਦਾ ਸੀ, ਸਗੋਂ ਦੁੱਰਾਨੀ ਪਖਤੂਨ, ਗਿਲਜ਼ਈ ਪਸ਼ਤੂਨ, ਤਾਜਿਕੀ, ਕੰਧਾਰੀਏ, ਪੰਜਸ਼ੀਰੀ, ਹੈਰਾਤੀ, ਹਜ਼ਾਰੇ ਅਤੇ ਕਾਬਲੀ ਬਗੈਰਾ ਕਹਾਉਂਦੇ ਸਨ।

(ਚਲਦਾ)

**ਕਾਵਿ-ਜਗਤ**

## ਪੰਥ ਦੀ ਭਾਲ

ਗੁਰੂ ਉਪਦੇਸ਼ਾਂ ਉਤੇ
ਗੱਲ ਜਿਹੜੀ ਢੁਕਦੀ ਨਾ,
ਰਲ ਬਹਿ ਕੇ ਪੰਥ
ਕਹਿੰਦੇ ਹੱਲ ਕੋਈ ਸੁਝਾਏਗਾ।
ਪੰਥ ਕੋਲ ਅਜੇ ਕਿਸੇ
ਮਸਲੇ ਲਈ ਸਮਾਂ ਹੈ ਨਹੀਂ,
ਪਾਧੇ ਨਾਲ ਬੈਠ ਕੇ
ਇਹ ਸਮਾਂ ਕੋਈ ਕਢਾਏਗਾ।
ਪੰਥ ਦੇ ਅੱਗੇ ਤੋਂ ਅੱਗੇ
ਟੋਟੇ ਹੋਈ ਜਾਂਦੇ ਤੁਰੇ,
ਕਿਹੜਾ ਪੰਥ ਸਾਰਿਆਂ ਨੂੰ
ਇੱਕ ਥਾਂ ਬਿਠਾਏਗਾ।
ਨੌਂ ਮਣ ਤੇਲ ਜਦੋਂ
ਹੋਇਆ ਨਾ ਇਕੱਠਾ ਐਥੇ,
ਦੱਸੋ ਕਿਹੜਾ, ਕਿੰਜ,
ਕਿੱਥੇ ਰਾਧਾ ਨੂੰ ਨਚਾਏਗਾ।
ਖੋਜੀ ਗੁਰਬਾਣੀ ਦਾ
ਜੇ ਸੱਚ ਦੀ ਵਿਚਾਰ ਰੱਖੇ,
'ਛੇਕੂ-ਸਨਮਾਨ'
ਕਿਸੇ ਪੰਥ ਕੋਲੋਂ ਪਾਏਗਾ।
ਨਾਨਕ ਨੌਵੇਂ ਨੂੰ ਦੇਖ
ਜਿਹਨੇ ਸੀ ਕਿਵਾੜ ਭੇੜੇ,
ਨਾਨਕ ਦੇ ਸਿੱਖ ਨੂੰ
ਉਹ ਕਿਵੇਂ ਵਡਿਆਏਗਾ।
'ਤੱਤ' ਤੇ 'ਬੰਦਗੀ' ਵਾਲਾ
ਪਿਆ ਜਦੋਂ ਰਫੜਾ ਸੀ,
ਆਖਦੇ ਸੀ ਪਰਚੀ ਨਾਲ
ਪੰਥ ਤਰ ਆਏਗਾ।
ਤਾਹੀਓਂ ਵੋਟ-ਪਰਚੀ ਦੇ ਪਿੱਛੇ
ਪੰਥ ਲੁਕਿਆ ਜੋ,
ਲੈ ਕੇ ਬਹੁ-ਸੰਮਤੀ
ਉਹ ਦਰਸ਼ ਦਿਖਾਏਗਾ।
ਇਹੋ ਜਿਹੇ ਪੰਥ ਨੂੰ ਕੋਈ
ਗੁਰੂ-ਪੰਥ ਕਿੰਜ ਆਖੂ,
ਗੁਰੂ ਦਾ ਸਿਧਾਂਤ
ਜਿੱਥੇ ਨਜ਼ਰ ਨਾ ਆਏਗਾ।
ਲੋਕੀਂ ਕਹਿੰਦੇ ਓਸ ਦੇ ਲਈ
ਰੱਖ ਲਓ ਇਨਾਮ ਕੋਈ,
ਜਿਹੜਾ ਖੋਏ ਪੰਥ ਜੀ ਨੂੰ
ਲੱਭ ਕੇ ਲਿਆਵੇਗਾ।

-ਡਾ. ਗੁਰਮੀਤ ਸਿੰਘ ਬਰਸਾਲ
ਕੈਲੀਫੋਰਨੀਆ।

---

## ਊਧਮ ਸਿੰਘ ਦੀ ਫਰੰਗੀ ਨੂੰ ਲਲਕਾਰ

ਸੁਣ ਓਡਵਾਇਰਾ ਖੂਨੀ ਕਰ ਕੇ ਤੂੰ ਕਾਰਾ।
ਦੱਸ ਕਿਥੇ ਜਾਏਂਗਾ ਹੁਣ ਭੱਜ ਕੇ।
ਊਧਮ ਸਿੰਘ ਸੂਰਾ, ਖੂਨ ਪੀਊ ਤੇਰਾ ਰੱਜ ਕੇ।

ਦੱਸਾਂ ਮੈਂ ਫਰੰਗੀਆ ਜੋ ਕੀਤਾ ਸੀ ਤੂੰ ਕਾਰਾ ਉਏ,
ਤੇਰਾਂ ਅਪਰੈਲ ਸੀ ਵਿਸਾਖੀ ਦਾ ਦਿਹਾੜਾ ਉਏ।
ਨਿਹੱਥਿਆਂ ਲੋਕਾਂ ਦੇ ਉਤੇ ਗੋਲੀ ਤੂੰ ਚਲਾਈ,
ਕਾਲਾ ਦਿਲ, ਚਿੱਟੀ ਚਮੜੀ ਵਿਚ ਕੱਜ ਕੇ।
ਊਧਮ ਸਿੰਘ ਸੂਰਾ...।

ਜਲ੍ਹਿਆਂਵਾਲੇ ਬਾਗ ਦਾ ਨਹੀਂ ਸਾਕਾ ਮੈਨੂੰ ਭੁੱਲਿਆ,
ਲੈਣਾ ਪਾਪੀ ਬਦਲਾ ਮੈਂ ਤਾਂਹੀਓਂ ਫਿਰਾਂ ਤੁਲਿਆ।
ਸੁਣ ਲੈ ਹੰਕਾਰੀ ਅੱਜ ਆ ਗਈ ਤੇਰੀ ਵਾਰੀ,
ਇੱਕੀ ਸਾਲ ਮੈਂ ਗਵਾਏ ਲੱਭ ਲੱਭ ਕੇ।
ਊਧਮ ਸਿੰਘ ਸੂਰਾ...।

ਫੁੱਲਵਾੜੀ ਹਿੰਦ ਦੀ ਤੂੰ ਗੋਰਿਆ ਉਜਾੜੀ ਉਏ,
ਬਚ ਕੇ ਨਹੀਂ ਜਾਏਂਗਾ ਤੂੰ ਮੈਥੋਂ ਇਸ ਵਾਰੀ ਉਏ।
ਬੋਲੇ ਸੋ ਨਿਹਾਲ, ਗੋਰੇ ਸਤਿ ਸ੍ਰੀ ਅਕਾਲ,
ਸਿੰਘ ਸੂਰਮਾ ਬਲਾਊ ਫਤਿਹ ਗੱਜ ਕੇ।
ਊਧਮ ਸਿੰਘ ਸੂਰਾ...।

'ਖਹਿਰਿਆਂਵਾਲਾ' ਕਹੇ ਬੰਦ ਕਰ ਲੈ ਜ਼ੁਬਾਨ ਉਏ,
ਅੱਜ ਤੱਕ ਭਾਰਤੀ ਤੂੰ ਸਮਝੇ ਨਾਦਾਨ ਉਏ।
ਕੱਢ ਪਿਸਤੌਲ ਹਿੱਕ ਵਿਚ ਮਾਰੀ ਗੋਲੀ,
ਗੋਰਾ ਡਿੱਗਿਆ ਧੜੱਮ ਗੇੜੀ ਕੱਢ ਕੇ।
ਊਧਮ ਸਿੰਘ ਸੂਰਾ...।

-ਮਨਮੋਹਨ ਸਿੰਘ ਖਹਿਰਾ, ਮਨਟੀਕਾ
ਫੋਨ: 510-931-3859

## ਅਸੀਂ ਕੀ ਬਣ ਗਏ-1

# ਸਿਰ 'ਤੇ ਕੂਕਦਾ ਕਾ.ਲ

*ਪੰਜਾਬੀ ਕਹਾਣੀ ਨੂੰ ਉਂਗਲ ਫੜਾ ਕੇ ਸਾਹਿਤ ਜਗਤ ਦੇ ਮੋਕਲੇ ਵਿਹੜੇ ਲਿਜਾਣ ਵਾਲੇ ਵਰਿਆਮ ਸਿੰਘ ਸੰਧੂ ਨੇ ਆਪਣੀ ਲੇਖ ਲੜੀ 'ਅਸੀਂ ਕੀ ਬਣ ਗਏ' ਵਿਚ ਸਾਹਿਤ ਅਤੇ ਜੀਵਨ ਦੀ ਜੁਗਲਬੰਦੀ ਦਾ ਤਰਾਨਾ ਛੇੜਿਆ ਹੈ। ਰੋਜ਼-ਮੱਰਾ ਦੀਆਂ ਯਾਦਾਂ ਅਤੇ ਘਟਨਾਵਾਂ ਕਿਸ ਤਰ੍ਹਾਂ ਅਨੁਵਾਦ ਹੋ ਕੇ ਕਾਗਜ਼ ਉਤੇ ਸਾਹਿਤ ਬਣ ਬਣ ਜੰਮਦੀਆਂ ਹਨ, ਇਹ ਖੁਲਾਸਾ ਉਹਨੇ ਇਸ ਲੰਮੇ ਲੇਖ ਵਿਚ ਕੀਤਾ ਹੈ। ਹੋਈਆਂ-ਬੀਤੀਆਂ ਘਟਨਾਵਾਂ ਦਾ ਇਹ ਅਨੁਵਾਦ ਦਿਲਚਸਪ ਤਾਂ ਹੈ ਹੀ, ਨਿਵੇਕਲਾ ਵੀ ਹੈ; ਐਨ ਵਰਿਆਮ ਦੀ ਕਹਾਣੀ ਕਲਾ ਵਾਂਗ। ਉਸ ਕੋਲ ਘਟਨਾ ਨੂੰ ਚਿੱਤਰ ਵਾਂਗ ਪੇਸ਼ ਕਰਨ ਦੀ ਸਮਰੱਥਾ ਹੈ। ਇਸੇ ਸਮਰੱਥਾ ਕਰ ਕੇ ਹੀ ਤਾਂ ਉਹ ਪੰਜਾਬੀ ਸਾਹਿਤ ਜਗਤ ਨੂੰ ਯਾਦਗਾਰੀ ਰਚਨਾਵਾਂ ਦੇ ਸਕਿਆ ਹੈ। ਇਹ ਰਚਨਾਵਾਂ ਸਿਰਫ ਕਹਾਣੀ ਕਹਿਣ ਤੱਕ ਹੀ ਸੀਮਤ ਨਹੀਂ ਰਹਿੰਦੀਆਂ, ਸਗੋਂ ਇਸ ਵਿਚ ਜੀਵਨੀ ਅਤੇ ਸਫਰ ਵਾਲੇ ਸਾਹਿਤ ਤੋਂ ਇਲਾਵਾ ਨਸਰ ਦੀਆਂ ਹੋਰ ਵੰਨਗੀਆਂ ਵੀ ਸ਼ਾਮਲ ਹੋਈ ਜਾਂਦੀਆਂ ਹਨ। ਉਹ ਰੌਂ ਵਿਚ ਹੋਵੇ ਤਾਂ ਤੁਹਾਡੇ ਲਈ ਨਜ਼ਮ ਵਾਲਾ ਪੀੜ੍ਹਾ ਵੀ ਡਾਹ ਸਕਦਾ ਹੈ। ਅਸਲ ਵਿਚ ਸਭ ਤੋਂ ਪਹਿਲਾਂ ਉਹਨੇ ਸਾਹਿਤ ਦੇ ਵਿਹੜੇ ਵਿਚ ਨਜ਼ਮਾਂ ਵਾਲਾ ਪੀੜ੍ਹਾ ਹੀ ਡਾਹਿਆ ਸੀ ਜਦੋਂ ਲੈਨਿਨ ਦੀ ਉਠਦੀ ਉਂਗਲ ਵਾਂਗ ਉਹਦੀ ਕਵਿਤਾ ਦੀ ਉਂਗਲ ਖਲੋ ਗਈ ਸੀ। ਵੱਖ ਵੱਖ ਸਮਿਆਂ ਦੌਰਾਨ ਉਹ ਕਵਿਤਾ ਅਤੇ ਜੁਝਾਰੂਪਣ ਦੀ ਖੜ੍ਹੀ ਹੋਈ ਇਸ ਉਂਗਲ ਨੂੰ ਸਾਹਿਤ ਦੇ ਵੱਖ ਵੱਖ ਰੂਪਾਂ 'ਚ ਆਪਣੇ ਪਾਠਕਾਂ ਨਾਲ ਸਾਂਝੀ ਕਰਦਾ ਰਿਹਾ ਹੈ। ਇਹ ਸਾਂਝ ਬਣਾਉਂਦਿਆਂ ਉਹ ਸਰੋਕਾਰਾਂ ਵਾਲਾ ਹੱਥ ਉਚਾ ਕਰਨਾ ਕਦੀ ਨਹੀਂ ਭੁੱਲਦਾ। -ਸੰਪਾਦਕ*

ਸ਼ਾਮ ਦਾ ਘੁਸਮੁਸਾ ਅਜੇ ਪਸਰਿਆ ਹੀ ਸੀ ਤੇ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਘੁਸਮੁਸਾ ਇਕਦਮ ਕਾਲੀ ਬੋਲੀ ਰਾਤ ਵਾਂਗ ਸਾਰੇ ਪਿੰਡ 'ਤੇ ਪਸਰ ਜਾਵੇਗਾ ਜਾਂ ਇਹ ਕਾਲੀ-ਬੋਲੀ ਰਾਤ ਕਿਸੇ ਪਰਿਵਾਰ ਜਾਂ ਵਿਸ਼ੇਸ਼ ਵਿਅਕਤੀਆਂ ਲਈ ਉਮਰਾਂ ਜਿੰਨੀ ਲੰਮੀ ਹੋ ਜਾਊ। ਦੀਵਾਲੀ ਨੇੜੇ ਸੀ, ਪਰ ਪੰਜਾਬ ਦੇ ਹਾਲਾਤ ਠੀਕ ਨਾ ਹੋਣ ਕਰ ਕੇ ਪਟਾਕੇ ਚਲਾਉਣ ਦੀ ਮਨਾਹੀ ਸੀ। ਉਂਜ ਲੋਕਾਂ ਇਹੋ ਸਮਝਿਆ ਕਿ ਕਿਸੇ ਨੇ ਪਟਾਕੇ ਹੀ ਚਲਾਏ ਹੋਣਗੇ। ਗੋਲੀ ਦੀ ਆਵਾਜ਼ ਤਾਂ ਲੱਗਦੀ ਨਹੀਂ ਸੀ। ਪਰ ਇਹ ਗੋਲੀ ਦੀ ਹੀ ਆਵਾਜ਼ ਸੀ।

ਕਿਸੇ ਨੇ ਚੁਬਾਰੇ ਦੀ ਬਾਰੀ 'ਚੋਂ ਸਿਰ ਬਾਹਰ ਕੱਢ ਕੇ ਵੇਖਿਆ। ਸ਼ਾਮ ਲਾਲ ਕਾਹਲੀ ਕਾਹਲੀ ਦੁਕਾਨ ਬੰਦ ਕਰ ਰਿਹਾ ਸੀ।

"ਕੀ ਗੱਲ ਹੋਈ?" ਚੁਬਾਰੇ ਵਾਲੇ ਨੇ ਪੁੱਛਿਆ।



ਏਨੇ ਨੂੰ ਬਾਜ਼ਾਰ ਦੀ ਪਰਲੀ ਨੁੱਕਰੋਂ ਭੱਜਾ ਭੱਜਾ ਆਉਂਦਾ ਕੋਈ ਘਬਰਾਹਟ ਵਿਚ ਉਚੀ ਉਚੀ ਬੋਲਦਾ ਤੇ ਹੱਥ ਹਿਲਾਉਂਦਾ ਛਿਪਨ ਹੋ ਗਿਆ।

**ਵਰਿਆਮ ਸਿੰਘ ਸੰਧੂ**
**ਫੋਨ: 416-918-5212**

"ਦੁਕਾਨਾਂ ਬੰਦ ਕਰ ਦਿਓ। ਉਨ੍ਹਾਂ ਨੇ ਬੜਿਆਂ ਨੂੰ ਗੋਲੀਆਂ ਮਾਰੀਆਂ ਨੇ। ਭੱਜ ਜਾਓ ਸਭ। ਲੁਕ ਜੋ ਛੇਤੀ।"

ਸ਼ਾਮ ਲਾਲ ਤੋਂ ਕੰਬਦੇ ਹੱਥਾਂ ਨਾਲ ਛੇਤੀ ਛੇਤੀ ਦੁਕਾਨ ਦਾ ਤਾਲਾ ਨਹੀਂ ਸੀ ਲੱਗ ਰਿਹਾ। ਉਹ ਕੰਬਦੀ ਲੜਖੜਾਉਂਦੀ ਜ਼ਬਾਨ ਨਾਲ ਚੁਬਾਰੇ ਵਾਲੇ ਨੂੰ ਵੀ ਦੱਸ ਰਿਹਾ ਸੀ।

"ਓ ਜੀ, ਮੈਨੂੰ ਵੀ ਮਾਰਨ ਲੱਗੇ ਸਨ। ਮੈਂ ਭੱਜ ਕੇ ਦੁਕਾਨ ਅੰਦਰ ਵੜ ਗਿਆ। ਗੋਲੀਆਂ ਬੋਰੀਆਂ 'ਚ ਵੱਜੀਆਂ। ਫਿਰ ਉਹ ਕੇਵਲ ਵੱਲ ਹੋਏ, ਪਰ ਉਹ ਐਂ ਨੂੰ ਭੱਜ ਗਿਆ।" ਉਸ ਦੁਕਾਨ ਬੰਦ ਕਰ ਕੇ ਥੜ੍ਹੇ ਤੋਂ ਉਤਰਦਿਆਂ ਖੱਬੇ ਪਾਸੇ ਵੱਲ ਇਸ਼ਾਰਾ ਕਰ ਕੇ ਉਤਾਂਹ ਵੇਖਿਆ, ਪਰ ਚੁਬਾਰੇ ਦੀ ਬਾਰੀ ਤਾਂ ਕਦੋਂ ਦੀ ਬੰਦ ਹੋ ਚੁੱਕੀ ਸੀ!

ਸਾਹਮਣੇ ਕੇਵਲ ਦੀ ਦੁਕਾਨ ਉਤੇ ਦੂਧੀਆ ਰੌਸ਼ਨੀ ਵਿਚ ਉਸ ਦਾ ਮਠਿਆਈ ਵਾਲਾ ਸ਼ੋਅ-ਕੇਸ ਚਮਕ ਰਿਹਾ ਸੀ। ਥੜ੍ਹੇ 'ਤੇ ਪਿਆ ਦਹੀਂ ਦਾ ਕੂੰਡਾ ਜੋ ਵਿਕ ਜਾਣ ਕਰ ਕੇ ਖਾਲੀ ਹੋ ਗਿਆ ਸੀ, ਭੱਠੀ ਵੱਲ ਉਲਰਿਆ ਹੋਇਆ ਸੀ ਤੇ ਦੂਜਾ ਪੈਰ ਵੱਜਣ ਕਰ ਕੇ ਟੇਢਾ ਹੋ ਕੇ ਡੁੱਲ੍ਹਾ ਪਿਆ ਸੀ। ਜਿਸ ਛੋਟੇ ਕੱਪ ਨਾਲ ਉਹ ਕੂੰਡੇ ਵਿਚੋਂ ਦਹੀਂ ਮਿਣ ਕੇ ਪਾਉਂਦਾ ਸੀ, ਉਹ ਬਾਜ਼ਾਰ ਦੇ ਐਨ ਵਿਚਕਾਰ ਟੁੱਟਾ ਹੋਇਆ ਸੀ।

ਇਕਦਮ ਸਾਰੇ ਬਾਜ਼ਾਰ ਵਿਚ ਦਿਓ ਫਿਰ ਗਿਆ। ਸੰਨਾਟਾ ਛਾ ਗਿਆ ਸੀ। ਸਹਿਮੀ ਹੋਈ ਚੁੱਪ ਕੰਨਾਂ ਵਿਚ 'ਸ਼ਾਂ ਸ਼ਾਂ' ਕਰ ਰਹੀ ਸੀ। ਸਭ ਅੰਦਰੋਂ-ਅੰਦਰੀਂ ਦੜ ਗਏ ਸਨ। ਕੋਈ ਸਿਰ ਘਰ 'ਚੋਂ ਬਾਹਰ ਨਹੀਂ ਸੀ ਹੋ ਰਿਹਾ। ਕਿਧਰੋਂ ਕੋਈ ਆਵਾਜ਼ ਨਹੀਂ ਸੀ ਆ ਰਹੀ। ਸਾਰੇ ਪਿੰਡ ਨੂੰ ਜਿਵੇਂ ਸੱਪ ਸੁੰਘ ਗਿਆ ਸੀ।

***

ਉਪਰਲਾ ਦ੍ਰਿਸ਼ ਮੇਰੀ ਕਹਾਣੀ 'ਭੱਜੀਆਂ ਬਾਹੀਂ' ਵਿਚੋਂ ਹੈ। ਨਾਂਵਾਂ ਦੀ ਬਦਲੀ ਤੋਂ ਇਲਾਵਾ ਇਸ 'ਚ ਪੇਸ਼ ਵੇਰਵਾ ਹਕੀਕਤ ਦੇ ਬਹੁਤ ਨੇੜੇ ਹੈ।

ਇਹ ਛੇ ਅਕਤੂਬਰ 1984 ਦਾ ਦਿਨ ਸੀ। ਸ਼ਾਮ ਹੋ ਚੱਲੀ ਸੀ। ਮੇਰੇ ਬੱਚੇ ਆਪਣੀ 'ਭੈਣ ਜੀ' ਕੋਲੋਂ ਟਿਊਸ਼ਨ ਪੜ੍ਹ ਕੇ ਅਜੇ ਪਰਤੇ ਨਹੀਂ ਸਨ। ਇਨ੍ਹਾਂ ਦਿਨਾਂ ਵਿਚ ਹਨੇਰਾ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਘਰ ਪਹੁੰਚਣਾ ਲਾਜ਼ਮੀ ਸੀ; ਪਰ ਅੱਜ ਤਾਂ ਉਨ੍ਹਾਂ ਨੇ ਦੇਰ ਕਰ ਦਿੱਤੀ ਸੀ। ਮੈਂ ਉਨ੍ਹਾਂ ਨੂੰ ਲੈਣ ਲਈ ਅੱਗਲਵਾਂਢੀ ਗਿਆ। ਉਹ ਆਰਾਮ ਨਾਲ ਆਪਸ ਵਿਚ ਗੱਲਾਂ ਕਰਦੇ 'ਟਹਿਲਦੇ' ਆ ਰਹੇ ਸਨ। ਮੈਂ ਉਨ੍ਹਾਂ ਨੂੰ ਛੇਤੀ ਤੁਰਨ ਲਈ ਕਿਹਾ। ਅਜੇ ਅਸੀਂ ਆਪਣੇ ਘਰ ਅੰਦਰ ਵੜੇ ਹੀ ਸਾਂ ਕਿ ਸਾਡੇ ਘਰ ਦੇ ਸਾਹਮਣਿਓਂ ਗੋਲੀ ਚੱਲਣ ਦੀ ਆਵਾਜ਼ ਆਈ।

"ਪਤਾ ਨਹੀਂ ਕੌਣ ਪਟਾਕੇ ਚਲਾਉਣ ਡਿਹਾ ਏ?" ਮਨ ਵਿਚ ਖ਼ੁਤਖ਼ੁਤੀ ਹੋਈ।

ਮੈਂ ਪੈਰੀਂ ਜੁੱਤੀ ਅੜਾ ਕੇ ਪਤਾ ਕਰਨ ਲਈ ਬਾਹਰ ਨਿਕਲਣ ਹੀ ਲੱਗਾ ਸਾਂ ਕਿ ਪਤਨੀ ਨੇ ਵਰਜਿਆ, "ਸੁਣਦੇ ਨਹੀਂ, ਇਹ ਗੋਲੀ ਦੀ ਆਵਾਜ਼ ਐ। ਹੁਣ ਆਹ ਵੇਖੋ ਦੂਰੋਂ ਬਾਜ਼ਾਰ 'ਚੋਂ ਅਜੇ ਵੀ ਖੜਾਕ ਆਉਣ ਡਿਹਾ।"

"ਫਿਰ ਵੀ ਵੇਖਾਂ ਤਾਂ ਸਹੀ!" ਮੈਂ ਉਸ ਦੇ ਰੋਕਦਿਆਂ ਵੀ ਬਾਹਰਲਾ ਦਰਵਾਜ਼ਾ ਖੋਲ੍ਹ ਕੇ ਬਾਜ਼ਾਰ ਵਿਚ ਆ ਗਿਆ। ਸਾਡਾ ਘਰ ਸਾਡੇ ਪਿੰਡ 'ਸੁਰ ਸਿੰਘ' ਦੇ ਮੇਨ ਬਾਜ਼ਾਰ ਵਿਚ ਸੀ। ਆਸੇ ਪਾਸੇ ਸਭ ਹਿੰਦੂ ਆਬਾਦੀ ਸੀ ਅਤੇ ਵਿਚਕਾਰ ਇੱਕੋ ਇੱਕ ਸੀ ਸਾਡਾ ਜੱਟਾਂ ਦਾ ਘਰ। ਸਾਡਾ ਬਾਹਰਲਾ ਵੱਡਾ ਦਰਵਾਜ਼ਾ ਬਾਜ਼ਾਰ ਵਿਚ ਹੀ ਖੁੱਲ੍ਹਦਾ ਸੀ। ਵੀਹ ਕੁ ਫੁੱਟ ਬਾਜ਼ਾਰ ਛੱਡ ਕੇ ਸਾਡੇ ਦਰਵਾਜ਼ੇ ਦੇ ਐਨ ਸਾਹਮਣੇ ਗੁਰਲਾਲ ਚੰਦ ਦੀ ਹਲਵਾਈ ਦੀ ਦੁਕਾਨ ਸੀ। ਉਸ ਦੇ ਨਾਲ ਹੀ ਸਾਡੇ ਘਰ ਨੂੰ ਸਾਹਮਣੇ ਸੱਜੇ ਹੱਥ ਉਸ ਦੇ ਭਰਾ ਗੋਪਾਲ ਚੰਦ ਦੀ ਪੰਸਾਰੀ ਦੀ ਦੁਕਾਨ ਸੀ। ਹਾਲਾਤ ਦੇ ਮੱਦੇਨਜ਼ਰ ਦੋਹਾਂ ਭਰਾਵਾਂ ਨੇ ਵੇਲੇ ਸਿਰ ਹੀ ਦੁਕਾਨਾਂ ਬੰਦ ਕਰ ਲਈਆਂ ਸਨ, ਫਿਰ ਵੀ ਅਜੇ ਬਾਜ਼ਾਰ ਵਿਚ ਚਹਿਲ-ਪਹਿਲ ਸੀ ਅਤੇ ਕਈ ਦੁਕਾਨਾਂ ਅਜੇ ਵੀ ਖੁੱਲ੍ਹੀਆਂ ਸਨ। ਗੋਪਾਲ ਚੰਦ ਦੀ ਦੁਕਾਨ ਤੋਂ ਇੱਕ ਦੁਕਾਨ ਛੱਡ ਕੇ ਉਸ ਦੇ 'ਤੀਜੇ ਨੰਬਰ' ਦੇ, ਘਰੋਂ ਅੱਡ ਹੋਏ, ਮੁੰਡੇ 'ਮੰਗੇ' ਦੀ ਪਕੌੜਿਆਂ, ਦਹੀਂ-ਭੱਲਿਆਂ ਅਤੇ ਮਠਿਆਈ ਦੀ ਦੁਕਾਨ ਸੀ। ਇਨ੍ਹਾਂ ਸਾਰੀਆਂ ਦੁਕਾਨਾਂ ਦਾ ਮੂੰਹ ਲਹਿੰਦੇ ਨੂੰ ਸਾਡੇ ਘਰ ਨੂੰ ਸਾਹਮਣਾ ਸੀ ਜਦ ਕਿ ਸਾਡੇ ਘਰ ਵਾਂਗ ਚੜ੍ਹਦੇ ਪਾਸੇ ਨੂੰ ਮੂੰਹ ਵਾਲੀਆਂ ਦੋ ਦੁਕਾਨਾਂ ਸਾਡੇ ਘਰ ਦੀਆਂ ਕੰਧਾਂ ਦੇ ਸੱਜੇ-ਖੱਬੇ ਪਾਸੇ ਲੱਗਦੀਆਂ ਸਨ। ਖੱਬੇ ਹੱਥ ਸੀ ਡਾਕਟਰ ਗੁਲਜ਼ਾਰੀ ਲਾਲ ਦੀ ਦੁਕਾਨ। ਉਹਨੂੰ ਸਾਰੇ 'ਲਾਲ ਡਾਕਟਰ' ਹੀ ਆਖਦੇ ਸਨ। ਸਾਡੇ ਘਰ ਦੇ ਸੱਜੇ ਹੱਥ ਸੀ ਵੇਦ ਪ੍ਰਕਾਸ਼ ਦੀ ਪੰਸਾਰੀ ਦੀ ਦੁਕਾਨ।

ਮੈਂ ਜਦੋਂ ਘਰੋਂ ਬਾਹਰ ਨਿਕਲਿਆ ਤਾਂ ਬਾਜ਼ਾਰ ਵਿਚ ਕੋਈ ਬੰਦਾ ਨਾ ਦਿਸਿਆ। ਵੇਦ ਪ੍ਰਕਾਸ਼ ਕੰਬਦੇ ਹੱਥਾਂ ਨਾਲ ਦੁਕਾਨ ਦਾ ਦਰਵਾਜ਼ਾ ਬੰਦ ਕਰ ਰਿਹਾ ਸੀ। ਕਹਾਣੀ ਵਿਚਲਾ 'ਸ਼ਾਮ ਲਾਲ' ਉਹੋ ਹੀ ਹੈ। ਚੁਬਾਰੇ 'ਚੋਂ ਸਿਰ ਬਾਹਰ ਕੱਢ ਕੇ ਸਵਾਲ ਕੀਤਾ ਸੀ ਗੁਰਲਾਲ ਚੰਦ ਨੇ, ਪਰ ਜਦੋਂ ਪਤਾ ਲੱਗਾ ਕਿ ਗੋਲੀ ਚੱਲੀ ਹੈ ਤਾਂ ਉਹਦਾ ਘਰ ਵਿਚ ਦੜ ਜਾਣਾ ਕੁਦਰਤੀ ਹੀ ਸੀ। ਦਰਵਾਜ਼ਾ ਬੰਦ ਕਰ ਕੇ ਆਪਣੇ ਘਰ ਨੂੰ ਦੌੜਦਿਆਂ ਘਰਕਦੀ ਆਵਾਜ਼ ਵਿਚ ਵੇਦ ਪ੍ਰਕਾਸ਼ ਨੇ ਮੈਨੂੰ ਆਖਿਆ, "ਮਾਸਟਰ ਜੀ ਤੁਸੀਂ ਘਰ ਨੂੰ ਜਾਓ। ਤੁਸੀਂ ਇਥੇ ਕੀ ਕਰਦੇ ਓ! ਉਹ ਮੁੜ ਕੇ ਵੀ ਆ ਸਕਦੇ ਨੇ। ਗੋਲੀਆਂ ਦਾ ਖੜਾਕ ਨਹੀਂ ਸੁਣਦਾ ਪਿਆ ਤੁਹਾਨੂੰ?"

ਗੱਲ ਤਾਂ ਉਸ ਦੀ ਠੀਕ ਸੀ। ਉਨ੍ਹਾਂ ਲਈ ਕਿਹੜਾ ਇਥੇ ਟਰੈਫ਼ਿਕ ਦਾ 'ਵੰਨ ਵੇ' ਕਾਨੂੰਨ ਲਾਗੂ ਹੁੰਦਾ ਸੀ! ਚੜ੍ਹਦੇ ਪਾਸੇ ਜਿੱਧਰ ਉਹ ਗਏ ਸਨ, ਪੁਲਿਸ ਚੌਕੀ ਹੋਣ ਕਰ ਕੇ ਉਧਰੋਂ ਮੁੜ ਕੇ ਵਾਪਸ ਆਉਣਾ ਅਤੇ ਪਿੰਡ ਦੇ ਲਹਿੰਦੇ ਪਾਸੇ 'ਨਿਕਲਣਾ' 'ਉਨ੍ਹਾਂ' ਲਈ ਉਂਜ ਵੀ ਵਧੇਰੇ 'ਸੁਰੱਖਿਅਤ' ਹੋਣਾ ਸੀ, ਪਰ ਮੈਂ ਘਰ ਨਾ ਗਿਆ।

ਕੁਝ ਚਿਰ ਪਹਿਲਾਂ ਰੌਣਕ ਨਾਲ ਭਰੇ ਬਾਜ਼ਾਰ ਵਿਚ ਹੁਣ ਮੈਂ ਇਕੱਲਾ ਖਲੋਤਾ ਸਾਂ। ਬਾਜ਼ਾਰ ਸੁੰਨ-ਉਜਾੜ ਹੋਇਆ ਪਿਆ ਸੀ। ਬੰਦਾ ਨਾ ਬੰਦੇ ਦੀ ਜ਼ਾਤ! ਕਿਸੇ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਸੱਚ ਮੁੱਚ ਜਿਵੇਂ ਪਿੰਡ ਨੂੰ ਸੱਪ ਸੁੰਘ ਗਿਆ ਸੀ। ਬਾਜ਼ਾਰ ਵਿਚ ਖਲੋਤਿਆਂ ਮੈਂ ਸੋਚਿਆ ਕਿ 'ਉਹ' ਬਾਜ਼ਾਰ ਦੇ ਖੱਬੇ ਪਾਸੇ ਵੱਲੋਂ ਗੋਲੀਆਂ ਚਲਾਉਂਦੇ ਸੱਜੇ ਪਾਸੇ ਨੂੰ ਨਿਕਲੇ ਹਨ; ਬਾਜ਼ਾਰ ਦੇ ਖੱਬੇ ਹੱਥ ਜਾ ਕੇ ਵੇਖਾਂ ਤਾਂ ਸਹੀ!

ਖੱਬੇ ਪਾਸੇ ਨਜ਼ਰ ਮਾਰੀ ਤਾਂ ਸਾਡੇ ਘਰ ਤੋਂ ਪੰਜਾਹ ਕੁ ਗਜ਼ ਦੂਰ ਕੋਈ ਜਣਾ ਬਾਜ਼ਾਰ ਵਿਚ ਚੌਫ਼ਾਲ ਡਿੱਗਾ ਪਿਆ ਸੀ। ਮੈਂ ਮਦਦ ਕਰਨ ਲਈ ਤੁਰਤ ਉਹਦੇ ਕੋਲ ਪੁੱਜਾ। ਇਹ ਤਾਂ ਗੋਪਾਲ ਚੰਦ ਦਾ ਪੁੱਤਰ 'ਮੰਗਾ' ਸੀ। ਕਹਾਣੀ ਵਿਚ ਇਸ ਦਾ ਨਾਂ 'ਕੇਵਲ' ਹੈ। ਉਹਨੂੰ ਉਸ ਦੀ ਦੁਕਾਨ 'ਤੇ ਹੀ ਗੋਲੀ ਲੱਗ ਗਈ ਜਾਪਦੀ ਸੀ। ਜਾਨ ਬਚਾਉਣ ਲਈ ਦੌੜਦਾ ਇੱਥੇ ਆ ਕੇ ਢਹਿ ਪਿਆ ਸੀ ਵਿਚਾਰਾ! ਹਸੂੰ ਹਸੂੰ ਕਰਦਾ ਰਹਿਣ ਵਾਲਾ ਖ਼ੁਸ਼ਦਿਲ ਮੰਗਾ ਲਹੂ-ਲਿੱਬੜੀ ਲਾਸ਼ ਵਿਚ ਬਦਲ ਚੁੱਕਾ ਸੀ। ਮੈਂ ਹੁਣ ਉਸ ਲਈ ਕੁਝ ਨਹੀਂ ਸਾਂ ਕਰ ਸਕਦਾ!

ਉਥੇ ਖਲੋ ਕੇ, ਮੈਂ, ਪਿੱਛੇ ਬਾਜ਼ਾਰ ਵੱਲ ਨਜ਼ਰ ਮਾਰੀ ਤਾਂ ਵੇਖਿਆ ਲਾਲ ਡਾਕਟਰ ਦੀ ਦੁਕਾਨ ਖੁੱਲ੍ਹੀ ਹੋਈ ਸੀ। ਮੈਂ ਕਾਹਲੀ ਕਾਹਲੀ ਦੁਕਾਨ 'ਤੇ ਪੁੱਜਾ। ਵੇਖਿਆ, ਲਾਲ ਬੈਂਚ 'ਤੇ ਲੁੜਕਿਆ ਪਿਆ ਸੀ। ਗੋਲੀ ਉਸ ਦੇ ਨੱਕ 'ਚੋਂ ਲੰਘ ਕੇ ਗਲੇ ਵਿਚ ਅਟਕ ਗਈ ਸੀ। ਉਹ ਅਜੇ ਸਾਹ ਲੈ ਰਿਹਾ ਸੀ। ਸਾਹ ਲੈਂਦਿਆਂ 'ਘਰੜ ਘਰੜ' ਦੀ ਆਵਾਜ਼ ਆ ਰਹੀ ਸੀ। ਹਿੰਮਤ ਕਰ ਕੇ ਇਸ ਨੂੰ ਬਚਾਉਣ ਦੀ ਕੋਸ਼ਿਸ਼ ਤਾਂ ਕੀਤੀ ਜਾ ਸਕਦੀ ਸੀ! ਮੈਂ ਦੌੜ ਕੇ ਘਰ ਆਪਣੀ ਪਤਨੀ ਨੂੰ ਦੱਸਿਆ। ਉਦੋਂ ਪਿੰਡ ਵਿਚ ਦਸ ਪੰਦਰਾਂ ਘਰਾਂ ਵਿਚ ਹੀ ਟੈਲੀਫ਼ੋਨ ਲੱਗੇ ਸਨ। ਮੈਂ ਉਹਨੂੰ ਆਪਣੇ ਘਰੋਂ ਗੁਲਜ਼ਾਰੀ ਲਾਲ ਦੇ ਘਰ ਦੇ ਨੇੜੇ ਤੇੜੇ ਕਿਸੇ ਨੂੰ ਫ਼ੋਨ ਕਰਨ ਵਾਸਤੇ ਆਖਿਆ।

ਘਬਰਾਇਆ ਹੋਇਆ ਮੈਂ ਫਿਰ ਲਾਲ ਡਾਕਟਰ ਕੋਲ ਗਿਆ। ਉਹਦੇ ਹੱਥ ਘੁੱਟੇ ਅਤੇ ਹੌਸਲਾ ਰੱਖਣ ਲਈ ਕਿਹਾ। ਹੁਣ ਘੱਟੋ-ਘੱਟ ਚਾਰ ਬੰਦੇ ਤਾਂ ਚਾਹੀਦੇ ਸਨ, ਇਸ ਨੂੰ ਚੁੱਕ ਕੇ ਲਿਜਾਣ ਲਈ। ਜਿਹੜੇ ਦੁਕਾਨਦਾਰ ਦੁਕਾਨਾਂ ਬੰਦ ਕਰ ਕੇ ਅਜੇ ਘਰੀਂ ਨਹੀਂ ਸਨ ਪਹੁੰਚੇ, ਖ਼ਤਰਾ ਟਲ ਗਿਆ ਜਾਣ ਕੇ, ਉਨ੍ਹਾਂ ਦੇ ਘਰਾਂ ਵਿਚੋਂ ਕੋਈ ਕੋਈ ਜਣਾ ਉਨ੍ਹਾਂ ਆਪਣਿਆਂ ਦੀ ਖ਼ੈਰ-ਸੁੱਖ ਪਤਾ ਕਰਨ ਲਈ ਬਾਜ਼ਾਰ ਵਿਚ ਨਿਕਲ ਆਇਆ ਸੀ। ਮੰਗੇ ਦਾ ਭਰਾ ਰਾਮ ਘਬਰਾਇਆ ਹੋਇਆ ਆਇਆ ਅਤੇ ਡਾਕਟਰ ਨੂੰ ਵੇਖ ਕੇ ਮੈਥੋਂ ਮੰਗੇ ਬਾਰੇ ਪੁੱਛਣ ਲੱਗਾ। ਮੈਂ ਬਾਜ਼ਾਰ ਵਿਚ ਪਏ ਮੰਗੇ ਵੱਲ ਇਸ਼ਾਰਾ ਕਰ ਕੇ ਉਹਨੂੰ ਦੁਖ਼ਦਾਈ ਖ਼ਬਰ ਸੁਣਾਈ। ਉਹ ਰੋਂਦਾ ਉਧਰ ਦੌੜਿਆ। ਉਹਦੀ ਲੇਰ ਨਿਕਲੀ, "ਹਾਇ! ਓਏ ਸਾਡੇ ਭਰਾ ਨੂੰ ਮਾਰ ਗਏ!"

ਕੋਈ ਪਰ੍ਹਿਓਂ ਦੌੜਦਾ ਅਤੇ ਦੁਹਾਈ ਪਾਉਂਦਾ ਆਇਆ ਅਤੇ ਰਾਮ ਨੂੰ ਕਿਹਾ, "ਤੇਰੇ ਭਾਪੇ ਗੋਪਾਲ ਸ਼ਾਹ ਨੂੰ ਗੋਲੀਆਂ ਵੱਜੀਆਂ। ਉਹਨੂੰ ਬਚਾ ਲੌ ਭੱਜ ਕੇ, ਜੇ ਬਚਾਇਆ ਜਾਂਦਾ।"

ਮੰਗੇ ਨੂੰ ਭਰੇ ਬਾਜ਼ਾਰ ਵਿਚ ਲਾਵਾਰਿਸ ਛੱਡ ਉਹ ਪਿਉ ਨੂੰ ਲੱਭਣ ਭੱਜਾ। ਗੋਪਾਲ ਚੰਦ ਕਿਸੇ ਹੋਰ ਦੀ ਦੁਕਾਨ 'ਤੇ ਖਲੋਤਾ 'ਗੱਪ-ਸ਼ੱਪ' ਮਾਰ ਰਿਹਾ 'ਉਨ੍ਹਾਂ' ਦੇ 'ਰਾਹ' ਵਿਚ ਆ ਗਿਆ ਸੀ। ਮੈਂ ਕਿਸੇ ਨੂੰ ਆਪਣੇ ਵੱਲ ਆਉਂਦਾ ਵੇਖ ਜ਼ੋਰ ਨਾਲ ਕਿਹਾ, "ਮੇਰੇ ਵੱਲ ਨਾ ਆ। ਡਾਕਟਰ ਦੇ ਘਰ ਜਾਹ ਭੱਜ ਕੇ। ਇਹਨੂੰ ਬਚਾ ਲਈਏ ਕਿਸੇ ਤਰ੍ਹਾਂ।"

ਥੋੜ੍ਹੀ ਦੇਰ ਪਿੱਛੋਂ ਗੁਲਜ਼ਾਰੀ ਲਾਲ ਦਾ ਛੋਟਾ ਭਰਾ ਵਿਜੈ, ਉਸ ਦੀ ਪਤਨੀ ਤੇ ਦੋਵੇਂ ਬੱਚੇ ਦੁਕਾਨ 'ਤੇ ਪਹੁੰਚ ਗਏ। ਚੀਕ-ਚਿਹਾੜਾ ਪੈ ਗਿਆ। ਸ਼ੋਰ ਸੁਣ ਕੇ ਮੇਰੀ ਪਤਨੀ ਵੀ ਬਾਹਰ ਆ ਗਈ।

"ਬਚਾਓ ਇਨ੍ਹਾਂ ਨੂੰ! ਛੇਤੀ ਤੋਂ ਛੇਤੀ ਹਸਪਤਾਲ ਲੈ ਕੇ ਜਾਓ। ਭੈਣ ਜੀ ਤੁਸੀਂ ਕੋਈ ਫ਼ਿਕਰ ਨਾ ਕਰੋ। ਕੁਝ ਨਹੀਂ ਹੁੰਦਾ ਭਾ ਜੀ ਨੂੰ। ਚੁੱਪ ਕਰ ਮੇਰੀ ਬੀਬੀ ਧੀ।" ਮੇਰੀ ਪਤਨੀ ਮੈਨੂੰ ਵੀ ਕਹਿ ਰਹੀ ਸੀ ਅਤੇ ਲਾਲ ਦੀ ਪਤਨੀ ਤੇ ਧੀ ਨੂੰ ਹੌਸਲਾ ਵੀ ਦੇ ਰਹੀ ਸੀ।

ਲਾਲ ਨਾਲ ਸਾਡੀ ਪਰਿਵਾਰਕ ਸਾਂਝ ਸੀ। ਇਹ ਸਾਂਝ ਤਾਂ ਉਂਜ ਸਾਰੇ ਆਂਢੀਆਂ ਗੁਆਂਢੀਆਂ ਨਾਲ ਹੀ ਸੀ। ਸਾਡੀ ਆਪਣੀ ਪੱਤੀ ਅਤੇ ਸ਼ਰੀਕੇ ਦੇ ਪਰਿਵਾਰ ਤਾਂ ਸਾਥੋਂ ਦੂਰ ਸਾਡੀ ਪੱਤੀ ਵਿਚ ਵੱਸਦੇ ਸਨ। ਸਾਡਾ ਨਿਤ ਦਾ ਭਾਈਚਾਰਾ ਤਾਂ ਇਨ੍ਹਾਂ ਲੋਕਾਂ ਨਾਲ ਹੀ ਸੀ। ਗੁਰਲਾਲ ਚੰਦ, ਗੋਪਾਲ ਚੰਦ, ਵੇਦ ਪ੍ਰਕਾਸ਼ ਤੇ ਲਾਭ ਚੰਦ ਹੁਰੀਂ ਹੀ ਮੇਰੇ ਨੇੜਲੇ 'ਚਾਚੇ-ਤਾਏ' ਸਨ। ਲਾਲ ਨਾਲ ਮੇਰਾ ਬਚਪਨ ਤੋਂ ਯਾਰਾਨਾ ਸੀ। ਉਸ ਦੇ ਪਿਤਾ ਕਰਮ ਚੰਦ ਨੂੰ ਜਦੋਂ ਕਦੀ ਦੁਕਾਨ 'ਤੇ ਮਰੀਜ਼ਾਂ ਵੱਲੋਂ ਵਿਹਲ ਹੁੰਦੀ ਤਾਂ ਉਹਨੇ ਕਈ ਵਾਰ ਸਾਡੇ ਘਰ ਵੜਦਿਆਂ ਦੂਰੋਂ ਹੀ ਐਲਾਨ ਕਰ ਦੇਣਾ, "ਹਰਨਾਮ ਕੁਰੇ! ਓ ਜੋਗਿੰਦਰ ਕੁਰੇ! ਕਿੱਥੇ ਓ? ਕੋਈ ਰੋਟੀ ਪਈ ਆ ਚੰਗੇਰ 'ਚ ਕਿ ਨਹੀਂ? ਘਰ ਨਹੀਂ ਜਾਇਆ ਗਿਆ। ਮਰੀਜ਼ ਆ ਗਏ ਸੀ; ਟਾਈਮ ਈ ਨਹੀਂ ਲੱਗਾ ਘਰ ਜਾਣ ਦਾ। ਲਿਆਓ ਫੜਾਓ ਦੋ ਰੋਟੀਆਂ ਹੈਥੋਂ।" ਉਹ ਮੇਰੀ ਦਾਦੀ ਅਤੇ ਮਾਂ ਨੂੰ ਮੁਖ਼ਾਤਬ ਹੁੰਦਾ।

"ਰੋਟੀਆਂ ਤਾਂ ਹੈਗੀਆਂ, ਪਰ ਅਸੀਂ ਸੱਜਰੀਆਂ ਲਾਹ ਦੇਂਦੀਆਂ, ਜੀ।" ਦਾਦੀ ਜਾਂ ਮਾਂ 'ਚੋਂ ਕੋਈ ਆਖਦੀ। ਉਮਰ ਵਿਚ ਉਹ ਮੇਰੇ ਪਿਉ ਤੋਂ ਅੱਠ-ਦਸ ਸਾਲ ਵੱਡਾ ਸੀ ਪਰ 'ਡਾਕਟਰ' ਹੋਣ ਕਰ ਕੇ ਉਸ ਤੋਂ ਮੇਰੀ ਮਾਂ ਘੁੰਡ ਨਹੀਂ ਸੀ ਕੱਢਦੀ। ਉਹ ਥਾਲੀ ਵੀ ਨਾ ਲੈਂਦਾ। ਹੱਥ ਉਤੇ ਹੀ ਦੋ ਫੁਲਕੇ ਰੱਖ ਕੇ ਉਨ੍ਹਾਂ ਉਤੇ ਹੀ ਦਾਲ-ਸਬਜ਼ੀ ਪੁਆ ਲੈਂਦਾ ਅਤੇ ਸਾਡੇ ਚੌਂਤਰੇ ਦੀ ਛੋਟੀ ਜਿਹੀ ਕੰਧ 'ਤੇ ਪੈਰ ਰੱਖ ਕੇ ਖੜਾ-ਖਲੋਤਾ ਰੋਟੀ ਖਾ ਲੈਂਦਾ। ਉਹਦੀ ਮੌਤ ਤੋਂ ਪਿੱਛੋਂ ਦੁਕਾਨ ਉਤੇ ਲਾਲ ਬੈਠਣ ਲੱਗਾ। ਉਸ ਕੋਲ ਮੇਰੇ ਬੱਚੇ ਆਪੇ ਹੀ ਚਲੇ ਜਾਂਦੇ। ਬਿਮਾਰੀ ਦੱਸਦੇ ਤੇ ਦਵਾਈ ਲੈ ਕੇ ਆ ਜਾਂਦੇ। ਉਹ ਦਵਾਈ ਦੇ ਪੈਸਿਆਂ ਦਾ ਕੋਈ ਹਿਸਾਬ-ਕਿਤਾਬ ਨਾ ਲਿਖਦਾ। ਕਹਿੰਦਾ, "ਆਪੇ ਚੇਤੇ ਰੱਖੋ। ਇਹ ਤੁਹਾਡਾ ਕੰਮ ਏ।" ਅਸੀਂ ਦਵਾਈ ਲੈ ਕੇ ਆਉਂਦੇ ਤਾਂ ਤੁਰਤ ਦਵਾਈ ਦਾ ਵੇਰਵਾ ਕਾਪੀ 'ਤੇ ਲਿਖਦੇ ਤਾਂ ਕਿ ਬਾਅਦ ਵਿਚ ਕੋਈ 'ਆਈਟਮ' ਭੁਲੇਖੇ ਨਾਲ ਲਿਖਣੋਂ ਰਹਿ ਨਾ ਜਾਵੇ! ਹੋਰਨਾਂ ਦਾ ਹਿਸਾਬ ਕਿਤਾਬ ਉਹ ਲਿਖ ਕੇ ਰੱਖਦਾ ਹੀ ਸੀ ਪਰ ਸਾਡਾ ਹਿਸਾਬ ਕਿਤਾਬ ਰੱਖਣ ਲਈ ਤਿਆਰ ਨਹੀਂ ਸੀ। ਇਹ ਉਸ ਦਾ ਸਾਡੇ ਪਰਿਵਾਰ ਨੂੰ ਦੂਜਿਆਂ ਤੋਂ ਵੱਖਰਾ ਨਿਖੇੜ ਕੇ, ਸਾਡੇ ਲਈ ਮੋਹ ਅਤੇ ਮਾਣ ਜਤਾਉਣ ਦਾ ਹੀ ਸੰਕੇਤ ਸੀ। ਉਹ ਕਦੀ ਕਦੀ ਮੇਰੇ ਸੱਜੇ ਗੁੱਟ ਨੂੰ ਹੱਥ ਵਿਚ ਫੜਦਾ ਅਤੇ ਉਲਟਾ ਕਰ ਕੇ ਮੇਰੇ ਗੁੱਟ 'ਤੇ ਬਣਿਆ ਇੰਚ ਭਰ ਚੌੜਾ ਨਿਸ਼ਾਨ ਵੇਖਦਾ। ਫਿਰ ਹੱਸਦਿਆਂ ਆਖਦਾ, "ਬੜੀਆਂ ਜੁੱਤੀਆਂ ਪਈਆਂ ਸੀ ਉਦੋਂ ਬਾਊ ਜੀ ਤੋਂ।" ਰੰਬਿਆਂ ਨਾਲ ਖੂਹ ਕਿਆਰੀਆਂ ਖੇਡਦਿਆਂ ਬਚਪਨ ਵਿਚ ਉਸ ਤੋਂ ਮੇਰੇ ਗੁੱਟ 'ਤੇ ਰੰਬਾ ਵੱਜ ਗਿਆ ਸੀ ਜਿਸ ਨਾਲ ਹੋਏ ਬੜੇ ਵੱਡੇ ਜ਼ਖ਼ਮ ਦਾ ਨਿਸ਼ਾਨ ਅਜੇ ਵੀ ਮੇਰੇ ਗੁੱਟ ਉਤੇ ਚਮਕਦਾ ਹੈ।

ਮੇਰੇ ਬਚਪਨ ਦਾ ਯਾਰ ਮੇਰੇ ਸਾਹਮਣੇ ਮਰਨਾਊ ਪਿਆ ਸੀ। ਇਸ ਨੂੰ ਬਚਾਉਣਾ ਜ਼ਰੂਰੀ ਸੀ। ਲੋਕਾਂ ਦੇ ਦਰਵਾਜ਼ੇ ਬੰਦ ਸਨ। ਮੰਜਾ ਕੱਢਣ ਕਰ ਕੇ ਖੋਲ੍ਹਿਆ ਮੇਰੇ ਘਰ ਦਾ ਦਰਵਾਜ਼ਾ ਅਜੇ ਵੀ ਚੌੜ-ਚੁਪੱਟ ਖੁੱਲ੍ਹਾ ਸੀ। ਮੈਂ ਘਰ ਦਾ ਅਤੇ ਦਿਲ ਦਾ ਦਰਵਾਜ਼ਾ ਬੰਦ ਨਹੀਂ ਸਾਂ ਕਰ ਸਕਦਾ! ਲੋਕਾਂ ਦੇ 'ਵੱਜੇ ਕੁੰਡੇ' ਅਤੇ 'ਗੁੰਗੀ ਚੁੱਪ' ਨੇ ਮੈਨੂੰ ਚੇਤਾ ਕਰਾਇਆ ਕਿ ਮੈਂ 'ਗੋਲੀਆਂ ਵੱਜਣ ਵਾਲਿਆਂ ਦਾ' 'ਸਹਾਇਕ' ਬਣ ਕੇ 'ਗੋਲੀਆਂ ਮਾਰਨ ਵਾਲਿਆਂ' ਦੀ 'ਮਾਰੂ ਨਾਰਾਜ਼ਗੀ' ਸਹੇੜ ਰਿਹਾ ਸਾਂ, ਪਰ ਇਹ ਇਹੋ ਜਿਹੀਆਂ ਗਿਣਤੀਆਂ-ਮਿਣਤੀਆਂ ਕਰਨ ਦਾ ਸਮਾਂ ਨਹੀਂ ਸੀ।

"ਛੇਤੀ ਕਰੋ ਜੀ! ਵੇਖਦੇ ਕੀ ਓ!" ਪਤਨੀ ਨੇ ਕਾਹਲੀ ਨਾਲ ਆਖਿਆ।

ਮੈਂ ਉਹਨੂੰ ਕਿਹਾ ਕਿ ਲਾਲ ਦੇ ਪਰਿਵਾਰ ਦੇ ਬਾਕੀ ਜੀਆਂ ਨੂੰ ਉਹ ਆਪਣੇ ਨਾਲ ਘਰ ਲੈ ਜਾਵੇ ਅਤੇ ਹੋ ਸਕੇ ਤਾਂ ਪੁਲਿਸ ਨੂੰ ਵੀ ਫ਼ੋਨ ਕਰ ਦਏ।

ਅਸਾਂ ਬਿਨਾਂ ਕੋਈ ਹੋਰ ਦੇਰੀ ਕੀਤਿਆਂ ਗੁਲਜ਼ਾਰੀ ਲਾਲ ਨੂੰ ਚੁੱਕ ਕੇ ਮੰਜੇ 'ਤੇ ਪਾਇਆ ਅਤੇ ਪਿੰਡੋਂ ਬਾਹਰਵਾਰ ਚੜ੍ਹਦੇ ਪਾਸੇ ਸਥਿਤ ਪਿੰਡ ਦੇ ਪ੍ਰਾਇਮਰੀ ਹੈਲਥ ਸੈਂਟਰ ਵੱਲ ਦੌੜ ਪਏ। ਬਾਜ਼ਾਰ ਵਿਚੋਂ ਲੰਘ ਰਹੇ ਸਾਂ ਤਾਂ ਵੇਖਿਆ; ਕਈ ਜਣਿਆਂ ਨੂੰ ਗੋਲੀਆਂ ਲੱਗੀਆਂ ਸਨ। ਉਨ੍ਹਾਂ ਦੇ ਵਾਲੀ ਵਾਰਸ ਵੀ ਉਨ੍ਹਾਂ ਨੂੰ 'ਸਾਂਭ' ਰਹੇ ਸਨ।

ਕੋਈ ਕਹਿ ਰਿਹਾ ਸੀ, "ਅਜੇ ਹੁਣੇ ਐਂ ਨੂੰ ਜਾਂਦੇ ਮੈਂ ਆਪ ਵੇਖੇ ਨੇ। ਹਾਲੇ ਪਿੰਡੋਂ ਬਾਹਰ ਨਹੀਂ ਗਏ ਹੋਣੇ। ਪੁਲਿਸ ਘੇਰਾ ਪਾਏ ਤਾਂ ਫੜੇ ਜਾ ਸਕਦੇ ਨੇ!" ਬਾਜ਼ਾਰ ਲੰਘ ਕੇ ਅੱਗੇ ਹੋਏ ਤਾਂ ਰਾਹ ਵਿਚ ਖਲੋਤਾ ਪੁਲਿਸ ਚੌਕੀ ਦਾ ਥਾਣੇਦਾਰ, ਮੰਜੀ 'ਤੇ ਪਿਆ ਬੰਦਾ ਵੇਖ ਕੇ ਪੁੱਛਣ ਲੱਗਾ, "ਕੌਣ ਏਂ? ਕੀ ਹੋਇਆ?"

ਅਸੀਂ ਦੱਸਿਆ ਤਾਂ ਘਬਰਾ ਕੇ ਕਹਿਣ ਲੱਗਾ, "ਮੈਂ ਤਾਂ ਕੁਦਰਤੀ ਐਥੇ ਦੁਕਾਨ 'ਤੇ ਖਲੋਤਾ ਸਾਂ ਕਿ ਉਹ ਦੂਰੋਂ ਗੋਲੀਆਂ ਚਲਾਉਂਦੇ ਆਉਂਦੇ ਦਿਸੇ। ਮੈਂ ਤਾਂ ਐਧਰ ਓਹਲੇ 'ਚ ਹੋ ਗਿਆ।"

'ਇਸੇ ਪੁਲਿਸ' ਨੇ 'ਉਨ੍ਹਾਂ' ਨੂੰ ਫੜਨਾ ਸੀ!

*(ਬਾਕੀ ਅਗਲੇ ਸਫੇ 'ਤੇ)*



*ਮਨੁੱਖੀ ਪੀੜ ਨੂੰ ਦਰਸਾ ਰਿਹਾ ਇਕ ਸੰਸਾਰ ਪ੍ਰਸਿੱਧ ਚਿੱਤਰ।*

*ਮੇਰੇ ਬਚਪਨ ਦਾ ਯਾਰ ਮੇਰੇ ਸਾਹਮਣੇ ਮਰਨਾਊ ਪਿਆ ਸੀ। ਇਸ ਨੂੰ ਬਚਾਉਣਾ ਜ਼ਰੂਰੀ ਸੀ। ਲੋਕਾਂ ਦੇ ਦਰਵਾਜ਼ੇ ਬੰਦ ਸਨ। ਮੰਜਾ ਕੱਢਣ ਕਰ ਕੇ ਖੋਲ੍ਹਿਆ ਮੇਰੇ ਘਰ ਦਾ ਦਰਵਾਜ਼ਾ ਅਜੇ ਵੀ ਚੌੜ-ਚੁਪੱਟ ਖੁੱਲ੍ਹਾ ਹੋਇਆ ਸੀ। ਮੈਂ ਘਰ ਦਾ ਅਤੇ ਦਿਲ ਦਾ ਦਰਵਾਜ਼ਾ ਬੰਦ ਨਹੀਂ ਸਾਂ ਕਰ ਸਕਦਾ! ਲੋਕਾਂ ਦੇ 'ਵੱਜੇ ਕੁੰਡੇ' ਅਤੇ 'ਗੁੰਗੀ ਚੁੱਪ' ਨੇ ਮੈਨੂੰ ਚੇਤਾ ਕਰਾਇਆ ਕਿ ਮੈਂ 'ਗੋਲੀਆਂ ਵੱਜਣ ਵਾਲਿਆਂ ਦਾ' 'ਸਹਾਇਕ' ਬਣ ਕੇ 'ਗੋਲੀਆਂ ਮਾਰਨ ਵਾਲਿਆਂ' ਦੀ 'ਮਾਰੂ ਨਾਰਾਜ਼ਗੀ' ਸਹੇੜ ਰਿਹਾ ਸਾਂ, ਪਰ ਇਹ ਇਹੋ ਜਿਹੀਆਂ ਗਿਣਤੀਆਂ-ਮਿਣਤੀਆਂ ਕਰਨ ਦਾ ਸਮਾਂ ਨਹੀਂ ਸੀ।*

ਰਾਜਿੰਦਰ ਸਿੰਘ ਬੇਦੀ-2

# ਕਹਾਣੀ-ਕਲਾ ਦਾ ਰਾਜ-ਰਾਜੇਸ਼ਵਰ, ਚਕਰਵਰਤੀ ਸਮਰਾਟ



**ਗੁਰਬਚਨ ਸਿੰਘ ਭੁੱਲਰ**
ਫੋਨ: 01191-11425-02364
bhullargs@gmail.com

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਥਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

ਇਕ ਵਾਰ ਪ੍ਰੋ. ਪ੍ਰੀਤਮ ਸਿੰਘ ਪਟਿਆਲੇ ਵਾਲੇ ਮੁੰਬਈ ਗਏ। ਉਸ ਸਮੇਂ ਰਾਜਿੰਦਰ ਸਿੰਘ ਬੇਦੀ ਦੀ ਬੀਮਾਰੀ ਦੀਆਂ ਖ਼ਬਰਾਂ ਆਉਣ ਲੱਗੀਆਂ ਸਨ। ਕੁਦਰਤੀ ਸੀ ਕਿ ਪ੍ਰੋਫ਼ੈਸਰ ਸਾਹਿਬ ਉਨ੍ਹਾਂ ਦਾ ਪਤਾ ਲੈਣ ਵੀ ਜਾਂਦੇ। ਉਸ ਮੁਲਾਕਾਤ ਸਮੇਂ ਉਨ੍ਹਾਂ ਨੇ ਬੇਦੀ ਨੂੰ ਪੰਜਾਬੀ ਵਿਚ ਨਾ ਲਿਖ ਕੇ ਉਰਦੂ ਵਿਚ ਲਿਖਣ ਬਾਰੇ ਪੰਜਾਬ ਦੇ ਲੋਕਾਂ ਦਾ ਗਿਲਾ ਪੁਜਦਾ ਕੀਤਾ। ਉਹ ਬੇਹੱਦ ਬੀਮਾਰ, ਨਿਰਬਲ ਅਤੇ ਸਰੀਰਕ ਪੱਖੋਂ ਮਜਬੂਰ ਹੋ ਚੁੱਕੇ ਸਨ। ਇਸ ਦੇ ਬਾਵਜੂਦ ਉਨ੍ਹਾਂ ਨੇ ਬੜੇ ਕਰਾਰ ਨਾਲ ਮੋੜ ਕੀਤਾ, "ਭਲਾ ਪੰਜਾਬੀ ਲੋਕ ਇਸ ਗੱਲ ਦਾ ਫ਼ਖ਼ਰ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਦੇ ਇਕ ਪੁੱਤਰ ਨੇ ਉਰਦੂ ਦੀ ਸਰਜ਼ਮੀਨ ਉਤੇ ਕਿੱਡੀਆਂ ਵੱਡੀਆਂ ਮੱਲਾਂ ਮਾਰੀਆਂ ਨੇ?"

ਉਸ ਮੁਲਾਕਾਤ ਵਿਚ ਬੇਦੀ ਜੀ ਨੇ ਆਪਣਾ ਇਹ ਸਾਹਿਤਕ ਦਰਦ ਵੀ ਪ੍ਰਗਟ ਕੀਤਾ ਕਿ ਉਨ੍ਹਾਂ ਦੀਆਂ ਕਹਾਣੀਆਂ ਦੀ ਕੋਈ ਪੁਸਤਕ ਪੰਜਾਬੀ ਵਿਚ ਨਹੀਂ ਛਪੀ। ਉਨ੍ਹਾਂ ਨੇ ਉਮਰ ਅਤੇ ਸਿਹਤ ਦੇ ਉਸ ਪੜਾਅ ਉਤੇ ਵੀ ਅਜਿਹੀ ਪੁਸਤਕ ਛਪਣ ਸਬੰਧੀ ਆਪਣੀ ਰੀਝ ਸਾਂਝੀ ਕੀਤੀ। ਪ੍ਰੋਫ਼ੈਸਰ ਸਾਹਿਬ ਨੇ ਉਨ੍ਹਾਂ ਦੀ ਇਹ ਇੱਛਾ ਤੇ ਰੀਝ ਪੂਰੀ ਕਰਨ ਦਾ ਇਕਰਾਰ ਕੀਤਾ ਅਤੇ ਮੁੰਬਈ ਤੋਂ ਪਰਤ ਕੇ ਇਹ ਇਕਰਾਰ ਨਿਭਾ ਵੀ ਦਿੱਤਾ। ਉਨ੍ਹਾਂ ਨੇ 37 ਕਹਾਣੀਆਂ ਨੂੰ ਪੰਜਾਬੀ ਦਾ ਜਾਮਾ ਪੁਆਇਆ ਅਤੇ ਕਹਾਣੀ ਤੇ ਕਹਾਣੀ-ਕਲਾ ਸਬੰਧੀ ਉਨ੍ਹਾਂ ਦੀਆਂ ਦੋ ਮਹੱਤਵਪੂਰਨ ਲਿਖਤਾਂ ਦਾ ਵੀ ਪੰਜਾਬੀ ਵਿਚ ਅਨੁਵਾਦ ਕੀਤਾ।

ਪੰਜਾਬੀ ਵਿਚ ਕੋਈ ਕਹਾਣੀ-ਸੰਗ੍ਰਹਿ ਨਾ ਛਪੇ ਹੋਣ ਦਾ ਬੇਦੀ ਜੀ ਦਾ ਦਰਦ ਮੈਨੂੰ ਬੜਾ ਅਜੀਬ ਲੱਗਿਆ। ਇਹ ਤੱਥ ਇਕਦਮ ਮੇਰੇ ਚੇਤੇ ਵਿਚ ਉਭਰ ਆਇਆ ਕਿ 1950ਵਿਆਂ ਦੇ ਸ਼ੁਰੂ ਵਿਚ ਡੀ ਐਮ ਕਾਲਜ ਮੋਗਾ ਵਿਚ ਪੜ੍ਹਦਿਆਂ ਲਾਇਬ੍ਰੇਰੀ ਵਿਚੋਂ ਮੈਂ ਉਨ੍ਹਾਂ ਦੀ ਕਹਾਣੀਆਂ ਦੀ ਪੰਜਾਬੀ ਪੁਸਤਕ 'ਘਰ ਵਿਚ ਬਾਜ਼ਾਰ ਵਿਚ' ਕਢਵਾਈ ਸੀ। ਕੀ ਉਮਰ ਨਾਲ ਉਨ੍ਹਾਂ ਨੂੰ ਇਹਦਾ ਚੇਤਾ ਭੁੱਲ ਗਿਆ ਸੀ? ਜਾਂ ਕੀ ਇਹ ਪੁਸਤਕ ਕਿਸੇ ਨੇ ਉਨ੍ਹਾਂ ਨੂੰ ਪੁੱਛੇ-ਦੱਸੇ ਬਿਨਾਂ ਹੀ ਪੰਜਾਬੀ ਵਿਚ ਅਨੁਵਾਦ ਕਰ ਕੇ ਛਾਪ ਲਈ ਸੀ? ਮੈਂ ਆਪਣੇ ਮੋਗੇ ਵਾਲੇ ਮਿੱਤਰ ਕੇ ਐਲ ਗਰਗ ਨੂੰ, ਸਬੱਬ ਨਾਲ ਡੀ ਐਮ ਕਾਲਜ ਜਿਸ ਦੇ ਗੁਆਂਢ ਵਿਚ ਹੈ, ਕਿਹਾ ਕਿ ਉਹ ਲਾਇਬਰੇਰੀ ਵਿਚ ਜਾ ਕੇ ਉਸ ਪੁਸਤਕ ਦਾ, ਖਾਸ ਕਰਕੇ ਉਹਦੇ ਅਨੁਵਾਦਕ ਤੇ ਪ੍ਰਕਾਸ਼ਕ ਦਾ ਪਤਾ ਕਰੇ। ਪੁਸਤਕ ਦਾ ਨਾਂ ਤਾਂ ਰਜਿਸਟਰ ਵਿਚ ਮੌਜੂਦ ਸੀ ਜਿਥੋਂ ਛਪਣ-ਸਾਲ 1946 ਦੀ ਅਤੇ ਲਾਹੌਰ ਦੇ ਇਕ ਪੰਜਾਬੀ ਪ੍ਰਕਾਸ਼ਕ ਦੀ ਜਾਣਕਾਰੀ ਮਿਲ ਗਈ। ਅਨੁਵਾਦਕ ਦਾ ਨਾਂ ਉਥੇ ਦਿੱਤਾ ਹੋਇਆ ਨਹੀਂ ਸੀ। ਪੁਸਤਕ ਮਿਲ ਨਾ ਸਕੀ। ਗਰਗ ਦਾ ਕਹਿਣਾ ਸੀ ਕਿ ਏਨੀ ਪੁਰਾਣੀ ਹੋਣ ਕਰਕੇ ਪਤਾ ਨਹੀਂ ਗੁਆਚ ਗਈ ਹੋਵੇ ਜਾਂ ਦੁਬਾਰਾ ਜਿਲਦ ਲੋੜਦੀਆਂ ਪੁਸਤਕਾਂ ਵਿਚ ਕਿਤੇ ਵੱਖ ਰੱਖੀ ਪਈ ਹੋਵੇ।

ਮੰਟੋ ਨੇ ਇਕ ਚਿੱਠੀ ਵਿਚ ਲਿਖਿਆ ਸੀ, "ਬੇਦੀ, ਤੇਰੀ ਮੁਸੀਬਤ ਇਹ ਹੈ ਕਿ ਸੋਚਦਾ ਬਹੁਤ ਜ਼ਿਆਦਾ ਹੈਂ। ਲਗਦਾ ਹੈ, ਤੂੰ ਲਿਖਣ ਤੋਂ ਪਹਿਲਾਂ ਵੀ ਸੋਚਦਾ ਹੈਂ, ਲਿਖਦਿਆਂ ਵੀ ਸੋਚਦਾ ਰਹਿੰਦਾ



*1947 ਵਿਚ ਸ੍ਰੀਨਗਰ 'ਚ ਮਦਨਜੀਤ ਸਿੰਘ ਵਲੋਂ ਲਈ ਗਈ ਇਕ ਤਸਵੀਰ ਵਿਚ ਨਵਤੇਜ ਸਿੰਘ, ਖਵਾਜਾ ਅਹਿਮਦ ਅੱਬਾਸ, ਰਾਜਿੰਦਰ ਸਿੰਘ ਬੇਦੀ (ਦਸਤਾਰਧਾਰੀ ਸਭ ਤੋਂ ਪਿਛੇ), ਸੋਮਨਾਥ ਜ਼ੁਤਸ਼ੀ ਅਤੇ ਹੋਰ*

ਹੈਂ ਅਤੇ ਲਿਖਣ ਤੋਂ ਮਗਰੋਂ ਵੀ ਸੋਚੀ ਜਾਂਦਾ ਹੈਂ।" ਭਾਵੇਂ ਮੰਟੋ ਨੇ ਇਹ ਗੱਲ ਆਪਣੇ ਜਾਣੇ ਆਪਣੇ ਮਿੱਤਰ ਨੂੰ ਟਿੱਚਰ ਕਰਨ ਲਈ ਲਿਖੀ ਸੀ, ਪਰ ਇਹ ਹੈ ਸੱਚੀ। ਬੇਦੀ ਸੋਚ-ਸਮਝ ਕੇ ਲਿਖਣ ਵਾਲੇ ਲੇਖਕ ਸਨ ਅਤੇ ਇਸੇ ਕਰਕੇ ਉਨ੍ਹਾਂ ਦੀ ਕਹਾਣੀ ਪੜ੍ਹਨ ਲਈ ਕਈ ਵਾਰ ਹੀ ਨਹੀਂ, ਅਕਸਰ ਹੀ ਦਿਮਾਗ ਉਤੇ ਜ਼ੋਰ ਪਾਉਣਾ ਪੈਂਦਾ ਹੈ। ਕਦੀ-ਕਦੀ ਤਾਂ ਕਹਾਣੀ ਇਉਂ ਲਗਦੀ ਹੈ ਜਿਵੇਂ ਵੱਖੋ-ਵੱਖਰੇ ਮਣਕੇ ਹੋਣ ਜਿਨ੍ਹਾਂ ਦਾ ਇਕ ਦੂਜੇ ਨਾਲ ਕੋਈ ਸਬੰਧ ਨਾ ਹੋਵੇ। ਪਰ ਮਣਕਿਆਂ ਵਿਚਾਲੇ ਵਿਰਲ ਨੂੰ ਧਿਆਨ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚੋਂ ਇਕੋ ਸਾਂਝਾ ਧਾਗਾ ਲੰਘਦਾ ਹੈ, ਕਹਾਣੀ ਦੇ ਕੇਂਦਰੀ ਭਾਵ ਦਾ ਧਾਗਾ ਜੋ ਕਈ ਵਾਰ ਤਾਂ ਬਹੁਤ ਹੀ ਮਹੀਨ ਹੁੰਦਾ ਹੈ। ਤੇ ਇਸ ਧਾਗੇ ਨੂੰ ਲੱਭਣ-ਪਛਾਣਨ ਲਈ ਪਾਠਕ ਦਾ ਇਕ ਸਾਹਿਤਕ ਪੱਧਰ ਹੋਣਾ ਜ਼ਰੂਰੀ ਹੈ।

ਮੇਰਾ ਇਕਬਾਲੀਆ ਬਿਆਨ ਸੁਣੋ। ਕਾਲਜ ਵਿਦਿਆਰਥੀ ਹੁੰਦਿਆਂ ਜਦੋਂ ਮੈਂ ਉਨ੍ਹਾਂ ਦੀ ਪੁਸਤਕ 'ਘਰ ਵਿਚ ਬਾਜ਼ਾਰ ਵਿਚ' ਵਿਚੋਂ ਪਹਿਲਾਂ ਇਸੇ ਨਾਂ ਦੀ ਕਹਾਣੀ ਪੜ੍ਹੀ ਤਾਂ ਉਹ ਐਵੇਂ ਬੇਸੁਆਦੀ ਜਿਹੀ ਲੱਗੀ ਅਤੇ ਬਾਕੀ ਕਹਾਣੀਆਂ ਧਿਆਨ ਨਾਲ ਪੜ੍ਹਨ ਦਾ ਕਸ਼ਟ ਕੀਤੇ ਬਿਨਾਂ ਫਰੋਲਾ-ਫਰਾਲੀ ਜਿਹੀ ਕਰ ਕੇ ਮੈਂ ਉਹ ਕਿਤਾਬ ਮੋੜ ਆਇਆ ਅਤੇ ਕੰਵਲ ਦਾ ਨਵਾਂ-ਨਵਾਂ ਛਪਿਆ ਨਾਵਲ 'ਪੂਰਨਮਾਸੀ' ਲੈ ਆਇਆ। ਉਹ ਤਾਂ ਖ਼ੈਰ ਓਦੋਂ ਵੀ ਸਮਝ ਆਉਣਾ ਹੀ ਸੀ। ਮਗਰੋਂ ਜਾ ਕੇ, ਜਦੋਂ ਸਾਹਿਤ ਦੀ ਕੁਝ ਸਮਝ ਆਉਣ ਲੱਗੀ, ਬੇਦੀ ਜੀ ਦੀ ਇਹ ਕਹਾਣੀ ਮੈਨੂੰ ਉਨ੍ਹਾਂ ਦੀਆਂ ਸਭ ਤੋਂ ਚੰਗੀਆਂ ਕਹਾਣੀਆਂ ਵਿਚੋਂ ਇਕ ਲੱਗਣ ਲੱਗੀ। ਉਹ ਆਪ ਵੀ ਪਾਠਕਾਂ ਦੀ ਸਮਝਦਾਰੀ ਨੂੰ ਖ਼ੂਬ ਸਮਝਦੇ ਸਨ। ਉਨ੍ਹਾਂ ਦੀ ਮੱਤ ਸੀ ਕਿ ਬਹੁਤੇ ਪਾਠਕ ਤਾਂ ਕੁਝ ਪੜ੍ਹਦੇ ਹੀ ਨਹੀਂ ਅਤੇ ਜੇ ਪੜ੍ਹ ਵੀ ਲੈਣ, ਸਮਝਦੇ ਨਹੀਂ। ਉਹ ਦਸਦੇ ਸਨ ਕਿ ਇਕ ਵਾਰ ਉਹ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਵਿਖੇ ਇਕ ਪ੍ਰੀਖਿਅਕ ਵਜੋਂ ਗਏ। ਜਦੋਂ ਉਨ੍ਹਾਂ ਨੇ ਇਕ ਉਮੀਦਵਾਰ ਤੋਂ ਉਹਦੇ ਮਨਪਸੰਦ ਲੇਖਕਾਂ ਦੇ ਨਾਂ ਪੁੱਛੇ, ਉਹਨੇ ਪਟਾਕ ਉਤਰ ਦਿੱਤਾ, "ਮੈਨੂੰ ਤਾਂ ਦੋ ਹੀ ਲੇਖਕ ਪਸੰਦ ਨੇ, ਸਰ, ਗੁਲਸ਼ਨ ਨੰਦਾ ਤੇ ਸ਼ੇਕਸਪੀਅਰ।"

ਬੇਦੀ ਨੇ ਮੰਟੋ ਦੀ ਚਿੱਠੀ ਦਾ ਉਤਰ ਤਾਂ ਉਹੋ ਜਿਹੀ ਟਿੱਚਰ ਨਾਲ ਹੀ ਦੇ ਦਿੱਤਾ, "ਮੰਟੋ, ਤੇਰੀ ਇਕ ਗੱਲ ਕਮਾਲ ਦੀ ਹੈ। ਉਹ ਇਹ ਕਿ ਤੂੰ ਨਾ ਲਿਖਣ ਤੋਂ ਪਹਿਲਾਂ ਸੋਚਦਾ ਹੈਂ, ਨਾ ਲਿਖਣ ਵੇਲੇ ਸੋਚਦਾ ਹੈਂ ਅਤੇ ਨਾ ਲਿਖਣ ਤੋਂ ਮਗਰੋਂ ਹੀ ਸੋਚਣ ਦੀ ਖੇਚਲ ਕਰਦਾ ਹੈਂ।" ਪਰ ਆਪਣੀਆਂ ਕਹਾਣੀਆਂ ਦੇ ਪੱਖ ਵਿਚ ਕੁਝ ਵੀ ਲਿਖਣਾ ਉਨ੍ਹਾਂ ਨੇ ਬੇਲੋੜਾ ਸਮਝਿਆ, ਭਾਵੇਂ ਕਿ ਉਨ੍ਹਾਂ ਨੂੰ ਆਪਣੀ ਕਹਾਣੀ-ਕਲਾ ਉਤੇ ਬਹੁਤ ਮਾਣ ਸੀ।

ਇਥੇ ਇਹ ਜਾਨਣਾ ਵੀ ਦਿਲਚਸਪ ਰਹੇਗਾ ਕਿ ਉਹ ਆਲੋਚਕਾਂ ਨੂੰ ਕੀ ਸਮਝਦੇ ਸਨ! ਉਨ੍ਹਾਂ ਦੀ ਕਹਾਣੀ 'ਮਿਥੁਨ' ਛਪੀ ਤਾਂ ਉਨ੍ਹਾਂ ਦੀ "ਸੁਲਝੀ ਹੋਈ ਕਲਮ ਤੋਂ ਅਜਿਹੀ ਨੰਗੀ ਕਹਾਣੀ" ਲਿਖੇ ਜਾਣ ਕਾਰਨ ਰੌਲਾ ਪੈ ਗਿਆ। ਸਬੱਬ ਇਹ ਬਣਿਆ ਕਿ ਇਕੱਲੀ ਕਹਾਣੀ 'ਆਪਣੇ ਦੁੱਖ ਮੈਨੂੰ ਦੇ ਦਿਉ' ਸਦਕਾ ਉਨ੍ਹਾਂ ਨੂੰ ਉਰਦੂ ਅਦਬ ਦਾ ਸਭ ਤੋਂ ਵੱਡਾ ਫ਼ਨਕਾਰ ਮੰਨਣ ਵਾਲੇ ਡਾਕਟਰ ਮੁਹੰਮਦ ਹਸਨ ਹੀ 'ਮਿਥੁਨ' ਉਤੇ ਹਮਲੇ ਦੇ ਸਿਪਾਹਸਾਲਾਰਾਂ ਵਿਚੋਂ ਇਕ ਸਨ। ਪਹਿਲਾਂ ਕਹਾਣੀ 'ਮਿਥੁਨ' ਨੂੰ ਸੰਖੇਪ ਵਿਚ ਦੇਖ ਲਈਏ, ਬੇਦੀ ਸਾਹਿਬ ਦੀ ਆਲੋਚਕਾਂ ਬਾਰੇ ਟਿਪਣੀ ਤਦ ਹੀ ਠੀਕ ਰੂਪ ਵਿਚ ਸਮਝ ਆਵੇਗੀ।

ਇਕ ਸਵਰਗੀ ਧਾਰਮਿਕ ਬੁੱਤਕਾਰ ਪਿਉ ਅਤੇ ਬੀਮਾਰ ਮਾਂ ਦੀ ਸਾਊ, ਘਰੇਲੂ, ਕੰਵਾਰੀ ਮੁਟਿਆਰ ਧੀ ਕੀਰਤੀ ਚੌਲ-ਦਾਲ ਚਲਾਉਣ ਲਈ ਧਾਰਮਿਕ ਬੁੱਤ ਬਣਾ ਕੇ ਕਬਾੜੀਏ ਮਗਨ ਟਕਲੇ ਕੋਲ ਵੇਚਦੀ ਰਹਿੰਦੀ ਹੈ। ਉਸ ਉਤੇ ਮਗਨ ਟਕਲੇ ਦੀ ਅੱਖ ਹੋਣਾ ਤਾਂ ਚਲੋ ਸੁਭਾਵਿਕ ਹੀ ਹੈ, ਸਾਹਮਣੀ ਦੁਕਾਨ ਵਾਲਾ ਈਵਜ਼ ਬੈਟਰੀ ਦਾ ਏਜੰਟ ਸਰਾਜ ਵੀ ਉਹਨੂੰ ਆਨੀਂ-ਬਹਾਨੀਂ ਬੁਲਾਉਂਦਾ ਅਤੇ ਛੇੜਦਾ ਰਹਿੰਦਾ ਹੈ। ਮਗਨ ਘੱਟ ਤੋਂ ਘੱਟ ਪੈਸੇ ਦੇਣ ਲਈ ਹਰ ਕਿਰਤ ਉਤੇ ਨੱਕ ਚਾੜ੍ਹਦਾ ਹੈ ਅਤੇ ਮਗਰੋਂ ਉਸੇ ਬੁੱਤ ਦੇ ਕਈ ਗੁਣਾ ਪੈਸੇ ਵਟਦਾ ਹੈ। ਕੀਰਤੀ ਦੀ ਮਾਂ ਦੀ ਬੀਮਾਰੀ ਦਾ ਲਾਭ ਉਠਾ ਕੇ ਮਗਨ ਉਹਨੂੰ ਮਿਥੁਨ ਦਾ ਬੁੱਤ ਬਣਾ ਕੇ ਲਿਆਉਣ ਲਈ ਆਖਦਾ ਹੈ। ਕੀਰਤੀ ਨਾਂਹ ਕਰ ਦਿੰਦੀ ਹੈ। ਫੇਰ ਉਸ ਵਲੋਂ ਵਿਸ਼ੇ ਦੀ ਅਗਿਆਨਤਾ ਪ੍ਰਗਟ ਕੀਤੇ ਜਾਣ ਉਤੇ ਮਗਨ ਉਹਨੂੰ ਖਜੁਰਾਹੋ ਦੇਖ ਆਉਣ ਦੀ ਸਲਾਹ ਦਿੰਦਾ ਹੈ। ਤੇ ਘਰ ਚਲਾਉਣ ਦੇ ਸਭੇ ਰਾਹ ਬੰਦ ਹੋ ਜਾਣ ਮਗਰੋਂ ਜਦੋਂ ਕੀਰਤੀ ਮਿਥੁਨ ਬਣਾ ਕੇ ਲੈ ਜਾਂਦੀ ਹੈ ਤਾਂ ਭਾਰੀ ਮੁਨਾਫ਼ੇ ਦੀ ਆਸ ਨਾਲ ਬਾਗੋ-ਬਾਗ ਹੋਇਆ ਮਗਨ ਹੈਰਾਨ ਰਹਿ ਜਾਂਦਾ ਹੈ ਕਿ ਉਸ ਬੁੱਤ ਵਿਚਲੀ ਔਰਤ ਕੀਰਤੀ ਆਪ ਹੈ ਜਿਸ ਦੀਆਂ ਅੱਖਾਂ ਵਿਚ ਹੰਝੂ ਹਨ। ਤੇ ਮਰਦ? ਉਹ ਵੀ ਮਗਨ ਨੂੰ ਕਿਤੇ ਦੇਖਿਆ ਲਗਦਾ ਹੈ। ਫੇਰ ਉਹ ਅਚਾਨਕ ਅੱਭੜਵਾਹਿਆ ਪੁੱਛਦਾ ਹੈ, "ਤੂੰ...ਤੂੰ...ਸਰਾਜ ਨਾਲ ਬਾਹਰ ਗਈ ਸੀ?" ਕੀਰਤੀ ਪੂਰੇ ਜ਼ੋਰ ਨਾਲ ਉਹਦੇ ਮੂੰਹ ਉਤੇ ਥੱਪੜ ਮਾਰ ਕੇ ਅਤੇ ਨੋਟ ਚੁੱਕ ਕੇ ਹੱਟੀ ਵਿਚੋਂ ਬਾਹਰ ਆ ਜਾਂਦੀ ਹੈ।

ਰਤਨ ਸਿੰਘ ਦਸਦੇ ਹਨ ਕਿ ਜਦੋਂ ਉਨ੍ਹਾਂ ਨੇ ਬੇਦੀ ਜੀ ਤੋਂ ਉਨ੍ਹਾਂ ਦੀ ਇਸ ਕਹਾਣੀ ਦੀ ਹੋ ਰਹੀ ਆਲੋਚਨਾ ਬਾਰੇ ਪੁੱਛਿਆ, ਉਹ ਬੋਲੇ, "ਮੈਂ ਆਲੋਚਕਾਂ ਦੀ ਪਰਵਾਹ ਨਹੀਂ ਕਰਦਾ।...ਮੇਰੇ ਆਲੋਚਕਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਇਕ ਔਰਤ ਦੇ ਅੰਗ ਉਸ ਦੀ ਗਿੱਲੀ ਸਾੜ੍ਹੀ ਵਿਚੋਂ ਨਗਨਤਾ ਦੀ ਹੱਦ ਤੱਕ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਉਹ ਇਹ ਨਹੀਂ ਦੇਖਦੇ ਕਿ ਇਕ ਬਾਣੀਆ ਇਕ ਕਲਾਕਾਰ ਨੂੰ ਆਪਣੇ ਚਾਰ ਪੈਸਿਆਂ ਦੀ ਖ਼ਾਤਰ ਕਿਸ ਤਰ੍ਹਾਂ ਆਪਣਾ ਹੀ ਮਾਡਲ ਬਣਨ ਲਈ ਮਜਬੂਰ ਕਰ ਰਿਹਾ ਹੈ। ਉਹ ਮਜਬੂਰ ਕਰ ਰਿਹਾ ਹੈ ਕਿ ਜੇ ਉਹ ਦੁਨੀਆਂ ਵਿਚ ਜੀਣਾ ਚਾਹੁੰਦੀ ਹੈ ਤਾਂ ਉਹਨੂੰ ਨੰਗੀ ਹੋ ਕੇ ਦੁਨੀਆਂ ਸਾਹਮਣੇ ਆਉਣਾ ਪਵੇਗਾ। ਕਿਸੇ ਦੀਆਂ ਮਜਬੂਰੀਆਂ ਦਾ ਨਾਜਾਇਜ਼ ਫਾਇਦਾ ਉਠਾਉਣਾ ਮੇਰੀ ਸੋਚ ਅਨੁਸਾਰ ਜ਼ਿਆਦਾ ਖਤਰਨਾਕ ਕਿਸਮ ਦਾ ਨੰਗਾਪਨ ਹੈ ਜੋ ਸਾਡੇ ਸਮਾਜ ਨੂੰ ਖੋਖਲਾ ਕਰ ਰਿਹਾ ਹੈ। ਸਾਡੇ ਆਲੋਚਕਾਂ ਨੂੰ ਇਹ ਨੰਗਾਪਨ ਦਿਖਾਈ ਕਿਉਂ ਨਹੀਂ ਦਿੰਦਾ?...ਮੈਂ ਤਾਂ ਅਜਿਹੀਆਂ ਕਹਾਣੀਆਂ ਜ਼ਰੂਰ ਲਿਖਾਂਗਾ, ਆਲੋਚਕ ਭਾਵੇਂ ਜੋ ਮਰਜੀ ਕਹਿੰਦੇ ਰਹਿਣ। ਇਕ ਚੇਤੰਨ ਕਲਾਕਾਰ ਹੋ ਕੇ ਵੀ ਜੇ ਮੈਂ ਅਜਿਹਾ ਨਾ ਕੀਤਾ ਤਾਂ ਮੇਰੀ ਕਲਾ ਮੁਕੰਮਲ ਨਹੀਂ ਸਮਝੀ ਜਾਵੇਗੀ।"

ਬੇਦੀ ਦਸਦੇ ਹਨ ਕਿ ਜਦੋਂ ਵਿਸ਼ਾ ਦਿਮਾਗ ਵਿਚ ਹੋਵੇ, ਗੱਲ ਨਵੀਂ ਤੇ ਵੱਖਰੀ ਹੋਵੇ ਅਤੇ ਉਹਨੂੰ ਪੇਸ਼ ਕਰਨ ਦੇ ਢੰਗ ਦੇ ਠੀਕ ਤੇ ਢੁੱਕਵਾਂ ਹੋਣ ਦੀ ਉਨ੍ਹਾਂ ਦਾ ਅੰਦਰਲਾ ਹਾਮੀ ਭਰਦਾ ਹੋਵੇ ਤਾਂ ਉਨ੍ਹਾਂ ਦੇ ਅੰਦਰੋਂ ਆਵਾਜ਼ ਉਠਦੀ ਹੈ, "ਸਾਵਧਾਨ! ਰਾਜ-ਰਾਜੇਸ਼ਵਰ, ਚਕਰਵਰਤੀ ਸਮਰਾਟ, ਜਨਾਬ ਰਾਜਿੰਦਰ ਸਿੰਘ ਬੇਦੀ ਰੰਗਭੂਮੀ ਵਿਚ ਪਧਾਰ ਰਹੇ ਹਨ।" ਲੇਖਕ ਦੇ ਇਸ ਸਵੈਮਾਣ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਜੇ ਕੋਈ ਸੰਪਾਦਕ ਕਹਾਣੀ ਮੋੜ ਦੇਵੇ, ਇਹਦਾ ਭਾਵ ਇਹ ਨਹੀਂ ਲੈਣਾ ਚਾਹੀਦਾ ਕਿ ਮੇਰੀ ਕਹਾਣੀ ਸੰਪਾਦਕ ਦੇ ਯੋਗ ਨਹੀਂ ਸੀ ਸਗੋਂ ਇਹ ਲੈਣਾ ਚਾਹੀਦਾ ਹੈ ਕਿ ਸੰਪਾਦਕ ਮੇਰੀ ਕਹਾਣੀ ਦੇ ਯੋਗ ਨਹੀਂ ਸੀ।

ਇਸੇ ਸਿਲਸਿਲੇ ਵਿਚ ਉਹ ਇਕ ਅਜਿਹੀ ਗੱਲ ਕਰਦੇ ਹਨ ਜਿਸ ਬਾਰੇ ਉਨ੍ਹਾਂ ਨੂੰ ਆਪ ਨੂੰ ਪਤਾ ਹੈ ਕਿ ਉਸ ਨੂੰ "ਸੁਣ ਕੇ ਤੁਹਾਡੇ ਸਾਰਿਆਂ ਦੇ ਕੰਨ ਖੜ੍ਹੇ ਹੋ ਜਾਣਗੇ।" ਉਹ ਉਰਦੂ ਵਰਗੀ ਸਾਹਿਤਕ, ਸੂਖਮ, ਲਚਕਦਾਰ, ਬਾਅਦਬ ਅਤੇ ਛਿੱਲੀ-ਤਰਾਸ਼ੀ ਜ਼ਬਾਨ ਬਾਰੇ ਆਖਦੇ ਹਨ ਕਿ ਇਹ ਅਜੇ ਏਨੀ ਉਨਤ ਨਹੀਂ ਹੋਈ ਕਿ ਕਹਾਣੀ ਦੀ ਕੋਮਲ ਕਲਾ ਨੂੰ ਵਾਜਬ ਢੰਗ ਨਾਲ ਸਮਝ ਸਕੇ ਜਾਂ ਕਬੂਲ ਕਰ ਸਕੇ। ਇਹ ਸੀ ਕਹਾਣੀ ਦੀ ਉਚਾਈ, ਗਹਿਰਾਈ, ਸੂਖਮਤਾ, ਸੁਬਕਤਾ ਤੇ ਤਰਲਤਾ ਬਾਰੇ ਉਨ੍ਹਾਂ ਦਾ ਯਕੀਨ ਅਤੇ ਆਪਣੀ ਕਹਾਣੀ-ਕਲਾ ਬਾਰੇ ਉਨ੍ਹਾਂ ਦਾ ਭਰੋਸਾ!

---

# ਸਿਰ 'ਤੇ ਕੂਕਦਾ ਕਾ.ਲ

*(ਪਿਛਲੇ ਸਫੇ ਦੀ ਬਾਕੀ)*

ਪ੍ਰਾਇਮਰੀ ਹੈਲਥ ਸੈਂਟਰ ਕੋਲ ਪੁੱਜੇ ਤਾਂ ਸੀ.ਆਰ.ਪੀ. ਵਾਲਿਆਂ ਦਾ ਟੋਲਾ ਲੰਗੜਾਉਂਦੀ ਚਾਲ ਪਿੰਡ ਵੱਲ ਜਾ ਰਿਹਾ ਸੀ। ਇਸ ਚਾਲੇ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਹੁਣੇ ਹੀ ਜਾ ਘੇਰਨਾ ਸੀ ਭਲਾ!

ਹੌਲੀ ਹੌਲੀ ਹਸਪਤਾਲ ਵਿਚ ਖ਼ਾਸੀ ਭੀੜ ਇਕੱਠੀ ਹੋ ਗਈ ਸੀ। ਇੱਕ ਬੰਦੇ, ਮੰਗੇ ਦੀ ਮੌਤ ਹੋ ਗਈ ਸੀ ਅਤੇ ਹੋਰ ਚੌਦਾਂ ਬੰਦਿਆਂ ਨੂੰ ਗੋਲੀਆਂ ਲੱਗੀਆਂ ਸਨ। ਹਰ ਇੱਕ ਦੇ ਪੰਜ-ਪੰਜ, ਸੱਤ-ਸੱਤ ਵਾਰਸ ਨਾਲ ਆਏ ਸਨ। ਕਿਸ ਨੂੰ ਠੰਢਾ ਕੱਢਦਾ ਸੀ! ਡਾਕਟਰ ਗੁਰਦਿਆਲ ਸਿੰਘ ਗਿੱਲ ਮੇਰਾ ਜਾਣੂੰ ਸੀ। ਅਸੀਂ ਦੋਵੇਂ ਝਬਾਲ ਵਿਆਹੇ ਹੋਏ ਸਾਂ ਅਤੇ ਸਾਡੇ ਦੋਹਾਂ ਦੇ ਸਾਲਿਆਂ ਦਾ ਆਪਸ ਵਿਚ ਬੜਾ ਸਨੇਹ ਸੀ। ਉਸ ਨੇ ਫ਼ਿਕਰਮੰਦੀ ਨਾਲ ਕਿਹਾ, "ਸੰਧੂ ਸਾਹਿਬ! ਜੇ ਇਨ੍ਹਾਂ ਦੀ ਜਾਨ ਬਚਾਉਣੀ ਏਂ ਤਾਂ ਫ਼ਸਟ-ਏਡ ਦਿਵਾ ਕੇ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਅੰਬਰਸਰ ਲੈ ਜਾਓ। ਐਥੇ ਹੋਰ ਕੁਝ ਨਹੀਂ ਹੋ ਸਕਣਾ।"

ਆਪਣਾ ਅਮਲਾ-ਫੈਲਾ ਲੈ ਕੇ ਡਾਕਟਰ ਗਿੱਲ ਮਰ੍ਹਮ-ਪੱਟੀ ਵਿਚ ਰੁੱਝ ਗਿਆ। ਵਿਜੈ ਨੂੰ ਲਾਲ ਕੋਲ ਖੜ੍ਹਾ ਕਰ ਕੇ ਮੈਂ ਦੂਜੇ ਜ਼ਖ਼ਮੀਆਂ ਦਾ ਹਾਲ-ਹਵਾਲ ਪਤਾ ਕਰਨ ਲੱਗਾ। ਸਾਰੇ ਮੇਰੇ ਆਪਣੇ ਹੀ ਤਾਂ ਸਨ। ਮੰਗੇ ਅਤੇ ਰਾਮ ਦਾ ਪਿਉ ਗੋਪਾਲ ਚੰਦ ਮੇਰਾ ਸਾਹਮਣਾ ਗੁਆਂਢੀ 'ਤਾਇਆ' ਸੀ। ਅੱਗੇ ਮਦਨ 'ਮੱਦੋ' ਦਾ ਮੁੰਡਾ ਸੀ। ਰਾਮ ਲੁਭਾਇਆ ਕੰਡਕਟਰ ਸੀ। ਚਮਨ ਲਾਲ ਸੀ ਅਤੇ ਹੋਰ ਕਿੰਨੇ ਜਣੇ ਸਨ! ਹਰ ਇੱਕ ਜਣਾ 'ਆਪਣੇ ਜ਼ਖ਼ਮੀ' ਵਾਸਤੇ ਸਭ ਤੋਂ ਪਹਿਲਾਂ ਮੁੱਢਲੀ ਸਹਾਇਤਾ ਦੇਣ ਦੀ ਮੰਗ ਕਰ ਰਿਹਾ ਸੀ।

ਏਨੇ ਗੰਭੀਰ ਮਰੀਜ਼ਾਂ ਦਾ ਇਲਾਜ ਕਰ ਸਕਣ ਦਾ ਪ੍ਰਾਇਮਰੀ ਹੈਲਥ ਸੈਂਟਰ ਵਿਚ ਕੋਈ ਪ੍ਰਬੰਧ ਨਹੀਂ ਸੀ।

ਲਾਲ ਦਾ ਮੂੰਹ ਅਤੇ ਗਲਾ ਸੁੱਜ ਗਿਆ ਸੀ। ਘੋਰੜੂ ਵੱਜਣ ਲੱਗਾ।

"ਭਾ ਜੀ ਹੁਣ ਕੀ ਕਰੀਏ?" ਲਾਲ ਦਾ ਭਰਾ ਬੇਵੱਸ ਹੋਇਆ ਮੈਨੂੰ ਪੁੱਛਣ ਲੱਗਾ। ਦੂਜੇ ਜਣੇ ਵੀ ਮੇਰੇ ਮੂੰਹ ਵੱਲ ਵੇਖਣ ਲੱਗੇ। ਉਨ੍ਹਾਂ ਨੂੰ ਤਾਂ ਕੋਈ ਸੁਝਦੀ ਅਹੁੜਦੀ ਨਹੀਂ ਸੀ। ਅੰਮ੍ਰਿਤਸਰ ਜਾਣ ਦਾ ਪ੍ਰਬੰਧ ਕਿਵੇਂ ਹੋਵੇ! ਅਚਨਚੇਤ ਮੈਨੂੰ ਖ਼ਿਆਲ ਆਇਆ, "ਆਪਾਂ ਸੀ.ਆਰ.ਪੀ. ਵਾਲਿਆਂ ਨੂੰ ਆਖਦੇ ਆਂ। ਉਨ੍ਹਾਂ ਦੀਆਂ ਗੱਡੀਆਂ ਜਾਂ ਟਰੱਕ ਹੁੰਦੇ ਨੇ। ਆਓ! ਉਨ੍ਹਾਂ ਨਾਲ ਗੱਲ ਕਰੀਏ।"

ਹਸਪਤਾਲ ਦੇ ਨਾਲ ਹੀ ਸੀ.ਆਰ.ਪੀ. ਵਾਲਿਆਂ ਦਾ 'ਡੇਰਾ' ਸੀ। ਮੇਰੇ ਨਾਲ ਹੀ ਹੋਰ ਜ਼ਖ਼ਮੀਆਂ ਦੇ ਵਾਰਸ ਵੀ ਉਧਰ ਤੁਰ ਪਏ। ਸੀ.ਆਰ.ਪੀ. ਦਾ ਇੰਸਪੈਕਟਰ ਕਹਿੰਦਾ, "ਸਾਡੀਆਂ ਗੱਡੀਆਂ ਵਿਹਲੀਆਂ ਨਹੀਂ। ਅਸੀਂ ਪਿੰਡ ਨੂੰ ਘੇਰਾ ਪਾਉਣ ਲੱਗੇ ਆਂ।"

ਸਾਨੂੰ ਉਸ ਦੀ ਦਲੀਲ 'ਤੇ ਗੁੱਸਾ ਆਇਆ। ਕਿੰਨ੍ਹੀ ਥੋਥੀ ਦਲੀਲ ਸੀ!

'ਅਜੇ ਇਨ੍ਹਾਂ ਨੇ ਘੇਰਾ ਪਾਉਣਾ ਸੀ!'

"ਦੇਖੋ ਸ਼੍ਰੀਮਾਨ ਜੀ, ਤੁਹਾਡੇ ਵੱਲੋਂ ਸਹਿਯੋਗ ਨਾ ਦੇਣ ਕਰ ਕੇ ਜੇ ਸਾਡੇ ਬੰਦਿਆਂ 'ਚੋਂ ਕਿਸੇ ਦੀ ਜਾਨ ਚਲੀ ਗਈ ਤਾਂ ਉਸ ਦੇ 'ਕਤ.ਲ' ਦੇ ਤੁਸੀਂ ਜ਼ਿੰਮੇਵਾਰ ਹੋਵੋਗੇ।" ਮੈਂ ਪੂਰੀ ਕਰੜਾਈ ਨਾਲ ਆਖਿਆ ਅਤੇ ਨਾਲ ਦੇ ਸਾਥੀਆਂ ਨੂੰ ਹੱਲਾਸ਼ੇਰੀ ਦਿੱਤੀ। ਉਨ੍ਹਾਂ ਦੇ ਤਾਂ ਬੰਦੇ ਮਰਦੇ ਪਏ ਸਨ। ਉਨ੍ਹਾਂ ਦਾ ਉਬਲਦਾ ਅੰਦਰ ਬਾਹਰ ਆ ਗਿਆ। ਕਿਸੇ ਸਤੇ ਹੋਏ ਨੇ ਇਹ ਵੀ ਕਿਹਾ, "ਜੇ ਤੁਸੀਂ ਘੇਰਾ ਪਾਉਣ ਜੋਗੇ ਹੁੰਦੇ ਤਾਂ ਇਹ ਵਾਪਰਦਾ ਹੀ ਕਿਉਂ?"

"ਵੇਖੋ ਸਾਹਬ ਬਹਾਦਰ! ਸਾਡੀ ਮਦਦ ਕਰੋ ਨਹੀਂ ਤਾਂ ਤੁਹਾਡਾ ਇਹ ਰਵੱਈਆ ਤੁਹਾਡੇ ਅਫ਼ਸਰਾਂ ਨੂੰ ਦੱਸਾਂਗੇ। ਸਰਕਾਰ ਨੂੰ ਦੱਸਾਂਗੇ। ਦੁਖੀ ਬੰਦੇ ਕੋਲ ਹੋਰ ਚਾਰਾ ਵੀ ਕੀ ਹੈ! ਕਰੋ ਕੋਈ ਬੰਦੋਬਸਤ, ਪਲੀਜ਼!" ਮੇਰੇ ਬੋਲਾਂ ਵਿਚ ਤਰਲੇ, ਨਰਮੀ ਅਤੇ ਸਖ਼ਤੀ ਦਾ ਮਿਸ਼ਰਨ ਸੀ।

"ਚੱਲੋ ਕਰਦੇ ਆਂ ਕੋਈ ਬੰਦੋਬਸਤ।" ਉਹ ਲੋਕਾਂ ਦੇ ਰੋਹ ਅੱਗੇ ਢੈਲਾ ਪੈ ਗਿਆ ਸੀ ਜਾਂ ਮਨ ਮਿਹਰ ਪੈ ਗਈ ਸੀ। ਰੱਬ ਜਾਣੇ!

ਸੀ.ਆਰ.ਪੀ. ਦੀਆਂ ਗੱਡੀਆਂ 'ਤੇ ਜ਼ਖ਼ਮੀਆਂ ਨੂੰ ਲੱਦਿਆ ਜਾਣ ਲੱਗਾ। ਲਾਲ ਨਾਲ ਉਸ ਦਾ ਛੋਟਾ ਭਰਾ ਵਿਜੈ ਅਤੇ ਹੋਰ ਇੱਕ ਜਣਾ ਗਿਆ। ਗੋਪਾਲ ਚੰਦ ਨਾਲ ਰਾਮ ਅਤੇ ਉਸ ਦਾ ਫੌਜੀ ਭਰਾ ਬੈਠ ਗਏ। ਥੋੜ੍ਹੇ ਚਿਰ ਪਿੱਛੋਂ ਗੱਡੀਆਂ ਅੰਮ੍ਰਿਤਸਰ ਨੂੰ ਰਵਾਨਾ ਹੋ ਗਈਆਂ। ਇੰਜ ਸਭ ਨਾਲ ਲੋੜੀਂਦੇ ਬੰਦੇ ਬੈਠ ਗਏ।

*(ਚਲਦਾ)*


ਰੂਸੀ ਕਹਾਣੀ

# ਮਹਿੰਗਾ ਸੌਦਾ

***ਰੂਸੀ ਲੇਖਕ ਲਿਓ ਤਾਲਸਤਾਏ (1828-1910) ਸੰਸਾਰ ਸਾਹਿਤ ਦਾ ਮਿਸਾਲੀ ਅਤੇ ਉਚ-ਦੁਮਾਲੜਾ ਨਾਂ ਹੈ। ਉਹਨੇ ਸੰਸਾਰ ਸਾਹਿਤ ਨੂੰ 'ਯੁੱਧ ਅਤੇ ਸ਼ਾਂਤੀ' ਅਤੇ 'ਅੱਨਾ ਕਾਰਨਿਨਾ' ਵਰਗੇ ਨਾਵਲ ਦਿੱਤੇ। ਉਹਨੇ ਬੰਦੇ ਅੰਦਰਲੀਆਂ ਗੁੰਝਲਾਂ ਅਤੇ ਆਪਣੀ ਰਚਨਾ-ਕਲਾ ਦੀ ਜੁਗਲਬੰਦੀ ਨਾਲ ਅਜਿਹਾ ਰਾਗ ਛੇੜਿਆ ਜਿਹੜਾ ਸੰਸਾਰ ਦੀ ਤਕਰੀਬਨ ਹਰ ਭਾਸ਼ਾ ਵਿਚ ਸੁਰ-ਤਾਲ ਬੰਨ੍ਹ ਰਿਹਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਉਸ ਦੀ ਇਕ ਕਹਾਣੀ ਦਾ ਅਨੁਵਾਦ ਕਰ ਕੇ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਕਹਾਣੀ ਵਿਚ ਤਾਲਸਤਾਏ ਦਾ ਰੰਗ ਭਾਫਾਂ ਛੱਡਦਾ ਪ੍ਰਤੀਤ ਹੁੰਦਾ ਹੈ। ਉਹ ਆਪਣੀ ਨਿਵੇਕਲੀ ਸ਼ੈਲੀ ਰਾਹੀਂ ਸਮਾਜ ਦੀ ਅੱਧੋਗਤੀ ਉਤੇ ਤਿੱਖੀਆਂ ਤੇ ਸਿੱਧੀਆਂ ਸੱਟਾਂ ਮਾਰਦਾ ਹੈ। -ਸੰਪਾਦਕ***

ਫਰਾਂਸ ਅਤੇ ਇਟਲੀ ਦੀਆਂ ਸਰਹੱਦਾਂ ਨਾਲ ਲਗਦਾ, ਮੱਧ ਸਾਗਰ ਦੇ ਕਿਨਾਰੇ ਨਿੱਕਾ ਜਿਹਾ ਦੇਸ ਮੋਨਾਕੋ ਹੈ। ਆਮ ਜਿਹੇ ਕਿਸੇ ਸ਼ਹਿਰ ਦਾ ਬੰਦਾ ਸ਼ੇਖੀ ਮਾਰ ਸਕਦੈ ਕਿ ਸਾਰੇ ਮੋਨਾਕੋ ਦੇਸ ਦੀ ਇੰਨੀ ਆਬਾਦੀ ਨਹੀਂ ਹੋਣੀ ਜਿੰਨੀ ਸਾਡੇ ਇਕੱਲੇ ਸ਼ਹਿਰ ਦੀ। ਕੇਵਲ ਸੱਤ ਹਜ਼ਾਰ ਨਾਗਰਿਕ, ਤੇ ਰਕਬਾ? ਜੇ ਸਾਰੇ ਦੇਸ ਦੀ ਜ਼ਮੀਨ ਨਾਗਰਿਕਾਂ ਵਿਚ ਵੰਡ ਦਈਏ ਤਾਂ ਇਕ ਬੰਦੇ ਨੂੰ ਇਕ ਏਕੜ ਮਸਾਂ ਆਵੇ, ਪਰ ਇਸ ਨਿੱਕੇ ਜਿਹੇ ਦੇਸ ਦੀ ਆਪਣੀ ਨਿੱਕੀ ਜਿਹੀ ਸਰਕਾਰ ਹੈ, ਨਿੱਕਾ ਜਿਹਾ ਮਹਿਲ, ਦਰਬਾਰੀ, ਵਜ਼ੀਰ, ਪਾਦਰੀ, ਜਰਨੈਲ ਤੇ ਫੌਜ। ਫੌਜ ਦੀ ਗਿਣਤੀ ਕੁੱਲ ਸੱਠ ਸਿਪਾਹੀ! ਪਰ ਤਾਂ ਵੀ ਫੌਜ ਫੌਜ ਹੈ ਤੇ ਜਰਨੈਲ ਜਰਨੈਲ। ਬਾਕੀ ਦੇਸਾਂ ਵਾਂਗ ਲੋਕਾਂ ਤੋਂ ਟੈਕਸ ਉਗਰਾਹੇ ਜਾਂਦੇ- ਤਮਾਕੂ 'ਤੇ ਟੈਕਸ, ਸ਼ਰਾਬ 'ਤੇ ਟੈਕਸ, ਪਰ ਇਹ ਟੈਕਸ ਇੰਨੇ ਥੋੜ੍ਹੇ ਸਨ ਕਿ ਇਨ੍ਹਾਂ ਨਾਲ ਸਟੇਟ ਦਾ ਖਰਚਾ ਨਾ ਨਿਕਲਦਾ। ਬਾਦਸ਼ਾਹ ਦੀ ਆਮਦਨ ਦਾ ਸਾਧਨ ਕੋਈ ਹੋਰ ਨਾ ਹੁੰਦਾ ਤਾਂ ਉਸ ਦੇ ਦਰਬਾਰੀ ਭੁੱਖੇ ਮਰ ਜਾਂਦੇ।

ਸਿਆਣਿਆਂ ਨੇ ਇਸ ਦਾ ਹੱਲ ਖੋਜਿਆ ਕਿ ਜੂਏਖਾਨੇ ਚੱਲਣ ਦਿਉ। ਲੋਕ ਜਿੱਤਣ ਭਾਵੇਂ ਹਾਰਨ, ਆਪਾਂ ਨੂੰ ਕੀ! ਆਪਾਂ ਟੈਕਸ ਰਾਹੀਂ ਵੱਡੀ ਰਕਮ ਵਸੂਲਾਂਗੇ। ਯੂਰਪ ਦੇ ਦੇਸਾਂ ਨੇ ਜੂਏ ਦੇ ਅੱਡੇ ਬੰਦ ਕਰ ਦਿੱਤੇ ਸਨ। ਜਰਮਨੀ ਵਿਚ ਦੇਰ ਤਕ ਜੂਏਬਾਜ਼ੀ ਚੱਲਦੀ ਰਹੀ, ਪਰ ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਇਥੋਂ ਦੇ ਬਾਦਸ਼ਾਹ ਨੂੰ ਵੀ ਬੰਦ ਕਰਨੀ ਪਈ। ਜੂਏਖਾਨੇ ਬੰਦ ਕਰਨ ਦਾ ਕਾਰਨ ਇਹ ਸੀ ਕਿ ਨੁਕਸਾਨ ਬੜਾ ਹੋਣ ਲੱਗ ਪਿਆ ਸੀ।



**ਲਿਓ ਤਾਲਸਤਾਏ**

**ਅਨੁਵਾਦ: ਹਰਪਾਲ ਸਿੰਘ ਪੰਨੂ**

ਬੰਦਾ ਕਿਸਮਤ ਅਜ਼ਮਾਉਣ ਆਉਂਦਾ ਤੇ ਹਾਰ ਜਾਂਦਾ, ਫਿਰ ਉਧਾਰ ਲੈ ਕੇ ਖੇਡਦਾ, ਉਹ ਵੀ ਹਾਰ ਜਾਂਦਾ। ਫਿਰ ਇੰਨਾ ਦੁਖੀ ਹੋ ਜਾਂਦਾ ਕਿ ਖ਼ੁਦਕੁਸ਼ੀ ਕਰਦਾ। ਘਰਾਂ ਦੇ ਦੀਵੇ ਗੁੱਲ ਹੁੰਦੇ ਦੇਖ ਕੇ ਜਰਮਨਾਂ ਨੇ ਬਾਦਸ਼ਾਹ ਨੂੰ ਕਹਿ ਦਿੱਤਾ-ਬਸ ਹੋਰ ਨਹੀਂ, ਬੰਦ ਕਰੋ ਅੱਡੇ, ਪਾਪ ਦੀ ਕਮਾਈ ਠੀਕ ਨਹੀਂ।

ਮੋਨਾਕੋ ਦੇ ਰਾਜੇ ਨੂੰ ਕਿਸੇ ਨਹੀਂ ਰੋਕਿਆ। ਯੂਰਪ ਦਾ ਕੋਈ ਬੰਦਾ ਜੂਆ ਖੇਡਣਾ ਚਾਹੁੰਦਾ ਤਾਂ ਮੋਨਾਕੋ ਜਾ ਵੜਦਾ। ਆਏ ਮਹਿਮਾਨ ਜਿੱਤਣ ਹਾਰਨ, ਬਾਦਸ਼ਾਹ ਨੂੰ ਆਮਦਨ ਹੀ ਆਮਦਨ। ਕਦੀ ਕਦਾਈ ਆਪਣੇ ਕਿਸੇ ਵਜ਼ੀਰ ਨੂੰ ਬਾਦਸ਼ਾਹ ਕਹਿ ਵੀ ਦਿੰਦਾ, ਬਈ ਆਪ ਸੋਚੋ, ਇਮਾਨਦਾਰ ਬਣੇ ਰਹੀਏ ਤਾਂ ਮਹਿਲਾਂ ਵਿਚ ਕੌਣ ਰਹਿਣ ਦਏ ਆਪਾਂ ਨੂੰ। ਸਾਰੇ ਜਾਣਦੇ ਸਨ, ਜੂਏਬਾਜ਼ੀ ਬੁਰੀ ਲਤ ਹੈ, ਪਰ ਕੀਤਾ ਕੀ ਜਾਵੇ? ਇਉਂ ਤਾਂ ਜੇ ਹਿਸਾਬ ਲਾਈਏ, ਰਾਜਾ ਕਿਹਾ ਕਰਦਾ, ਤਮਾਕੂ ਤੇ ਸ਼ਰਾਬ ਪੀਣੀ ਵੀ ਤਾਂ ਜੂਏਬਾਜ਼ੀ ਜਿੰਨੀ ਹੀ ਮਾੜੀ ਲਤ ਹੈ। ਯੂਰਪ ਇਨ੍ਹਾਂ ਚੀਜ਼ਾਂ ਦੇ ਸੇਵਨ 'ਤੇ ਪਾਬੰਦੀ ਕਿਉਂ ਨਹੀਂ ਲਾਉਂਦਾ? ਕਿਉਂਕਿ ਆਮਦਨ ਦੇ ਸਾਧਨ ਨੇ। ਤਾਂ ਫਿਰ ਜੂਆ ਵੀ ਆਮਦਨ ਦਾ ਸਾਧਨ ਹੈ, ਬੁਰਾ ਹੋਵੇ ਤਾਂ ਹੋਵੇ।

ਰਾਜੇ ਨੇ ਜਿਉਣਾ ਸੀ ਤੇ ਹਕੂਮਤ ਕਰਨੀ ਸੀ। ਇੰਨੀ ਆਮਦਨ ਹੁੰਦੀ ਕਿ ਪੂਰੇ ਠਾਠ ਨਾਲ ਰਹਿੰਦਾ। ਉਹ ਸ਼ਾਨਦਾਰ ਲਿਬਾਸ ਪਹਿਨ ਕੇ ਤਾਜ ਸਜਾਉਂਦਾ, ਸਜ਼ਾਵਾਂ ਦਿੰਦਾ, ਇਨਾਮ ਦਿੰਦਾ, ਮੁਆਫੀਆਂ ਦਿੰਦਾ। ਕਾਨੂੰਨ ਸੀ, ਕਚਹਿਰੀਆਂ ਸਨ, ਜੱਜ ਸਨ, ਸਾਰਾ ਕੁਝ ਹੀ ਸੀ ਜੋ ਸਰਕਾਰਾਂ ਕੋਲ ਹੋਇਆ ਕਰਦੈ। ਬਸ ਇੰਨਾ ਕੁ ਫਰਕ ਸੀ ਕਿ ਇਥੇ ਛੋਟੇ ਪੱਧਰ ਦਾ ਹੁੰਦਾ।

ਕੁਝ ਸਾਲ ਪਹਿਲਾਂ ਸੁਖੀ ਵਸਦੇ ਇਸ ਖਿੱਤੇ ਦੇ ਦੇਸ ਵਿਚ ਇਕ ਬੁਰੀ ਘਟਨਾ ਘਟ ਗਈ। ਜੁਆਘਰ ਵਿਚ ਕਤਲ ਹੋ ਗਿਆ। ਅਮਨਮਈ ਸਟੇਟ ਵਿਚ ਅਜਿਹੀ ਘਟਨਾ ਦੁਰਭਾਗ-ਪੂਰਨ ਸੀ। ਕਾਤਲ ਗ੍ਰਿਫਤਾਰ ਕਰ ਲਿਆ। ਜੱਜ ਬੈਠੇ। ਵਕੀਲ ਆ ਜੁੜੇ। ਸਬੂਤ ਪੇਸ਼ ਹੋਏ। ਬਿਆਨ ਹੋਏ, ਬਹਿਸਾਂ ਹੋਈਆਂ। ਸਾਰੇ ਸਹਿਮਤ ਸਨ ਕਿ ਬੁਰਾ ਹੋਇਆ, ਦੋਸ਼ੀ ਨੂੰ ਸਜ਼ਾ ਹੋਵੇ। ਮੌਤ ਦੀ ਸਜ਼ਾ ਸੁਣਾਈ ਗਈ, ਉਸ ਦਾ ਸਿਰ ਕੱਟਿਆ ਜਾਵੇ। ਬਾਦਸ਼ਾਹ ਕੋਲ ਕੇਸ ਗਿਆ, ਸਜ਼ਾ ਦੇਣ ਦੀ ਮਨਜ਼ੂਰੀ ਮਿਲ ਗਈ। ਇਥੇ ਤਕ ਸਭ ਠੀਕ ਰਿਹਾ, ਪਰ ਇਸ ਤੋਂ ਅੱਗੇ ਗੜਬੜ ਹੋ ਗਈ।

ਇਸ ਦੇਸ ਵਿਚ ਪਹਿਲਾਂ ਨਾ ਕਦੀ ਕਤਲ ਹੋਇਆ ਸੀ, ਨਾ ਮੌਤ ਦੀ ਸਜ਼ਾ; ਸੋ ਨਾ ਜਲਾਦ ਸੀ, ਨਾ ਸਿਰ ਕੱਟਣ ਵਾਲੀ ਮਸ਼ੀਨ ਗਿਲੋਟੀਨ!

ਗ੍ਰਹਿ ਮੰਤਰੀ ਨੇ ਮੀਟਿੰਗ ਬੁਲਾਈ, ਕੀ ਕਰੀਏ? ਅਫਸਰਾਂ ਨੇ ਕਿਹਾ, ਫਰਾਂਸ ਕੋਲ ਗਿਲੋਟੀਨ ਹੈ, ਜਲਾਦ ਵੀ। ਆਪਾਂ ਕਿਰਾਏ 'ਤੇ ਮੰਗਵਾ ਲੈਨੇ ਆਂ। ਵਜ਼ੀਰ ਨੇ ਪ੍ਰਵਾਨਗੀ ਦੇ ਦਿੱਤੀ। ਅਫਸਰਾਂ ਨੇ ਫਰਾਂਸ ਸਰਕਾਰ ਕੋਲ ਮਸ਼ੀਨ ਅਤੇ ਜਲਾਦ ਭੇਜਣ ਦੀ ਦਰਖਾਸਤ ਵਿਚ ਪੁੱਛ ਲਿਆ ਕਿ ਸਾਨੂੰ ਖਰਚਾ ਕਿੰਨਾ ਦੇਣਾ ਪਏਗਾ।

ਫਰਾਂਸ ਸਰਕਾਰ ਦਾ ਜਵਾਬ ਆ ਗਿਆ ਕਿ ਅਸੀਂ ਖ਼ੁਸ਼ੀ ਨਾਲ ਮਸ਼ੀਨ ਅਤੇ ਜਲਾਦ ਭੇਜ ਦਿਆਂਗੇ ਪਰ ਸੋਲਾਂ ਹਜ਼ਾਰ ਮੁਹਰਾਂ ਖਰਚ ਆਏਗਾ। ਕੇਸ ਬਾਦਸ਼ਾਹ ਕੋਲ ਗਿਆ, ਕੈਬਨਿਟ ਦੀ ਮੀਟਿੰਗ ਹੋਈ, ਖਰਚੇ 'ਤੇ ਵਿਚਾਰ-ਵਟਾਂਦਰਾ ਹੋਣ ਲੱਗਾ। ਬਾਦਸ਼ਾਹ ਨੂੰ ਇਹ ਕੰਮ ਬੜਾ ਮਹਿੰਗਾ ਲੱਗਾ। ਇਸ ਬਦਮਾਸ਼ ਉਪਰ ਸਰਕਾਰ ਸੋਲਾਂ ਹਜ਼ਾਰ ਖਰਚੇ? ਇਕ ਇਕ ਨਾਗਰਿਕ ਉਪਰ ਸਵਾ ਦੋ ਮੁਹਰਾਂ ਦੇ ਟੈਕਸ ਦਾ ਫਾਲਤੂ ਬੋਝ ਪੈ ਜਾਵੇ! ਲੋਕ ਹੋਰ ਬੜਾ ਕੁਝ ਝੱਲ ਰਹੇ ਨੇ, ਕਹਿਣਗੇ ਇਹ ਨਾਹੱਕ ਬੋਝ ਅਸੀਂ ਨਹੀਂ ਝੱਲਣਾ। ਬਗਾਵਤ ਹੋ ਸਕਦੀ ਹੈ। ਮਸਲਾ ਅਗਲੀ ਮੀਟਿੰਗ ਤੱਕ ਮੁਲਤਵੀ ਕਰ ਦਿੱਤਾ।

ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿਚ ਫਿਰ ਮੁੱਦਾ ਵਿਚਾਰਿਆ ਗਿਆ। ਵਿਦੇਸ ਮੰਤਰੀ ਨੇ ਕਿਹਾ, ਹਜ਼ੂਰ! ਫਰਾਂਸ ਦੀ ਸਰਕਾਰ ਲੋਕਤੰਤਰੀ ਹੈ, ਇਸ ਲਈ ਖਰਚਾ ਜ਼ਿਆਦਾ ਮੰਗਦੀ ਹੈ। ਅਸੀਂ ਇਟਲੀ ਦੀ ਸਰਕਾਰ ਕੋਲ ਬੇਨਤੀ ਕਰ ਦੇਖੀਏ? ਸਾਡੇ ਦੇਸ ਵਾਂਗ ਉਥੇ ਸੁਲਤਾਨ ਦੀ ਹਕੂਮਤ ਹੈ। ਸੁਲਤਾਨ ਆਪਣੇ ਸੁਲਤਾਨ ਭਰਾ ਨਾਲ ਕੁਝ ਰਿਆਇਤ ਕਰੇਗਾ ਈ ਕਰੇਗਾ। ਬਾਦਸ਼ਾਹ ਦੀ ਆਗਿਆ ਨਾਲ ਇਟਲੀ ਦੇ ਸੁਲਤਾਨ ਨੂੰ ਪੱਤਰ ਲਿਖ ਭੇਜਿਆ।

ਜਵਾਬ ਆ ਗਿਆ। ਲਿਖਿਆ ਸੀ, ਟੀ.ਏ. ਡੀ.ਏ. ਸਣੇ ਬਾਰਾਂ ਹਜ਼ਾਰ ਮੁਹਰਾਂ ਵਿਚ ਕੰਮ ਹੋ ਜਾਏਗਾ। ਫਿਰ ਮੰਤਰੀ ਮੰਡਲ ਦੀ ਮੀਟਿੰਗ ਹੋਈ। ਬਾਦਸ਼ਾਹ ਫਿਰ ਪਰੇਸ਼ਾਨ! ਇਹ ਹਰਾਮਜ਼ਾਦਾ ਬਾਰਾਂ ਹਜ਼ਾਰ ਦਾ ਕਿਥੇ ਐ? ਹਰ ਨਾਗਰਿਕ 'ਤੇ ਪੌਣੇ ਦੋ ਮੁਹਰਾਂ ਦਾ ਬੋਝ! ਬਾਦਸ਼ਾਹ ਨੇ ਕਿਹਾ, ਅਗਲੇ ਮਹੀਨੇ ਮੀਟਿੰਗ ਕਰਾਂਗੇ। ਤਿਆਰੀ ਕਰ ਕੇ ਆਓ। ਇੰਨਾ ਖਰਚਾ ਕਰਨ ਜੋਗੇ ਨਹੀਂ ਅਸੀਂ।

ਅਗਲੀ ਮੀਟਿੰਗ ਵਿਚ ਸਲਾਹ ਦਿੱਤੀ ਗਈ ਕਿ ਆਪਣੇ ਦੇਸ ਵਿਚ ਸੱਠ ਸਿਪਾਹੀਆਂ ਦੀ ਫੌਜ ਹੈ। ਜਰਨੈਲ ਨੂੰ ਕਹੋ, ਕਿਸੇ ਫੌਜੀ ਤੋਂ ਗੋਲੀ ਮਰਵਾ ਦਏ। ਫੌਜੀਆਂ ਨੂੰ ਬੰਦੇ ਮਾਰਨ ਦੀ ਟਰੇਨਿੰਗ ਦਿੰਨੇ ਆਂ ਆਪਾਂ। ਕਿਸੇ ਦੇਸ ਨਾਲ ਨਾ ਹੁਣ ਤਕ ਲੜਾਈ ਹੋਈ, ਨਾ ਹੋਣ ਦਾ ਡਰ। ਇਹ ਵਿਹਲੇ ਬੈਠੇ ਤਨਖਾਹ ਲਈ ਜਾਂਦੇ ਨੇ, ਸਟੇਟ ਦਾ ਮਾਮੂਲੀ ਕੰਮ ਨਹੀਂ ਕਰ ਸਕਦੇ?

***ਕਮੇਟੀਆਂ, ਸਭ ਕਮੇਟੀਆਂ ਬਣੀਆਂ, ਮੀਟਿੰਗਾਂ ਹੋਈਆਂ। ਆਖਰ ਸਿਆਣੇ ਵਜ਼ੀਰ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ- ਮਹਾਰਾਜ, ਇਹ ਜ਼ਰੂਰੀ ਤਾਂ ਨਹੀਂ ਕਿ ਅਦਾਲਤ ਨੇ ਸਜ਼ਾ ਸੁਣਾ ਦਿੱਤੀ ਤਾਂ ਅਸੀਂ ਬੰਦਾ ਮਾਰ ਈ ਦੇਣੈ। ਬਾਦਸ਼ਾਹ ਰਹਿਮ ਦਿਲ ਵੀ ਤਾਂ ਹੋ ਸਕਦੈ। ਤੁਸੀਂ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿਉ। ਇਸ ਨਾਲ ਖਰਚਾ ਵੀ ਬਚੇਗਾ। ਤੁਹਾਡੀ ਦਰਿਆਦਿਲੀ ਤੇ ਰਹਿਮਦਿਲੀ ਦੀ ਵੀ ਧਾਂਕ ਬੈਠੇਗੀ। ਇਹੀ ਠੀਕ ਰਹੇਗਾ, ਬਾਦਸ਼ਾਹ ਨੇ ਕਿਹਾ, ਪੁੰਨ ਦਾ ਪੁੰਨ, ਫਲੀਆਂ ਦੀਆਂ ਫਲੀਆਂ।***

ਵਜ਼ਾਰਤ ਦਾ ਹੁਕਮ ਜਰਨੈਲ ਕੋਲ ਪੁੱਜਾ



ਤਾਂ ਉਸ ਨੇ ਆਪਣੇ ਅਫਸਰਾਂ ਦੀ ਮੀਟਿੰਗ ਸੱਦ ਲਈ। ਸਲਾਹ ਮੰਗੀ। ਅਫਸਰਾਂ ਨੇ ਕਿਹਾ, ਅਸੀਂ ਦੁਸ਼ਮਣ ਦੇਸਾਂ ਦੇ ਸਿਪਾਹੀ ਮਾਰਨ ਵਾਸਤੇ ਹਾਂ, ਆਪਣੇ ਦੇਸ ਦਾ ਬੰਦਾ ਕਿਉਂ ਮਾਰੀਏ? ਜੇ ਉਹ ਕਾਤਲ ਵੀ ਹੈ, ਹੈ ਤਾਂ ਸਾਡਾ ਦੇਸੀ ਭਰਾ। ਅਸੀਂ ਤਾਂ ਬੰਦੀ ਕੀਤੇ ਦੁਸ਼ਮਣ ਦੇ ਫੌਜੀ ਨੂੰ ਵੀ ਨਹੀਂ ਮਾਰਦੇ। ਇਹ ਦੁਰਾਚਾਰ ਅਸੀਂ ਕਰਾਂਗੇ? ਤੌਬਾ!

ਫਿਰ ਕਮੇਟੀਆਂ, ਸਭ ਕਮੇਟੀਆਂ ਬਣੀਆਂ, ਮੀਟਿੰਗਾਂ ਹੋਈਆਂ। ਆਖਰ ਸਿਆਣੇ ਵਜ਼ੀਰ ਨੇ ਬਾਦਸ਼ਾਹ ਨੂੰ ਸਲਾਹ ਦਿੱਤੀ, ਮਹਾਰਾਜ, ਇਹ ਜ਼ਰੂਰੀ ਤਾਂ ਨਹੀਂ ਕਿ ਅਦਾਲਤ ਨੇ ਸਜ਼ਾ ਸੁਣਾ ਦਿੱਤੀ ਤਾਂ ਅਸੀਂ ਬੰਦਾ ਮਾਰ ਈ ਦੇਣੈ। ਬਾਦਸ਼ਾਹ ਰਹਿਮਦਿਲ ਵੀ ਤਾਂ ਹੋ ਸਕਦੈ। ਤੁਸੀਂ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿਉ। ਇਸ ਨਾਲ ਖਰਚਾ ਵੀ ਬਚੇਗਾ। ਤੁਹਾਡੀ ਦਰਿਆਦਿਲੀ ਤੇ ਰਹਿਮਦਿਲੀ ਦੀ ਵੀ ਧਾਂਕ ਬੈਠੇਗੀ। ਇਹੀ ਠੀਕ ਰਹੇਗਾ, ਬਾਦਸ਼ਾਹ ਨੇ ਕਿਹਾ, ਪੁੰਨ ਦਾ ਪੁੰਨ, ਫਲੀਆਂ ਦੀਆਂ ਫਲੀਆਂ। ਇਸ ਬਿੱਜੂ 'ਤੇ ਮੈਂ ਧੇਲਾ ਖਰਚਣ ਦੇ ਹੱਕ ਵਿਚ ਨਹੀਂ।

ਇਥੇ ਮੁਸ਼ਕਿਲ ਇਹ ਆਈ ਕਿ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ, ਪਰ ਦੇਸ ਵਿਚ ਕੈਦ ਕੱਟਣ ਲਈ ਜੇਲ੍ਹ ਕੋਈ ਨਹੀਂ। ਮਹਿਲ ਨੇੜੇ ਨਿੱਕੀ ਜਿਹੀ ਹਵਾਲਾਤ ਸੀ ਜਿਥੇ ਮੁਲਜ਼ਮਾਂ ਨੂੰ ਥੋੜ੍ਹੀ ਦੇਰ ਲਈ ਬੰਦ ਰੱਖ ਸਕਦੇ। ਇਸ ਨੇ ਸਾਰੀ ਉਮਰ ਇਥੇ ਕੱਟਣੀ ਹੈ। ਕੀ ਕਰੀਏ? ਇਕ ਸੰਤਰੀ ਉਸ ਦੀ ਰਾਖੀ ਵਾਸਤੇ ਤਾਇਨਾਤ ਕਰ ਦਿੱਤਾ ਜਿਹੜਾ ਕੈਦੀ ਦੀ ਰਾਖੀ ਕਰਦਾ ਤੇ ਤਿੰਨ ਵਕਤ ਦਾ ਖਾਣਾ ਦੇ ਜਾਂਦਾ।

ਦਿਨ, ਹਫਤੇ, ਮਹੀਨੇ ਬੀਤੇ; ਸਾਲ ਲੰਘ ਗਿਆ। ਬਾਦਸ਼ਾਹ ਨੇ ਬੀਤੇ ਸਾਲ ਦਾ ਬਜਟ ਦੇਖਿਆ ਤਾਂ ਹੈਰਾਨ ਹੋ ਗਿਆ। ਇਕ ਨਵੀਂ ਮਦ ਇਸ ਕੈਦੀ ਦੇ ਖਰਚੇ ਦੀ ਸੀ। ਸੰਤਰੀ ਦੀ ਤਨਖਾਹ, ਕੈਦੀ ਦੀ ਰੋਟੀ ਪਾਣੀ, ਸਾਬਣ ਤੇਲ ਕੱਪੜੇ! ਇਹ ਤਾਂ ਸਾਲ ਵਿਚ ਛੇ ਸੌ ਮੁਹਰਾਂ ਤੋਂ ਵੀ ਉਪਰ ਖਰਚ ਹੋ ਰਿਹੈ। ਦੇਸ ਦੀ ਕਿਸਮਤ ਮਾੜੀ। ਕੈਦੀ ਹੱਟਾ ਕੱਟਾ ਹੈ! ਇਹਨੇ ਤਾਂ ਹੋਰ ਪੰਜਾਹ ਸਾਲ ਮਰਨ ਦਾ ਨਾਮ ਨਹੀਂ ਲੈਣਾ।

ਬਾਦਸ਼ਾਹ ਨੂੰ ਮੰਤਰੀ ਮੰਡਲ ਦੀ ਬੈਠਕ ਫਿਰ ਸੱਦਣੀ ਪਈ। ਇਸ ਬਦਮਾਸ਼ ਦਾ ਕੀ ਇਲਾਜ ਕਰੀਏ? ਇਕ ਵਜ਼ੀਰ ਨੇ ਕਿਹਾ, ਮੇਰੀ ਸਲਾਹ ਹੈ, ਸੰਤਰੀ ਨੂੰ ਹਟਾ ਦਈਏ। ਅੱਧਾ ਖਰਚਾ ਰਹਿ ਜਾਏਗਾ। ਦੂਜੇ ਵਜ਼ੀਰ ਨੇ ਕਿਹਾ, ਜੇ ਸੰਤਰੀ ਹਟਾ ਦਿੱਤਾ, ਫਿਰ ਇਹਨੇ ਭੱਜ ਜਾਣੈ। ਤੀਜੇ ਨੇ ਕਿਹਾ, ਭੱਜਦੈ ਤਾਂ ਭੱਜ ਜਾਏ। ਦਫਾ ਕਰੋ ਇਹਨੂੰ। ਸਾਥੋਂ ਨਹੀਂ ਇਸ ਮਾਮੇ ਦਾ ਖਰਚਾ ਚੁੱਕ ਹੁੰਦਾ। ਕਿਥੋਂ ਬਿਮਾਰੀ ਗਲ ਪਾ ਲਈ ਖਾਹਮਖਾਹ। ਬਾਦਸ਼ਾਹ ਦੀ ਆਗਿਆ ਲੈ ਕੇ ਸੰਤਰੀ ਨੌਕਰਿਉਂ ਹਟਾ ਦਿੱਤਾ। ਸਾਰੇ ਸੋਚਦੇ ਰਹੇ, ਦੇਖਦੇ ਆਂ ਹੁਣ ਕੀ ਹੁੰਦੈ।

ਕੈਦੀ ਨੇ ਦੇਖਿਆ, ਸੰਤਰੀ ਖਾਣਾ ਲੈ ਕੇ ਨਹੀਂ ਆਇਆ। ਭੁੱਖ ਲੱਗੀ ਹੋਈ ਸੀ। ਜੰਦਰਾ ਵੀ ਨਹੀਂ ਮਾਰ ਕੇ ਗਿਆ। ਕੈਦੀ ਨੇ ਦਰਵਾਜ਼ਾ ਖੋਲ੍ਹਿਆ, ਮਹਿਲ ਦੀ ਰਸੋਈ ਵਿਚ ਗਿਆ, ਥਾਲੀ ਵਿਚ ਖਾਣਾ ਪਾਇਆ, ਆਰਾਮ ਨਾਲ ਖਾਧਾ ਤੇ ਜੇਲ੍ਹ ਅੰਦਰ ਚਲਾ ਗਿਆ। ਅੰਦਰ ਜਾ ਕੇ ਖ਼ੁਦ ਅੰਦਰੋਂ ਬਾਂਹ ਬਾਹਰ ਕੱਢ ਕੇ ਬਾਹਰਲਾ ਕੁੰਡਾ ਬੰਦ ਕਰ ਦਿੱਤਾ ਤੇ ਸੌਂ ਗਿਆ। ਫਿਰ ਤਾਂ ਹਰ ਰੋਜ਼ ਇਹੀ ਹੁੰਦਾ। ਖਾਣ ਦਾ ਸਮਾਂ ਹੁੰਦਾ, ਦਰਵਾਜ਼ਾ ਖੋਲ੍ਹਦਾ, ਰਸੋਈ ਵਿਚੋਂ ਲੋੜੀਂਦਾ ਖਾਣਾ ਖਾਂਦਾ ਤੇ ਫਿਰ ਕਮਰੇ ਵਿਚ ਬੰਦ ਹੋ ਜਾਂਦਾ। ਦੌੜਨ ਵਾਲਾ ਤਾਂ ਕੋਈ ਲੱਛਣ ਵੀ ਨਹੀਂ ਸੀ ਉਸ ਦਾ। ਹੁਣ ਕੀ ਕਰੀਏ? ਇਹ ਤਾਂ ਚੰਬੜ ਹੀ ਗਿਆ।

ਵਜ਼ਾਰਤ ਦੀ ਮੀਟਿੰਗ ਫਿਰ ਸੱਦੀ। ਸਾਰਿਆਂ ਦੀ ਰਾਏ ਸੀ ਕਿ ਇਸ ਨਾਮੁਰਾਦ ਨੂੰ ਕਹੋ, ਹੁਣ ਖਹਿੜਾ ਛੱਡੇ ਤੇ ਦਫਾ ਹੋਵੇ। ਕਾਨੂੰਨ ਮੰਤਰੀ ਨੂੰ ਕਿਹਾ ਗਿਆ ਕਿ ਕੈਦੀ ਨੂੰ ਇਥੇ ਪੇਸ਼ ਕਰੋ। ਕੈਦੀ ਲਿਆਂਦਾ ਗਿਆ। ਵਜ਼ੀਰਾਂ ਨੇ ਪੁੱਛਿਆ, ਤੂੰ ਇਥੇ ਬੈਠਾ ਕਿਉਂ ਰਹਿਨੈਂ? ਭੱਜ ਕਿਉਂ ਨਹੀਂ ਜਾਂਦਾ? ਸੰਤਰੀ ਦੀ ਅਸੀਂ ਛੁੱਟੀ ਕਰ ਦਿੱਤੀ। ਜਿਥੇ ਜੀ ਕਰਦੈ, ਚਲਾ ਜਾਹ। ਬਾਦਸ਼ਾਹ ਸਲਾਮਤ ਬੜੇ ਦਿਆਲੂ ਨੇ। ਉਨ੍ਹਾਂ ਨੇ ਤੈਨੂੰ ਕੁਝ ਨਹੀਂ ਆਖਣਾ।

ਕੈਦੀ ਨੇ ਕਿਹਾ, ਭੱਜ ਜਾਵਾਂ? ਇਹ ਕਹਿਣ ਦਾ ਹੌਸਲਾ ਤੁਹਾਨੂੰ ਕਿਵੇਂ ਹੋ ਗਿਆ? ਮੌਤ ਦੀ ਸਜ਼ਾ ਸੁਣਾ ਕੇ ਤੁਸੀਂ ਤਾਂ ਮੈਨੂੰ ਜਹਾਨ ਵਿਚ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ। ਮੇਰੇ ਨਾਲ ਕੌਣ ਗੱਲ ਕਰੇਗਾ ਸਜ਼ਾਯਾਫਤਾ ਭਗੌੜੇ ਕੈਦੀ ਨਾਲ? ਮੇਰੇ ਨਾਲ ਤੁਸੀਂ ਇੰਨਾ ਦੁਰਵਿਹਾਰ ਕੀਤਾ ਕਿ ਜਿਹੜਾ ਕੰਮ ਮੈਨੂੰ ਆਉਂਦਾ ਸੀ, ਮੈਂ ਉਹ ਵੀ ਭੁੱਲ ਗਿਆ। ਤੁਸੀਂ ਸਹੀ ਬੰਦੇ ਨਹੀਂ ਨਿਕਲੇ। ਪਹਿਲੀ ਗੱਲ ਤਾਂ ਇਹ ਕਿ ਜੇ ਮੈਨੂੰ ਮੌਤ ਦੀ ਸਜ਼ਾ ਦੇ ਦਿੱਤੀ ਸੀ ਤਾਂ ਫਿਰ ਮਾਰ ਦਿੰਦੇ? ਤੁਸੀਂ ਗ਼ੈਰ ਜ਼ਿੰਮੇਵਾਰ ਬੰਦੇ ਨਿਕਲੇ। ਤਾਂ ਵੀ ਮੈਂ ਗਿਲਾ ਸ਼ਿਕਵਾ ਨਹੀਂ ਕੀਤਾ ਕੋਈ। ਫਿਰ ਤੁਸੀਂ ਮੈਨੂੰ ਉਮਰ ਕੈਦ ਸੁਣਾ ਕੇ ਸੰਤਰੀ ਬਿਠਾ ਦਿੱਤਾ। ਜਦੋਂ ਤੁਸੀਂ ਮੇਰੀ ਸਲਾਹ ਲਏ ਬਿਨਾਂ ਸੰਤਰੀ ਹਟਾ ਦਿੱਤਾ, ਤਾਂ ਇਹ ਨਹੀਂ ਸੋਚਿਆ ਕਿ ਮੈਨੂੰ ਰੋਟੀ ਕੌਣ ਖੁਆਏਗਾ? ਮੈਂ ਮਜਬੂਰੀਵਸ ਰੋਟੀ ਵੀ ਆਪੇ ਲੈ ਕੇ ਆਉਂਦਾ ਤੇ ਆਪੇ ਆਪਣਾ ਦਰਵਾਜ਼ਾ ਬੰਦ ਕਰਦਾ। ਮੈਂ ਇਸ ਗੱਲ ਦੀ ਵੀ ਕੋਈ ਸ਼ਿਕਾਇਤ ਨਹੀਂ ਕੀਤੀ। ਹੁਣ ਤਾਂ ਤੁਸੀਂ ਹੱਦ ਹੀ ਕਰ ਦਿੱਤੀ, ਅਖੇ ਚਲਾ ਜਾਹ। ਹੁਣ ਮੇਰੀ ਵੀ ਆਖਰੀ ਗੱਲ ਕੰਨ ਖੋਲ੍ਹ ਕੇ ਸੁਣ ਲਵੋ, ਮੈਂ ਨਹੀਂ ਭੱਜਣਾ ਭੁੱਜਣਾ। ਸਮਝ ਗਏ? ਜੋ ਕਰਨੈ, ਕਰ ਲਉ।

ਵਜ਼ੀਰ ਬਾਦਸ਼ਾਹ ਕੋਲ ਚਲੇ ਗਏ। ਬਾਦਸ਼ਾਹ ਨੇ ਕਿਹਾ, ਜਿਵੇਂ ਮਰਜ਼ੀ ਕਰੋ, ਇਸ ਨਾਮੁਰਾਦ ਤੋਂ ਖਹਿੜਾ ਛੁਡਾਉ। ਪੈਨਸ਼ਨ ਲਾ ਦਿਉ। ਖਜ਼ਾਨਾ ਮੰਤਰੀ ਨੇ ਪੁੱਛਿਆ, ਜੀ ਛੇ ਸੌ ਮੁਹਰਾਂ ਤੋਂ ਘੱਟ ਪੈਨਸ਼ਨ ਲਾਈ ਤਾਂ ਬਦਨਾਮੀ ਹੋਏਗੀ ਕਿ ਇਸ ਸਰਕਾਰ ਦਾ ਤਾਂ ਦਿਵਾਲਾ ਨਿਕਲਣ ਵਾਲਾ ਹੈ। ਇੰਨੇ ਤੋਂ ਘੱਟ ਉਸ ਕੈਦੀ ਨੇ ਵੀ ਨਹੀਂ ਮੰਨਣਾ। ਹੰਢਿਆ ਹੋਇਐ ਪੂਰਾ।

-ਠੀਕ ਹੈ, ਤੇ ਬਾਦਸ਼ਾਹ ਨੇ ਪੈਨਸ਼ਨ ਮਨਜ਼ੂਰ ਕਰ ਦਿੱਤੀ।

ਕੈਦੀ ਨੂੰ ਪੈਨਸ਼ਨ ਦੀ ਖਬਰ ਦੱਸੀ ਤਾਂ ਉਹ ਬੋਲਿਆ, ਠੀਕ ਹੈ, ਠੀਕ ਹੈ, ਪਰ ਇਹ ਨਾ ਹੋਵੇ ਕਿ ਇਕ ਸਾਲ ਪੈਸੇ ਦੇ ਕੇ ਫਿਰ ਭੁੱਲ ਜਾਓ ਜਾਂ ਬਹਾਨੇਬਾਜ਼ੀ ਕਰੋ। ਨਾਲੇ ਐਡਵਾਂਸ ਚਾਹੀਦੈ। ਦੋ ਸੌ ਮੁਹਰਾਂ ਜੇਬ ਵਿਚ ਪਾ ਕੇ ਕੈਦੀ ਘਰ ਚਲਾ ਗਿਆ। ਘਰ ਕਿਹੜਾ ਦੂਰ ਸੀ? ਰੇਲ ਨੇ ਪੰਦਰਾਂ ਮਿੰਟਾਂ ਵਿਚ ਪੁਚਾ ਦਿੱਤਾ। ਨਾਲ ਵਾਲਾ ਖਾਲੀ ਪਿਆ ਪਲਾਟ ਵਿਕਾਊ ਸੀ, ਖਰੀਦ ਕੇ ਉਥੇ ਸਬਜ਼ੀਆਂ ਉਗਾਈਆਂ। ਉਸ ਦੀ ਆਈ ਚਲਾਈ ਤਾਂ ਸਬਜ਼ੀਆਂ ਵਿਚੋਂ ਹੋਈ ਜਾਂਦੀ, ਪਰ ਪੈਨਸ਼ਨ ਵਾਲੀ ਤਰੀਕ ਕਦੀ ਨਾ ਭੁੱਲਦਾ। ਮਹਿਲ ਵਿਚੋਂ ਪੈਨਸ਼ਨ ਜੇਬ ਵਿਚ ਪਾ ਕੇ ਸਿੱਧਾ ਜੂਏਖਾਨੇ ਜਾਂਦਾ। ਦੋ ਤਿੰਨ ਪੈਗ ਦਾਰੂ ਪੀ ਕੇ ਦੋ ਤਿੰਨ ਮੁਹਰਾਂ ਜੂਏ ਵਿਚ ਲਾ ਦਿੰਦਾ। ਕਦੀ ਜਿੱਤ ਜਾਂਦਾ, ਕਦੀ ਹਾਰ ਜਾਂਦਾ, ਪਰ ਏਦੂੰ ਵੱਧ ਪੈਸੇ ਕਦੀ ਨਹੀਂ ਲਾਏ।

ਸੁੱਖੀ-ਸਾਂਦੀ ਉਹ ਹੁਣ ਆਪਣੇ ਘਰ ਰਹਿ ਰਿਹੈ। ਕਦੀ ਕਦੀ ਸੋਚਦੈ, ਚੰਗਾ ਹੋਇਆ, ਮੈਂ ਕਿਸੇ ਅਜਿਹੇ ਦੇਸ ਵਿਚ ਨਹੀਂ ਜੰਮਿਆਂ ਜਿੱਥੋਂ ਦੀ ਸਰਕਾਰ ਫਾਂਸੀ ਦੇਣ ਜਾਂ ਉਮਰ ਕੈਦ ਭੁਗਤਾਣ ਵਾਸਤੇ ਖਰਚੇ ਕਰਦੀ ਭੋਰਾ ਨਹੀਂ ਝਿਜਕਦੀ।

## ਮਿੰਨੀ ਕਹਾਣੀ

### ਕਸਮਾਂ

ਉਹ ਬੇਸ਼ਕ ਅੱਜ ਸੁਪਰੀਮ ਕੋਰਟ ਦਾ ਜੱਜ ਬਣ ਗਿਆ ਸੀ। ਬੜੇ-ਬੜੇ ਮੁਜਰਿਮਾਂ ਨੂੰ ਸਜ਼ਾ ਸੁਣਾਉਂਦਾ ਤੇ ਇਨਸਾਫ ਕਰਦਾ।

"ਪਾਪਾ ਆ ਗਏ- ਪਾਪਾ ਆ ਗਏ।" ਸ਼ਾਮ ਵੇਲੇ ਜਦੋਂ ਉਹ ਘਰ ਆਇਆ, ਤਾਂ ਪੰਜਵੀਂ ਕਲਾਸ ਵਿਚ ਪੜ੍ਹਦੀ ਉਸ ਦੀ ਬੇਟੀ ਖ਼ੁਸ਼ੀ ਵਿਚ ਉਛਲ ਉਛਲ ਕੇ ਕਹਿਣ ਲੱਗੀ।



ਫਿਰ ਉਸ ਨੇ ਸੋਫੇ ਉਤੇ ਬੈਠਦਿਆਂ ਹੀ ਬੇਟੀ ਕੋਲੋਂ ਪੁੱਛਿਆ, "ਬੇਟਾ ਹੋਮ-ਵਰਕ ਕਰ ਲਿਆ ਕਿ ਨਹੀਂ, ਆਪਣੀ ਮੰਮੀ ਨੂੰ ਤੰਗ ਤਾਂ ਨਹੀਂ ਕੀਤਾ?"

"ਪਾਪਾ, ਮੈਂ ਸਾਰਾ ਹੀ ਹੋਮ-ਵਰਕ ਕਰ ਲਿਆ, ਮੰਮੀ ਨੂੰ ਵੀ ਬਿਲਕੁਲ ਤੰਗ ਨਹੀਂ ਕੀਤਾ, ਮੰਮੀ ਗਵਾਹ ਹੈ," ਬੇਟੀ ਨੇ ਕਿਹਾ।

"ਸ਼ਾਬਾਸ਼ ਬੇਟਾ, ਪਰ ਮੈਨੂੰ ਇੰਜ ਕਿਉਂ ਲਗਦਾ ਹੈ ਕਿ ਤੁਸੀਂ ਝੂਠ ਬੋਲ ਰਹੇ ਹੋ?" "ਨਹੀਂ ਪਾਪਾ, ਮੈਂ ਗੀਤਾ 'ਤੇ ਹੱਥ ਰੱਖ ਕੇ ਕਸਮ ਖਾਂਦੀ ਹਾਂ ਕਿ ਮੈਂ ਜੋ ਕਹਿੰਦੀ ਹਾਂ ਸੱਚ ਕਹਿੰਦੀ ਹਾਂ," ਬੇਟੀ ਨੇ ਭੋਲੇਪਨ ਵਿਚ ਜਵਾਬ ਦਿੱਤਾ।

"ਨਹੀਂ ਬੇਟਾ, ਇਸ ਤਰ੍ਹਾਂ ਨਾ ਕਹਿ, ਗੀਤਾ 'ਤੇ ਹੱਥ ਰੱਖ ਕੇ ਤਾਂ ਮੁਜਰਿਮ ਕਸਮਾਂ ਖਾਂਦੇ ਨੇ, ਤੂੰ ਕਿਹੜਾ ਮੁਜਰਿਮ ਏਂ।" ਸ਼ਾਇਦ ਬੇਟੀ ਦੇ ਜਵਾਬ ਤੋਂ ਉਸ ਦੇ ਦਿਲ ਨੂੰ ਠੇਸ ਪਹੁੰਚੀ ਸੀ।

ਹੁਣ ਉਹ ਚੁੱਪ-ਚਾਪ ਉਠ ਕੇ ਆਪਣੇ ਕਮਰੇ ਵਿਚ ਚਲੇ ਗਿਆ ਸੀ ਤੇ ਜਿਵੇਂ ਉਹ ਆਪਣੇ ਜੱਜ ਹੋਣ 'ਤੇ ਪਛਤਾ ਰਿਹਾ ਹੋਵੇ, ਜਿਸ ਦੇ ਸਾਹਮਣੇ ਰੋਜ਼ ਹੀ ਗੀਤਾ 'ਤੇ ਹੱਥ ਰੱਖ ਕੇ ਸੱਚੀਆਂ-ਝੂਠੀਆਂ ਕਸਮਾਂ ਖਾਧੀਆਂ ਜਾਂਦੀਆਂ ਹਨ ਪਰ ਉਹ ਚਾਹ ਕੇ ਵੀ ਗਵਾਹਾਂ ਤੋਂ ਬਿਨਾਂ ਸਹੀ ਫੈਸਲਾ ਨਹੀਂ ਕਰ ਸਕਦਾ ਸੀ।

***-ਨਾਇਬ ਸਿੰਘ 'ਸੈਂਪਲੇ'***
***ਫੋਨ: 91-98724-05203***

# ਨੌਕਾ ਦੀ ਸੈਰ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਮਨੁੱਖੀ ਮਨ ਦਾ ਚੇਤਨਾ ਪ੍ਰਵਾਹ ਉਸ ਦੇ ਖਿਆਲਾਂ ਨੂੰ ਕਿਤੇ ਦਾ ਕਿਤੇ ਲੈ ਜਾਂਦਾ ਹੈ। ਪਿਛਲੇ ਦਿਨੀਂ 'ਨਾਲ਼ਾ' ਸ਼ਬਦ 'ਤੇ ਲਿਖਦਿਆਂ ਮੇਰੇ ਦਿਮਾਗ ਵਿਚ ਪਤਾ ਨਹੀਂ ਕਿੱਥੋਂ ਇਕ ਮਲਵਈ ਬੋਲੀ ਆ ਗਈ, 'ਆਲਾ ਆਲਾ ਆਲਾ, ਛੈਲ ਦਾ ਗੁਲਾਬੀ ਘਗਰਾ, ਵਿਚ ਸੱਪ ਦੇ ਬੱਚੇ ਦਾ ਨਾਲ਼ਾ'। 'ਸੱਪ ਦੇ ਬੱਚੇ ਦੇ ਨਾਲ਼ੇ' ਤੋਂ ਮੇਰਾ ਧਿਆਨ ਹੋਰ ਹੋਰ ਪਾਸੇ ਜਾਂਦਾ, ਮੇਰੇ ਬਚਪਨ ਵਿਚ ਪਹੁੰਚ ਗਿਆ। ਇਹ ਕਰੀਬ ਅੱਧੀ ਸਦੀ ਪੁਰਾਣੀ ਗੱਲ ਹੈ। ਸਾਡੇ ਭਾਪਾ ਜੀ ਰਾਜਸਥਾਨ ਦੇ ਸ਼ਹਿਰ ਸ੍ਰੀ ਗੰਗਾਨਗਰ ਦੀ ਕਪੜਾ ਮਿੱਲ ਵਿਚ ਵੀਵਿੰਗ ਮਾਸਟਰ ਲੱਗੇ ਹੋਏ ਸਨ। ਅਸੀਂ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਉਥੇ ਜਾਇਆ ਕਰਦੇ ਸਾਂ। ਮਾਨੋ ਸ੍ਰੀ ਗੰਗਾਨਗਰ ਨਾ ਹੋਇਆ, ਸ੍ਰੀਨਗਰ ਹੋਇਆ। ਮਿੱਲ ਦੇ ਰਿਹਾਇਸ਼ੀ ਕੁਆਟਰ ਮਿੱਟੀ ਦੇ ਬਣੇ ਹੋਏ ਸਨ ਜਿਨ੍ਹਾਂ ਨੂੰ ਇਸ ਤਰ੍ਹਾਂ ਲਿਪਿਆ-ਪੋਚਿਆ ਗਿਆ ਸੀ ਕਿ ਉਹ ਇਕ ਦਮ ਪੱਕੇ ਲਗਦੇ ਸਨ। ਹਾਂ, ਫਰਸ਼ ਜ਼ਰੂਰ ਇਟਾਂ-ਸੀਮਿੰਟ ਦੇ ਸਨ। ਜਾਨ ਕੱਢਦੀ ਗਰਮੀ ਕਾਰਨ ਦਿਹਾੜੀ ਨਹਾ ਨਹਾ ਕੇ ਹੀ ਕੱਢੀਦੀ ਸੀ।

ਇਕ ਦਿਨ ਮੈਂ ਗੁਸਲਖਾਨੇ ਵਿਚੋਂ ਨਹਾ ਕੇ ਬਾਹਰ ਆਉਣ ਲੱਗਾ ਤਾਂ ਮੇਰੀ ਨਜ਼ਰ ਬਾਹਰ ਨਿਕਲਦੀ ਪਾਣੀ ਵਾਲੀ ਨਾਲ਼ੀ ਦੇ ਅਖੀਰ 'ਤੇ ਕੰਧ ਹੇਠਲੀ ਮੋਰੀ ਵੱਲ ਪਈ। ਘਬਰਾ ਕੇ ਮੇਰੀ ਇਕ ਦਮ ਚੀਕ ਨਿਕਲ ਗਈ। ਮੋਰੀ ਦੇ ਆਰ ਪਾਰ ਡਾਢਾ ਮੋਟਾ ਤੇ ਲੰਮਾ ਸੱਪ ਰੀਂਘਦਾ ਹੋਇਆ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਡਰ ਦੇ ਮਾਰੇ ਮੇਰੇ ਮੂੰਹੋਂ ਸੱਪ ਦੀ ਥਾਂ ਹੱਪ ਸ਼ਬਦ ਹੀ ਨਿਕਲਿਆ। ਸਾਡੇ ਘਰ ਵਿਚ ਸਾਡਾ ਇਕ ਦੂਰ ਦਾ ਰਿਸ਼ਤੇਦਾਰ ਸੁੱਚਾ ਸਿੰਘ ਵੀ ਰਹਿੰਦਾ ਸੀ ਜਿਸ ਨੂੰ ਭਾਪਾ ਜੀ ਨੇ ਮਿੱਲ ਵਿਚ ਕੰਮ 'ਤੇ ਲੁਆਇਆ ਸੀ। ਉਹ ਦੌੜਾ ਦੌੜਾ ਆਇਆ ਤੇ ਕਿਧਰੋਂ ਮੋਟਾ ਸਾਰਾ ਸੋਟਾ ਫੜ ਲਿਆਇਆ। ਸੱਪ ਦਾ ਵਾਕਿਆ ਪੁੱਛਣ 'ਤੇ ਮੈਂ ਉਸ ਨੂੰ ਗੁਸਲਖਾਨੇ ਦੀ ਵਹੀਣ ਵੱਲ ਇਸ਼ਾਰਾ ਕੀਤਾ। ਉਸ ਨੇ ਦੋ ਤਿੰਨ ਵਾਰੀ ਦਹਿ ਤੇਰੇ ਦੀ ਸੱਪ ਸੋਟਾ ਮਾਰ ਕੇ ਉਸ ਨੂੰ ਚਿੱਤ ਕਰ ਦਿੱਤਾ। ਇਸ ਦੌਰਾਨ ਘਰ ਦੇ ਹੋਰ ਜਣੇ ਵੀ ਆ ਗਏ।

ਰੌਲੇ ਗੌਲੇ ਵਿਚ ਮੈਂ ਸੁੱਚਾ ਸਿੰਘ ਦੇ ਮੂੰਹੋਂ ਅਨਾਰਦਾਨਾ ਜਿਹਾ ਸ਼ਬਦ ਕਈ ਵਾਰੀ ਸੁਣਿਆ। ਮੈਂ ਹੈਰਾਨ ਸਾਂ ਕਿ ਅਨਾਰਦਾਨਾ ਕਿਥੋਂ ਆ ਗਿਆ। ਉਸ ਕੋਲੋਂ ਪੁੱਛਣ 'ਤੇ ਪਤਾ ਲੱਗਾ ਕਿ ਉਹ ਅਨਾਰਦਾਨਾ ਨਹੀਂ ਬਲਕਿ ਨਾਰਦਾਨਾ ਕਹਿ ਰਿਹਾ ਸੀ। ਨਾਰਦਾਨਾ ਉਸ ਮੋਰੀ ਨੂੰ ਕਹਿੰਦੇ ਹਨ ਜਿਸ ਰਾਹੀਂ ਗੁਸਲਖਾਨੇ ਆਦਿ ਦਾ ਪਾਣੀ ਬਾਹਰ ਨਿੱਕਲ ਕੇ ਨਾਲੀ ਵਿਚ ਪੈਂਦਾ ਹੈ। ਇਸ ਸ਼ਬਦ ਨਾਲ ਮੇਰਾ ਇਹ ਪਹਿਲਾ ਪਰਿਚੈ ਸੀ।

ਇਸ ਪਿਛੋਂ ਮੈਂ ਕਦੇ ਘਟ ਹੀ ਇਹ ਸ਼ਬਦ ਸੁਣਿਆ। ਇਕ ਖਾਸ ਕਿਸਮ ਦੇ ਜਾਣਕਾਰ ਲੋਕ ਹੀ ਇਸ ਤਰ੍ਹਾਂ ਦੇ ਸ਼ਬਦ ਬੋਲਿਆ ਕਰਦੇ ਹਨ, ਕੁਝ ਪੁਰਾਣੀ ਪੀੜੀ ਦੇ ਤੇ ਪੜ੍ਹੇ ਲਿਖੇ। ਡਾ. ਸਾਧੂ ਸਿੰਘ ਪੰਜਾਬੀ ਦੇ ਜਾਣੇ ਪਛਾਣੇ ਲੇਖਕ, ਚਿੰਤਕ ਤੇ ਆਲੋਚਕ ਹਨ। ਪੰਜਾਬੀ ਦੀ ਭਰਪੂਰ ਸ਼ਾਬਦਿਕ



ਸਮਰਥਾ ਦਰਸਾਉਂਦੀ ਉਨ੍ਹਾਂ ਦੀ ਇਕ ਦਿਲਚਸਪ ਪੁਸਤਕ ਹੈ, 'ਪੰਜਾਬੀ ਬੋਲੀ ਦੀ ਵਿਰਾਸਤ'। ਇਸ ਵਿਚ ਉਨ੍ਹਾਂ ਖੱਲਾਂ ਖੂੰਜਿਆਂ ਵਿਚ ਛੁਪੇ ਅਨੇਕਾਂ ਪੰਜਾਬੀ ਸ਼ਬਦਾਂ ਨੂੰ ਝਾੜ-ਪੂੰਝ ਕੇ ਤੇ ਲਿਸ਼ਕਾ-ਪੁਸ਼ਕਾ ਕੇ ਪੇਸ਼ ਕੀਤਾ ਹੈ। ਇਸ ਵਿਚ ਨਾਰਦਾਨਾ ਸ਼ਬਦ ਬਾਰੇ ਕਾਫੀ ਵਿਸਥਾਰ ਵਿਚ ਲਿਖਿਆ ਗਿਆ ਹੈ। ਉਸ ਦੇ ਆਧਾਰ 'ਤੇ ਇਸ ਸ਼ਬਦ ਦਾ ਖਾਕਾ ਪੇਸ਼ ਕਰਨ ਵਿਚ ਮੇਰੀ ਮਿਹਨਤ ਦੀ ਬੱਚਤ ਹੁੰਦੀ ਹੈ।

ਕਿਸਾਨੀ ਦੇ ਪ੍ਰਸੰਗ ਵਿਚ ਨਾਰਦਾਨਾ ਪਾਣੀ ਨੂੰ ਔਲੂ ਤੋਂ ਅਗਾਂਹ ਰਾਹ, ਪਹੇ ਜਾਂ ਗਹਿਲੀ ਵਿਚ ਦੀ ਲੰਘਾ ਕੇ ਰਾਹ ਤੋਂ ਪਰਲੇ ਖੇਤ ਵੱਲ ਲਿਜਾਣ ਦਾ ਸਾਧਨ ਹੈ। ਰਾਹ ਦੇ ਦੋਨੋਂ ਪਾਸੇ ਚੁਬੱਚੇ ਬਣਾ ਕੇ ਤੇ ਦਰਮਿਆਨ ਪੱਕੀ ਖਾਲ ਬਣਾ ਕੇ ਉਪਰੋਂ ਇੱਟਾਂ ਸੀਮਿੰਟ ਨਾਲ ਢਕ ਦਿੱਤਾ ਜਾਂਦਾ ਹੈ। ਇਸ ਨੂੰ ਨਾ ਦਿਸਦਾ ਕਰਨ ਲਈ ਉਪਰ ਮਿੱਟੀ ਆਦਿ ਪਾ ਕੇ ਸੜਕ ਜਿਹਾ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਉਪਰੋਂ ਦੀ ਡੰਗਰ ਤੇ ਗੱਡਿਆਂ ਦੀ ਆਵਾਜਾਈ ਜਿੰਨੀ ਮਰਜ਼ੀ ਹੋ ਜਾਵੇ, ਜਲ ਪ੍ਰਵਾਹ ਜਾਂ ਨਿਗਾਲ ਟੱਟਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ ਤੇ ਪਾਣੀ ਨਿਰੰਤਰ ਵਗਦਾ ਰਹਿੰਦਾ ਹੈ। ਇਸ ਜੁਗਾੜ ਨੂੰ ਹੀ ਨਾਰਦਾਨਾ ਕਿਹਾ ਜਾਂਦਾ ਹੈ। ਨਾਰਦਾਨੇ ਤੋਂ ਬਿਨਾਂ ਆੜ ਦਾ ਪਾਣੀ ਟੁੱਟਿਆ ਹੀ ਰਹਿੰਦਾ ਤੇ ਹਲਟ ਆਦਿ ਹੱਕਣ ਵਾਲਾ ਇਸ ਨੂੰ ਹੀ ਸੂਤ ਕਰਦਾ ਰਹਿ ਜਾਂਦਾ। ਇਸ ਸੂਰਤ ਵਿਚ ਵਾਰ ਵਾਰ ਪਾਣੀ ਬੰਦ ਕਰਨ ਕਰਕੇ ਘਟ ਰਕਬਾ ਸਿੰਜਿਆ ਜਾਂਦਾ। ਜੇ ਕਿਤੇ ਖੂਹ ਤੇ ਖੇਤ ਵਿਚਕਾਰ ਦੂਰੀ ਬਹੁਤ ਜ਼ਿਆਦਾ ਹੋਵੇ ਤਾਂ ਹਲਟ ਹੱਕਣ ਵਾਲੇ ਨੂੰ ਇਸ ਦਾ ਪਤਾ ਹੀ ਨਹੀਂ ਲਗਦਾ। ਇਸ ਤਰ੍ਹਾਂ ਪਾਣੀ ਵੀ ਅਜਾਈਂ ਜਾਂਦਾ ਹੈ ਤੇ ਰਾਹ ਖੇੜੇ ਵਾਲਿਆਂ ਨੂੰ ਵੀ ਰਾਹ ਤੋਂ ਲੰਘਣ ਸਮੇਂ ਤਕਲੀਫ ਹੁੰਦੀ ਹੈ।

ਅੱਜ ਕਲ੍ਹ ਨਾਰਦਾਨੇ ਦਾ ਕੰਮ ਸੀਮਿੰਟ ਤੇ ਐਸਬੇਸਟੈਸ ਦੇ ਪਾਈਪਾਂ ਤੋਂ ਲਿਆ ਜਾਂਦਾ ਹੈ। ਨਾਰਦਾਨਾ ਜੁਗਾੜ ਜ਼ਮੀਨਦੋਜ਼ ਤਾਂ ਹੁੰਦਾ ਹੀ ਹੈ ਪਰ ਅੱਜ ਕਲ੍ਹ ਇਹ ਸ਼ਬਦ ਵੀ ਲਗਦਾ ਜ਼ਮੀਨਦੋਜ਼ ਹੋ ਗਿਆ ਹੈ।

ਨਾਰਦਾਨਾ ਸ਼ਬਦ ਦਾ ਪਿਛੇਤਰੀ ਘਟਕ 'ਦਾਨਾ (ਹੋਰ ਰੁਪਾਂਤਰ/ਦਾਨੀ/ਦਾਨ) ਤਾਂ ਬਹੁਤ ਸਾਰੀਆਂ ਪਾਉਣ ਵਾਲੀਆਂ ਚੀਜ਼ਾਂ ਦੇ ਸੂਚਕ ਸ਼ਬਦਾਂ ਦੇ ਪਿਛੇ ਲਗਦਾ ਹੈ ਜਿਵੇਂ ਕਲਮਦਾਨ, ਨਮਕਦਾਨੀ, ਸੁਰਮੇਦਾਨੀ ਆਦਿ ਤੇ ਇਸ ਦਾ ਅਰਥ ਹੁੰਦਾ ਹੈ, ਰੱਖਣ ਵਾਲਾ, ਧਾਰਨ ਕਰਨ ਵਾਲਾ। ਜਿਵੇਂ ਅਸੀਂ ਨਾਲ਼ੇ ਵਾਲੇ ਲੇਖ ਵਿਚ ਦੇਖਿਆ ਹੈ। ਨਾਰਦਾਨਾ ਮੋਟੇ ਤੌਰ 'ਤੇ ਪਾਣੀ ਵਹਾਉਣ ਵਾਲਾ ਨਾਲਾ ਹੀ ਹੈ ਇਸ ਲਈ ਪ੍ਰਸੰਗ ਅਨੁਸਾਰ ਇਥੇ ਨਾਰ ਸ਼ਬਦ ਨਾੜ, ਨਾਲ ਦਾ ਰੁਪਾਂਤਰ ਪ੍ਰਤੀਤ ਹੁੰਦਾ ਹੈ। ਨਾਰਾਇਣ ਵਾਲੇ ਲੇਖ ਵਿਚ ਅਸੀਂ ਨਾਰ ਦਾ ਅਰਥ ਪਾਣੀ ਵੀ ਸਮਝ ਆਏ ਹਾਂ ਇਸ ਲਈ ਨਾਰਦਾਨਾ ਦਾ ਅਰਥ ਪਾਣੀ ਧਾਰਨ ਕਰਨ ਵਾਲਾ ਵੀ ਹੋ ਸਕਦਾ ਹੈ। ਪਰ ਨਾਰਾਇਣ ਵਿਚ ਪਾਣੀ ਦੇ ਅਰਥਾਂ ਵਾਲਾ ਨਰ ਇਕ ਬਹੁਤ ਸੀਮਤ ਜਿਹੇ ਪ੍ਰਸੰਗ ਵਿਚ ਹੀ ਹੈ, ਆਮ ਤੌਰ 'ਤੇ ਇਸ ਦੀ ਅਜਿਹੀ ਵਰਤੋਂ ਨਹੀਂ ਹੁੰਦੀ। ਮੈਨੂੰ ਲਗਦਾ ਹੈ, ਨਾਰਦਾਨਾ ਸ਼ਬਦ ਦਾ ਜਨਮ ਫਾਰਸੀ ਵਿਚ ਹੋਇਆ ਹੈ ਤੇ ਇਸ ਵਿਚ ਇਸ ਦਾ ਰੂਪ 'ਨਾਬਦਾਨ' ਹੈ।

ਦਿਲਚਸਪ ਗੱਲ ਹੈ ਕਿ ਹਿੰਦੀ, ਉਰਦੂ ਵਿਚ ਨਾਬਦਾਨ ਸ਼ਬਦ ਕਾਫੀ ਪ੍ਰਚਲਿਤ ਹੈ ਪਰ ਪੰਜਾਬੀ ਵਿਚ ਕਿਧਰੇ ਨਹੀਂ ਰੜਕਦਾ ਜਾਂ ਮੇਰੀ ਗਿਆਨ ਸੀਮਾ ਹੈ। ਨਾਬਦਾਨ ਸ਼ਬਦ ਕਿਸੇ ਵੀ ਉਰਦੂ, ਹਿੰਦੀ, ਫਾਰਸੀ ਆਦਿ ਕੋਸ਼ ਵਿਚ ਮਿਲ ਜਾਂਦਾ ਹੈ। ਫਾਰਸੀ 'ਨਾਬ' ਦਾ ਅਰਥ ਹੁੰਦਾ ਹੈ, ਨਾਲ਼ਾ, ਪ੍ਰਨਾਲਾ, ਵਹੀਣ, ਖਾਂਚਾ, ਝਿਰੀ, ਸਿਆੜ, ਆਦਿ। ਇਸ ਤੋਂ ਬਣੇ ਨਾਬਦਾਰ ਦਾ ਅਰਥ ਹੁੰਦਾ ਹੈ ਝਿਰੀਦਾਰ, ਦੰਦੇਦਾਰ। ਇਸ ਨਾਬ ਸ਼ਬਦ ਦਾ ਪਿਛਲੇਰਾ ਰੂਪ 'ਨਾਵ' ਹੈ, ਹਿੰਦ-ਇਰਾਨੀ ਭਾਸ਼ਾਵਾਂ ਵਿਚ 'ਵ' ਧੁਨੀ 'ਬ' ਵਿਚ ਬਦਲ ਜਾਂਦੀ ਹੈ ਜਿਵੇਂ ਵਾਣੀ ਦਾ ਬਾਣੀ ਤੇ ਵਣ ਦਾ ਬਣ ਬਣ ਜਾਣਾ। ਨਾਵ ਤੋਂ ਇਕ ਸ਼ਬਦ ਬਣਿਆ ਨਾਵਕ ਜਿਸ ਦਾ ਇਕ ਅਰਥ ਹੁੰਦਾ ਹੈ, ਇਕ ਅਜਿਹਾ ਧਨੁਖ ਜਿਸ ਨੂੰ ਨਲੀ ਲੱਗੀ ਹੁੰਦੀ ਹੈ ਜਿਸ ਰਾਹੀਂ ਤੀਰ ਚਲਾਇਆ ਜਾਂਦਾ ਹੈ। ਇਸ ਤਰ੍ਹਾਂ ਨਾਲੀ ਰਾਹੀਂ ਚਲਾਏ ਜਾਂਦੇ ਤੀਰ ਇਕ ਤਰ੍ਹਾਂ ਨਿਸ਼ਾਨੇ 'ਤੇ ਇਕ ਦਮ ਸੇਧਿਤ ਹੋਣ ਕਰਕੇ ਖੂਬ ਮਾਰ ਕਰਦੇ ਹਨ। ਅਜਿਹੇ ਤੀਰਾਂ ਨੂੰ ਵੀ ਨਾਵਕ ਆਖਦੇ ਹਨ। ਇਹ ਤੀਰ ਧਨੁਖ ਦੀ ਖਿੱਚ ਤੋਂ ਛੋਟੇ ਹੋਣ ਕਾਰਨ ਆਮ ਤੌਰ 'ਤੇ ਕਿਸੇ ਛੋਟੇ ਤੀਰ ਨੂੰ ਵੀ ਨਾਵਕ ਕਿਹਾ ਜਾਣ ਲੱਗਾ। ਅਜਿਹੀ ਤਕਨੀਕ ਨਾਵਕ ਭਾਰਤ ਵਿਚ ਇਸਲਾਮੀ ਦੌਰ ਵਿਚ ਹੀ ਆਈ। ਅੱਜ ਕਲ੍ਹ ਇਸ ਤਰ੍ਹਾਂ ਤੀਰ ਦੇ ਤੀਰ ਚਲਾਉਣਾ ਤੁਰਕੀ ਵਿਚ ਇਕ ਆਮ ਸ਼ੌਕ ਹੈ। ਅਸੀਂ ਇਸ ਨੂੰ ਬੰਦੂਕ ਦੀ ਨਾਲੀ ਜਾਂ ਦੁਨਾਲੀ ਦੇ ਬਿੰਬ ਤੋਂ ਸਮਝ ਸਕਦੇ ਹਾਂ। ਬੰਦੂਕ ਦੀ ਨਾਲੀ ਰਾਹੀਂ ਹੀ ਗੋਲੀ ਸੇਧੀ ਜਾਂਦੀ ਹੈ।

ਮਹਾਨ ਕੋਸ਼ ਵਿਚ ਇਹ ਸ਼ਬਦ ਦਰਜ ਹੈ ਤੇ ਇਸ ਦਾ ਇੰਦਰਾਜ ਇਸ ਤਰ੍ਹਾਂ ਦਿੱਤਾ ਗਿਆ ਹੈ, "ਨਾਵਕ: ਥੋਥੀ ਨਲਕੀ, ਤੀਰ ਚਲਾਉਣ ਲਈ ਇੱਕ ਸਾਫ ਅਤੇ ਸਿੱਧੀ ਨਲਕੀ, ਜਿਸ ਵਿਚਦੀਂ ਤੀਰ ਬਹੁਤ ਸਿੱਧਾ ਜਾਂਦਾ, ਅਤੇ ਨਿਸ਼ਾਨੇ 'ਤੇ ਠੀਕ ਬੈਠਦਾ। 'ਜਸ ਨਾਵਕ ਕੋ ਤੀਰ ਚਲਾਯੋ।' (ਚਰਿਤ੍ਰ 358); (2) ਦੰਦੇਦਾਰ ਤੀਰ; (3) ਹਲ ਦਾ ਫਾਲਾ; (4) ਮੱਖੀ ਭਰਿੰਡ ਆਦਿ ਜ਼ਹਿਰੀਲੇ ਜੀਵਾਂ ਦਾ ਕੰਡਾ; (5) ਦੇਖੋ, ਨਾਵਿਕ।" ਨਾਵਕ ਸ਼ਬਦ ਦੀ ਅਜਿਹੇ ਤੀਰ ਕਮਾਨ ਵਾਲੇ ਅਰਥਾਂ ਵਿਚ ਵਰਤੋਂ ਸਿੱਖ ਸਾਹਿਤ ਤੇ ਮੱਧਕਾਲੀ ਪੰਜਾਬੀ ਸਾਹਿਤ ਵਿਚ ਮਿਲ ਜਾਂਦੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਵਿਚ ਇਹ ਸ਼ਬਦ ਇਸ ਤਰ੍ਹਾਂ ਆਇਆ ਹੈ,

ਪੇਸ਼ ਕਬਗ਼ ਸ਼ੁਭ ਨਾਨਾ
ਤੀਰ ਅਨਿਕ ਬਿਧਿ ਖਪਰੇ ਸੇਲੇ
ਗਨ ਬਦਾਂਮਚੇ ਤੁਜ਼ਕੇ।
ਸੇਲ ਨਰਾਣਚਪ ਸੁ ਨਾਵਕ ਤੀਖਨ
ਕਰਦਹਿ ਤਨ ਰਿਪੁ ਢੂਕੇ।

ਹਾਫ਼ਿਜ਼ ਬਰਖੁਰਦਾਰ ਮਿਰਜ਼ਾ ਸਾਹਿਬਾਂ ਵਿਚ ਲਿਖਦੇ ਹਨ,

ਮੁੜੇ ਕੌਣ ਕਲਾਮ ਨੂੰ,
ਜਾਂ ਲਿਖੀ ਲਿਖਣ ਹਾਰ।
ਇਸ਼ਕ ਘਾਈਏ ਆਸ਼ਿਕਾਂ,
ਕਰ ਕੇ ਚਸ਼ਮਾਂ ਚਾਰ।
ਨਾਵਕ ਵਗਣ ਜ਼ਹਿਰ ਦੇ,
ਵਿਸਰ ਜਾਵਣ ਸਾਰ।
ਹਿੱਕ ਸਹਿਕਣ ਹਿੱਕ ਤੜਫਦੇ,
ਲੰਘ ਪਏ ਹਿੱਕ ਹਾਰ।

ਜਿਵੇਂ ਪਹਿਲਾਂ ਵੀ ਦੱਸਿਆ ਜਾ ਚੱਕਾ ਹੈ, ਨਾਵ ਸ਼ਬਦ ਹਿੰਦ-ਇਰਾਨੀ, ਇਥੋਂ ਤੱਕ ਕਿ ਭਾਰੋਪੀ ਖਾਸੇ ਵਾਲਾ ਸ਼ਬਦ ਹੈ। ਸੰਸਕ੍ਰਿਤ ਵਿਚ ਨਾਵ ਦਾ ਅਰਥ ਨੌਕਾ, ਬੇੜੀ ਹੈ। ਫਾਰਸੀ ਵਿਚ ਇਸ ਸ਼ਬਦ ਦੇ ਦੋ ਰੂਪ ਹਨ, ਨਾਵ ਅਤੇ ਨਾਵਹ। ਫਾਰਸੀ ਵਿਚ ਨਾਵ ਦਾ ਅਰਥ ਨੌਕਾ, ਬੇੜੀ ਤੋਂ ਬਿਨਾਂ ਨਾਲ਼, ਨਾਲ਼ੀ, ਪ੍ਰਨਾਲ਼ਾ, ਤ੍ਰੇੜ, ਮੋਰੀ ਆਦਿ ਵੀ ਹੈ ਪਰ ਨਾਵਹ ਦਾ ਮੁੱਖ ਅਰਥ ਨਾਲ਼ੀ ਹੀ ਹੈ। ਇਸੇ ਨਾਵ ਤੋਂ ਨਾਵਕ ਬਣਿਆ ਜਿਸ ਦੇ ਅਰਥ ਪਹਿਲਾਂ ਦੱਸੇ ਜਾ ਚੁੱਕੇ ਹਨ।

ਦੂਜੇ ਪਾਸੇ ਸੰਸਕ੍ਰਿਤ ਨਾਵ ਦੇ ਅਰਥ ਬੇੜੀ, ਕਿਸ਼ਤੀ ਤੱਕ ਹੀ ਸੀਮਤ ਹਨ। ਇਸ ਲਈ ਇਸ ਤੋਂ ਬਣੇ ਨਾਵਿਕ ਦਾ ਅਰਥ ਕਿਸ਼ਤੀ ਚਲਾਉਣ ਵਾਲਾ ਅਰਥਾਤ ਮਲਾਹ ਹੈ। ਇਹ ਗੱਲ ਵੱਖਰੀ ਹੈ ਕਿ ਬੋਲਚਾਲ ਵਿਚ ਨਾਵਿਕ ਵੀ ਕਈ ਵਾਰੀ ਨਾਵਕ ਵਾਂਗੂੰ ਬੋਲਿਆ ਜਾਂਦਾ ਹੈ, ਇਸ ਲਈ ਦੋਨੋਂ ਅਰਥਾਂ ਦਾ ਧਾਰਨੀ ਬਣ ਜਾਂਦਾ ਹੈ। ਅਸਲ ਵਿਚ 'ਨਾਵ' ਮੂਲ ਵਿਚ ਖੋਖਲੇਪਣ ਦਾ ਭਾਵ ਹੈ। ਇਸ ਤੋਂ ਇਸ ਦੇ ਖੋਖਲੇਪਣ ਦਾ ਗੁਣ ਰੱਖਣ ਵਾਲੀਆਂ ਚੀਜ਼ਾਂ ਦੇ ਅਰਥਾਵੇਂ ਸ਼ਬਦ ਬਣੇ। ਕੋਈ ਚੀਜ਼ ਦੋ ਤਰ੍ਹਾਂ ਖੋਖਲੀ ਹੋ ਸਕਦੀ ਹੈ, ਪੂਰੀ ਖੋਖਲੀ ਜਿਵੇਂ ਨਲੀ ਅਤੇ ਅਰਧ-ਖੋਖਲੀ ਅਰਥਾਤ ਉਪਰੋਂ ਖੁਲ੍ਹੀ ਜਿਵੇਂ ਨਾਲੀ। ਪਰ ਇਸ ਦੇ ਕਿਸ਼ਤੀ ਵਾਲੇ ਭਾਵ ਜਿਵੇਂ ਨੌਕਾ ਸ਼ਬਦ ਵਿਚ, ਇਸ ਖੋਖਲੇਪਣ ਵਿਚ ਵਹਿਣ ਵਾਲੀ ਵਸਤੂ ਦੇ ਤੌਰ 'ਤੇ ਆਏ। ਅੰਗਰੇਜ਼ੀ ਨੇਵੀ, ਨੇਵਲ ਤੇ ਹੋਰ ਅਨੇਕਾਂ ਭਾਰੋਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ ਜਿਨ੍ਹਾਂ ਦੀ ਵਿਆਖਿਆ ਫਿਰ ਕਦੇ ਕੀਤੀ ਜਾਵੇਗੀ।

# ਹੋਂਦ

'ਹੋਂਦ' ਇੱਕ ਅਜਿਹਾ ਸ਼ਬਦ ਹੈ ਜਿਸ ਵਿਚ ਕੁੱਲ ਕਾਇਨਾਤ ਆਪ ਮੁਹਾਰੇ ਸਮਾ ਗਈ। ਹਰ ਰਿਸ਼ਤੇ ਦੀ ਗਹਿਰਾਈ ਉਸ ਦੀ ਹੋਂਦ 'ਤੇ ਹੀ ਨਿਰਭਰ ਕਰਦੀ ਹੈ ਤੇ ਕੁਝ ਇਸੇ ਤਰ੍ਹਾਂ ਸੀ ਸਾਡਾ ਰਿਸ਼ਤਾ। ਸਾਡੇ ਦੋਹਾਂ ਦੀ ਹੋਂਦ ਇੱਕ ਦੂਜੇ ਬਿਨਾਂ ਅਧੂਰੀ ਸੀ। 'ਤੇਰੇ ਹੋਣ ਨਾਲ ਮੈਂ ਹੋਈ ਤੇ ਮੇਰੇ ਹੋਣ ਨਾਲ ਤੂੰ ਜੀਣਾ ਸਿਖਿਆ', ਇਹੀ ਆਖਦੀ ਹੈ ਹਰ 'ਮਾਂ' ਆਪਣੇ ਬੱਚੇ ਨੂੰ। ਪਹਿਲੀ ਵਾਰ ਬੁੱਕਲ 'ਚ ਲੈ ਇੱਕ ਲੰਬੇ ਸਮੇਂ ਤੀਕ ਨੀਝ ਲਾ ਪਲਕਾਂ ਤੇ ਖਾਬਾਂ ਦੀਆਂ ਸਲਾਈਆਂ ਨਾਲ ਸੁਫਨੇ ਬੁਣਦੀ ਹੋਈ, ਮਿੱਟੀ ਦੇ ਇੱਕ ਪੁਤਲੇ



ਦਵਿੰਦਰ ਕੌਰ ਕੈਨੇਡਾ
davindergkaur@gmail.com


'ਚ ਆਪਣੇ ਸਾਹਾਂ ਨਾਲ ਜਾਨ ਤੇ ਲਹੂ ਦੀ ਇੱਕ ਇੱਕ ਬੂੰਦ ਨਾਲ ਸਿੰਜਦੀ ਹੋਈ 9 ਮਹੀਨੇ ਬਾਅਦ ਇੱਕ ਸੁੰਦਰ ਬਾਲ ਨੂੰ ਜਨਮ ਦੇ ਸਾਰੇ ਚੌਗਿਰਦੇ 'ਚ ਖੁਸ਼ੀਆਂ ਵੰਡ ਦਿੰਦੀ ਹੈ, ਕਈ ਸੁੰਨੀਆਂ ਝੋਲੀਆਂ ਰਿਸ਼ਤੇ ਦੇ ਨਾਮ ਨਾਲ ਭਰ ਇਕੋ ਵੇਲੇ ਮੋਹ ਦੀਆਂ ਤੰਦਾਂ ਨਾਲ ਸਾਰਿਆਂ ਨੂੰ ਆਪਸ 'ਚ ਬੰਨ ਦਿੰਦੀ ਹੈ। ਕਿੰਨੀ ਸੋਹਣੀ ਹੈ ਇਹ 'ਮਾਂ'।

ਇਨਸਾਨ ਦੀ ਹੋਂਦ ਉਸ ਦੇ ਮਾਂ-ਪਿਉ ਦੋਹਾਂ 'ਤੇ ਨਿਰਭਰ ਕਰਦੀ ਹੈ ਕਿਉਂਕਿ ਇੱਕਲਿਆਂ ਇਸ ਪ੍ਰਤਿਕ੍ਰਿਆ ਨੂੰ ਹੋਂਦ 'ਚ ਲੈ ਕੇ ਆਉਣਾ ਨਾਮੁਮਕਿਨ ਹੈ। ਔਰਤ ਤੇ ਮਰਦ ਦੋਵੇਂ ਇਕਠੇ ਹੀ ਇਸ ਖੂਬਸੂਰਤ ਭਵਿੱਖ ਨੂੰ ਸਿਰਜਦੇ ਹਨ। ਹਰ ਪਖੋਂ ਇਸ ਦਾ ਸਿਹਰਾ ਮਾਂ ਨੂੰ ਮਿਲਦਾ ਹੈ ਕਿਉਂਕਿ ਉਹ ਜੋ ਕੁਝ ਵੀ ਚੰਗਾ-ਮਾੜਾ ਇਨ੍ਹਾਂ 9 ਮਹੀਨਿਆਂ ਦੌਰਾਨ ਕਰਦੀ ਹੈ, ਉਸ ਦਾ ਅਸਰ ਕੁੱਖ ਵਿਚ ਪਲਦੇ ਭਰੂਣ ਦੇ ਮਾਨਸਿਕ ਤੇ ਸਰੀਰਕ ਵਿਕਾਸ 'ਤੇ ਹੁੰਦਾ ਹੈ। ਇਸ ਸਮੇਂ ਦੌਰਾਨ ਔਰਤ ਦੇ ਹਾਰਮੋਨ ਬਦਲਦੇ ਨੇ, ਕਈ ਵਾਰ ਗੁੱਸਾ, ਉਦਾਸੀ, ਕਿਸੇ ਚੀਜ਼ ਨੂੰ ਲੈ ਕੇ ਖਿਚ, ਕਿਸੇ ਦੇ ਆਉਣ ਦੀ ਖੁਸ਼ੀ ਜਾਂ ਇੱਕ ਅਨਜਾਣ ਜਿਹਾ ਡਰ ਤੇ ਖਾਣ-ਪੀਣ ਦੇ ਮਾਮਲੇ 'ਚ ਲਾਪਰਵਾਹੀ ਜਾਂ ਵਧੇਰੇ ਭੁੱਖ ਲੱਗਣਾ, ਇਹ ਸਭ ਗਰਭਵਤੀ ਹੋਣ ਵੇਲੇ ਦੀਆਂ ਕੁਝ ਆਮ ਨਿਸ਼ਾਨੀਆਂ ਨੇ। ਅਕਸਰ ਦੇਖਣ ਨੂੰ ਮਿਲਦਾ ਹੈ ਕਿ ਕਈ ਔਰਤਾਂ ਜੋ ਪਹਿਲਾਂ ਮਾਂ ਬਣ ਚੁੱਕੀਆਂ ਹੁੰਦੀਆਂ ਨੇ, ਉਨ੍ਹਾਂ ਨੂੰ ਮੁੰਡਾ ਜਾਂ ਕੁੜੀ ਹੀ ਚਾਹੀਦਾ ਹੁੰਦਾ, ਜਿਸ ਦਾ ਅਸਰ ਬੱਚੇ ਦੀ ਮਾਨਸਿਕ ਸਥਿਤੀ 'ਤੇ ਪੈਂਦਾ ਹੈ। ਉਹ 9 ਮਹੀਨੇ ਜੋ ਤਣਾਓ ਵਿਚ ਗੁਜਰਦੇ ਹਨ, ਜੱਚਾ ਤੇ ਬੱਚਾ ਦੋਹਾਂ ਨੂੰ ਕਮਜ਼ੋਰ ਕਰ ਦਿੰਦੇ ਹਨ। ਕਈ ਵਾਰ ਮਾਪੇ ਅਲਟਰਾ ਸਾਊਂਡ ਕਰਵਾਉਂਦੇ ਹਨ ਤੇ ਲਿੰਗ ਪਤਾ ਕਰਵਾ ਲੈਂਦੇ ਹਨ, ਨਤੀਜਾ ਹਰ ਵਾਰ ਸਹੀ ਹੋਵੇ, ਇਸ ਗੱਲ ਦੀ ਗਾਰੰਟੀ ਤਾਂ ਡਾਕਟਰ ਖੁਦ ਵੀ ਨਹੀ ਲੈਂਦਾ ਤੇ ਨਿਰਧਾਰਿਤ ਲਿੰਗ ਨਾ ਮਿਲਣ 'ਤੇ ਗਰਭਪਾਤ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਪਾਪ ਵਿਚ ਮਾਂ-ਬਾਪ ਤੇ ਡਾਕਟਰ ਸਾਰੇ ਭਾਗੀ ਬਣਦੇ ਨੇ ਤੇ ਉਸ ਅੱਧ-ਖਿੜੇ ਫੁੱਲ ਨੂੰ ਦੁਨੀਆਂ 'ਚ ਆਉਣ ਤੋਂ ਪਹਿਲਾਂ ਹੀ ਅਲਵਿਦਾ ਕਹਿ ਦਿੰਦੇ ਨੇ। ਕਈਆਂ ਨੂੰ ਭਰੂਣ ਹੱਤਿਆ ਤੋਂ ਬਾਅਦ ਸਾਰੀ ਜ਼ਿੰਦਗੀ ਪਛਤਾਵੇ 'ਚ ਗੁਜ਼ਾਰਨੀ ਪੈਂਦੀ ਹੈ।

ਵਿਆਹ ਤੋਂ ਬਾਅਦ ਪਤੀ-ਪਤਨੀ ਬੱਚੇ ਲਈ ਤਰਸਦੇ ਹਨ, ਪਰ ਅੱਜ ਕੱਲ ਜੋ ਮਾਪਿਆਂ ਦੇ ਹਾਲਾਤ ਬੱਚੇ ਕਰਦੇ ਨੇ, ਵੇਖ ਆਪ ਮੁਹਾਰੇ ਮੂੰਹ 'ਚੋਂ ਨਿਕਲਦਾ ਹੈ, ਏਦੂੰ ਤਾਂ ਬੇਔਲਾਦ ਹੀ ਚੰਗੇ ਸਨ।

ਅੱਜ ਕੱਲ 'ਸਿੰਗਲ ਮੋਮ ਤੇ ਸਿੰਗਲ ਡੈਡ' ਸਾਨੂੰ ਹਰ ਸ਼ਹਿਰ-ਦੇਸ਼ ਵਿਚ ਦੇਖਣ ਨੂੰ ਮਿਲਦੇ ਹਨ ਤੇ ਬ੍ਰਿਟੇਨ ਵਿਚ ਤਾਂ ਸਿੰਗਲ ਮੋਮ ਦੀ ਗਿਣਤੀ ਹੋਰ ਵੀ ਵੱਧ ਹੈ। ਭਾਰਤ ਵਿਚ ਵੀ ਇਹ ਗਿਣਤੀ ਹੁਣ ਵੱਧ ਰਹੀ ਹੈ। ਕਾਰਨ, ਸ਼ਾਇਦ ਸਾਡੇ ਭਾਰਤੀ ਨੌਜਵਾਨ ਬੱਚਿਆਂ ਪ੍ਰਤੀ ਆਪਣੀ ਜ਼ਿਮੇਵਾਰੀ ਨਹੀਂ ਸਮਝਦੇ, ਤੇ ਜੇ ਮਾਂ-ਬਾਪ ਦਾ ਤਲਾਕ ਹੋ ਜਾਵੇ ਤਾਂ ਬੱਚੇ ਮਾਂ ਦੇ ਹਿੱਸੇ ਆਉਂਦੇ ਹਨ ਪਰ ਕਿਉਂ? ਕੀ ਉਹ ਸਿਰਫ ਮਾਂ ਦੀ ਜ਼ਿਮੇਵਾਰੀ ਹਨ? ਪਰ ਸਬਰ-ਸੰਤੋਖ ਤੇ ਸਥਿਰਤਾ ਦੀ ਮਾਲਿਕ ਔਰਤ ਆਪਣੇ ਬੱਚਿਆਂ ਨੂੰ ਪਾਲਦੀ ਹੈ। ਵਿਦੇਸ਼ਾਂ ਵਿਚ ਲੋਕ ਸਭਿਅਕ ਹਨ, ਬਿਨਾ ਵਿਆਹ ਤੋਂ ਵੀ ਰਹਿੰਦੇ ਹਨ ਤਾਂ ਬੱਚਿਆਂ ਦੀ ਜ਼ਿਮੇਵਾਰੀ ਮਾਂ ਤੇ ਬਾਪ, ਦੋਹਾਂ ਦੀ ਹੁੰਦੀ ਹੈ ਜਦ ਤੀਕ ਉਹ ਬਾਲਗ ਨਹੀਂ ਹੋ ਜਾਂਦਾ।

ਅਸੀਂ ਭਾਰਤੀ ਹਰ ਮਾਮਲੇ 'ਚ ਆਪਣੇ ਆਪ ਨੂੰ ਵਿਦੇਸ਼ੀਆਂ ਤੋਂ ਮੂਹਰੇ ਗਿਣਦੇ ਹਾਂ, ਪਰ ਜ਼ਿਮੇਵਾਰੀ ਨਿਭਾਉਣ ਵੇਲੇ ਇਹ ਸਾਡੀ ਮੂਹਰੇ ਹੋਣ ਦੀ ਸੋਚ ਕਿਥੇ ਚਲੀ ਜਾਂਦੀ ਹੈ? ਉਦੋਂ ਅਸੀਂ



ਉਦਾਰ ਚਿੱਤ ਬਣ ਕੇ ਸਾਹਮਣੇ ਕਿਉਂ ਨਹੀ ਆਉਂਦੇ? ਬੱਚੇ, ਜਿਨ੍ਹਾਂ ਨੂੰ ਅਸੀਂ ਚਾਵਾਂ-ਮਲ੍ਹਾਰਾਂ ਨਾਲ ਮੁਸ਼ਕਿਲਾਂ ਸਹਾਰਦੇ ਹੋਏ ਪਾਲਦੇ ਹਾਂ ਪਰ ਇਹ ਬੱਚੇ ਇੱਕ ਹੀ ਪਲ 'ਚ ਸਾਨੂੰ ਛੱਡ ਕੇ ਚਲੇ ਜਾਂਦੇ ਹਨ। ਉਦੋਂ ਸਾਡੀ ਸਭਿਅਤਾ ਕਿਥੇ ਮਰ ਜਾਂਦੀ ਹੈ, ਅਖੀਰ ਕਿਹੜੀ ਮੰਡੀ 'ਚ ਅਸੀਂ ਸ਼ਰਮ ਵੇਚ ਕੇ ਆਉਂਦੇ ਹਾਂ, ਜਦੋਂ ਬਜ਼ੁਰਗ ਮਾਪਿਆਂ ਨੂੰ ਬਿਰਧ ਆਸ਼ਰਮ 'ਚ ਛੱਡ, ਪਿਛੇ ਮੁੜ ਕੇ ਵੀ ਨਹੀਂ ਦੇਖਦੇ। ਜੇਕਰ ਕਦੀ ਜਾਂਦੇ ਹਾਂ ਤਾਂ ਸਿਰਫ ਉਨ੍ਹਾਂ ਦੀ ਪੈਨਸ਼ਨ ਜਾਂ ਜਮੀਨ-ਜਾਇਦਾਦ ਦੇ ਕਾਗਜ਼ਾਂ 'ਤੇ ਅੰਗੂਠਾ ਲਵਾਉਣ। ਕੀ ਇਹ ਹੀ ਹਨ ਸਾਡੀਆਂ ਜ਼ਿਮੇਵਾਰੀਆਂ ਉਨ੍ਹਾਂ ਮਾਪਿਆਂ ਪ੍ਰਤੀ ਜੋ ਆਪਣੇ ਇਕਲਾਪੇ ਨੂੰ ਭੁੱਲ ਸਾਡੇ ਵੱਲ ਵੇਖ ਜਿਉਂਦੇ ਰਹੇ? ਸਾਡੀਆਂ ਖੁਸ਼ੀਆਂ ਖਾਤਰ ਕਿਉਂ ਉਹ ਆਪਣੀਆਂ ਖੁਸ਼ੀਆਂ ਭੁੱਲ ਗਏ? ਮਾਪੇ ਆਪਣੀ ਜ਼ਿੰਦਗੀ ਬੱਚਿਆਂ ਦੀ ਖੁਸ਼ੀ ਲਈ ਕੁਰਬਾਨ ਕਰ ਦਿੰਦੇ ਹਨ ਤੇ ਬੱਚੇ ਉਨ੍ਹਾਂ ਦੀਆਂ ਖੁਸ਼ੀਆਂ ਦੀ ਪ੍ਰਵਾਹ ਹੀ ਨਹੀਂ ਕਰਦੇ। ਸ਼ਾਇਦ ਇਸੇ ਨੂੰ ਅੱਜ ਦੀ ਯੁਵਾ ਪੀੜੀ ਬਦਲਾਓ ਦਾ ਨਾਂ ਦਿੰਦੀ ਹੈ। ਜੇ ਇਹ ਬਦਲਾਓ ਹੈ ਤਾਂ ਮਾਪਿਆਂ ਦਾ ਦੁਬਾਰਾ ਵਿਆਹ ਕਰਵਾਉਣਾ ਕਿਉਂ ਠੀਕ ਨਹੀਂ? ਉਨ੍ਹਾਂ ਨੂੰ ਵੀ ਤਾਂ ਇਕ ਸਾਥੀ ਦੀ ਲੋੜ ਹੈ। ਬੁਢਾਪੇ ਵਿਚ ਸਾਥ ਦੀ ਖਾਸ ਲੋੜ ਹੁੰਦੀ ਹੈ, ਫਿਰ ਕਿਉਂ ਨਾ ਸੋਚਣ ਇਹ ਮਾਪੇ ਆਪਣੇ ਭਵਿੱਖ ਬਾਰੇ? ਸਾਡਾ ਸਭਿਅਕ ਸਮਾਜ ਇਸ ਨੂੰ ਇੱਕ ਕੁਰੀਤੀ ਦਾ ਨਾਮ ਦਿੰਦਾ ਹੈ ਤੇ ਭਾਰਤੀ ਯੁਵਾ ਪੀੜੀ ਵੀ ਇਸ ਨੂੰ ਗਲਤ ਕਹਿੰਦੀ ਹੈ। ਕੀ ਇਹ ਬੇ-ਇਨਸਾਫੀ ਨਹੀਂ? ਸਾਡੀ ਨੌਜਵਾਨ ਪੀੜੀ ਜੇ ਮਾਪਿਆਂ ਨੂੰ ਬੁਢਾਪੇ 'ਚ ਆਪਣਾ ਵਕਤ ਦੇਣ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਤੇ ਲੋੜਾਂ ਨੂੰ ਸਮਝਣ, ਫੇਰ ਕਿਉਂ ਸਾਡੇ ਬਜ਼ੁਰਗ ਰੁਲਣ, ਸਾਡੇ ਬੱਚਿਆਂ ਦਾ ਭਵਿੱਖ ਬਜ਼ੁਰਗਾਂ ਦੇ ਪਿਆਰ ਤੋਂ ਕਿਵੇਂ ਵਾਂਝਾ ਰਹਿ ਸਕਦਾ ਹੈ।

ਆਓ, ਜਿਨ੍ਹਾਂ ਸਾਨੂੰ ਜਨਮ ਦਿੱਤਾ, ਪਹਿਚਾਣ ਦਿੱਤੀ, ਸੋਹਣਾ ਜੀਵਨ ਦਿੱਤਾ, ਅੱਗੇ ਵਧਣ ਦਾ ਮੌਕਾ ਦਿੱਤਾ, ਉਨ੍ਹਾਂ ਰੱਬ ਵਰਗੇ ਮਾਪਿਆਂ ਨੂੰ ਲੋੜੀਂਦਾ ਵਕਤ ਤੇ ਇੱਜ਼ਤ ਮਾਣ ਦੇ ਕੇ ਦੁਨੀਆਂ ਦੀਆਂ ਅਨਮੋਲ ਦਾਤਾਂ ਨਾਲ ਆਪਣੀਆਂ ਸੁੰਨੀਆਂ ਝੋਲੀਆਂ ਭਰ ਲਈਏ।

**ਦਲਜੀਤ ਅਮੀ ਨੇ ਪੱਤਰਕਾਰੀ ਅਤੇ ਫਿਲਮਸਾਜ਼ੀ ਦੇ ਖੇਤਰ ਵਿਚ ਆਪਣੀ ਪਛਾਣ ਲੋਕਾਂ ਨਾਲ ਜੁੜੇ ਸਰੋਕਾਰਾਂ ਦੀਆਂ ਗੱਲਾਂ ਕਰਦਿਆਂ ਬਣਾਈ ਹੈ। ਉਹ ਆਪਣੀ ਹਰ ਗੱਲ ਨੂੰ ਸਰੋਕਾਰਾਂ ਦੇ ਪਿੜ ਵਿਚ ਨਿਤਾਰ ਕੇ ਕਰਦਾ ਹੈ। ਅੱਜ ਕੱਲ੍ਹ ਉਹ ਅਮਰੀਕਾ ਅਤੇ ਕੈਨੇਡਾ ਦੇ ਦੌਰੇ ਉਤੇ ਆਇਆ ਹੋਇਆ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਹਰ ਹਫਤੇ ਉਸ ਦਾ ਲਿਖਿਆ ਲੇਖ ਪੜ੍ਹ ਹੀ ਲੈਂਦੇ ਹਨ, ਐਤਕੀਂ ਅਸੀਂ ਉਸ ਦੀਆਂ ਦਸਤਾਵੇਜ਼ੀ ਫਿਲਮਾਂ ਬਾਰੇ ਰੌਸ਼ਨੀ ਖੇਤਲ ਦਾ ਇਹ ਲੇਖ ਛਾਪ ਰਹੇ ਹਾਂ ਜਿਸ ਵਿਚ ਉਸ ਦੀ ਫਿਲਮਾਂ ਬਾਰੇ ਸੰਖੇਪ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ**

# ਸਰੋਕਾਰਾਂ ਦੇ ਦਸਤਾਵੇਜ਼

## ਦਲਜੀਤ ਅਮੀ ਦੀਆਂ ਦਸਤਾਵੇਜ਼ੀ ਫਿਲਮਾਂ



ਖੇਤ ਮਜ਼ਦੂਰਾਂ ਬਾਰੇ ਫਿਲਮ 'ਕਰਜ਼ੇ ਹੇਠ' ਵਿਚੋਂ ਇਕ ਦ੍ਰਿਸ਼।

**ਰੌਸ਼ਨੀ ਖੇਤਲ**

ਦਲਜੀਤ ਅਮੀ ਦੀਆਂ ਦਸਤਾਵੇਜ਼ੀ ਫਿਲਮਾਂ ਦੇਖਦਿਆਂ, ਸੋਚ ਪੂਰੇ ਤਾਣ ਨਾਲ ਪਰਵਾਜ਼ ਭਰਨ ਲਗਦੀ ਹੈ। ਉਹ ਜਿਨ੍ਹਾਂ ਮੁੱਦਿਆਂ ਅਤੇ ਸਰੋਕਾਰਾਂ ਦੀ ਬਾਤ ਪਾਉਂਦਾ ਹੈ, ਉਹ ਜ਼ਿਹਨ ਵਿਚ ਲਗਾਤਾਰ ਉਥਲ-ਪੁਥਲ ਮਚਾਈ ਰੱਖਦੇ ਹਨ। ਉਹ ਸਮਾਜ ਦੀਆਂ ਤੱਦੀਆਂ ਨੂੰ ਆਪਣੀਆਂ ਕਿਰਤਾਂ ਦਾ ਆਧਾਰ ਬਣਾਉਂਦਾ ਹੈ ਅਤੇ ਫਿਰ ਇਨ੍ਹਾਂ ਵਿਚ ਜਿਹੜੇ ਰੰਗ ਭਰਦਾ ਹੈ, ਉਹ ਇੰਨੇ ਗੂੜ੍ਹੇ ਹੁੰਦੇ ਹਨ ਅਤੇ ਇਨ੍ਹਾਂ ਦੀ ਚਿਣਾਈ ਇਸ ਤਰਤੀਬ ਵਿਚ ਹੁੰਦੀ ਹੈ ਕਿ ਮੱਲੋ-ਮੱਲੀ ਧਿਆਨ ਖਿੱਚਿਆ ਜਾਂਦਾ ਹੈ। ਉਹ ਮਸਲੇ ਦੀਆਂ ਪਰਤਾਂ ਇਸ ਢੰਗ ਨਾਲ ਫਰੋਲਦਾ ਹੈ ਕਿ ਫਿਲਮ, ਫਿਲਮ ਨਾ ਹੋ ਕੇ ਅਸਲ ਜ਼ਿੰਦਗੀ ਦਾ ਕੋਈ ਹਿੱਸਾ ਜਾਪਣ ਲਗਦੀ ਹੈ। ਦਲਜੀਤ ਅਮੀ ਸਹਿਜ ਭਾਵ ਹੋ ਰਹੀਆਂ ਗੱਲਾਂ, ਲਗਾਤਾਰ ਹੋਈ ਜਾਣ ਦਿੰਦਾ ਹੈ; ਆਪ-ਮੁਹਾਰੇ; ਤੇ ਫਿਰ ਸਾਰੀਆਂ ਲੜੀਆਂ ਜੋੜਦਾ ਚਲਾ ਜਾਂਦਾ ਹੈ।

ਦਲਜੀਤ ਅਮੀ ਦੀ ਪਲੇਠੀ ਫਿਲਮ 'ਕਰਜ਼ੇ ਹੇਠ' (ਬੌਰਨ ਇਨ ਡੈੱਟ) ਖੇਤ ਮਜ਼ਦੂਰਾਂ ਬਾਰੇ ਹੈ ਜਿਹੜੇ ਜੰਮਦੇ ਵੀ ਕਰਜ਼ੇ ਹੇਠ ਹਨ ਅਤੇ ਇਸ ਫਾਨੀ ਸੰਸਾਰ ਤੋਂ ਕਰਜ਼ੇ ਹੇਠ ਹੀ ਤੁਰ ਜਾਂਦੇ ਹਨ। ਦਲਜੀਤ ਖੇਤ ਮਜ਼ਦੂਰਾਂ ਦੀ ਇਸ ਤਰਾਸਦੀ ਪਿਛੇ ਪਏ ਕਾਰਨ ਤਲਾਸ਼ਦਾ ਹੈ। ਉਹ ਉਸ ਹਰੇ ਇਨਕਲਾਬ ਉਤੇ ਵੀ ਉਂਗਲ ਧਰਦਾ ਹੈ ਜਿਸ ਦੀਆਂ ਮਿਸਾਲਾਂ ਸੱਤਾਧਾਰੀ ਅੱਜ ਵੀ ਹੁੱਬ ਹੁੱਬ ਕੇ ਦੇਈ ਜਾਂਦੇ ਹਨ। ਫਿਲਮ ਵਿਚ ਇਸ ਇਨਕਲਾਬ ਦੀ ਗੂੰਜ, ਖੇਤ ਮਜ਼ਦੂਰਾਂ ਅਤੇ ਇਨ੍ਹਾਂ ਦੇ ਟੱਬਰਾਂ ਦੇ ਜੀਆਂ ਦੇ ਹਉਕਿਆਂ ਦੇ ਰੂਪ ਵਿਚ ਸੁਣਦੀ ਹੈ। ਦਲਜੀਤ ਇਨ੍ਹਾਂ ਹਉਕਿਆਂ ਨੂੰ ਜ਼ੁਬਾਨ ਦਿੰਦਾ ਹੈ। ਫਿਲਮ 'ਕਾਰ ਸੇਵਾ' ਬਾਬੇ ਨਾਨਕ ਨਾਲ ਜੁੜੀ ਵੇਈਂ ਬਾਬਤ ਹੈ ਜਿਸ ਨੂੰ ਸਾਫ ਕਰਨ ਦੀ ਮੁਹਿੰਮ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਬਹੁਤ ਵੱਡੇ ਪੱਧਰ 'ਤੇ ਚਲਾਈ ਸੀ। ਦਲਜੀਤ ਉਹ ਨਿੱਕੇ ਨਿੱਕੇ ਵੇਰਵਿਆਂ ਨੂੰ ਜੋੜ ਕੇ ਮੁਕੰਮਲ ਤਸਵੀਰ ਸਾਹਵੇਂ ਲਿਆ ਧਰਦਾ ਹੈ। ਫਿਲਮ ਵਿਚ ਧਾਰਮਿਕ ਗਿਆਨ ਦੇ ਖਜ਼ਾਨੇ ਦਾ ਮੂੰਹ, ਲੋਕਾਂ ਦੀਆਂ ਦੁੱਖ-ਤਕਲੀਫਾਂ ਨੂੰ ਸਮਝਦਿਆਂ-ਸਮਝਾਉਂਦਿਆਂ ਖੋਲ੍ਹਿਆ ਗਿਆ ਹੈ। 'ਜ਼ੁਲਮ ਔਰ ਅਮਨ' ਜੰਗ-ਵਿਰੋਧੀ ਫਿਲਮ ਹੈ ਜਿਸ ਵਿਚ ਸਾਹਿਰ ਲੁਧਿਆਣਵੀ ਅਤੇ ਹਬੀਬ ਜਾਲਿਬ ਦੀਆਂ ਕਵਿਤਾਵਾਂ ਰਾਹੀਂ ਸੁਨੇਹਾ ਦਿੱਤਾ ਗਿਆ ਹੈ। ਛੇ ਮਿੰਟਾਂ ਦੀ ਫਿਲਮ ਜਚਾ ਜਾਂਦੀ ਹੈ ਕਿ ਜੰਗ ਨਾਲ ਕਿਸ ਨੂੰ ਫਾਇਦਾ ਅਤੇ ਕਿਸ ਨੂੰ ਨੁਕਸਾਨ ਹੁੰਦਾ ਹੈ। ਇਸੇ ਤਰ੍ਹਾਂ ਫਿਲਮ 'ਸੁਦਰਸ਼ਨ' ਮਨੁੱਖੀ ਹੱਕਾਂ ਬਾਰੇ ਜੂਝਣ ਵਾਲੇ ਜਿਊੜੇ ਸੁਦਰਸ਼ਨ ਕੁਮਾਰ ਬਾਰੇ ਹੈ। ਇਹ ਜਿਊੜਾ ਜਮਹੂਰੀ ਅਧਿਕਾਰ ਸਭਾ ਪੰਜਾਬ (ਏ.ਐਫ.ਡੀ.ਆਰ.) ਦੇ ਮੋਢੀਆਂ ਵਿਚੋਂ ਇਕ ਸੀ ਜਿਹੜਾ ਗਦਰ ਪਾਰਟੀ ਦੇ ਮੋਢੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਪਦ-ਚਿੰਨ੍ਹਾਂ 'ਤੇ ਚੱਲਦਿਆਂ ਸਾਰੀ ਉਮਰ ਬੇਇਨਸਾਫੀ ਖਿਲਾਫ ਜੂਝਦਾ ਰਿਹਾ। 'ਖਰੜਿਆਂ ਵਾਲਾ ਬਾਬਾ' ਵਿਚ ਪ੍ਰੋ. ਪ੍ਰੀਤਮ ਸਿੰਘ ਦੀ ਘਾਲਣਾ ਬਾਰੇ ਚਰਚਾ ਹੈ। 'ਅਨਹਦ ਬਾਜਾ ਬੱਜੇ' ਲਾਹੌਰ ਵਿਚ ਨਜਮ ਹੁਸੈਨ ਸੱਯਦ ਦੇ ਘਰੇ ਹਰ ਸ਼ੁੱਕਰਵਾਰ ਨੂੰ ਸਜਦੀ ਮਹਿਫਿਲ 'ਸੰਗਤ' ਬਾਰੇ ਗੱਲਾਂ ਕਰਦੀ ਕਰਦੀ ਹੋਰ ਕਈ ਪੱਖ ਉਜਾਗਰ ਕਰ ਜਾਂਦੀ ਹੈ। 'ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ' ਵਿਚ ਕਿਰਨਜੀਤ ਕੌਰ ਦੀ ਕਹਾਣੀ ਦੇ ਬਹਾਨੇ ਸੰਘਰਸ਼ਾਂ ਦੀ ਬਾਤ ਪਾਈ ਗਈ ਹੈ। 'ਸੇਵਾ' ਵਿਰਾਸਤ ਦੀ ਸੰਭਾਲ ਬਾਰੇ ਦਲਜੀਤ ਅਮੀ ਦੀ ਖਾਸ ਫਿਲਮ ਹੈ। ਅਸਲ ਵਿਚ ਦਲਜੀਤ ਅਮੀ ਆਪਣੀਆਂ ਫਿਲਮਾਂ ਵਿਚ ਉਸ ਵਿਰਾਸਤ ਦੀ ਸੱਦ ਲਾਉਂਦਾ ਹੈ ਜਿਸ ਦੇ ਸਰੋਕਾਰ ਮਨੁੱਖ ਨਾਲ ਗਹਿਰੇ ਜੁੜੇ ਹੋਏ ਹਨ।




ਪ੍ਰਾਚੀਨ ਪੋਥੀਆਂ ਦੀ ਸੰਭਾਲ ਬਾਰੇ ਫਿਲਮ 'ਸੇਵਾ' ਦੀ ਝਲਕ।



ਫਿਲਮ 'ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ' ਦਾ ਦ੍ਰਿਸ਼।



ਫਿਲਮ 'ਕਾਰ ਸੇਵਾ' ਵਿਚ ਕਾਰ ਸੇਵਾ ਦੀ ਝਲਕ।




ਨੌਂ ਫਿਲਮਾਂ ਦੀ ਸਾਂਝੀ ਸੀ.ਡੀ.: ਜਗ੍ਹਾ।



ਫਿਲਮ 'ਅਨਹਦ ਬਾਜਾ ਬੱਜੇ' ਦੀ ਝਲਕ।

# 27 ਡਾਊਨ: ਪਟੜੀ 'ਤੇ ਮੇਲਦੀ ਜ਼ਿੰਦਗੀ

**ਆਵਾਜ਼ ਦੇ ਕਹਾਂ ਹੈ... -18-**



ਕੁਲਦੀਪ ਕੌਰ
ਫੋਨ: +91-98554-04330

1973 ਵਿਚ ਰਿਲੀਜ਼ ਹੋਈ ਫਿਲਮ '27 ਡਾਊਨ' ਕਲਾ ਅੰਦੋਲਨ ਦੀ ਮਹਤੱਵਪੂਰਨ ਫਿਲਮਾਂ ਵਿਚ ਸ਼ੁਮਾਰ ਹੁੰਦੀ ਹੈ। ਇਸ ਦੇ ਨਿਰਦੇਸ਼ਕ ਅਵਤਾਰ ਕਿਸ਼ਨ ਕੌਲ ਦੀ ਇਹ ਇਕਲੌਤੀ ਫਿਲਮ ਸੀ। ਇਸ ਫਿਲਮ ਨੂੰ ਕੌਮੀ ਪੁਰਸਕਾਰ ਮਿਲਣ ਤੋਂ ਕੁਝ ਦਿਨ ਪਹਿਲਾ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ। ਇਸ ਫਿਲਮ ਦੇ ਲੇਖਕ ਵੀ ਉਹ ਖੁਦ ਹੀ ਸਨ। ਫਿਲਮ ਦੇ ਕਥਾਨਿਕ ਅਨੁਸਾਰ ਸੰਜੇ ਸ਼ਿੰਦੇ ਨਾਮ ਦਾ ਰੇਲਵੇ ਟੀ.ਟੀ., ਰੁਟੀਨ ਤੋਂ ਭੱਜਣ ਲਈ ਵਾਰਾਨਸੀ ਲਈ ਟਰੇਨ ਫੜਦਾ ਹੈ। ਉਸ ਦੀ ਮਾਤਾ ਦੀ ਮੌਤ ਹੋਣ ਤੋਂ ਬਾਅਦ ਉਸ ਦੇ ਪਿਤਾ ਨੇ ਹੀ ਉਸ ਦਾ ਪਾਲਣ-ਪੋਸ਼ਣ ਕੀਤਾ ਹੈ। ਪਿਤਾ ਰੇਲਵੇ ਡਰਾਈਵਰ ਹੋਣ ਕਾਰਨ ਉਸ ਦਾ ਟਰੇਨ ਦੀ ਗਤੀ, ਨਿੱਤ ਦੇ ਟਾਈਮ-ਟੇਬਲ ਅਤੇ ਟਰੇਨਾਂ ਦੇ ਮਸ਼ੀਨਪੁਣੇ ਨਾਲ ਗਹਿਰਾ ਰਿਸ਼ਤਾ ਹੈ।

ਟਰੇਨ ਦੀਆਂ ਨਿੱਤ ਦਿਨ ਦੀਆਂ ਸੀਟੀਆਂ ਦੇ ਬਾਵਜੂਦ ਉਨ੍ਹਾਂ ਦਾ ਲਗਾਤਾਰ ਚੁੱਪ-ਚਾਪ ਤੁਰਦੇ ਜਾਣਾ ਉਸ ਨੂੰ ਪਸੰਦ ਹੈ। ਹੌਲੀ ਹੌਲੀ ਉਸ ਦਾ ਆਪਣਾ ਸੁਭਾਅ ਵੀ ਬਿਨਾਂ ਬੋਲੇ ਚੁੱਪ-ਚਾਪ ਤੁਰਦੇ ਜਾਣ ਵਾਲਾ ਬਣ ਜਾਂਦਾ ਹੈ। ਉਸ ਦੇ ਅੰਦਰ ਟਰੇਨ ਦੇ ਪਹੀਆਂ ਵਾਂਗ ਹਜ਼ਾਰਾਂ ਵਿਚਾਰ ਆਉਂਦੇ ਹਨ, ਪਰ ਉਨ੍ਹਾਂ ਨੂੰ ਕਿਸੇ ਅੱਗੇ ਪ੍ਰਗਟ ਕਰ ਦੇਣਾ ਉਸ ਦੇ ਵੱਸ ਵਿਚ ਨਹੀਂ ਰਹਿੰਦਾ। ਹਾਦਸੇ ਵਿਚ ਪਿਤਾ ਦਾ ਅਪੰਗ ਹੋ ਜਾਣਾ ਉਸ ਨੂੰ ਤਸਵੀਰ ਦਾ ਦੂਜਾ ਪਾਸਾ ਦਿਖਾਉਂਦਾ ਹੈ। ਹੁਣ ਉਹ ਟਰੇਨਾਂ ਦੇ ਸੰਸਾਰ ਤੋਂ ਭੱਜਣਾ ਚਾਹੁੰਦਾ ਹੈ। ਪਿਤਾ ਦੀ ਇੱਛਾ ਦੇ ਖਿਲਾਫ ਜਾ ਕੇ ਉਹ ਕਲਾ ਸਕੂਲ ਵਿਚ ਦਾਖਲਾ ਲੈ ਲੈਂਦਾ ਹੈ, ਪਰ ਵਿਚਾਰਾਂ ਦੀ ਕਸ਼ਮਕਸ਼ ਅਤੇ ਅੰਤਰ-ਦਵੰਦ ਉਥੇ ਵੀ ਉਸ ਦਾ ਪਿੱਛਾ ਨਹੀਂ ਛੱਡਦੇ। ਪਿਤਾ ਇਸ ਨੂੰ ਵਿਹਲੇ ਰਹਿਣ ਕਾਰਨ ਹੋਈ ਉਦਾਸੀ ਸਮਝ ਕੇ ਉਸ ਨੂੰ ਰੇਲਵੇ ਵਿਚ ਟਿਕਟ-ਚੈੱਕਰ ਦੀ ਨੌਕਰੀ ਲੱਭ ਦਿੰਦਾ ਹੈ।


ਨੌਕਰੀ ਦੌਰਾਨ ਹੀ ਉਸ ਦੀ ਮੁਲਾਕਾਤ ਸ਼ਾਲਿਨੀ ਨਾਲ ਹੁੰਦੀ ਹੈ। ਉਹ ਇੱਕ-ਦੂਜੇ ਨੂੰ ਪਸੰਦ ਕਰਦੇ ਹਨ, ਪਰ ਇਸ ਬਾਰਾ ਪਤਾ ਲੱਗਦਿਆਂ ਹੀ ਉਸ ਦਾ ਪਿਤਾ ਉਸ ਦਾ ਵਿਆਹ ਕਿਸੇ ਹੋਰ ਲੜਕੀ ਨਾਲ ਕਰ ਦਿੰਦਾ ਹੈ। ਹੁਣ ਉਸ ਦੀ ਜ਼ਿੰਦਗੀ ਕਈ ਟੁਕੜਿਆਂ ਵਿਚ ਵੰਡੀ ਜਾਂਦੀ ਹੈ ਅਤੇ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਅਜਿਹੇ ਸਫਰ 'ਤੇ ਹੈ ਜਿਸ ਦੀ ਕੋਈ ਮੰਜ਼ਿਲ ਨਹੀਂ।

ਇਹ ਫਿਲਮ ਆਪਣੇ ਕਥਾਨਿਕ ਤੋਂ ਬਿਨਾਂ ਕਈ ਹੋਰ ਕਾਰਨਾਂ ਕਰ ਕੇ ਵੀ ਮਹਤੱਵਪੂਰਨ ਸੀ। ਇਸ ਫਿਲਮ ਦੀ ਤਕਰੀਬਨ ਸਾਰੀ ਸ਼ੂਟਿੰਗ ਰੇਲਵੇ ਪਲੇਟਫਾਰਮਾਂ 'ਤੇ ਹੱਥ ਵਿਚ ਫੜਨ ਵਾਲੇ ਕੈਮਰੇ ਨਾਲ ਕੀਤੀ ਗਈ ਸੀ। ਗੱਡੀਆਂ ਦੀ ਆਵਾਜਾਈ, ਮੁਸਾਫਿਰਾਂ ਦਾ ਰੌਲਾ-ਗੌਲਾ, ਸਫਰ ਦੀਆਂ ਦੁਸ਼ਵਾਰੀਆਂ ਆਦਿ ਨੂੰ ਬਹੁਤ ਜੀਵੰਤ ਢੰਗ ਨਾਲ ਪਰਦੇ 'ਤੇ ਉਤਾਰਿਆ ਗਿਆ। ਇਸ ਤੋਂ ਬਿਨਾਂ ਪੰਡਿਤ ਹਰੀ ਪ੍ਰਸਾਦ ਚੌਰਸੀਆ ਦੇ ਸੰਗੀਤ ਅਤੇ ਨਿਰਦੇਸ਼ਕ ਦੁਆਰਾ ਕੈਮਰੇ ਦੀ ਕਲਾਤਮਿਕ ਵਰਤੋਂ ਨੇ ਇਸ ਫਿਲਮ ਨੂੰ ਫਿਲਮੀ ਇਤਿਹਾਸ ਵਿਚ ਮਾਣਮੱਤਾ ਸਥਾਨ ਦਿਵਾਇਆ।

(ਚਲਦਾ)



ਫਲਮ '27 ਡਾਊਨ' ਦੇ ਇਕ ਦ੍ਰਿਸ਼ ਵਿਚ ਐਮ.ਕੇ. ਰੈਣਾ ਅਤੇ ਰਾਖੀ।




ਫਿਲਮ '27 ਡਾਊਨ' ਦਾ ਪੋਸਟਰ।


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HOME BUYERS!! HOME SELLERS!!
ਖੁਸ਼ਖਬਰੀ ★ SAVE THOUSANDS ★ ਖੁਸ਼ਖਬਰੀ
BUYERS
BUY ANY HOME THROUGH MANJIT GILL AND RECEIVE 25% OF AGENTS COMMISSIONS AT CLOSING!
SELLERS
LIST YOUR HOME WITH 1% TO "ALLIANCE BAY REALTY!"
ਖਰੀਦਦਾਰ ਨੂੰ 25% ਕਮਿਸ਼ਨ ਵਾਪਸ
HOME LOANS
NO POINTS/NO FEE [OPTION]
*CALL FOR DETAILS
CALL NOW!!!!
FOR SALE
MANJIT GILL
510-888-1180
10+ YEARS EXPERIENCE
LICENSED REALTOR.
CalBRE# 01700446
NMLS# 358965
EQUAL HOUSING LENDER
EQUAL HOUSING OPPORTUNITY
REALTOR
SERVING UNION CITY, FREMONT,NEWARK.
HAYWARD, TRACY, MANTECA, LATHROP AND MODESTO!
ALLIANCE BAY REALTY
31080 UNION CITY BLVD., SUITE 201, UNION CITY, CA 94587


H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com
HK Trans
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ
ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ
ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ
ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**







49077 Tomahawk Pl
Fremont, CA 94539
4 Bedrooms, 2.5 Baths,
2 Car Garage
Living Area 1655 Sq. Ft.
Lot Size 8595 Sq. Ft.
Asking: $1,199,000

4105 Pluto Way,
Union City, CA 94587
4 Bedrooms, 1.5 Baths,
2 Garage
Living Area:1390 Sq. Ft.
Asking: $459,000

2728 Jackson Ave.,
Tracy, CA 95377
6 Bedrooms, 4.5 Baths,
2 Car Garage
Living Area 3128 Sq. Ft.
Lot Size 6700 Sq. Ft.
Asking: $539,000

3155 Courthouse Drive,
Union city, CA 94587
Updated 4 Bedrooms,
2 Baths, 2 Car Garage
Area 1500 Sq. Ft
Asking: $688,000

5919 Saint Matthew Dr.,
Newark, CA 94560
Updated 4 Bedrooms,
2 Baths, 2 Car Garage
Asking: $688,000

**JUST SOLD**

1. 105 Machado Ct., Tracy, CA 95376
2. 2622 Daniel Hansen Way, Tracy, CA 95377
3. 1849 Girard Dr., Milpitas, CA 95035
4. 29180 Marshbrook Dr., Hayward CA 94545
5. 1884 Daytona Dr., San Jose, CA 95122
6. 240 Lloyd Ave., Fremont, CA 94536
7. 824 Gilchrist Dr., #4 San Jose, CA 95133
8. 1337 Gentry Ln., Tracy, CA 95377
9. 1643 Orleans Dr., San Jose CA 95122
10. 4902 Miramare, Stockton, CA 95206

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095